ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

PRGI (RNI) Regd. No. 22972/1972

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 27 June, 2025) ਪਟਿਆਲਾ ਸ਼ੁੱਕਰਵਾਰ, 27 ਜੂਨ, 2025, 13 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 176 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਕਤਰ 'ਚ ਅਮਰੀਕੀ ਫ਼ੌਜੀ ਅੱਡੇ 'ਤੇ ਹਵਾਈ ਹਮਲੇ 'ਅਮਰੀਕਾ ਦੇ ਮੂੰਹ 'ਤੇ ਚਪੇੜ': ਖਮਨੇਈ

ਦੁਬਈ, 26 ਜੂਨ : ਈਰਾਨ ਦੇ ਸੁਪਰੀਮ ਆਗੂ ਅਯਾਤੁੱਲ੍ਹਾ ਅਲੀ ਖਮਨੇਈ ਨੇ ਕਿਹਾ ਕਿ ਉਨ੍ਹਾਂ ਦੇ ਮੁਲਕ ਨੇ ਕਤਰ ਵਿਚ ਅਮਰੀਕੀ ਬੇਸ 'ਤੇ ਹਵਾਈ ਹਮਲੇ ਕਰਕੇ 'ਅਮਰੀਕਾ ਦੇ ਮੂੰਹ 'ਤੇ ਚਪੇੜ' ਮਾਰੀ ਹੈ। ਖਮਨੇਈ ਨੇ ਜੰਗਬੰਦੀ ਮਗਰੋਂ ਸਰਕਾਰੀ ਟੈਲੀਵਿਜ਼ਨ ਚੈਨਲ 'ਤੇ ਆਪਣੇ ਰਿਕਾਰਡ ਕੀਤੇ ਪ੍ਰਸਾਰਣ ਵਿਚ ਪਹਿਲੀ ਜਨਤਕ ਟਿੱਪਣੀ ਕਰਦਿਆਂ ਅਮਰੀਕਾ ਨੂੰ ਅੱਗੇ ਹੋਰ ਕੋਈ ਹਮਲਾ ਕੀਤੇ ਜਾਣ ਖਿਲਾਫ਼ ਚੇਤਾਵਨੀ ਵੀ ਦਿੱਤੀ। ਖਮਨੇਈ 19 ਜੂਨ ਮਗਰੋਂ ਪਹਿਲੀ ਵਾਰ (ਬਾਕੀ ਸਫਾ 11 'ਤੇ)

## ਮੋਹਾਲੀ ਅਦਾਲਤ ਨੇ ਬਿਕਰਮ ਸਿੰਘ ਮਜੀਠੀਆ ਨੂੰ ਸੱਤ ਦਿਨਾਂ ਦੇ ਰਿਮਾਂਡ 'ਤੇ ਭੇਜਿਆ

### 2 ਜੁਲਾਈ ਨੂੰ ਮੁੜ ਕੋਰਟ 'ਚ ਕੀਤਾ ਜਾਵੇਗਾ ਪੇਸ਼

ਚੜ੍ਹਦੀਕਲਾ ਬਿਊਰੋ

================



ਮੋਹਾਲੀ, 26 ਜੂਨ : ਮੋਹਾਲੀ ਦੀ ਜ਼ਿਲ੍ਹਾ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਡਰੱਗ ਮਨੀ ਤੇ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਵਿਚ ਸੱਤ ਦਿਨਾਂ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਉਂਝ ਵਿਜੀਲੈਂਸ ਦੀ ਟੀਮ ਨੇ ਕੋਰਟ ਵਿਚ ਬਹਿਸ ਦੌਰਾਨ ਮਜੀਠੀਆ ਦਾ 12 ਦਿਨਾਂ ਦਾ ਰਿਮਾਂਡ ਮੰਗਿਆ ਸੀ। ਮਜੀਠੀਆ ਨੂੰ ਹੁਣ 2 ਜੁਲਾਈ ਨੂੰ ਮੁੜ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਵਿਜੀਲੈਂਸ ਦੀ ਟੀਮ ਨੇ ਅਕਾਲੀ ਆਗੂ ਨੂੰ ਲੰਘੇ ਦਿਨੀਂ ਉਸ ਦੀ ਅੰਮ੍ਰਿਤਸਰ ਵਿਚ ਗ੍ਰੀਨ ਐਵੇਨਿਊ ਵਿਚਲੀ ਰਿਹਾਇਸ਼ ਤੋਂ ਹਿਰਾਸਤ ਵਿਚ ਲਿਆ ਸੀ।

ਇਸ ਤੋਂ ਪਹਿਲਾਂ ਅੱਜ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਦੁਪਹਿਰੇ 12 ਵਜੇ ਦੇ ਕਰੀਬ ਮੁਹਾਲੀ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਕੋਰਟ ਵਿਚ ਪੇਸ਼ੀ ਦੇ ਮੱਦੇਨਜ਼ਰ ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ।

ਬੁੱਧਵਾਰ ਨੂੰ ਹਿਰਾਸਤ ਵਿਚ ਲੈਣ ਮਗਰੋਂ ਇੱਥੇ ਵਿਜੀਲੈਂਸ ਬਿਊਰੋ ਦੇ ਫੇਜ਼-8 ਵਿਚਲੇ ਮੁੱਖ ਦਫ਼ਤਰ ਵਿਖੇ ਲਿਆਂਦਾ ਗਿਆ ਸੀ। ਪੁੱਛ-ਗਿੱਛ ਕੀਤੇ ਜਾਣ ਤੋਂ ਬਾਅਦ ਅੱਜ ਮਜੀਠੀਆ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਡੀਆਈਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਅਤੇ ਮੋਹਾਲੀ ਦੇ ਐੱਸਐੱਸਪੀ ਹਰਮਨਜੀਤ ਸਿੰਘ ਹਾਂਸ ਖੁਦ ਸੁਰੱਖਿਆ ਪ੍ਰਬੰਧਾਂ ਦੀ ਅਗਵਾਈ ਕਰ ਰਹੇ ਸਨ। ਮੁਹਾਲੀ ਅਦਾਲਤ ਦੇ ਦੋਹਾਂ ਗੇਟਾਂ ਦੀ ਬੈਰੀਕੇਟਿੰਗ ਕੀਤੀ। ਇਸ ਦੌਰਾਨ ਮੀਡੀਆ ਨੂੰ ਵੀ ਅਦਾਲਤੀ ਕੰਪਲੈਕਸ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਕਰਮਚਾਰੀਆਂ ਦੇ ਵੀ ਆਈਡੀ ਕਾਰਡ ਵੇਖ ਕੇ ਹੀ ਕੰਪਲੈਕਸ ਅੰਦਰ ਜਾਣ ਦਿੱਤਾ ਗਿਆ।

ਉਧਰ ਬਿਕਰਮ ਮਜੀਠੀਆ ਦੇ ਵਕੀਲ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਅਤੇ ਵਕੀਲਾਂ ਦੀ ਟੀਮ ਅਦਾਲਤ 'ਚ ਪਹੁੰਚੀ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਵੱਖ-ਵੱਖ ਥਾਵਾਂ ਤੋਂ ਅਕਾਲੀ ਵਰਕਰ ਮੌਕੇ 'ਤੇ ਪਹੁੰਚੇ।

ਉਧਰ ਜਿਵੇਂ ਹੀ ਮੋਹਾਲੀ ਅਦਾਲਤ ਦੇ ਬਾਹਰ ਵੱਡੀ ਗਿਣਤੀ ਅਕਾਲੀ ਵਰਕਰ ਇਕੱਠੇ ਹੋਣ ਲੱਗੇ ਤਾਂ ਪੁਲਿਸ ਨੇ ਉੱਥੇ ਮੌਜੂਦ ਕਰੀਬ ਦੋ ਦਰਜਨ ਤੋਂ ਵੱਧ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਬੱਸਾਂ ਵਿਚ ਬਿਠਾ ਕੇ ਲਿਜਾਇਆ ਗਿਆ। ਇਸ ਦੌਰਾਨ ਹਿਰਾਸਤ ਵਿਚ ਲਏ ਗਏ ਆਗੂਆਂ ਵਿਚ ਪਰਵਿੰਦਰ ਸਿੰਘ ਸੋਹਾਣਾ ਅਤੇ ਹੋਰ ਸੀਨੀਅਰ ਆਗੂਆਂ ਮੌਜੂਦ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ (ਬਾਕੀ ਸਫਾ 2 'ਤੇ)

## ਛੋਟੀਆਂ ਮੱਛੀਆਂ ਤੋਂ ਬਾਅਦ ਹੁਣ ਨਸ਼ੇ ਦੇ ਕਾਰੋਬਾਰ 'ਚ ਸ਼ਾਮਲ 'ਜਰਨੈਲਾਂ' ਦੀ ਵਾਰੀ: ਮਾਨ

### ਮਜੀਠੀਆ ਖ਼ਿਲਾਫ਼ ਕਾਰਵਾਈ ਨੇ ਨਸ਼ਿਆਂ ਸਬੰਧੀ ਸਿਆਸੀ ਦਲਾਂ ਦੇ ਨਾਪਾਕ ਗਠਜੋੜ ਨੂੰ ਬੇਨਕਾਬ ਕੀਤਾ: ਮੁੱਖ ਮੰਤਰੀ

### 'ਸਿਆਸੀ ਬਦਲਾਖ਼ੋਰੀ ਦਾ ਕੋਈ ਸਵਾਲ ਨਹੀਂ ਕਿਉਂਕਿ ਨਸ਼ਾ ਤਸਕਰਾਂ ਵਿਰੁੱਧ ਕਾਫ਼ੀ ਸਬੂਤ ਮੌਜੂਦ'

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 26 ਜੂਨ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਛੋਟੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਤੋਂ ਬਾਅਦ ਹੁਣ ਇਸ ਕਾਰੋਬਾਰ ਵਿੱਚ ਸ਼ਾਮਲ ਵੱਡੇ ਤਸਕਰਾਂ ਦੀ ਵਾਰੀ ਹੈ ਅਤੇ ਉਨ੍ਹਾਂ ਨੂੰ ਇਸ ਕਾਰੋਬਾਰ ਵਿੱਚ ਆਪਣੀ ਸ਼ਮੂਲੀਅਤ ਦੇ ਨਤੀਜੇ ਭੁਗਤਣੇ ਪੈਣਗੇ। ਆਪਣੀ ਅਧਿਕਾਰਕ ਰਿਹਾਇਸ਼ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਨਸ਼ਿਆਂ ਅਤੇ ਇਸ ਕਾਲੇ ਕਾਰੋਬਾਰ ਵਿੱਚ ਸ਼ਾਮਲ ਤੇ ਸਰਪ੍ਰਸਤੀ ਦੇਣ ਵਾਲੇ ਪ੍ਰਭਾਵਸ਼ਾਲੀ ਵਿਅਕਤੀਆਂ ਬਾਰੇ ਆਪਣੀ ਸਰਕਾਰ ਦੀ ਜ਼ੀਰੋ ਟਾਲਰੈਂਸ ਦੀ ਨੀਤੀ ਦੁਹਰਾਈ। ਉਨ੍ਹਾਂ ਕਿਹਾ ਕਿ ਛੋਟੇ ਤਸਕਰ ਸਿਰਫ਼ ਡਿਸਟ੍ਰੀਬਿਊਟਰਾਂ ਵਾਂਗ ਕੰਮ ਕਰਦੇ ਹਨ, ਜਦੋਂ ਕਿ ਸਾਰਾ ਨੈੱਟਵਰਕ ਚਲਾਉਣ ਵਾਲੇ ਵੱਡੇ ਤਸਕਰ ਲੰਮੇ ਸਮੇਂ ਤੋਂ ਜਵਾਬਦੇਹੀ ਤੋਂ ਬਚ ਰਹੇ ਸਨ। ਹੁਣ ਇਨ੍ਹਾਂ ਵੱਡੇ ਤਸਕਰਾਂ ਦੀ ਵਾਰੀ ਹੈ। ਭਗਵੰਤ ਸਿੰਘ ਮਾਨ ਨੇ ਦ੍ਰਿੜ੍ਹਤਾ ਨਾਲ ਆਖਿਆ, "ਇਸ ਧੰਦੇ ਵਿੱਚ ਸ਼ਾਮਲ ਕੋਈ ਵੀ, ਭਾਵੇਂ ਉਹ ਕਿੰਨਾ ਵੀ ਵੱਧ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।"

ਮੁੱਖ ਮੰਤਰੀ ਨੇ ਆਖਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਛੋਟੇ-ਛੋਟੇ ਇਲਾਕਿਆਂ ਵਿੱਚ ਕੰਮ ਕਰਦੇ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਘਿਨਾਉਣੇ ਕਾਰੋਬਾਰ ਵਿੱਚ ਸ਼ਾਮਲ ਸਾਰੇ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਣ ਦੀ ਗਰੰਟੀ ਦਿੱਤੀ ਸੀ। ਹੁਣ ਇਹ ਵਾਅਦਾ ਪੂਰਾ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਕਾਰਵਾਈ ਨੇ ਨਸ਼ਿਆਂ ਦੇ ਕਾਲੇ ਧੰਦੇ ਦਾ ਲੱਕ ਤੋੜ ਦਿੱਤਾ ਹੈ।

ਭਗਵੰਤ ਸਿੰਘ ਮਾਨ ਨੇ ਖ਼ੁਲਾਸਾ ਕੀਤਾ ਕਿ ਗ੍ਰਿਫ਼ਤਾਰ ਕੀਤੇ ਸਾਰੇ ਵਿਅਕਤੀਆਂ ਵਿਰੁੱਧ ਕਾਫ਼ੀ ਸਬੂਤ ਇਕੱਤਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਹਵਾਲਾ ਕਾਰੋਬਾਰ ਦਾ ਰਿਕਾਰਡ ਸ਼ਾਮਲ ਹੈ ਅਤੇ ਇਹ ਇਨ੍ਹਾਂ ਕਾਰੋਬਾਰੀਆਂ ਦੇ ਕਫ਼ਨ ਵਿੱਚ ਆਖ਼ਰੀ ਕਿੱਲ ਹੈ। ਉਨ੍ਹਾਂ ਵਾਅਦਾ ਕੀਤਾ ਕਿ ਇਹ ਮਿਸਾਲੀ ਕਾਰਵਾਈ ਹੋਰਾਂ ਨੂੰ ਵੀ ਇਸ ਧੰਦੇ ਵਿੱਚ ਆਉਣੋਂ ਰੋਕੇਗੀ। ਉਨ੍ਹਾਂ ਸਾਰੇ ਦੋਸ਼ੀਆਂ ਨੂੰ ਇਨਸਾਫ਼ ਦੇ ਘੇਰੇ ਵਿੱਚ ਲਿਆਉਣ ਦੀ ਸਰਕਾਰ ਦੀ ਵਚਨਬੱਧਤਾ ਦੁਹਰਾਈ।

ਮੁੱਖ ਮੰਤਰੀ ਨੇ ਸੂਬੇ ਵਿੱਚ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਫ਼ਲਤਾ ਬਾਰੇ ਦੱਸਿਆ ਅਤੇ ਕਿਹਾ ਕਿ ਕਈ ਤਸਕਰ ਪੰਜਾਬ ਛੱਡ ਕੇ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਹੁਣ ਵਿਆਪਕ ਜਨਤਕ ਸਮਰਥਨ ਨਾਲ ਲੋਕ ਲਹਿਰ ਬਣ ਗਈ ਹੈ। ਮੁੱਖ ਮੰਤਰੀ ਨੇ ਨਸ਼ਿਆਂ ਦੀ ਅਲਾਮਤ ਖ਼ਿਲਾਫ਼ ਮਤੇ ਪਾਸ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ ਦੀ ਸ਼ਲਾਘਾ ਕਰਦਿਆਂ ਇਸ ਨੂੰ ਪੰਜਾਬ ਵਿੱਚ ਨਸ਼ਿਆਂ ਦੇ ਖ਼ਤਰੇ ਦੇ ਖ਼ਾਤਮੇ ਲਈ ਉਸਾਰੂ ਕਦਮ ਦੱਸਿਆ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਉੱਤੇ ਟਿੱਪਣੀ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਮਜੀਠੀਆ ਦੇ ਹੱਕ ਵਿੱਚ ਬਿਆਨ ਦੇਣ (ਬਾਕੀ ਸਫਾ 2 'ਤੇ)

## ਸ਼ੁਭਾਂਸ਼ੂ ਸ਼ੁਕਲਾ ਤੇ ਤਿੰਨ ਹੋਰ ਪੁਲਾੜ ਯਾਤਰੀ ਕੌਮਾਂਤਰੀ ਪੁਲਾੜ ਸਟੇਸ਼ਨ ਪੁੱਜੇ




ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 26 ਜੂਨ :ਭਾਰਤ ਦਾ ਸ਼ੁਭਾਂਸ਼ੂ ਸ਼ੁਕਲਾ ਤੇ ਤਿੰਨ ਹੋਰ ਪੁਲਾੜ ਯਾਤਰੀ ਵੀਰਵਾਰ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮੀਂ 4:01 ਵਜੇ ਕੌਮਾਂਤਰੀ ਪੁਲਾੜ ਸਟੇਸ਼ਨ ਪਹੁੰਚ ਗਏ ਹਨ। ਡਰੈਗਨ ਪੁਲਾੜ ਵਾਹਨ, ਜਿਸ ਵਿਚ ਚਾਰੇ ਪੁਲਾੜ ਯਾਤਰੀ ਸਵਾਰ ਹਨ, ਦਾ ਓਰਬਿਟਲ ਲੈਬਾਰਟਰੀ ਨਾਲ ਡੌਕਿੰਗ (ਜੁੜਨ) ਦਾ ਅਮਲ ਪੂਰਾ ਹੋ ਗਿਆ ਹੈ। ਗ੍ਰੇਸ ਨਾਮਕ ਪੁਲਾੜ ਯਾਨ ਨੇ ਉੱਤਰੀ ਅਟਲਾਂਟਿਕ ਮਹਾਂਸਾਗਰ ਉੱਤੇ ਭਾਰਤੀ ਸਮੇਂ ਅਨੁਸਾਰ ਸ਼ਾਮ 4:01 ਵਜੇ ਪੁਲਾੜ ਸਟੇਸ਼ਨ ਨਾਲ ਇੱਕ ਸਾਫਟ ਕੈਪਚਰ ਪ੍ਰਾਪਤ ਕੀਤਾ।ਇਹ ਪਹਿਲੀ ਵਾਰ ਹੈ ਜਦੋਂ ਕੋਈ ਭਾਰਤੀ ਪੁਲਾੜ ਯਾਤਰੀ ਕੌਮਾਂਤਰੀ ਪੁਲਾੜ ਸਟੇਸ਼ਨ ਦੀ ਯਾਤਰਾ ਕਰ ਰਿਹਾ ਹੈ। ਨਾਸਾ ਨੇ ਇੱਕ ਲਾਈਵ ਵੀਡੀਓ ਲਿੰਕ ਵਿਚ ਪੁਲਾੜ ਯਾਨ ਨੂੰ ਪੁਲਾੜ ਸਟੇਸ਼ਨ ਦੇ ਨੇੜੇ ਆਉਂਦੇ ਦਿਖਾਇਆ ਅਤੇ ਡੌਕਿੰਗ ਦਾ ਅਮਲ ਭਾਰਤੀ ਸਮੇਂ ਅਨੁਸਾਰ ਸ਼ਾਮ 4:15 ਵਜੇ ਪੂਰਾ ਹੋਇਆ। (ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਇਤਿਹਾਸਕ ਫ਼ੈਸਲੇ

## ਸਨਅਤੀ ਪਲਾਟਾਂ ਦੀ ਜ਼ਮੀਨੀ ਵਰਤੋਂ 'ਚ ਤਬਦੀਲੀ ਨੂੰ ਪ੍ਰਵਾਨਗੀ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 26 ਜੂਨ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸਨਅਤੀ ਪਲਾਟਾਂ ਨੂੰ ਹਸਪਤਾਲਾਂ, ਹੋਟਲਾਂ, ਸਨਅਤੀ ਪਾਰਕਾਂ ਤੇ ਹੋਰ ਮਨਜ਼ੂਰਸ਼ੁਦਾ ਮੱਦਾਂ ਲਈ ਵਰਤਣ ਦੀ ਇਜਾਜ਼ਤ ਦਿੰਦੀ ਪੰਜਾਬ ਦੀ ਤਬਾਦਲਾ ਨੀਤੀ ਵਿੱਚ ਅਹਿਮ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਉੱਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਾਂ ਤਬਾਦਲਾ ਨੀਤੀ 2008, 2016 ਅਤੇ 2021 ਵਿੱਚ ਲਿਆਂਦੀ ਗਈ ਸੀ। ਹਾਲਾਂਕਿ ਇੰਡਸਟਰੀਅਲ ਐਸੋਸੀਏਸ਼ਨਾਂ ਨੇ 2021 ਵਿੱਚ ਲਿਆਂਦੀ ਨੀਤੀ ਦੀਆਂ ਕੁੱਝ ਪਾਬੰਦੀਆਂ ਵਾਲੀਆਂ ਸ਼ਰਤਾਂ ਉੱਤੇ ਇਤਰਾਜ਼ ਉਠਾਇਆ ਸੀ। ਇਸ ਦੇ ਜਵਾਬ ਵਿੱਚ ਇਕ ਕਮੇਟੀ ਨੇ ਸਨਅਤਕਾਰਾਂ ਦੀਆਂ ਬੇਨਤੀਆਂ ਦੀ ਸਮੀਖਿਆ ਕੀਤੀ ਅਤੇ ਫ੍ਰੀ ਹੋਲਡ ਪਲਾਟਾਂ ਉੱਤੇ ਲਾਗੂ ਹੋਣ ਵਾਲੀਆਂ ਤਬਦੀਲੀਆਂ ਤਜਵੀਜ਼ ਕੀਤੀਆਂ। ਸੋਧੀ ਨੀਤੀ ਮੁਤਾਬਕ ਸਨਅਤੀ ਪਲਾਟ ਦੀ ਰਾਖਵੀਂ ਕੀਮਤ ਦਾ 12.5 ਫੀਸਦੀ ਤਬਾਦਲਾ ਖ਼ਰਚਾ ਲਾਗੂ ਹੋਵੇਗਾ।

**ਲੀਜ਼ਹੋਲਡ ਸਨਅਤੀ ਪਲਾਟਾਂ/ਸ਼ੈੱਡਾਂ ਨੂੰ ਫ੍ਰੀ ਹੋਲਡ ਵਿੱਚ ਤਬਦੀਲ ਕਰਨ ਦੀ ਪ੍ਰਵਾਨਗੀ**

ਕੈਬਨਿਟ ਨੇ ਵਿਸ਼ੇਸ਼ ਤੌਰ ਉੱਤੇ ਪੀ.ਐਸ.ਆਈ.ਈ.ਸੀ. ਦੇ ਪ੍ਰਬੰਧਨ ਵਾਲੇ ਲੀਜ਼ਹੋਲਡ ਸਨਅਤੀ ਪਲਾਟਾਂ ਤੇ ਸ਼ੈੱਡਾਂ ਨੂੰ ਫ੍ਰੀ ਹੋਲਡ ਵਿੱਚ ਤਬਦੀਲ ਕਰਨ ਵਾਸਤੇ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਪਲਾਟ ਤੇ ਸ਼ੈੱਡ ਅਸਲ ਵਿੱਚ ਲੀਜ਼ਹੋਲਡ ਆਧਾਰ ਉੱਤੇ ਅਲਾਟ ਕੀਤੇ ਗਏ ਸਨ, ਜਿਸ ਵਿੱਚ ਤਬਦੀਲੀ ਸਬੰਧੀ ਗੁੰਝਲਦਾਰ ਧਾਰਾਵਾਂ ਸ਼ਾਮਲ ਸਨ,ਇਸ ਕਾਰਨ ਜਾਇਦਾਦ ਦੇ ਲੈਣ-ਦੇਣ (ਬਾਕੀ ਸਫਾ 2 'ਤੇ)

### ਭਾਰਤੀ ਚੋਣ ਕਮਿਸ਼ਨ ਵੱਲੋਂ ਵੱਡੀ ਕਾਰਵਾਈ

## 345 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਦਲਾਂ ਨੂੰ ਸੂਚੀ 'ਚੋਂ ਹਟਾਉਣ ਦੀ ਕਾਰਵਾਈ ਸ਼ੁਰੂ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 26 ਜੂਨ :ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਭਾਰਤੀ ਚੋਣ ਕਮਿਸ਼ਨ ਨੇ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੇ ਨਾਲ ਮਿਲ ਕੇ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ਵਿੱਚੋਂ ਹਟਾਉਣ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜੋ 2019 ਤੋਂ ਪਿਛਲੇ ਛੇ ਸਾਲਾਂ ਵਿੱਚ ਇੱਕ ਵੀ ਚੋਣ ਲੜਨ ਦੀ ਲੋੜੀਂਦੀ ਸ਼ਰਤ ਨੂੰ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ ਅਤੇ ਜਿਨ੍ਹਾਂ ਦੇ ਦਫ਼ਤਰਾਂ ਦਾ ਭੌਤਿਕ ਤੌਰ 'ਤੇ ਪਤਾ ਨਹੀਂ ਲਗਾਇਆ ਜਾ ਸਕਿਆ। ਇਹ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ। ਕਮਿਸ਼ਨ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਮੌਜੂਦਾ ਸਮੇਂ ਭਾਰਤੀ ਚੋਣ ਕਮਿਸ਼ਨ ਕੋਲ ਰਜਿਸਟਰਡ 2,800 ਤੋਂ ਵੱਧ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਕਾਫੀ ਪਾਰਟੀਆਂ ਲੋੜੀਂਦੀਆਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ। ਇਸ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਅਜਿਹੀਆਂ (ਬਾਕੀ ਸਫਾ 2 'ਤੇ)

### ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ

## ਰਾਜਨਾਥ ਵੱਲੋਂ ਐਸ.ਸੀ.ਓ. ਦਸਤਾਵੇਜ਼ 'ਤੇ ਦਸਤਖ਼ਤ ਕਰਨ ਤੋਂ ਇਨਕਾਰ

ਚੜ੍ਹਦੀਕਲਾ ਬਿਊਰੋ

================



ਸ਼ੰਘਾਈ, 26 ਜੂਨ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦਸਤਾਵੇਜ਼ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਨਾਲ ਅੱਤਵਾਦ ਅਤੇ ਪਹਿਲਗਾਮ ਅੱਤਵਾਦੀ ਹਮਲੇ 'ਤੇ ਭਾਰਤ ਦੇ ਕਮਜ਼ੋਰ ਸਟੈਂਡ ਨੂੰ ਦਰਸਾਇਆ ਜਾ ਰਿਹਾ ਸੀ। ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ। ਸੂਤਰਾਂ ਨੇ ਦੱਸਿਆ ਕਿ ਅੱਤਵਾਦ ਦੇ ਮੁੱਦੇ 'ਤੇ ਮਤਭੇਦਾਂ ਕਾਰਨ ਐਸ.ਸੀ.ਓ. ਨੇ ਸਾਂਝਾ ਬਿਆਨ ਜਾਰੀ ਨਾ ਕਰਨ ਦਾ ਫ਼ੈਸਲਾ ਕੀਤਾ। ਸੂਤਰਾਂ ਨੇ ਕਿਹਾ ਕਿ ਐਸ.ਸੀ.ਓ. ਦੀ ਪ੍ਰਧਾਨਗੀ ਕਰਨ ਵਾਲੇ ਚੀਨ ਅਤੇ ਉਸ ਦੇ ਸਦਾਬਹਾਰ ਦੋਸਤ ਪਾਕਿਸਤਾਨ ਨੇ ਐਸ.ਸੀ.ਓ. ਦਸਤਾਵੇਜ਼ ਵਿੱਚ ਅੱਤਵਾਦ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਰਾਜਨਾਥ ਅੱਤਵਾਦ 'ਤੇ ਭਾਰਤ ਦੇ ਸਟੈਂਡ 'ਤੇ ਅੜੇ ਰਹੇ। ਦਸਤਾਵੇਜ਼ ਵਿੱਚ ਪਹਿਲਗਾਮ ਦਾ ਜ਼ਿਕਰ ਨਹੀਂ ਕੀਤਾ ਗਿਆ, ਬਲੋਚਿਸਤਾਨ ਮੁੱਦੇ ਨੂੰ ਸ਼ਾਮਲ ਕੀਤਾ ਗਿਆ। ਦਸਤਾਵੇਜ਼ ਵਿੱਚ ਪਾਕਿਸਤਾਨ ਨੇ ਭਾਰਤ 'ਤੇ ਬਲੋਚਿਸਤਾਨ ਵਿੱਚ ਅਸ਼ਾਂਤੀ ਫੈਲਾਉਣ ਦਾ ਦੋਸ਼ ਲਗਾਇਆ। ਪਹਿਲਗਾਮ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਰੱਖਿਆ ਮੰਤਰੀ ਆਸਿਫ ਖਵਾਜਾ ਪਹਿਲੀ ਵਾਰ ਚੀਨ ਦੇ ਕਿੰਗਦਾਓ ਵਿੱਚ ਹੋਏ ਐਸ.ਸੀ.ਓ. ਸੰਮੇਲਨ ਵਿੱਚ ਆਹਮੋ-ਸਾਹਮਣੇ ਆਏ। ਸੂਤਰਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਤਣਾਅ ਸਪੱਸ਼ਟ ਸੀ ਕਿਉਂਕਿ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨਾਲ ਕੋਈ ਨਿਮਰਤਾਪੂਰਵਕ ਗੱਲਬਾਤ ਨਹੀਂ ਹੋਈ। ਇਸ ਸੰਮੇਲਨ ਵਿੱਚ ਸੰਗਠਨ ਦੇ ਦਸ ਮੈਂਬਰ ਦੇਸ਼ਾਂ, ਜਿਨ੍ਹਾਂ ਵਿੱਚ ਚੀਨ, ਰੂਸ, ਪਾਕਿਸਤਾਨ ਅਤੇ ਭਾਰਤ ਸ਼ਾਮਲ ਹਨ, ਦੇ ਰੱਖਿਆ ਨੇਤਾਵਾਂ ਨੇ (ਬਾਕੀ ਸਫਾ 2 'ਤੇ)

## ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਸਬੰਧੀ ਕਮੇਟੀ ਗਠਿਤ

ਗੁਰਦਿਆਲ ਸਿੰਘ

================

ਅੰਮ੍ਰਿਤਸਰ, 26 ਜੂਨ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿਚ 34 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਦਫ਼ਤਰ ਤੋਂ ਜਾਰੀ ਇਕ ਪ੍ਰੈੱਸ ਬਿਆਨ ਰਾਹੀਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕਮੇਟੀ ਵਿਚ ਸਿੰਘ ਸਾਹਿਬਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇੱਕ ਨੁਮਾਇੰਦਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇੱਕ ਨੁਮਾਇੰਦਾ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ, ਪ੍ਰਦਮਸ਼੍ਰੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਮੁਖੀ ਸੰਪ੍ਰਦਾ ਕਾਰਸੇਵਾ ਭੂਰੀਵਾਲੇ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਸੰਪ੍ਰਦਾ, ਮਹੰਤ ਰਮਿੰਦਰ ਦਾਸ ਉਦਾਸੀਨ ਸੰਪ੍ਰਦਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਸੇਵਾਪੰਥੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰਧਾਨ (ਬਾਕੀ ਸਫਾ 2 'ਤੇ)

## ਮਜੀਠੀਆ ਦੀ ਗ੍ਰਿਫ਼ਤਾਰੀ: ਕੀ 2027 ਦੀਆਂ ਵਿਧਾਨ ਸਭਾ ਚੋਣਾਂ ਨਸ਼ੇ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ ?

ਦਰਸ਼ਨ ਸਿੰਘ ਦਰਸ਼ਕ

================



ਪਟਿਆਲਾ, 26 ਜੂਨ : ਨਸ਼ੇ ਦਾ ਮੁੱਦਾ ਪਿਛਲੇ ਕਈ ਦਹਾਕਿਆਂ ਤੋਂ ਸਮਾਜਿਕ ਤੇ ਸਿਆਸੀ ਮੁੱਦਾ ਬਣਦਾ ਆਇਆ ਹੈ। ਇਸ ਮੁੱਦੇ ਉੱਤੇ ਸਿਆਸੀ ਪਾਰਟੀਆਂ ਨੇ ਸੱਤਾ ਵੀ ਹਾਸਲ ਕੀਤੀ ਹੈ ਅਤੇ ਸੱਤਾ ਗਵਾਈ ਵੀ ਹੈ।ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਬੁੱਧਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਾਂ ਇੱਕ ਵਾਰ ਫਿਰ ਨਸ਼ੇ ਦੇ ਮੁੱਦੇ 'ਤੇ ਪੰਜਾਬ ਦੀ ਰਾਜਨੀਤੀ ਵਿੱਚ ਹੰਗਾਮਾ ਸ਼ੁਰੂ ਹੋ ਗਿਆ ਹੈ।

ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਦਾ ਦੋਸ਼ ਹੈ ਕਿ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਅਤੇ ਹਵਾਲਾ ਕਾਰੋਬਾਰ ਦੇ ਸਬੂਤ ਮਿਲੇ ਹਨ। ਦੋਸ਼ ਹੈ ਕਿ ਮਜੀਠੀਆ ਨੇ 2007 ਤੋਂ 2017 ਦੇ ਵਿਚਕਾਰ ਮੰਤਰੀ ਰਹਿੰਦੇ ਹੋਏ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਈ ਸੀ।

ਇਹ ਸਮਝਣ ਲਈ ਕਿ ਪਿਛਲੇ ਕੁਝ ਸਾਲਾਂ ਵਿੱਚ ਬਿਕਰਮ ਸਿੰਘ ਮਜੀਠੀਆ ਅਤੇ ਨਸ਼ੇ ਦੇ ਮੁੱਦੇ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਕਿਵੇਂ ਇਕੱਠੇ ਗੂੰਜ ਰਿਹਾ ਹੈ, ਥੋੜ੍ਹਾ ਪਿੱਛੇ ਜਾਣਾ ਪਵੇਗਾ।

**2012 ਵਿੱਚ ਹਾਈ ਪ੍ਰੋਫਾਈਲ ਡਰੱਗ ਕੇਸ ਸਾਹਮਣੇ ਆਇਆ ਸੀ**

2012 ਵਿੱਚ ਡਰੱਗ ਤਸਕਰੀ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਸੀ। ਇਸ ਮਾਮਲੇ ਵਿੱਚ, 6000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਰੈਕੇਟ ਦਾ ਪਰਦਾਫਾਸ਼ ਹੋਇਆ ਸੀ ਅਤੇ ਫਤਿਹਗੜ੍ਹ ਸਾਹਿਬ ਵਿੱਚ ਇੱਕ ਐਫਆਈਆਰ ਵੀ ਦਰਜ ਕੀਤੀ ਗਈ ਸੀ। ਉਸ ਸਮੇਂ, ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦਾ ਰਾਜ ਸੀ ਅਤੇ ਮਜੀਠੀਆ ਇਸ ਸਰਕਾਰ ਵਿੱਚ ਮਾਲ ਮੰਤਰੀ ਸਨ।ਮਜੀਠੀਆ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੈਬਨਿਟ ਵਿੱਚ ਇੱਕ ਸ਼ਕਤੀਸ਼ਾਲੀ ਨੇਤਾ ਸਨ ਅਤੇ ਉਹ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਸਾਲੇ ਵੀ ਹਨ।

2012 ਦੀ ਇਹ ਘਟਨਾ 2014 ਵਿੱਚ ਇੱਕ ਵੱਡਾ ਮੁੱਦਾ ਬਣ ਗਈ ਕਿਉਂਕਿ ਡੀਐਸਪੀ ਜਗਦੀਸ਼ ਭੋਲਾ, ਜਿਸਨੂੰ ਉਸ ਸਮੇਂ ਪੰਜਾਬ ਪੁਲਿਸ ਤੋਂ ਬਰਖਾਸਤ ਕੀਤਾ ਗਿਆ ਸੀ, ਨੇ ਇਸ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਹੁੰਦੇ ਹੋਏ ਮਜੀਠੀਆ ਦਾ ਨਾਮ ਲਿਆ ਸੀ। ਭੋਲਾ ਵੀ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਸੀ। ਭੋਲਾ ਨੇ ਦੋਸ਼ ਲਗਾਇਆ ਕਿ ਮਜੀਠੀਆ ਦੇ ਡਰੱਗ ਤਸਕਰਾਂ ਦੇ ਨੈੱਟਵਰਕ ਨਾਲ ਸਬੰਧ ਹਨ।

**ਮਜੀਠੀਆ ਦੇ ਕਰੀਬੀ ਬੋਨੀ ਅਜਨਾਲਾ ਦਾ ਪੱਤਰ**

ਇਸ ਮਾਮਲੇ ਵਿੱਚ ਇੱਕ ਹੋਰ ਵੱਡੀ ਘਟਨਾ ਵਾਪਰੀ। ਮਾਰਚ 2016 ਵਿੱਚ, ਅਕਾਲੀ ਦਲ ਦੇ ਸਾਬਕਾ ਵਿਧਾਇਕ ਅਤੇ ਮਜੀਠੀਆ ਦੇ ਕਰੀਬੀ ਬੋਨੀ ਅਜਨਾਲਾ ਨੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਪੱਤਰ ਲਿਖਿਆ ਸੀ। ਪੱਤਰ ਵਿੱਚ, ਅਜਨਾਲਾ ਨੇ ਲਿਖਿਆ ਸੀ ਕਿ ਉਨ੍ਹਾਂ ਦੇ ਇੱਕ ਦੋਸਤ ਮਨਿੰਦਰ ਸਿੰਘ ਬਿੱਟੂ ਔਲਖ ਨੂੰ 2012 ਦੇ ਡਰੱਗ ਤਸਕਰੀ ਦੇ ਮਾਮਲੇ ਵਿੱਚ ਫਸਾਇਆ (ਬਾਕੀ ਸਫਾ 2 'ਤੇ)



# ਪੰਜਾਬ ਸਰਕਾਰ ਸ਼ਹਿਰੀ ਨਿਵਾਸੀਆਂ ਨੂੰ ਵਿਸ਼ਵ ਪੱਧਰੀ ਨਾਗਰਿਕ ਸਹੂਲਤਾਂ ਪ੍ਰਦਾਨ ਕਰਨ ਲਈ ਦ੍ਰਿੜ ਸੰਕਲਪ: ਡਾ. ਰਵਜੋਤ ਸਿੰਘ



ਚੰਡੀਗੜ੍ਹ, 26 ਜੂਨ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰੀ ਨਿਵਾਸੀਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਲਈ ਦ੍ਰਿੜ ਸੰਕਲਪ ਹੈ, ਇਸੇ ਲੜੀ ਤਹਿਤ ਪੰਜਾਬ ਦੇ ਸ਼ਹਿਰਾਂ ਦਾ ਸੁੰਦਰੀਕਰਨ ਕਰਨ ਲਈ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।

ਇਹ ਪ੍ਰਗਟਾਵਾ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਇੱਥੇ ਸੀਨੀਅਰ ਵਿਭਾਗੀ ਅਧਿਕਾਰੀਆਂ ਅਤੇ ਜ਼ਿਲ੍ਹਾ ਐਸ.ਏ.ਐਸ ਨਗਰ (ਮੁਹਾਲੀ) ਦੇ ਅਧਿਕਾਰੀਆਂ, ਕਾਰਜ ਸਾਧਕ ਅਫ਼ਸਰਾਂ ਨਾਲ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਨੇ ਪੰਜਾਬ ਦੇ ਸ਼ਹਿਰਾਂ ਨੂੰ ਸਾਫ-ਸੁਥਰਾ ਤੇ ਸੁੰਦਰ ਬਣਾਉਣ ਦਾ ਸੰਕਲਪ ਲੈਂਦਿਆਂ ਕਿਹਾ ਕਿ ਐਸ.ਏ.ਐਸ ਨਗਰ (ਮੋਹਾਲੀ) ਦੀਆਂ ਸ਼ਹਿਰੀ ਸਥਾਨਕ ਇਕਾਈਆਂ ਨਗਰ ਕੌਂਸਲ ਖਰੜ, ਡੇਰਾਬਸੀ, ਰਾਜਪੁਰਾ, ਬਨੂੜ, ਜ਼ੀਰਕਪੁਰ, ਲਾਲੜੂ, ਨਵਾਂ ਗਾਓਂ, ਘੜੂੰਆਂ ਅਤੇ ਕੁਰਾਲੀ ਨੂੰ ਸਾਫ-ਸੁਥਰਾ ਅਤੇ ਸੁੰਦਰ ਬਣਾਇਆ ਜਾਵੇਗਾ।

ਵਿਭਾਗੀ ਅਧਿਕਾਰੀਆਂ ਨੂੰ ਸ਼ਹਿਰੀ ਵਿਕਾਸ ਦੇ ਕਾਰਜਾਂ ਨੂੰ ਯੋਜਨਾਬੱਧ ਢੰਗ ਨਾਲ ਨੇਪਰੇ ਚਾੜ੍ਹਨ ਦੀ ਹਦਾਇਤ ਦਿੰਦਿਆਂ ਮੰਤਰੀ ਨੇ ਕਿਹਾ ਕਿ ਮੋਹਾਲੀ ਦੀਆਂ ਸ਼ਹਿਰੀ ਸਥਾਨਕ ਇਕਾਈਆਂ ਵਿਖੇ ਲੈਂਡ ਸਕੇਪਿੰਗ, ਸੜਕਾਂ ਦਾ ਵਿਕਾਸ, ਮੋਹਾਲੀ ਸ਼ਹਿਰ ਅਧੀਨ ਆਉਂਦੇ ਪਿੰਡਾਂ ਦਾ ਸੁੰਦਰੀ ਕਰਨ, ਸ਼ਹਿਰੀ ਨਾਗਰਿਕਾਂ ਦੀਆਂ ਸਹੂਲਤਾਂ ਦੇ ਕਾਰਜ, ਸ਼ਹਿਰਾਂ 'ਚ ਉਸਾਰੀਆਂ ਜਾ ਰਹੀਆਂ ਇਮਾਰਤਾਂ ਨੂੰ ਸੁਰੱਖਿਆ ਦੇ ਨਿਯਮਾਂ ਤਹਿਤ ਉਸਾਰਨਾ ਯਕੀਨੀ ਬਣਾਇਆ ਜਾਵੇ।

ਡਾ. ਰਵਜੋਤ ਸਿੰਘ ਨੇ ਪ੍ਰਗਤੀ ਅਧੀਨ ਵਿਕਾਸ ਕਾਰਜਾਂ ਦੀ ਵਿਸਥਾਰਤ ਜਾਣਕਾਰੀ ਹਾਸਲ ਕਰਨ ਮਗਰੋਂ ਕਿਹਾ ਕਿ ਇਹ ਵਿਕਾਸ ਕਾਰਜ ਨਿਰਧਾਰਤ ਸਮਾਂ-ਸੀਮਾਂ ਅੰਦਰ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸ਼ਹਿਰੀ ਨਾਗਰਿਕਾਂ ਸਹੂਲਤਾਂ ਪ੍ਰਦਾਨ ਪੰਜਾਬ ਸਰਕਾਰ ਦੀ ਤਰਜ਼ੀਹ ਹੈ ਅਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸ੍ਰੀ ਤੇਜਵੀਰ ਸਿੰਘ, ਸੀ.ਈ.ਓ. ਪੀ.ਐਮ.ਆਈ.ਡੀ.ਸੀ. ਸ੍ਰੀਮਤੀ ਦੀਪਤੀ ਉੱਪਲ, ਸੰਯੁਕਤ ਡਾਇਰੈਕਟਰ ਸਥਾਨਕ ਸਰਕਾਰ ਸ੍ਰੀ ਜਗਦੀਪ ਸਹਿਗਲ, ਕਮਿਸ਼ਨਰ ਨਗਰ ਨਿਗਮ ਮੋਹਾਲੀ ਪਰਮਿੰਦਰ ਪਾਲ ਸਿੰਘ, ਏ.ਡੀ.ਸੀ. ਸ਼ਹਿਰੀ ਵਿਕਾਸ ਅਨਮੋਲ ਸਿੰਘ ਧਾਲੀਵਾਲ, ਚੀਫ ਇੰਜੀਨੀਅਰ ਸ੍ਰੀ ਨਰੇਸ਼ ਬੱਤਾ ਅਤੇ ਨਗਰ ਕੌਂਸਲ ਖਰੜ, ਡੇਰਾਬਸੀ, ਰਾਜਪੁਰਾ, ਬਨੂੜ, ਜ਼ੀਰਕਪੁਰ, ਲਾਲੜੂ, ਨਵਾਂ ਗਾਓਂ, ਘੜੂੰਆਂ ਅਤੇ ਕੁਰਾਲੀ ਦੇ ਕਾਰਜ ਸਾਧਕ ਅਫਸਰ ਹਾਜ਼ਰ ਸਨ।

## ਅਖਿਲੇਸ਼ ਵੱਲੋਂ ਭਾਜਪਾ 'ਤੇ ਸੱਤਾ ਲਈ ਸੰਵਿਧਾਨ ਨੂੰ ਵਰਤਣ ਦੇ ਦੋਸ਼

ਲਖਨਊ, 26 ਜੂਨ (ਚ.ਨ.ਸ.) : ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਭਾਜਪਾ 'ਤੇ ਨਿਸ਼ਾਨਾ ਸੇਧਦੇ ਹੋਏ ਦੋਸ਼ ਲਗਾਇਆ ਕਿ ਭਗਵਾ ਪਾਰਟੀ ਸੰਵਿਧਾਨ ਦੀ ਵਰਤੋਂ ਸੱਤਾ ਹਾਸਲ ਕਰਨ ਲਈ ਕਰਦੀ ਹੈ, ਪਰ ਜਿਵੇਂ ਹੀ ਉਹ ਸੱਤ੍ਹਾ ਵਿੱਚ ਆਉਂਦੀ ਹੈ, ਉਹ ਸੰਵਿਧਾਨ ਦਾ ਸਤਿਕਾਰ ਕਰਨਾ ਬੰਦ ਕਰ ਦਿੰਦੀ ਹੈ।ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯਾਦਵ ਨੇ ਕਿਹਾ ਕਿ ਡਾ. ਬੀਆਰ ਅੰਬੇਡਕਰ ਵੱਲੋਂ ਬਣਾਏ ਗਏ ਸੰਵਿਧਾਨ ਨੂੰ ਕਾਇਮ ਰੱਖਣ ਦੀ ਸਹੁੰ ਚੁੱਕਣ ਦੇ ਬਾਵਜੂਦ, ਭਾਜਪਾ ਦੇ ਨੇਤਾਵਾਂ ਦੀਆਂ ਕਾਰਵਾਈਆਂ ਵਿੱਚ ਇਮਾਨਦਾਰੀ ਦੀ ਪੂਰੀ ਘਾਟ ਦਿਖਾਈ ਦਿੰਦੀ ਹੈ।ਉਨ੍ਹਾਂ ਕਿਹਾ, ਭਾਰਤੀ ਜਨਤਾ ਪਾਰਟੀ ਸੱਤਾ ਵਿੱਚ ਆਉਣ ਲਈ ਸੰਵਿਧਾਨ ਦੀ ਵਰਤੋਂ ਕਰਦੀ ਹੈ। ਇਹ ਸੰਵਿਧਾਨ ਦੀ ਚਰਚਾ ਕਰਦੀ ਹੈ, ਸੰਵਿਧਾਨ ਦੀ ਪਾਲਣਾ ਕਰਨ ਅਤੇ ਇਸ ਦਾ ਸਤਿਕਾਰ ਕਰਨ ਦੀ ਗੱਲ ਕਰਦੀ ਹੈ ਜਦੋਂ ਤੱਕ ਉਹ ਸੱਤ੍ਹਾ ਵਿੱਚ ਨਹੀਂ ਆਉਂਦੀ।

# ਮੋਹਿੰਦਰ ਭਗਤ ਵੱਲੋਂ ਬਾਗ਼ਬਾਨੀ ਵਿਭਾਗ ਦੀ ਪ੍ਰਗਤੀ ਦੀ ਸਮੀਖਿਆ, ਕਿਸਾਨਾਂ ਨੂੰ ਸਬਸਿਡੀਆਂ ਦੀ ਸਮੇਂ ਸਿਰ ਵੰਡ 'ਤੇ ਦਿੱਤਾ ਜ਼ੋਰ

**'ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵਚਨਬੱਧ'**

ਚੰਡੀਗੜ੍ਹ, 26 ਜੂਨ (ਚ.ਨ.ਸ.) : ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਅੱਜ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਬਾਗਬਾਨੀ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਮੀਟਿੰਗ ਕੀਤੀ, ਜਿਸ ਵਿੱਚ ਉਹਨਾਂ ਨੇ ਵਿਭਾਗ ਦੇ ਚੱਲ ਰਹੇ ਪ੍ਰੋਜੈਕਟਾਂ ਅਤੇ ਵੱਖ-ਵੱਖ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਮੀਟਿੰਗ ਦੌਰਾਨ ਸਕੱਤਰ ਬਾਗਬਾਨੀ ਮੁਹੰਮਦ ਤਇਅਬ ਨੇ ਮੰਤਰੀ ਨੂੰ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਅਤੇ ਪ੍ਰੋਜੈਕਟਾਂ ਤਹਿਤ ਹੋਈ ਪ੍ਰਗਤੀ ਤੋਂ ਜਾਣੂੰ ਕਰਵਾਇਆ। ਸ੍ਰੀ ਤਇਅਬ ਨੇ ਮੁੱਖ ਪ੍ਰਾਪਤੀਆਂ 'ਤੇ ਵੀ



ਚਾਨਣਾ ਪਾਇਆ ਅਤੇ ਖੇਤਰੀ ਪੱਧਰ 'ਤੇ ਇਸਦੇ ਲਾਗੂ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਸ੍ਰੀ ਭਗਤ ਨੇ ਕਿਸਾਨਾਂ ਨੂੰ ਸਬਸਿਡੀਆਂ ਦੀ ਪਾਰਦਰਸ਼ੀ ਅਤੇ ਸਮੇਂ ਸਿਰ ਵੰਡ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਉਹ ਬਿਨਾਂ ਕਿਸੇ ਦੇਰੀ ਦੇ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਉਨ੍ਹਾਂ ਨੇ ਬਾਗਬਾਨੀ ਨਾਲ ਸਬੰਧਤ ਸਾਰੀਆਂ ਪਹਿਲਕਦਮੀਆਂ ਨੂੰ ਜਲਦ ਪੂਰਾ ਕਰਨ ਅਤੇ ਜ਼ਮੀਨੀ ਪੱਧਰ 'ਤੇ ਕਿਸਾਨਾਂ ਨਾਲ ਸਰਗਰਮੀ ਨਾਲ ਜੁੜਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਾਗਬਾਨੀ ਖੇਤਰ ਨੂੰ ਹੋਰ ਮਜ਼ਬੂਤ ਕਰਨ ਅਤੇ ਕਿਸਾਨਾਂ ਲਈ ਬਿਹਤਰ ਮੌਕੇ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬਾਗਬਾਨੀ ਨੂੰ ਉਤਸ਼ਾਹਿਤ ਕਰਨਾ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਸੂਬੇ ਵਿੱਚ ਖੇਤੀਬਾੜੀ ਵਿਭਿੰਨਤਾ ਲਿਆਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਸ੍ਰੀ ਭਗਤ ਨੇ ਵਿਭਾਗ ਨੂੰ ਹਦਾਇਤ ਕੀਤੀ ਕਿ ਚੱਲ ਰਹੀਆਂ ਸਾਰੀਆਂ ਪ੍ਰਗਤੀ ਸਕੀਮਾਂ ਅਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਸਬੰਧੀ ਮਾਸਿਕ ਪ੍ਰਗਤੀ ਰਿਪੋਰਟਾਂ ਪੇਸ਼ ਕਰਨਾ ਵੀ ਯਕੀਨੀ ਬਣਾਇਆ ਜਾਵੇ।

# ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਸਾਲ 2025-26 ਦਾ ਆਮ ਬਜਟ ਤਿਆਰ ਕਰੇਗੀ 7 ਮੈਂਬਰੀ ਕਮੇਟੀ: ਜਥੇਦਾਰ ਝੀਂਡਾ

ਕਰਨਾਲ, 26 ਜੂਨ (ਚ.ਨ.ਸ.) : ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਸਾਲ 2025-26 ਦਾ ਬਜਟ ਹੁਣ ਸੱਤ ਮੈਂਬਰੀ ਇਕ ਕਮੇਟੀ ਤਿਆਰ ਕਰੇਗੀ। ਇਸ ਕਮੇਟੀ ਵਿਚ ਸਹਿਯੋਗੀ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੀਫ ਆਡੀਟਰ ਵੀ ਕੰਮ ਕਰਨਗੇ। ਹਰਿਆਣਾ ਕਮੇਟੀ ਦਾ ਆਡੀਟਰ ਵੀ ਇਸ ਕਾਰਜ ਵਿਚ ਸ਼ਾਮਲ ਹੋਵੇਗਾ। ਇਹ ਜਾਣਕਾਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਮੇਟੀ ਦੇ ਹੈੱਡ ਆਫ਼ਿਸ ਕੁਰੂਕਸ਼ੇਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰਣ ਕਾਲਕਾ, ਜੂਨੀਅਰ ਮੀਤ ਪ੍ਰਧਾਨ ਗੁਰਬੀਰ ਸਿੰਘ, ਧਰਮ ਪ੍ਰਚਾਰ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਕਾਰਜਕਾਰੀ ਮੈਂਬਰ ਜਗਤਾਰ ਸਿੰਘ ਮਾਨ, ਸਪੋਕਸਮੈਨ ਕੁਲਦੀਪ ਸਿੰਘ ਫੱਗੂ, ਮੈਂਬਰ ਸਵਰਨ ਸਿੰਘ ਬੁੰਗਾ ਟਿੱਬੀ ਆਦਿ ਹਾਜ਼ਰ ਸਨ। ਜਥੇਦਾਰ ਝੀਂਡਾ ਨੇ ਦੱਸਿਆ ਕਿ ਪੇਸ਼ ਹੋਇਆ 104 ਕਰੋੜ ਰੁਪਏ ਦਾ ਬਜਟ ਕਈ ਖਾਮੀਆਂ ਕਰਕੇ ਪਾਸ ਨਹੀਂ ਹੋ ਸਕਿਆ।

# ਗੁਣਵੱਤਾ ਕੰਟਰੋਲ ਮੁਹਿੰਮ: ਮਾੜੀ ਕਾਰਗੁਜ਼ਾਰੀ ਵਾਲੇ 7 ਮੁੱਖ ਖੇਤੀਬਾੜੀ ਅ਼ਫਸਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ

**ਡਿਊਟੀ 'ਚ ਕੁਤਾਹੀ ਵਰਤਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ: ਖੁੱਡੀਆਂ**

ਚੰਡੀਗੜ੍ਹ, 26 ਜੂਨ (ਚ.ਨ.ਸ.) : ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਨਿਰਦੇਸ਼ਾਂ 'ਤੇ ਅੱਜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਗੁਣਵੱਤਾ ਕੰਟਰੋਲ ਮੁਹਿੰਮ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਵਾਲੇ ਸੱਤ ਮੁੱਖ ਖੇਤੀਬਾੜੀ ਅਫਸਰਾਂ(ਸੀ.ਏ.ਓ.) ਨੂੰ ਕਾਰਨ ਦੱਸੋ ਨੋਟਿਸ (ਐਸ.ਸੀ.ਐਨਜ਼) ਜਾਰੀ ਕੀਤੇ ਹਨ।

ਦੱਸਣਯੋਗ ਹੈ ਕਿ ਇਹ ਕਾਰਵਾਈ ਖੇਤੀਬਾੜੀ ਮੰਤਰੀ ਵੱਲੋਂ ਜਵਾਬਦੇਹੀ ਅਤੇ ਸੁਧਾਰ ਨੂੰ ਯਕੀਨੀ ਬਣਾਉਣ ਲਈ ਗੁਣਵੱਤਾ ਕੰਟਰੋਲ ਮੁਹਿੰਮ ਵਿੱਚ ਪਿੱਛੇ ਰਹਿਣ ਵਾਲੇ ਜ਼ਿਲ੍ਹਿਆਂ ਵਿਰੁੱਧ ਵਿਭਾਗੀ ਕਾਰਵਾਈ ਦੇ ਹੁਕਮ ਦੇਣ ਤੋਂ ਇੱਕ ਦਿਨ ਬਾਅਦ ਕੀਤੀ ਗਈ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਕਪੂਰਥਲਾ, ਬਰਨਾਲਾ, ਲੁਧਿਆਣਾ, ਫਤਿਹਗੜ੍ਹ ਸਾਹਿਬ, ਤਰਨ ਤਾਰਨ, ਸੰਗਰੂਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਮੁੱਖ ਜ਼ਿਲ੍ਹਾ ਖੇਤੀਬਾੜੀ ਅ਼ਫਸਰਾਂ ਖ਼ਿਲਾਫ਼ ਕਾਰਵਾਈ ਕੀਤੀ ਹੈ ਅਤੇ ਉਨ੍ਹਾਂ ਨੂੰ 7 ਦਿਨਾਂ ਦੇ ਅੰਦਰ ਜਵਾਬ ਦੇਣ ਦੇ ਨਿਰਦੇਸ਼ ਦਿੱਤੇ ਹਨ, ਨਹੀਂ ਤਾਂ ਨਿਯਮਾਂ ਅਨੁਸਾਰ ਹੋਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਡਿਊਟੀ ਵਿੱਚ ਕੁਤਾਹੀ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਨੂੰ ਦੁਹਰਾਉਂਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਡਿਊਟੀ ਪ੍ਰਤੀ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਨੂੰ ਸਜ਼ਾ ਮਿਲੇਗੀ ਅਤੇ ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਨੇ ਸੂਬੇ ਦੇ ਕਿਸਾਨਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਖੇਤੀਬਾੜੀ ਨਾਲ ਸਬੰਧਤ ਵਸਤਾਂ ਦੀ ਨਿਯਮਤ ਨਿਗਰਾਨੀ ਅਤੇ ਚੈਕਿੰਗ ਨੂੰ ਯਕੀਨੀ ਬਣਾਉਣ ਲਈ ਪੰਜ ਫਲਾਇੰਗ ਸਕੁਐਡ ਟੀਮਾਂ ਕਾਇਮ ਕੀਤੀਆਂ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਬੀਜ, ਖਾਦ ਅਤੇ ਕੀਟਨਾਸ਼ਕਾਂ ਦੀ ਖਰੀਦ 'ਤੇ ਪੱਕਾ ਬਿੱਲ ਲੈਣ ਦੀ ਵੀ ਅਪੀਲ ਕੀਤੀ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਗੈਰ-ਮਿਆਰੀ ਖੇਤੀਬਾੜੀ ਨਾਲ ਸਬੰਧਤ ਵਸਤਾਂ ਦੀ ਸਪਲਾਈ ਕਰਦਾ ਹੈ ਤਾਂ ਕਿਸਾਨਾਂ ਨੂੰ ਤੁਰੰਤ ਆਪਣੇ ਜ਼ਿਲ੍ਹੇ ਦੇ ਖੇਤੀਬਾੜੀ ਦਫ਼ਤਰਾਂ ਵਿੱਚ ਰਿਪੋਰਟ ਕਰਨੀ ਚਾਹੀਦੀ ਹੈ ਤਾਂ ਜੋ ਉਸ ਖ਼ਿਲਾਫ਼ ਵੀ ਬਨਦੀ ਕਾਰਵਾਈ ਕੀਤੀ ਜਾਵੇ।

# ਪਹਿਲੇ ਸ਼ਫ਼ੇ ਦੀ ਬਾਕੀ

## ਕਤਰ 'ਚ ਅਮਰੀਕੀ ਫ਼ੌਜੀ ਅੱਡੇ 'ਤੇ ਹਵਾਈ

ਜਨਤਕ ਹੋਏ ਹਨ। 86 ਸਾਲਾ ਖਮਨੇਈ ਵੀਡੀਓ ਵਿਚ ਵਧੇਰੇ ਥੱਕੇ ਹੋਏ ਨਜ਼ਰ ਆਏ। ਉਨ੍ਹਾਂ ਦੀ ਆਵਾਜ਼ ਭਾਰੀ ਸੀ ਤੇ ਕਿਤੇ ਕਿਤੇ ਉਨ੍ਹਾਂ ਦੇ ਸ਼ਬਦ ਵੀ ਲੜਖੜਾ ਰਹੇ ਸਨ। ਦਸ ਮਿੰਟ ਦੀ ਆਪਣੀ ਤਕਰੀਰ ਦੌਰਾਨ ਈਰਾਨ ਦੇ ਇਸ ਸਿਖਰਲੇ ਆਗੂ ਨੇ ਚੇਤਾਵਨੀਆਂ ਤੇ ਧਮਕੀਆਂ ਦਿੱਤੀਆਂ, ਜੋ ਸਿੱਧੇ ਤੌਰ 'ਤੇ ਅਮਰੀਕਾ ਤੇ ਇਜ਼ਰਾਈਲ ਵੱਲ ਸੇਧਤ ਸਨ। ਖਮਨੇਈ ਨੇ ਕਿਹਾ ਕਿ ਅਮਰੀਕਾ ਨੂੰ ਇਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ 'ਤੇ ਬੰਕਰ ਬਸਟਰ ਬੰਬਾਂ ਤੇ ਕਰੂਜ਼ ਮਿਜ਼ਾਈਲਾਂ ਨਾਲ ਕੀਤੇ ਹਮਲਿਆਂ ਵਿਚ ਕੁਝ ਵੀ ਹਾਸਲ ਨਹੀਂ ਹੋਇਆ। ਖਮਨੇਈ ਇਜ਼ਰਾਈਲ ਵੱਲੋਂ 13 ਜੂਨ ਨੂੰ ਛੇੜੀ ਜੰਗ ਮਗਰੋਂ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ ਕਿਉਂਕਿ ਉਨ੍ਹਾਂ ਨੂੰ ਇਕ ਗੁਪਤ ਟਿਕਾਣੇ 'ਤੇ ਰੱਖਿਆ ਗਿਆ ਸੀ। 12 ਦਿਨ ਦੀ ਜੰਗ ਦੌਰਾਨ ਈਰਾਨ ਨੇ ਇਜ਼ਰਾਈਲ 'ਤੇ 550 ਤੋਂ ਵੱਧ ਮਿਜ਼ਾਈਲਾਂ ਦਾਗੀਆਂ, ਜਿਨ੍ਹਾਂ ਵਿੱਚੋਂ 90 ਫੀਸਦੀ ਨੂੰ ਰਾਹ ਵਿਚ ਹੀ ਫੁੰਡਣ ਦਾ ਦਾਅਵਾ ਕੀਤਾ ਗਿਆ। ਅਮਰੀਕੀ ਤੇ ਇਜ਼ਰਾਇਲੀ ਹਮਲਿਆਂ ਦੇ ਬਾਵਜੂਦ ਇਰਾਨ ਸਾਫ਼ ਕਰ ਚੁੱਕਾ ਹੈ ਕਿ ਉਹ ਆਪਣਾ ਪ੍ਰਮਾਣੂ ਪ੍ਰੋਗਰਾਮ ਨਹੀਂ ਛੱਡੇਗਾ।

## ਛੋਟੀਆਂ ਮੱਛੀਆਂ ਤੋਂ ਬਾਅਦ ਹੁਣ

ਨਾਲ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰ ਰਿਹਾ ਸਿਆਸੀ ਗਠਜੋੜ ਜੱਗ-ਜ਼ਾਹਰ ਹੋਇਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਮਜੀਠੀਆ ਦੇ ਘਰੋਂ 29 ਮੋਬਾਈਲ ਫੋਨ, ਅੱਠ ਲੈਪਟਾਪ ਅਤੇ ਹੋਰ ਅਹਿਮ ਸਬੂਤ ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਗ੍ਰਿਫ਼ਤਾਰੀ ਨੇ ਨਸ਼ਿਆਂ ਦੇ ਮਸਲੇ ਉੱਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਨਾਪਾਕ ਗੱਠਜੋੜ ਦਾ ਪਰਦਾਫ਼ਾਸ਼ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਦੀਆਂ ਗਤੀਵਿਧੀਆਂ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਸ ਕਾਰੋਬਾਰ ਵਿੱਚ ਸ਼ਾਮਲ ਹੋਰ ਅਹਿਮ ਸਿਆਸੀ ਸ਼ਖ਼ਸੀਅਤਾਂ ਨੂੰ ਵੀ ਛੇਤੀ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਂ ਢਾਹੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਵਿੱਚ ਆਏ ਪੈਸੇ ਦੀ ਪੂਰੀ ਲੜੀ ਨਾਲ ਸਬੰਧਤ ਹਰੇਕ ਕੜੀ ਬਾਰੇ ਡੂੰਘਾਈ ਨਾਲ ਜਾਂਚ ਹੋਵੇਗੀ। ਜਿਨ੍ਹਾਂ ਨੇ ਇਸ ਕਾਲੇ ਕਾਰੋਬਾਰ ਵਿੱਚੋਂ ਵੱਡੀਆਂ-ਵੱਡੀਆਂ ਜਾਇਦਾਦਾਂ ਬਣਾਈਆਂ ਹਨ, ਉਨ੍ਹਾਂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਸਿਆਸੀ ਬਦਲਾਖ਼ੋਰੀ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰੇਕ ਕਾਰਵਾਈ ਕਾਨੂੰਨ ਮੁਤਾਬਕ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਜਦੋਂ ਪੰਜਾਬ ਦੇ ਲੋਕਾਂ ਨੇ ਵਿਰੋਧੀਆਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਤਾਂ ਇਹ ਸਿਆਸੀ ਬਦਲਾਖ਼ੋਰੀ ਕਿਵੇਂ ਹੋ ਸਕਦੀ ਹੈ? ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਆਪਣੇ ਆਪ ਨੂੰ ਬਚਾਉਣ ਲਈ ਇਸ ਮੁੱਦੇ ਦੇ ਸਿਆਸੀਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਜਾਣਗੀਆਂ, ਕਿਉਂਕਿ ਸੂਬੇ ਦੇ ਲੋਕ ਇਨ੍ਹਾਂ ਆਗੂਆਂ ਦੇ ਦਾਗ਼ੀ ਚਰਿੱਤਰ ਤੋਂ ਚੰਗੀ ਤਰ੍ਹਾਂ ਵਾਕਫ਼ ਹਨ

## ਮੋਹਾਲੀ ਅਦਾਲਤ ਨੇ ਬਿਕਰਮ ਸਿੰਘ ਮਜੀਠੀਆ

ਦੇ ਏਆਈਜੀ ਸਵਰਨਦੀਪ ਸਿੰਘ ਦੇ ਬਿਆਨਾਂ ਉੱਤੇ ਵਿਜੀਲੈਂਸ ਬਿਊਰੋ ਦੇ ਮੋਹਾਲੀ ਸਥਿਤ ਮੁੱਖ ਦਫ਼ਤਰ 'ਚ ਐਫਆਈਆਰ ਨੰਬਰ 22 ਤਹਿਤ 25 ਜੂਨ ਨੂੰ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੀਬੀਐਕਟ 1988 ਅਤੇ ਅਮੈਂਡਮੈਂਟ ਐਕਟ 2018 ਦੇ ਸੈਕਸ਼ਨ 13(1) ਬੀ, ਰ/ਵ 13(2) ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ।

## ਸਨਅਤੀ ਪਲਾਟਾਂ ਦੀ ਜ਼ਮੀਨੀ ਵਰਤੋਂ

ਵਿੱਚ ਔਕੜਾਂ ਆ ਰਹੀਆਂ ਹਨ। ਇਸ ਨਵੀਂ ਨੀਤੀ ਦਾ ਮੰਤਵ ਸਨਅਤੀ ਪਲਾਟਾਂ ਦੇ ਪ੍ਰਬੰਧਨ ਨੂੰ ਸੁਚਾਰੂ ਬਣਾਉਣਾ, ਕਾਰੋਬਾਰ ਵਿੱਚ ਸੌਖ ਨੂੰ ਵਧਾਉਣਾ, ਅਲਾਟੀਆਂ ਵਿਚਾਲੇ ਮੁਕੱਦਮੇਬਾਜ਼ੀ ਅਤੇ ਬੇਯਕੀਨੀ ਘਟਾਉਣਾ ਹੈ। ਇਸ ਤੋਂ ਇਲਾਵਾ ਇਸ ਤਬਾਦਲੇ ਨਾਲ ਸੂਬੇ ਲਈ ਵਾਧੂ ਮਾਲੀਆ ਪੈਦਾ ਹੋਣ ਦੀ ਆਸ ਹੈ।

ਐਮ.ਐਸ.ਈ. ਫੈਸਲੀਟੇਸ਼ਨ ਕੌਂਸਲ ਨਿਯਮਾਂ-2021 ਵਿੱਚ ਸੋਧਾਂ

ਕੈਬਨਿਟ ਨੇ ਐਮ.ਐਸ.ਐਮ.ਈ. ਡਿਵੈਲਪਮੈਂਟ ਐਕਟ, 2006 ਅਧੀਨ ਐਮ.ਐਸ.ਈ. ਫੈਸਲੀਟੇਸ਼ਨ ਕੌਂਸਲ ਨਿਯਮ-2021 ਵਿੱਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਸਮੇਂ ਜ਼ਿਲ੍ਹਾ ਪੱਧਰ ਉੱਪਰ ਮਾਈਕਰੋ ਅਤੇ ਸਮਾਲ ਇੰਟਰਪ੍ਰਾਈਜਜ਼ ਫੈਸਲੀਟੇਸ਼ਨ ਕੌਂਸਲਾਂ ਸਬੰਧਤ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਕੰਮ ਕਰ ਰਹੀਆਂ ਹਨ। ਹਾਲਾਂਕਿ ਇਸ ਐਕਟ ਅਧੀਨ ਐਵਾਰਡਾਂ ਨਾਲ ਸਬੰਧਤ ਅਦਾਇਗੀਆਂ ਵਿੱਚ ਦੇਰੀ ਹੁੰਦੀ ਹੈ। ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੀ ਤਰਜ਼ ਉੱਤੇ ਹੁਣ ਇਕ ਅਜਿਹਾ ਢਾਂਚਾ ਬਣਾਇਆ ਜਾਵੇਗਾ, ਜਿਸ ਨਾਲ ਪੰਜਾਬ ਲੈਂਡ ਰੈਵੇਨਿਊ ਐਕਟ, 1887 ਅਧੀਨ ਭੌਂ ਮਾਲੀਆ ਦੇ ਬਕਾਇਆ ਵਜੋਂ ਅਜਿਹੇ ਐਵਾਰਡਾਂ ਦੀ ਰਿਕਵਰੀ ਛੇਤੀ ਹੋ ਸਕੇ।

ਪੰਜਾਬ ਜਲ ਸਰੋਤ ਵਿਭਾਗ ਜੂਨੀਅਰ ਇੰਜਨੀਅਰਜ਼ (ਗਰੁੱਪ-ਬੀ) ਸੇਵਾ ਨਿਯਮਾਂ ਵਿੱਚ ਸੋਧ ਨੂੰ ਪ੍ਰਵਾਨਗੀ

ਕੈਬਨਿਟ ਨੇ ਪੰਜਾਬ ਜਲ ਸਰੋਤ ਵਿਭਾਗ ਵਿੱਚ ਜੂਨੀਅਰ ਇੰਜਨੀਅਰਜ਼ (ਗਰੁੱਪ-ਬੀ) ਨਾਲ ਸਬੰਧਤ ਸੇਵਾ ਨਿਯਮਾਂ ਵਿੱਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਜੇ.ਈ. ਦੀਆਂ 15 ਫੀਸਦੀ ਅਸਾਮੀਆਂ ਤਰੱਕੀ ਲਈ ਰਾਖਵੀਆਂ ਹਨ, ਜਿਨ੍ਹਾਂ ਵਿੱਚੋਂ 10 ਫੀਸਦੀ ਅਸਾਮੀਆਂ ਜੂਨੀਅਰ ਡਰਾਫਟਸਮੈਨ, ਸਰਵੇਅਰਾਂ, ਵਰਕ ਮਿਸਤਰੀਆਂ, ਅਰਥ ਵਰਕ ਮਿਸਤਰੀਆਂ ਅਤੇ ਹੋਰਾਂ ਵਿੱਚੋਂ ਭਰੀਆਂ ਜਾਣਗੀਆਂ। ਹੁਣ ਇਸ ਕੋਟੇ ਤਹਿਤ ਨਹਿਰੀ ਪਟਵਾਰੀ ਅਤੇ ਮਾਲੀਆ ਕਲਰਕ ਜਿਨ੍ਹਾਂ ਕੋਲ ਲੋੜੀਂਦੀ ਯੋਗਤਾ (ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਸਿਵਲ, ਮਕੈਨੀਕਲ ਜਾਂ ਇਲੈਕਟ੍ਰੀਕਲ ਇੰਜਨੀਅਰਿੰਗ ਵਿੱਚ ਡਿਪਲੋਮਾ ਜਾਂ ਡਿਗਰੀ) ਹੋਵੇਗੀ ਅਤੇ ਲੋੜੀਂਦਾ ਤਜਰਬਾ ਹੋਵੇਗਾ, ਉਹ ਵੀ ਇਸ ਤਰੱਕੀ ਦੇ ਯੋਗ ਹੋਵੇਗਾ। ਇਸ ਕਦਮ ਨਾਲ ਵਿਭਾਗ ਵਿੱਚ ਤਜਰਬੇਕਾਰ ਮੁਲਾਜ਼ਮ ਆਉਣਗੇ ਅਤੇ ਮੁਲਾਜ਼ਮ ਉੱਚ ਯੋਗਤਾ ਹਾਸਲ ਕਰਨ ਲਈ ਉਤਸ਼ਾਹਿਤ ਹੋਣਗੇ।

ਵਿੱਤ ਵਿਭਾਗ ਅਧੀਨ ਵੱਖ-ਵੱਖ ਡਾਇਰੈਕਟੋਰੇਟਾਂ ਦੇ ਰਲੇਵੇਂ ਨੂੰ ਹਰੀ ਝੰਡੀ

ਪ੍ਰਸ਼ਾਸਕੀ ਕਾਰਜ ਕੁਸ਼ਲਤਾ ਵਧਾਉਣ ਅਤੇ ਖ਼ਰਚੇ ਘਟਾਉਣ ਲਈ ਕੈਬਨਿਟ ਨੇ ਵਿੱਤ ਵਿਭਾਗ ਅਧੀਨ ਆਉਂਦੇ ਵੱਖ-ਵੱਖ ਡਾਇਰੈਕਟੋਰੇਟਾਂ ਦੇ ਰਲੇਵੇਂ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਛੋਟੀਆਂ ਬੱਚਤਾਂ, ਬੈਂਕਿੰਗ ਤੇ ਫਾਇਨਾਂਸ ਅਤੇ ਲਾਟਰੀਜ਼ ਡਾਇਰੈਕਟੋਰੇਟਾਂ ਦਾ ਰਲੇਵਾਂ ਹੋਵੇਗਾ ਅਤੇ ਹੁਣ ਇਸ ਦਾ ਨਾਮ ਡਾਇਰੈਕਟੋਰੇਟ ਆਫ਼ ਸਮਾਲ ਸੇਵਿੰਗਜ਼, ਬੈਂਕਿੰਗ ਅਤੇ ਲਾਟਰੀਜ਼ ਹੋਵੇਗਾ। ਡੀ.ਪੀ.ਈ.ਐਂਡ. ਅਤੇ ਡੀ.ਐਫ.ਆਰ.ਈ.ਆਈ. ਦਾ ਵੀ ਆਪਸ ਵਿੱਚ ਰਲੇਵਾਂ ਹੋਵੇਗਾ ਅਤੇ ਇਸ ਦਾ ਨਾਮ ਡਾਇਰੈਕਟੋਰੇਟ ਆਫ਼ ਪਬਲਿਕ ਇੰਟਰਪ੍ਰਾਈਜਜ਼ ਅਤੇ ਫਾਇਨੈਂਸ਼ਲ ਰਿਸੋਰਸਜ਼ ਹੋਵੇਗਾ। ਟਰੈਜ਼ਰੀ ਤੇ ਅਕਾਊਂਟਸ, ਪੈਨਸ਼ਨਜ਼ ਅਤੇ ਐਨ.ਪੀ.ਐਸ. ਦੇ ਵੱਖ-ਵੱਖ ਡਾਇਰੈਕਟੋਰੇਟਾਂ ਦਾ ਵੀ ਆਪਸ ਵਿੱਚ ਰਲੇਵਾਂ ਹੋਵੇਗਾ ਅਤੇ ਹੁਣ ਇਸ ਦਾ ਨਾਮ ਡਾਇਰੈਕਟੋਰੇਟ ਆਫ਼ ਟਰੈਜ਼ਰੀ ਐਂਡ ਅਕਾਊਂਟਸ, ਪੈਨਸ਼ਨ ਅਤੇ ਐਨ.ਪੀ.ਐਸ. ਹੋਵੇਗਾ। ਇਸ ਪੁਨਰਗਠਨ ਨਾਲ ਸੂਬੇ ਦੇ ਲਗਪਗ 2.64 ਕਰੋੜ ਰੁਪਏ ਸਾਲਾਨਾ ਬਚਣ ਦੀ ਸੰਭਾਵਨਾ ਹੈ।

ਸਟੇਟ ਐਸ.ਐਨ.ਏ. ਟਰੈਜ਼ਰੀ ਲਈ ਨਵੀਂ ਅਸਾਮੀਆਂ ਸਿਰਜਣ ਦੀ ਪ੍ਰਵਾਨਗੀ

ਕੈਬਨਿਟ ਨੇ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਚੰਡੀਗੜ੍ਹ ਵਿੱਚ ਸਥਾਪਤ ਸਟੇਟ ਐਸ.ਐਨ.ਏ. ਟਰੈਜ਼ਰੀ ਲਈ ਨਵੀਆਂ ਅਸਾਮੀਆਂ ਸਿਰਜਣ ਦੀ ਵੀ ਸਹਿਮਤੀ ਦੇ ਦਿੱਤੀ। ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਅਧੀਨ ਫੰਡਾਂ ਦਾ ਤਬਾਦਲਾ ਹੁਣ ਐਸ.ਐਨ.ਏ. ਸਪਰਸ਼ ਪ੍ਰਣਾਲੀ ਰਾਹੀਂ ਹੋਵੇਗਾ। ਸਟੇਟ ਐਸ.ਐਨ.ਏ. ਟਰੈਜ਼ਰੀ ਨੂੰ ਕਾਰਜਸ਼ੀਲ ਕਰਨ ਲਈ ਨੌਂ ਅਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਜ਼ਿਲ੍ਹਾ ਖ਼ਜ਼ਾਨਾ ਅ਼ਫਸਰ, ਖ਼ਜ਼ਾਨਾ ਅ਼ਫਸਰ, ਦੋ ਸੀਨੀਅਰ ਸਹਾਇਕ, ਚਾਰ ਕਲਰਕ ਅਤੇ ਇਕ ਸੇਵਾਦਾਰ ਸ਼ਾਮਲ ਹੈ।

## ਸ਼ੁਭਾਂਸ਼ੂ ਸ਼ੁਕਲਾ ਤੇ ਤਿੰਨ ਹੋਰ ਪੁਲਾੜ ਯਾਤਰੀ

ਐਕਸੀਓਮ-4 ਮਿਸ਼ਨ ਵਿਚ ਸ਼ਾਮਲ ਪੁਲਾੜ ਯਾਤਰੀਆਂ ਨੇ ਬੁੱਧਵਾਰ ਨੂੰ ਫਲੋਰੀਡਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਪੁਲਾੜ ਸਟੇਸ਼ਨ ਲਈ ਯਾਤਰਾ ਸ਼ੁਰੂ ਕੀਤੀ ਸੀ।

ਇਸ ਵਪਾਰਕ ਮਿਸ਼ਨ ਦੀ ਅਗਵਾਈ ਕਮਾਂਡਰ ਪੈਗੀ ਵਿਟਸਨ ਕਰ ਰਹੇ ਹਨ ਜਦੋਂਕਿ ਸ਼ੁਭਾਂਸ਼ੂ ਸ਼ੁਕਲਾ ਇਸ ਵਿਚ ਮਿਸ਼ਨ ਪਾਇਲਟ ਹਨ। ਹੰਗਰੀ ਦੇ ਪੁਲਾੜ ਯਾਤਰੀ ਟਿਬੋਰ ਕਪੂ ਤੇ ਪੋਲੈਂਡ ਦੇ ਸਲਾਵੋਜ ਉਜਨਾਂਸਕੀ ਵਿਸਨੀਵਸਕੀ ਮਿਸ਼ਨ ਮਾਹਿਰ ਵਜੋਂ ਸ਼ਾਮਲ ਹਨ। ਇਸ ਮਿਸ਼ਨ ਨੇ ਪਹਿਲਾਂ 29 ਮਈ ਨੂੰ ਉਡਾਣ ਭਰਨੀ ਸੀ, ਪਰ ਫਾਲਕਨ 9 ਰਾਕੇਟ ਦੇ ਬੂਸਟਰ ਵਿਚ ਤਰਲ ਆਕਸੀਜਨ ਦੇ ਰਿਸਾਅ ਤੇ ਕੌਮਾਂਤਰੀ ਪੁਲਾੜ ਸਟੇਸ਼ਨ ਦੇ ਪੁਰਾਣੇ ਰੂਸੀ ਮਾਡਿਊਲ ਵਿਚ ਰਿਸਾਅ ਦਾ ਪਤਾ ਲੱਗਣ ਮਗਰੋਂ ਪਹਿਲਾਂ ਇਸ ਨੂੰ 8 ਜੂਨ, ਫਿਰ 10 ਜੂਨ ਤੇ ਮਗਰੋਂ 11 ਜੂਨ ਲਈ ਟਾਲ ਦਿੱਤਾ ਗਿਆ। ਇਸ ਮਗਰੋਂ ਲਾਂਚ ਦੀ ਯੋਜਨਾ 19 ਜੂਨ ਨੂੰ ਇਕ ਵਾਰ ਫਿਰ ਟਲੀ। ਉਪਰੰਤ ਨਾਸਾ ਨੇ ਰੂਸੀ ਮਾਡਿਊਲ ਵਿਚ ਮੁਰੰਮਤ ਕਾਰਜਾਂ ਤੋਂ ਬਾਅਦ ਓਰਬਿਟ ਲੈਬਾਰਟਰੀ ਦੇ ਸੰਚਾਲਨ ਦੀ ਸਮੀਖਿਆ ਲਈ ਲਾਂਚ ਦੀ ਤਰੀਕ 22 ਜੂਨ ਨਿਰਧਾਰਿਤ ਕੀਤੀ। ਇਹ ਮਿਸ਼ਨ ਫਲੋਰਿਡਾ ਸਥਿਤ ਨਾਸਾ ਦੇ ਕੈਨੇਡੀ ਪੁਲਾੜ ਕੇਂਦਰ ਦੇ 'ਲਾਂਚ ਕੰਪਲੈਕਸ 39 ਏ' ਤੋਂ ਬੁੱਧਵਾਰ ਨੂੰ ਭਾਰਤੀ ਸਮੇਂ ਅਨੁਸਾਰ 12:01 ਲਾਂਚ ਕੀਤਾ ਗਿਆ।

## 345 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ

ਪਾਰਟੀਆਂ ਦੀ ਪਛਾਣ ਕਰਨ ਲਈ ਇੱਕ ਦੇਸ਼ ਵਿਆਪੀ ਅਭਿਆਸ ਚਲਾਇਆ ਗਿਆ ਸੀ ਅਤੇ ਹੁਣ ਤੱਕ 345 ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ।

ਇਹ ਯਕੀਨੀ ਬਣਾਉਣ ਲਈ ਕਿ ਕਿਸੇ ਵੀ ਪਾਰਟੀ ਨੂੰ ਬੇਲੋੜੇ ਤੌਰ 'ਤੇ ਸੂਚੀ ਵਿੱਚੋਂ ਨਾ ਹਟਾਇਆ ਜਾਵੇ, ਇਸ ਲਈ ਸਬੰਧਤ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਉਪਰੰਤ ਇਨ੍ਹਾਂ ਪਾਰਟੀਆਂ ਨੂੰ ਸਬੰਧਤ ਮੁੱਖ ਚੋਣ ਅਧਿਕਾਰੀਆਂ ਵੱਲੋਂ ਸੁਣਵਾਈ ਰਾਹੀਂ ਮੌਕਾ ਦਿੱਤਾ ਜਾਵੇਗਾ। ਕਿਸੇ ਵੀ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀ ਨੂੰ ਸੂਚੀ ਵਿੱਚੋਂ ਹਟਾਉਣ ਬਾਰੇ ਅੰਤਿਮ ਫੈਸਲਾ ਭਾਰਤੀ ਚੋਣ ਕਮਿਸ਼ਨ ਵੱਲੋਂ ਲਿਆ ਜਾਵੇਗਾ। ਦੇਸ਼ ਵਿੱਚ ਸਿਆਸੀ ਪਾਰਟੀਆਂ (ਰਾਸ਼ਟਰੀ/ਸੂਬਾਈ/ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀ) ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 29ਏ ਦੇ ਉਪਬੰਧਾਂ ਤਹਿਤ ਭਾਰਤੀ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਇਸ ਉਪਬੰਧ ਮੁਤਾਬਕ, ਕੋਈ ਵੀ ਐਸੋਸੀਏਸ਼ਨ ਜੋ ਇੱਕ ਵਾਰ ਸਿਆਸੀ ਪਾਰਟੀ ਵਜੋਂ ਰਜਿਸਟਰ ਹੋ ਜਾਂਦੀ ਹੈ, ਉਸ ਨੂੰ ਕਰ ਵਿੱਚ ਛੋਟ ਸਮੇਤ ਕੁਝ ਵਿਸ਼ੇਸ਼ ਅਧਿਕਾਰ ਅਤੇ ਲਾਭ ਪ੍ਰਾਪਤ ਹੁੰਦੇ ਹਨ। ਇਹ ਅਭਿਆਸ ਸਿਆਸੀ ਪ੍ਰਣਾਲੀ ਨੂੰ ਬਿਹਤਰ ਬਣਾਉਣ ਅਤੇ ਅਜਿਹੀਆਂ ਪਾਰਟੀਆਂ ਨੂੰ ਸੂਚੀ ਤੋਂ ਹਟਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੈ ਜਿਨ੍ਹਾਂ ਨੇ 2019 ਤੋਂ ਬਾਅਦ ਲੋਕ ਸਭਾ ਜਾਂ ਸੂਬਾ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ ਜਾਂ ਜ਼ਿਮਨੀ ਚੋਣਾਂ ਵਿੱਚ ਕੋਈ ਚੋਣ ਨਹੀਂ ਲੜੀ ਹੈ ਅਤੇ ਜਿਨ੍ਹਾਂ ਦੇ ਦਫ਼ਤਰਾਂ ਦਾ ਭੌਤਿਕ ਤੌਰ 'ਤੇ ਪਤਾ ਨਹੀਂ ਲਗਾਇਆ ਜਾ ਸਕਿਆ। ਇਸ ਅਭਿਆਸ ਦੇ ਪਹਿਲੇ ਪੜਾਅ ਵਿੱਚ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਪਛਾਣ ਕੀਤੀ ਗਈ ਹੈ ਅਤੇ ਸਿਆਸੀ ਪ੍ਰਣਾਲੀ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਇਨ੍ਹਾਂ ਪਾਰਟੀਆਂ ਸੂਚੀ ਵਿੱਚੋਂ ਕੱਢਿਆ ਜਾਵੇਗਾ।

## ਮਜੀਠੀਆ ਦੀ ਗ੍ਰਿਫ਼ਤਾਰੀ: ਕੀ 2027 ਦੀਆਂ

ਗਿਆ ਹੈ ਅਤੇ ਇਹ ਸੁਖਬੀਰ ਬਾਦਲ ਅਤੇ ਮਜੀਠੀਆ ਦੇ ਦਬਾਅ ਕਾਰਨ ਹੋਇਆ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਅਜਨਾਲਾ ਦੇ ਇਨ੍ਹਾਂ ਦੋਸ਼ਾਂ ਨੂੰ ਮੁੱਦਾ ਬਣਾਇਆ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਜੀਠੀਆ ਨੂੰ ਪੰਜਾਬ ਵਿੱਚ ਨਸ਼ੇ ਦੇ ਕਾਰੋਬਾਰ ਦਾ ਮੁੱਖ ਕਾਰਨ ਦੱਸ ਕੇ ਉਨ੍ਹਾਂ ਵਿਰੁੱਧ ਪ੍ਰਚਾਰ ਕੀਤਾ ਅਤੇ ਇਸ ਦੇ ਆਧਾਰ 'ਤੇ, ਕਾਂਗਰਸ ਨੇ 2017 ਵਿੱਚ ਸੂਬੇ ਵਿੱਚ ਅਤੇ 2022 ਵਿੱਚ ਆਮ ਆਦਮੀ ਪਾਰਟੀ ਨੇ ਸਰਕਾਰ ਬਣਾਈ।

2016 ਵਿੱਚ, ਮਜੀਠੀਆ ਨੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਅਰਵਿੰਦ ਕੇਜਰੀਵਾਲ, ਸੰਜੇ ਸਿੰਘ ਅਤੇ ਆਸ਼ੀਸ਼ ਖੇਤਾਨ ਵਿਰੁੱਧ ਅਪਰਾਧਿਕ ਮਾਣਹਾਨੀ ਦਾ ਕੇਸ ਦਾਇਰ ਕੀਤਾ।

**ਚੰਨੀ ਨੇ ਕੇਸ ਦਾਇਰ ਕੀਤਾ, ਅਮਰਿੰਦਰ ਸਿੰਘ ਨੇ ਨਹੀਂ**

2017 ਵਿੱਚ ਕਾਂਗਰਸ ਸਰਕਾਰ ਬਣੀ ਸੀ ਪਰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਜੀਠੀਆ ਵਿਰੁੱਧ ਕੋਈ ਵੱਡੀ ਕਾਰਵਾਈ ਨਹੀਂ ਕੀਤੀ। ਇਸ ਸਬੰਧੀ ਪਾਰਟੀ ਵਿੱਚ ਅੰਦਰੂਨੀ ਲੜਾਈ ਵੀ ਦੇਖਣ ਨੂੰ ਮਿਲੀ। ਜਦੋਂ ਅਮਰਿੰਦਰ ਸਿੰਘ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਦਸੰਬਰ 2021 ਵਿੱਚ ਮਜੀਠੀਆ ਵਿਰੁੱਧ ਡਰੱਗ ਕੇਸ ਦਰਜ ਕੀਤਾ।

ਇਹ ਕੇਸ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਦਰਜ ਕੀਤਾ ਗਿਆ ਸੀ ਅਤੇ ਚੋਣ ਪ੍ਰਚਾਰ ਤੋਂ ਬਾਅਦ ਮਜੀਠੀਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮਜੀਠੀਆ 5 ਮਹੀਨੇ ਪਟਿਆਲਾ ਜੇਲ੍ਹ ਵਿੱਚ ਰਿਹਾ ਅਤੇ ਅਗਸਤ 2022 ਵਿੱਚ ਪੰਜਾਬ ਅਤੇ ਹਰਿਆਣਾ ਅਦਾਲਤ ਤੋਂ ਜ਼ਮਾਨਤ ਮਿਲ ਗਈ।

ਮਜੀਠੀਆ ਮਾਨ ਦੇ ਨਿਸ਼ਾਨੇ 'ਤੇ ਸੀ

ਇਹ ਯਾਦ ਦਿਵਾਉਣਾ ਪਵੇਗਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਭਗਵੰਤ ਮਾਨ ਨੇ ਮਜੀਠੀਆ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਸੀ ਕਿ ਕਿਵੇਂ ਡਰੱਗ ਕੇਸ ਦਾ ਦੋਸ਼ੀ ਆਪਣੇ ਆਪ ਨੂੰ ਨਸ਼ਾਖੋਰੀ ਨਾਲ ਲੜਨ ਵਾਲਾ ਵਿਅਕਤੀ ਦੱਸ ਰਿਹਾ ਹੈ। 2022 ਦੀਆਂ ਚੋਣਾਂ ਵਿੱਚ, ਮਜੀਠੀਆ ਨੂੰ ਅੰਮ੍ਰਿਤਸਰ ਪੂਰਬੀ ਸੀਟ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ, ਹਾਲਾਂਕਿ ਉਨ੍ਹਾਂ ਦੀ ਪਤਨੀ ਜਿੱਤ ਗਈ ਸੀ। ਪਿਛਲੇ ਕੁਝ ਮਹੀਨਿਆਂ ਵਿੱਚ, ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਵਧਾਉਣ ਦਾ ਦੋਸ਼ ਲਗਾ ਕੇ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਤੇ ਸਵਾਲ ਉਠਾਏ ਅਤੇ ਸੋਸ਼ਲ ਮੀਡੀਆ 'ਤੇ ਕੁਝ ਵੀਡੀਓ ਪੋਸਟ ਕੀਤੇ ਤਾਂ ਜੋ ਦਿਖਾਇਆ ਜਾ ਸਕੇ ਕਿ ਨਸ਼ੇੜੀ ਪੰਜਾਬ ਦੀਆਂ ਸੜਕਾਂ 'ਤੇ ਘੁੰਮ ਰਹੇ ਹਨ।

ਇਹ ਸਪੱਸ਼ਟ ਹੈ ਕਿ ਮਜੀਠੀਆ ਦੀ ਗ੍ਰਿਫ਼ਤਾਰੀ ਅਤੇ ਨਸ਼ਿਆਂ ਦੀ ਦੁਰਵਰਤੋਂ ਦਾ ਮੁੱਦਾ ਇੱਕ ਵਾਰ ਫਿਰ ਪੰਜਾਬ ਵਿੱਚ ਜ਼ੋਰ ਫੜ ਰਿਹਾ ਹੈ। ਕੀ ਇਸਦਾ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਅਸਰ ਪਵੇਗਾ?

## ਰਾਜਨਾਥ ਵੱਲੋਂ ਐਸ.ਸੀ.ਓ. ਦਸਤਾਵੇਜ਼

ਸ਼ਿਰਕਤ ਕੀਤੀ। ਐਸ.ਸੀ.ਓ. ਸੰਮੇਲਨ ਵਿੱਚ ਆਪਣੇ ਸੰਬੋਧਨ ਵਿੱਚ ਰਾਜਨਾਥ ਸਿੰਘ ਨੇ ਪਾਕਿਸਤਾਨ ਦਾ ਨਾਮ ਲਏ ਬਿਨਾਂ ਉਸ 'ਤੇ ਤਿੱਖਾ ਹਮਲਾ ਕੀਤਾ ਅਤੇ ਕਿਹਾ ਕਿ ਕੁਝ ਦੇਸ਼ ਅੱਤਵਾਦੀਆਂ ਨੂੰ ਪਨਾਹ ਦੇਣ ਲਈ ਸਰਹੱਦ ਪਾਰ ਅੱਤਵਾਦ ਨੂੰ ਨੀਤੀਗਤ ਸਾਧਨ ਵਜੋਂ ਵਰਤ ਰਹੇ ਹਨ। ਰੱਖਿਆ ਮੰਤਰੀ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਐਸ.ਸੀ.ਓ. ਨੂੰ ਅਜਿਹੇ ਦੇਸ਼ਾਂ ਦੀ ਆਲੋਚਨਾ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ। ਉਨ੍ਹਾਂ ਨੇ 22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਵੀ ਜ਼ਿਕਰ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਇਸ ਦਾ ਪੈਟਰਨ ਭਾਰਤ ਵਿੱਚ ਪਿਛਲੇ ਲਸ਼ਕਰ-ਏ-ਤੋਇਬਾ ਦੇ ਹਮਲਿਆਂ ਨਾਲ ਮੇਲ ਖਾਂਦਾ ਹੈ। ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੀ ਇੱਕ ਸ਼ਾਖਾ, ਦ ਰੇਜ਼ਿਸਟੈਂਸ ਫਰੰਟ (ਟੀ.ਆਰ.ਐਫ.) ਨੇ ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ ਸੀ, ਜਿਸ ਵਿੱਚ 25 ਸੈਲਾਨੀ ਅਤੇ ਇੱਕ ਸਥਾਨਕ ਕਸ਼ਮੀਰੀ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਫ਼ੈਸਲਾਕੁੰਨ ਕਾਰਵਾਈ ਦੀ ਲੋੜ ਹੈ... ਭਾਰਤ ਅੱਤਵਾਦ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਚੱਲ ਰਿਹਾ ਹੈ। ਪਾਕਿਸਤਾਨ, ਚੀਨ ਦੀ ਮਦਦ ਨਾਲ, ਪਹਿਲਗਾਮ ਅੱਤਵਾਦੀ ਹਮਲੇ 'ਤੇ 25 ਅਪ੍ਰੈਲ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਬਿਆਨ ਤੋਂ ਟੀ.ਆਰ.ਐਫ. ਦਾ ਨਾਮ ਹਟਾਉਣ ਵਿੱਚ ਵੀ ਸਫ਼ਲ ਰਿਹਾ। ਆਪ੍ਰੇਸ਼ਨ ਸਿੰਦੂਰ ਦਾ ਬਚਾਅ ਕਰਦੇ ਹੋਏ, ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਅੱਤਵਾਦ ਵਿਰੁੱਧ ਆਪਣੀ ਰੱਖਿਆ ਕਰਨ ਅਤੇ ਭਵਿੱਖ ਵਿੱਚ ਸਰਹੱਦ ਪਾਰ ਹਮਲਿਆਂ ਨੂੰ ਰੋਕਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰ ਰਿਹਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ

ਚੀਫ਼ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦਾ ਇੱਕ ਨੁਮਾਇੰਦਾ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ, ਗੁਰਬਾਣੀ ਵਿਆਕਰਣ ਦੇ ਮਾਹਿਰ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਭਾਈ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂਕੇ, ਮਹੰਤ ਮਨਜੀਤ ਸਿੰਘ ਜੰਮੂ ਕਸ਼ਮੀਰ, ਬੀਬੀ ਇੰਦਰਜੀਤ ਕੌਰ ਮੁਖੀ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ, ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਪਟਿਆਲਾ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰ: ਖ਼ਾਲਸਾ ਕਾਲਜ ਸੀ: ਸੈ: ਸਕੂਲ ਅੰਮ੍ਰਿਤਸਰ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਗਿ: ਬਲਜੀਤ ਸਿੰਘ ਪ੍ਰਿੰ: ਸਾਹਿਬਜ਼ਾਦਾ ਜੁਝਾਰ ਸਿੰਘ ਸਿੱਖ ਮਿਸ਼ਨਰੀ ਕਾਲਜ ਚੌਂਤਾ, ਸਿੱਖ ਵਿਦਵਾਨ ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਡਾ. ਜਤਿੰਦਰਪਾਲ ਸਿੰਘ ਉੱਪਲ ਆਸਟ੍ਰੇਲੀਆ, ਰਾਜਬੀਰ ਸਿੰਘ ਕੈਨੇਡਾ, ਇੰਦਰਪਾਲ ਸਿੰਘ ਚੱਢਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ 'ਤੇ ਮੰਗੇ ਸੁਝਾਵਾਂ ਤਹਿਤ ਬਹੁਤ ਸਾਰੀਆਂ ਸੰਪ੍ਰਦਾਵਾਂ, ਜਥੇਬੰਦੀਆਂ ਅਤੇ ਵਿਦਵਾਨਾਂ ਨੇ ਪਹਿਲਾਂ ਹੀ ਆਪਣੇ ਸੁਝਾਅ ਲਿਖਤੀ ਰੂਪ ਵਿਚ ਭੇਜੇ ਹਨ। ਇਨ੍ਹਾਂ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਨਾਂਦੇੜ, ਦਲ ਖਾਲਸਾ, ਅਖੰਡ ਕੀਰਤਨੀ ਜਥਾ, ਪੰਥਕ ਤਾਲਮੇਲ ਸੰਗਠਨ, ਸਿੱਖ ਕੌਂਸਲ ਯੂਕੇ, ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ਼੍ਰੋਮਣੀ ਖਾਲਸਾ ਪੰਚਾਇਤ, ਸਿੰਘ ਸਭਾਵਾਂ ਸਮੇਤ ਹੋਰ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿਚ ਸਿੱਖ ਵਿਦਵਾਨ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਤਰਫੋਂ ਹੁਣ ਇਸ ਸਬੰਧ ਵਿਚ 34 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਆਪਣੀ ਰਾਇ ਰਿਪੋਰਟ ਦੇਵੇਗੀ।

# ਸੰਵਿਧਾਨ ਸਰਵਉੱਚ ਹੈ, ਸੰਸਦ ਨਹੀਂ: ਸੀਜੇਆਈ ਗਵਈ

**'ਸੰਸਦ ਕੋਲ ਸੋਧ ਕਰਨ ਦੀ ਸ਼ਕਤੀ ਹੈ, ਪਰ ਬੁਨਿਆਦੀ ਢਾਂਚੇ ਨੂੰ ਨਹੀਂ ਬਦਲ ਸਕਦੀ'**

ਨਵੀਂ ਦਿੱਲੀ, 26 ਜੂਨ (ਚ.ਨ.ਸ.) : ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਸਰਵਉੱਚ ਹੈ। ਸਾਡੇ ਲੋਕਤੰਤਰ ਦੇ ਤਿੰਨੋਂ ਅੰਗ (ਨਿਆਂਪਾਲਿਕਾ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ) ਸੰਵਿਧਾਨ ਦੇ ਅਧੀਨ ਕੰਮ ਕਰਦੇ ਹਨ। ਸੀਜੇਆਈ ਗਵਈ ਨੇ ਕਿਹਾ ਕਿ ਕੁਝ ਲੋਕ ਕਹਿੰਦੇ ਹਨ ਕਿ ਸੰਸਦ ਸਰਵਉੱਚ ਹੈ, ਪਰ ਮੇਰੇ ਵਿਚਾਰ ਵਿੱਚ ਸੰਵਿਧਾਨ ਸਰਵਉੱਚ ਹੈ।ਸੁਪਰੀਮ ਕੋਰਟ ਦੇ 52ਵੇਂ ਸੀਜੇਆਈ ਵਜੋਂ ਸਹੁੰ ਚੁੱਕਣ ਵਾਲੇ ਜਸਟਿਸ ਗਵਈ ਆਪਣੇ ਜੱਦੀ ਸ਼ਹਿਰ ਅਮਰਾਵਤੀ ਵਿੱਚ ਆਪਣੇ ਸਨਮਾਨ ਸਮਾਰੋਹ ਵਿੱਚ ਬੋਲ ਰਹੇ ਸਨ। ਸੀਜੇਆਈ ਗਵਈ ਨੇ ਕਿਹਾ ਕਿ ਸੰਸਦ ਕੋਲ ਸੋਧ ਕਰਨ ਦੀ ਸ਼ਕਤੀ ਹੈ, ਪਰ ਇਹ ਸੰਵਿਧਾਨ ਦੇ ਮੂਲ ਢਾਂਚੇ ਨੂੰ ਨਹੀਂ ਬਦਲ ਸਕਦੀ। ਸੀਜੇਆਈ ਗਵਈ ਨੇ ਕਿਹਾ ਕਿ ਇੱਕ ਜੱਜ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਇੱਕ ਫਰਜ਼ ਹੈ, ਅਤੇ ਅਸੀਂ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੇ ਰੱਖਵਾਲੇ ਹਾਂ। ਸਾਡੇ ਕੋਲ ਨਾ ਸਿਰਫ਼ ਸ਼ਕਤੀ ਹੈ, ਸਗੋਂ ਸਾਡੇ 'ਤੇ ਇੱਕ ਫਰਜ਼ ਵੀ ਲਗਾਇਆ ਗਿਆ ਹੈ।



ਇੱਕ ਜੱਜ ਨੂੰ ਇਸ ਗੱਲ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਲੋਕ ਉਸ ਦੇ ਫ਼ੈਸਲਿਆਂ ਬਾਰੇ ਕੀ ਕਹਿਣਗੇ ਜਾਂ ਕੀ ਮਹਿਸੂਸ ਕਰਨਗੇ। ਚੀਫ਼ ਜਸਟਿਸ ਨੇ ਕਿਹਾ- ਸਾਨੂੰ ਸੁਤੰਤਰ ਤੌਰ 'ਤੇ ਸੋਚਣਾ ਪਵੇਗਾ। ਲੋਕ ਕੀ ਕਹਿਣਗੇ, ਇਹ ਸਾਡੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਨਹੀਂ ਹੋ ਸਕਦਾ।

ਸੀਜੇਆਈ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਆਪਣੇ ਫ਼ੈਸਲਿਆਂ ਅਤੇ ਕੰਮ ਨੂੰ ਬੋਲਣ ਦਿੱਤਾ ਹੈ ਅਤੇ ਹਮੇਸ਼ਾ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਦੇ ਨਾਲ ਖੜ੍ਹੇ ਰਹੇ ਹਨ। ਬੁਲਡੋਜ਼ਰ ਨਿਆਂ ਵਿਰੁੱਧ ਆਪਣੇ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਨਾਹ ਦਾ ਅਧਿਕਾਰ ਸਰਵਉੱਚ ਹੈ।

# ਭਾਰਤ ਨੇ ਯੂ.ਐਨ. 'ਚ ਪਾਕਿ ਦੀਆਂ ਬੇਬੁਨਿਆਦ ਟਿੱਪਣੀਆਂ ਖਿਲਾਫ਼ ਪ੍ਰਗਟਾਇਆ ਇਤਰਾਜ਼

ਸੰਯੁਕਤ ਰਾਸ਼ਟਰ, 26 ਜੂਨ (ਚ.ਨ.ਸ.) : ਭਾਰਤ ਨੇ ਪਾਕਿਸਤਾਨ ਦੀਆਂ ਬੇਬੁਨਿਆਦ ਟਿੱਪਣੀਆਂ, ਦੇਸ਼ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ ਅਤੇ ਸਰਹੱਦ ਪਾਰ ਅੱਤਵਾਦ ਤੋਂ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਭਾਰਤ ਨੇ ਜ਼ੋਰ ਦਿੰਦਿਆਂ ਕਿਹਾ ਕਿ ਦੁਨੀਆਂ ਪਹਿਲਗਾਮ ਹਮਲੇ ਨੂੰ ਨਹੀਂ ਭੁੱਲੀ।ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਪੀ. ਹਰੀਸ਼ ਨੇ ਕਿਹਾ, ਮੈਂ ਸੀ.ਏ.ਏ.ਸੀ (ਬੱਚੇ ਅਤੇ ਹਥਿਆਰਬੰਦ ਸੰਘਰਸ਼) ਏਜੰਡੇ ਦੇ ਗੰਭੀਰ ਉਲੰਘਣਾ ਕਰਨ ਵਾਲਿਆਂ ਵਿੱਚੋਂ ਇੱਕ ਪਾਕਿਸਤਾਨ ਦੇ ਪ੍ਰਤੀਨਿਧੀ ਵੱਲੋਂ ਕੀਤੀਆਂ ਗਈਆਂ ਸਿਆਸੀ ਤੌਰ 'ਤੇ ਪ੍ਰੇਰਿਤ ਟਿੱਪਣੀਆਂ ਦਾ ਜਵਾਬ ਦੇਣ ਲਈ ਮਜਬੂਰ ਹਾਂ।ਬੁੱਧਵਾਰ ਨੂੰ 'ਬੱਚਿਆਂ ਵਿਰੁੱਧ ਗੰਭੀਰ ਉਲੰਘਣਾਵਾਂ ਨੂੰ ਖਤਮ ਕਰਨ ਅਤੇ ਰੋਕਣ ਲਈ ਪ੍ਰਭਾਵੀ ਰਣਨੀਤੀਆਂ' 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਖੁੱਲ੍ਹੀ ਬਹਿਸ ਵਿੱਚ ਦਿੱਤੇ ਇੱਕ ਬਿਆਨ ਵਿੱਚ ਹਰੀਸ਼ ਨੇ ਕਿਹਾ ਕਿ ਪਾਕਿਸਤਾਨ ਸੰਯੁਕਤ ਰਾਸ਼ਟਰ ਦੀਆਂ ਪ੍ਰਕਿਰਿਆਵਾਂ 'ਤੇ ਬੇਬੁਨਿਆਦ ਦੋਸ਼ ਲਗਾ ਰਿਹਾ ਹੈ ਅਤੇ ਆਪਣੇ ਭੈੜੇ ਏਜੰਡੇ ਨੂੰ ਪੂਰਾ ਕਰਨ ਲਈ ਭਾਰਤ ਨੂੰ ਵੱਖ-ਵੱਖ ਚਰਚਾਵਾਂ ਵਿੱਚ ਬਦਨਾਮ ਕਰ ਰਿਹਾ ਹੈ।



ਹਰੀਸ਼ ਨੇ ਕਿਹਾ, ਅਸੀਂ ਪਾਕਿਸਤਾਨ ਵੱਲੋਂ ਆਪਣੇ ਦੇਸ਼ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ, ਜਿਵੇਂ ਕਿ ਸਕੱਤਰ ਜਨਰਲ ਦੀ ਰਿਪੋਰਟ ਵਿੱਚ ਉਜਾਗਰ ਕੀਤਾ ਗਿਆ ਹੈ ਅਤੇ ਨਾਲ ਹੀ ਉਨ੍ਹਾਂ ਦੇ ਵੱਧ ਰਹੇ ਸਰਹੱਦ ਪਾਰ ਅੱਤਵਾਦ ਤੋਂ ਧਿਆਨ ਭਟਕਾਉਣ ਦੀ ਇਸ ਕੋਸ਼ਿਸ਼ ਨੂੰ ਰੱਦ ਕਰਦੇ ਹਾਂ।

ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਦੀ ਸੀ.ਏ.ਏ.ਸੀ ਬਾਰੇ ਰਿਪੋਰਟ ਵਿੱਚ ਪਾਕਿਸਤਾਨ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਬੱਚਿਆਂ ਵਿਰੁੱਧ ਗੰਭੀਰ ਉਲੰਘਣਾਵਾਂ ਦਾ ਵੇਰਵਾ ਦਿੱਤਾ ਗਿਆ ਹੈ। -

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

GOVT. OF PUNJAB

# ਅਫ਼ੋਰਡੇਬਲ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
## ਪੰਜਾਬ ਸਰਕਾਰ
## ਅਧੀਨ
## ਗਰੇਟਰ ਮੋਹਾਲੀ ਖੇਤਰੀ ਵਿਕਾਸ ਅਥਾਰਟੀ
## ਅਤੇ ਗਰੇਟਰ ਲੁਧਿਆਣਾ ਖੇਤਰੀ ਵਿਕਾਸ ਅਥਾਰਟੀ
## ਨਵੀਆਂ ਅਰਬਨ ਅਸਟੇਟਾਂ ਵਿਕਸਤ ਕਰਨਗੀਆਂ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

**ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ**
**ਲੈਂਡ ਪੂਲਿੰਗ ਸਕੀਮ** ਅਧੀਨ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਅਤੇ
**ਵੱਡੇ ਲਾਭ ਪ੍ਰਾਪਤ** ਕਰਨ ਲਈ ਸੱਦਾ ਦਿੱਤਾ ਜਾਂਦਾ ਹੈ

### ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
|---|---|---|
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 8 ਕਨਾਲ | 1000 ਵਰਗ ਗਜ | 200 ਵਰਗ ਗਜ |
| 7 ਕਨਾਲ | 950 ਵਰਗ ਗਜ | 100 ਵਰਗ ਗਜ |
| 6 ਕਨਾਲ | 800 ਵਰਗ ਗਜ | 100 ਵਰਗ ਗਜ |
| 5 ਕਨਾਲ | 650 ਵਰਗ ਗਜ | 100 ਵਰਗ ਗਜ |
| 4 ਕਨਾਲ | 500 ਵਰਗ ਗਜ | 100 ਵਰਗ ਗਜ |

### ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
|---|---|---|
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 3 ਕਨਾਲ | 450 ਵਰਗ ਗਜ | — |
| 2 ਕਨਾਲ | 300 ਵਰਗ ਗਜ | — |
| 1 ਕਨਾਲ | 150 ਵਰਗ ਗਜ | — |
| 9.0 ਏਕੜ | ਗਰੁੱਪ ਹਾਊਸਿੰਗ ਲਈ 3.00 ਏਕੜ | |
| 50 ਏਕੜ | ਪਲਾਟਿਡ ਵਿਕਾਸ ਲਈ 30 ਏਕੜ | |

### ਉਦਯੋਗਿਕ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ |
|---|---|
| | ਉਦਯੋਗਿਕ ਪਲਾਟ |
| 8 ਕਨਾਲ | 1600 ਵਰਗ ਗਜ |
| 7 ਕਨਾਲ | 1400 ਵਰਗ ਗਜ |
| 6 ਕਨਾਲ | 1200 ਵਰਗ ਗਜ |
| 5 ਕਨਾਲ | 1000 ਵਰਗ ਗਜ |
| 4 ਕਨਾਲ | 800 ਵਰਗ ਗਜ |
| 3 ਕਨਾਲ | 600 ਵਰਗ ਗਜ |
| 2 ਕਨਾਲ | 400 ਵਰਗ ਗਜ |

**ਲੈਂਡ ਪੂਲਿੰਗ ਨੀਤੀ ਦੇ ਤਹਿਤ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਵਾਲੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ ਤਿੰਨ ਸਾਲਾਂ ਲਈ 30,000/- ਰੁਪਏ ਦਾ ਗੁਜ਼ਾਰਾ ਭੱਤਾ ਅਤੇ ਸਹੂਲਤ ਸਰਟੀਫਿਕੇਟ ਦੇ ਲਾਭ ਦਿੱਤੇ ਜਾਣਗੇ**

### ਵਪਾਰਕ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | | |
|---|---|---|---|
| | ਵਪਾਰਕ ਪਲਾਟ | | |
| | ਐੱਸ ਸੀ ਓ (ਐਫ ਏ ਆਰ 1:3.0) 300 ਵਰਗ ਗਜ | ਐੱਸ ਸੀ ਓ (ਐਫ ਏ ਆਰ 1:3.0) 200 ਵਰਗ ਗਜ | ਐੱਸ ਸੀ ਓ (ਐਫ ਏ ਆਰ 1:3.0) 100 ਵਰਗ ਗਜ |
| 8 ਕਨਾਲ | 2 | 1 | — |
| 7 ਕਨਾਲ | 1 | 2 | — |
| 6 ਕਨਾਲ | — | 3 | — |
| 5 ਕਨਾਲ | 1 | 1 | — |
| 4 ਕਨਾਲ | — | 2 | — |
| 3 ਕਨਾਲ | 1 | — | — |
| 2 ਕਨਾਲ | — | 1 | — |
| 1 ਕਨਾਲ | — | — | 1 |

## ਐਸ.ਏ.ਐਸ. ਨਗਰ, ਰੂਪਨਗਰ, ਰਾਜਪੁਰਾ, ਫਤਿਹਗੜ੍ਹ ਸਾਹਿਬ, ਸਮਰਾਲਾ ਅਤੇ ਜਗਰਾਉਂ ਦੇ ਪਲੈਨਿੰਗ ਏਰੀਆ ਵਿੱਚ ਅਰਬਨ ਅਸਟੇਟਾਂ ਦੀ ਸਥਾਪਨਾ ਲਈ ਲੈਂਡ ਪੂਲਿੰਗ:-

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਐਸ.ਏ.ਐਸ. ਨਗਰ, ਰੂਪਨਗਰ, ਰਾਜਪੁਰਾ, ਫਤਿਹਗੜ੍ਹ ਸਾਹਿਬ, ਸਮਰਾਲਾ ਅਤੇ ਜਗਰਾਉਂ ਦੇ ਪਲੈਨਿੰਗ ਏਰੀਆ ਵਿੱਚ ਅਰਬਨ ਅਸਟੇਟਾਂ ਦੀ ਸਥਾਪਨਾ ਲਈ, ਹੇਠ ਲਿਖੇ ਪਿੰਡਾਂ ਦੇ ਖਸਰਾ ਨੰਬਰ ਦਰਸਾਉਂਦੀ ਜ਼ਮੀਨ ਨੂੰ ਪੂਲ ਕੀਤਾ ਜਾ ਰਿਹਾ ਹੈ:-

### ਵਿਕਾਸ ਅਥਾਰਟੀ - ਗਰੇਟਰ ਮੋਹਾਲੀ ਖੇਤਰੀ ਵਿਕਾਸ ਅਥਾਰਟੀ

#### ਸੈਕਟਰ 76-80 (ਰਿਹਾਇਸ਼ੀ)

ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਮੌਲੀ ਬੈਦਵਾਨ, ਹਦਬਸਤ ਨੰ.: 4, ਖਸਰਾ ਨੰਬਰ.** – 20//7/2, 20//4/2, 7/1, 14/3

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸੋਹਾਣਾ, ਹਦਬਸਤ ਨੰ.: 35, ਖਸਰਾ ਨੰਬਰ.**- 79//25/1, 80//21/2, 80//23/2, 80//28, 81//22/2, 81//23, 89//3, 89//4/1, 4/2, 8/1, 89//18/2, 18/5, 91//5/2, 90//1/2, 2, 9, 10/2, 11/1, 12/1/1, 91//6/2/1, 15/1/2, 91//10/2, 92//3/2, 4, 5/1, 6, 7, 8, 106//12/2, 13/1/1, 106//12/1/1, 107//12

**ਨੋਟ: ਖਸਰਾ ਨੰਬਰ ਜਿੱਥੇ ਸੀਐਲਯੂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਜਾਂ ਸੀਐਲਯੂ ਦੀ ਗ੍ਰਾਂਟ ਲਈ ਅਰਜ਼ੀਆਂ ਲੰਬਿਤ ਹਨ, ਉਨ੍ਹਾਂ ਦੀ ਕੇਸ-ਦਰ-ਕੇਸ ਆਧਾਰ 'ਤੇ ਸਮੀਖਿਆ ਕੀਤੀ ਜਾਵੇਗੀ।**

#### ਸੈਕਟਰ 87 (ਵਪਾਰਕ)

ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਮਾਣਕ ਮਾਜਰਾ, ਹਦਬਸਤ ਨੰ.: 39, ਖਸਰਾ ਨੰਬਰ.**- 13//16, 24, 25, 25//3, 4, 7, 8, 9, 10, 11, 12, 13, 18, 19, 20, 21, 22, 24//15, 16/1, 16/2, 17/1, 17/2, 24, 25/1, 25/2/1, 25/2/2, 26//1/1, 2/2, 9/2, 10/2, 11, 27//4/2, 5/1, 6/1, 6/2.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਨਾਨੂੰ ਮਾਜਰਾ, ਹਦਬਸਤ ਨੰ.: 291, ਖਸਰਾ ਨੰਬਰ.**- 1//16, 25, 2//9, 11, 12, 13, 17, 18, 19, 20, 21, 22, 23, 24, 5//1, 2, 3, 4, 5, 6, 7, 8, 9/1, 9/2, 10, 11/1, 11/2, 12/1, 12/2, 13, 14, 15, 16, 17, 18/1, 18/2, 19, 20, 21/1, 21/2, 22, 23, 24, 25, 26, 3//21, 4//1, 10, 11, 12/1, 12/2, 13, 16, 17, 18, 19, 20/1, 20/2, 21, 22, 23, 24, 25/1/1, 26, 27, 6//4, 5, 6, 7, 13, 14, 15, 16, 17/1, 17/2, 18/1, 18/2, 23, 24, 25, 7//2/1, 7//2/2, 3/1, 3/2/1, 3/2/2, 4/1, 4/2, 5, 6/1, 6/2/1, 6/2/2, 6/2/3, 6/3, 7/1/1, 7/1/2, 7/1/3, 7/2/1, 7/2/2, 7/2/3, 8/1, 8/2, 8/3, 9/1, 9/2, 11, 12, 13, 14, 15/1, 15/2, 16, 17, 18/1/1, 18/1/2, 18/2, 19/1/1, 19/1/2, 19/2, 22, 23, 24/1, 24/2/1, 24/2/2, 25/1, 25/2, 26, 27/1/1, 27/1/2, 27/2/1, 27/2/2, 28/1, 28/2/1, 28/2/2, 29, 30, 31/1, 31/2, 32, 32/1, 33, 8//1, 2, 3/1, 3/2, 4, 5, 6, 7/1, 7/2, 8/1, 8/2, 9/1, 9/2, 10/1/1/1/1, 10/1/1/1/2, 10/1/1/2/1, 10/1/1/2/2, 10/1/2, 10/2, 11/1, 11/2, 12/1, 12/2, 12/3, 13/1, 13/2, 13/3, 14/1/1, 14/1/2, 14/1/3, 14/2/1, 14/2/2, 14/2/3, 15/1/1, 15/1/2, 15/2, 15/3/1/1/1, 15/3/1/1/2, 15/3/1/2, 15/3/2/1, 15/3/2/2, 16/1/1, 16/1/2, 16/2, 17/1/1, 17/1/2, 18, 19, 20/1, 20/2, 21, 22/1, 22/2, 23/1, 23/2/1, 23/2/2, 24/1/1, 24/1/2, 24/2/1, 24/2/2, 25/1, 25/2/1, 25/2/2, 26/1, 26/2, 9//1/1, 9//1/2, 2/1, 2/2, 3/1, 3/2, 4, 5, 8, 9/1, 9/2, 10, 11/1/1, 11/1/2, 11/2/1/1, 11/2/2, 12/1/1/1, 12/1/1/2, 12/1/2/1, 12/1/2/2, 12/2, 20/2, 26, 13//1/1, 13//1/2, 2/1, 2/2, 3/1/1, 3/1/2, 3/2, 4/1/1, 4/1/2, 4/2 9/1, 9/2, 10/1, 10/2, 11, 14//3, 4, 5, 6/1, 6/2, 7/1, 7/2, 7/3, 15, 43, 101, 102, 110/2, 207.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸੋਹਾਣਾ, ਹਦਬਸਤ ਨੰ.: 35, ਖਸਰਾ ਨੰਬਰ.**- 116//25, 117/2/2, 3, 8/1, 9/1, 12/1, 12/2, 12/3, 13/1, 18/2, 19, 20, 21/1, 21/2, 22/1, 22/2, 22/2/1, 23/1, 23/2, 23/3, 26/1/2, 27/1, 28/1/1, 28/2, 29, 30, 31 Min, 32, 34/1, 118//21/3, 126//1/2, 126//2/1, 2/2, 9, 10, 11, 12/1, 12/2, 13, 17, 18, 19/1, 19/2, 20, 21/1, 21/2, 21/3, 22, 23, 24, 27, 127//1/1, 1/2, 2/1, 2/2/2, 3, 4/1, 4/2/2, 5/2/2, 6/2/1, 6/2/2, 7/1, 7/2, 8, 9, 10, 11, 12, 13/1, 13/2, 14/1, 14/2, 15/1, 15/2, 16, 17, 18/1, 18/2, 19, 20/1, 20/2, 20/4, 21, 22, 23, 24, 25, 26, 128//10/1, 13, 15, 16, 17, 24, 25, 130//5, 131//1/1, 1/2, 2, 3, 4/1, 4/2, 5, 6/1/1, 6/1/2, 6/2/1, 6/2/2, 6/3, 6/4, 6/5, 6/6, 7/1, 7/2, 7/3, 8/1, 8/2, 9, 10, 12, 13, 14, 15/1, 15/2, 16/1, 16/2, 16/3, 132//1/1, 1/2, 2/1/1, 2/1/2, 2/2, 3/2/1, 4, 5, 7/1, 7/2, 8/1, 8/2, 8/3, 8/4, 8/5, 8/6, 8/7, 9, 10, 11, 12, 13, 19/1, 19/2, 20, 21.

**ਨੋਟ: ਖਸਰਾ ਨੰਬਰ ਜਿੱਥੇ ਸੀਐਲਯੂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਜਾਂ ਸੀਐਲਯੂ ਦੀ ਗ੍ਰਾਂਟ ਲਈ ਅਰਜ਼ੀਆਂ ਲੰਬਿਤ ਹਨ, ਉਨ੍ਹਾਂ ਦੀ ਕੇਸ-ਦਰ-ਕੇਸ ਆਧਾਰ 'ਤੇ ਸਮੀਖਿਆ ਕੀਤੀ ਜਾਵੇਗੀ।**

## ਰਹਿੰਦੀ ਜ਼ਮੀਨ ਸੈਕਟਰ 101 (ਉਦਯੋਗਿਕ)

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਦੁਰਾਲੀ, ਹਦਬਸਤ ਨੰ.: 1, ਖਸਰਾ ਨੰਬਰ.-** 13//15/1/3, 15/2/3, 16/1, 16/2/2, 16/3, 17/1/1/2, 17/2/2, 17/1/2/2, 18/1/2, 18/2/1, 18/2/2, 19/2/1, 19/1/2, 20/3/2, 21/2/2, 22/1, 22/2, 23/1, 23/2, 24/1, 24/2/1, 24/2/2, 24/2/3, 24/3/1, 24/3/2, 25, 14//6/1, 6/2/2, 7/2, 8/8/3, 11/1/2, 11/2, 12/1/1, 12/1/2, 12/2/2, 13, 14/1, 14/2, 14/3, 15, 16, 17, 19, 20/1, 20/2, 21/1, 21/2, 21/3, 22, 23/1/1, 23/1/2, 23/2/1, 23/2/2, 23/2/3, 24/1/1, 24/1/2, 24/2, 25, 26, 27, 28, 15//1/2/2, 2/2min, 9/1min, 9/2, 10/1/1, 10/1/2, 10/2, 10/3/1, 10/3/2, 11, 12/1, 12/2min, 13min, 18min, 19, 20/1, 20/2, 22/1, 22/2/1, 22/2/2, 22/3, 23min, 24min, 26/1, 26/2, 27, 28, 29, 30, 31, 19//21/1min, 21/2min, 20//1, 2/1, 2/2, 3, 4/1min, 4/2min, 6/2min, 7/1min, 7/2min, 8, 9, 10, 13, 14/1, 14/2, 15min, 16/1min, 16/2, 17, 24, 25/1, 25/2min, 26, 27, 28, 29, 30-31, 32, 33, 34, 21//1/1, 1/2, 2/1, 2/2/1, 2/2/2, 3, 4/1, 4/2, 4/3, 5/2, 9/1, 9/2, 10, 11/1, 11/2, 12, 19, 20, 21, 22, 26, 27, 28/1, 28/2, 28/3, 29, 22//1/1/1, 1/2/2, 1/3, 2/1, 2/2, 2/3, 3/1, 3/2, 4, 5, 6/1, 6/2, 6/3, 6/4, 7/1, 7/2, 8/1, 8/2, 8/3, 9, 10/1/1, 11/1, 12/2, 13/1, 13/2, 13/3, 14/1, 14/2, 14/3, 15/1/1, 15/1/2, 15/2, 16, 17/1, 17/2, 17/3, 18, 19/1/1, 22/3, 23/2, 25/1, 25/2, 25/3, 25/4, 25/5, 27//3/2, 4, 5/1, 5/2, 6/1, 6/2, 7/1, 8/1/1, 14/1/2, 14/2/1/2, 14/2/2/2, 15/1, 15/2, 16/1, 16/2/1, 17/1, 25/1/2, 25/2/2, 28//1/1, 1/2, 2, 9/1, 9/2, 10, 11, 12, 19, 20/1, 20/2, 22, 29//3, 4/1, 4/2, 4/3, 5/1, 5/2, 5/3, 6/1, 6/2, 7/1, 7/2, 8/1, 8/2, 13, 147, 15/1, 15/2, 16/1, 16/2, 17, 18/1, 18/2, 23, 24/1, 24/2, 25/1, 25/2min, 26, 27, 28, 29, 30, 31, 32, 33, 34, 35, 36, 37, 38, 39, 40, 41/1, 41/2, 30//1min, 9/1min, 10/1min, 10/2, 11/1, 11/2, 12/1, 12/2, 12/3min, 12/4min, 12/5min, 19/1min, 19/2min, 19/3, 20/1, 20/2, 21/1min, 21/2min, 22min, 34//1/1, 2, 4/1min, 4/3, 10/1min, 10/2min, 26, 27, 28min, 29min, 30, 31, 32, 35//1/1, 1/2, 2/1, 2/2, 3, 4/1, 4/2, 5, 6/1min, 6/3min, 6/4, 7/1, 7/2/1, 7/2/2min, 7/2/3min, 8/1, 8/2, 9/1/1, 9/1/2, 9/2, 9/3, 10/1, 10/2, 10/3/2, 10/4/1, 10/5, 10/6, 11/1/2/2, 11/2/1min, 12/1min, 12/2min, 26min, 36//5/3, 6/1/1, 6/4/3, 61min, Reserve 62, Reserve 65, Reserve 66, Reserve 67/1, Reserve 68, 68/1, Reserve 70, Reserve 72, 73, 74min, 75min, 76, 77, Reserve 78, Reserve 79, Reserve 80, 81, 82, 83, 85min, 86min, 89min, 90min, 327/1min, 327, 330min, 336, 337/2, 339min, 342, 343/1, 343/2, 343/3min, 344min, 367min, 350min.

**ਨੋਟ: ਖਸਰਾ ਨੰਬਰ ਜਿੱਥੇ ਸੀਐਲਯੂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਜਾਂ ਸੀਐਲਯੂ ਦੀ ਗ੍ਰਾਂਟ ਲਈ ਅਰਜ਼ੀਆਂ ਲੰਬਿਤ ਹਨ, ਉਨ੍ਹਾਂ ਦੀ ਕੇਸ-ਦਰ-ਕੇਸ ਆਧਾਰ 'ਤੇ ਸਮੀਖਿਆ ਕੀਤੀ ਜਾਵੇਗੀ।**

## ਸੈਕਟਰ 103 (ਉਦਯੋਗਿਕ)

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਦੁਰਾਲੀ, ਹਦਬਸਤ ਨੰ.: 1, ਖਸਰਾ ਨੰਬਰ.-** 11//24/2, 25/1/3 , 25/2/2, 12//21/1/2 , 21/2/2 , 22/1/2 , 22/2/2 , 23/1/2/2 , 23/2/2/2 , 24/2/1 , 26 , 22//10/3/2 , 11/3 , 19/2/2 , 20/2 , 21/1 , 21/2 , 22/1, 23//1/1 , 1/2 , 2/1 , 2/2, 3, 4/1/2 , 4/2/1 , 5/1/1 , 5/3/2 , 5/5 , 6/2 , 7/1 , 7/2 , 7/3 , 8 , 9/1 , 9/2 , 10/1/1 , 10/1/2 , 10/2 , 11 , 12 , 13/2 , 14/1 , 14/2 , 15/1/1 , 15/1/2 , 15/2 , 16/1 , 16/2 , 17 , 18 , 19/1 , 19/2 , 20 , 21 , 22/1 , 22/2, 23 , 24 , 25/1 , 25/2 , 24//4 ,5/1 , 5/2 , 5/3 , 6 , 15 , 16 , 25 , 25//4 , 5/1 , 5/2/1 , 5/2/2 , 6/1 , 6/2 , 7 , 8 , 13 , 14 , 15/1 , 15/2 , 16/1 , 16/2 , 17/1 , 17/2 , 24 , 25 , 26//1/1 , 1/2 , 2/1 , 2/2 , 3/1 , 3/2 , 3/3 , 4 , 5 , 6 , 7/1 , 7/2 , 8, 9/1 , 9/2 , 10/1/1 , 10/1/2 , 10/2 , 11 , 12 , 13 , 14 , 15/1, 15/2 , 16 , 17 , 18 , 19 , 20/1/1 , 20/1/2 , 20/2 , 21 , 22/1 , 22/2 , 23/1 , 23/2 , 23/2 , 24 , 25 , 27//1/1 , 1/2 , 2/1 , 8/2/2 , 9 , 10/1 , 12/ , 11/1 , 11/2 , 12 , 13/1 , 17/3 , 18/2 , 19 , 20 , 21 , 22/1 , 22/2 , 23/1 , 23/2 , 24/1 , 24/2/1 , 35//112/3 , 20/2/3 Min, 36//1 , 2, 3, 4/1 , 5/1 , 6/2/2 , 6/3/2 , 6/4/1 , 6/4/3 , 7/1 , 7/2 , 8/1 , 8/2 , 9 , 10 , 11 , 12 , 13 , 14/1 , 14/2 , 15/1/2 , 15/2/2 , 15/3/2 , 16/1 , 16/2 , 17/1 , 17/2 , 18 , 19 , 20 , 21 , 22/1 , 22/2 , 23/1 Min , 23/2 Min , 24/1 Min , 24/2 Min , 25/1 Min, 37//1/1 , 1/2 , 2 , 3/1/ , 3/1/2 , 3/2 , 4 , 5 , 6/1 , 6/2 , 7 , 8 , 9 , 10/1 , 10/2 , 11 , 12 , 13 , 14 , 15 , 16 , 17/1 , 17/2 , 18 , 19 , 20 , 21 , 21 , 22 , 23 , 24/1 , 24/2 , 25 , 38//5 , 6 , 7 , 14 Min , 15 , 16 , 17/1 Min , , 17/2 Min , 24/1 Min , 24/2 Min , 25 Min , 39//5/1 Min , 5/2 Min , 6 Min , 15 Min , 40//1 , 2/1 , 2/2 , 3/1 , 3/2 , 4 , 5 Min , 7 Min , 8/1 Min , 8/2 Min, 9 Min , 10 , 11 Min , 12 Min , 41//1/1 Min , 1/2 Min , 2 Min , 338/1 Min , 338/2 Min , 339 Min , 366 , 367/2.

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਸਨੇਟਾ, ਹਦਬਸਤ ਨੰ.: 288, ਖਸਰਾ ਨੰਬਰ.-** 10//25/2/2 Min , 11//21/3 , 22/3 , 23/2, 12//1/1 , 12//1/2 Min , 2/1 , 2/2 , 3 , 4 , 6 , 7 , 8 , 9 , 10 Min , 11/1 Min , 11/3 Min , 12/1 , 12/2/2 , 13/1 , 13/2/1 , 13/2/2, 13/2/3 , 14/ , 14/2/1 , 14/2/2 , 14/2/3 , 15/1 , 15/2 , 16 , 17 , 18 , 19/1 , 19/2/1 , 19/2/2 , 20/1 Min , 21/2 Min , 22/1 Min , 22/2 , 23 , 25 , 13//5 Min , 25//2/1 Min , 2/2 Min , 2/3 Min , 3/1 , 3/2/1 , 3/2/2 , 4/1 , 4/2 , 7 , 8/1 , 8/2 , 9/1 Min , 12/2 Min , 13 Min , 17 , 18 Min , 23 Min , 24 , 26//3 Min , 4 , 5 , 7 Min , 14 Min , 110 Min , 271/1 .

**ਨੋਟ: ਖਸਰਾ ਨੰਬਰ ਜਿੱਥੇ ਸੀਐਲਯੂ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ ਜਾਂ ਸੀਐਲਯੂ ਦੀ ਗ੍ਰਾਂਟ ਲਈ ਅਰਜ਼ੀਆਂ ਲੰਬਿਤ ਹਨ, ਉਨ੍ਹਾਂ ਦੀ ਕੇਸ-ਦਰ-ਕੇਸ ਆਧਾਰ 'ਤੇ ਸਮੀਖਿਆ ਕੀਤੀ ਜਾਵੇਗੀ।**

## ਸੈਕਟਰ 120, 121, 122, 123, 124 (ਰਿਹਾਇਸ਼ੀ)

### ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਹਸਨਪੁਰ, ਹਦਬਸਤ ਨੰ.: 177, ਖਸਰਾ ਨੰਬਰ.-** 1//22/1 , 22/2 , 23 , 24 , 25/1 , 25/2 , 2//21 , 22 , 3//1 , 2 , 9 , 10 , 11 , 12 ,18 , 19/1 , 19/2 , 20/1 , 20/2 , 20/3 , 21/1 , 21/2/1 , 21/2/2 , 22 , 23 , 26 , 4//1/1 , 1/2 , 2/1, 2/2/1 , 2/2/2 , 3/1 , 3/2 , 4/1/1 , 4/1/2 , 4/2 , 5/1 , 5/2 , 6 , 7/1 , 7/2 , 8 , 9/1 , 9/2 ,10/1 , 10/2 , 11 , 12/1 , 12/2 , 13/1 , 13/2 , 14/1 , 14/2 , 15/1 , 15/2 , 15/3 , 16/1 , 16/2 ,16/3 , 16/4 , 17/1 , 17/2 , 18 , 19 , 20 , 21 , 22/1 , 22/2 , 22/3 , 23/1 , 23/ 2 , 23/3, 24/1, 24/2 , 25 , 26 , 27 , 28 , 5//1 , 2 , 3 , 4/1 , 4/2 , 5 , 6 , 7 , 8/1 , 8/2 , 9/1 , 9/2 , 10/1 ,10/2 , 11 , 12/1 , 12 Min , 12/2 , 13 , 14/1 , 14/2 , 15/1 , 15/2 , 16/1 , 16/2 , 17 , 18/1/1, 18/1/2 , 18/2 , 19/1 , 19/2 , 21 , 22 , 23 , 24/1 , 24/2 , 25 , 6//4 , 5 , 6/1 , 6/2, 6/3 , 7/1, 7/2 , 14 , 15/1 , 15/2 , 15/3 , 16/1 , 16/2 , 25 , 7//1 , 2 , 3 ,4 , 5 , 6/1 , 6/2 , 7/1 , 7/2 ,8/1 , 8/2 , 9/1 , 9/2 , 10/1 , 10/2/1 , 10/2/2 , 11/1/1 , 11/1/2 , 11/2 , 11/3 , 12/1 , 12/2 ,13/1 , 13/2 , 14/1 , 14/2 , 15 , 16 , 17 , 18/1 , 18/2 , 19/1/1 , 19/1/2 , 19/2, 20/1/1 ,20/1/2 , 20/2 , 21/1/1 , 21/1/2 , 21/2 , 22/1 , 22/2 , 23 , 24 , 25 , 26 , 8//1/1/1 , 1/1/2 ,1/2 , 1/3 , 2/1 , 2/2 , 2/3 , 3/1 , 3/2 , 7 , 8 , 9/1 , 9/2, 9/3 , 10/1/1 , 10/1/2 , 10/2 , 11 , 12, 13 , 14 , 17/1 , 17/2 , 18/1 , 18/2 , 19 , 20 , 21 , 22/1 , 22/2 , 23/1 , 23/2, 24 , 9//1 , 2 ,11 , 20 , 21 , 10//1 , 2/1/1 , 2/1/2 , 2/2 , 3 , 4 , 5 , 6 , 7 , 8 , 9/1 , 9/2 , 9/3 , 9/4/1 , 9/4/2 ,10 , 11 , 12/1 , 12/2 , 13 , 14 , 15 , 16/1 , 16/2 , 17 , 18 , 19 , 20 , 22 , 23/1 , 23/2 , 23/3, 23/4 , 24/1 , 24/2 , 25 , 11//5 , 6 , 12//2 , 3/1 , 3/2 , 3/3 , 13 , 14, 15 , 16 , 17 , 18 , 19, 20 , 21 , 22 , 23 .

**ਜ਼ਿਲ੍ਹਾ: ਐਸ.ਏ.ਐਸ. ਨਗਰ, ਤਹਿਸੀਲ: ਮੋਹਾਲੀ, ਪਿੰਡ: ਹੁਸੈਨਪੁਰ, ਹਦਬਸਤ ਨੰ.: 178, ਖਸਰਾ ਨੰਬਰ.-** 5//12/1 , 13/1 , 16/2 Min , 17 Min , 18/1 , 18/2 , 23 , 24 , 25/1 Min , 25/2Min , 25/3 Min , 9//20 , 21 , 10//10 , 10/2 Min , 11 , 12/1 , 12/2 , 13 , 16 , 16/2 , 17 ,18 , 19 , 20 , 21 , 22 , 23 , 24 , 25 , 11//2/1 Min , 2/2 Min , 3/1/2 , 3/2 , 4 , 6 , 7 , 8/1 ,8/2 , 9/1 Min , 9/2/1 Min , 9/2/2 , 10/1/2 Min , 10/1/3 Min , 11/1/1/2 , 11/1/2 , 11/2/2/1, 11/2/2/2 , 11/2/1 , 11/3 , 12/1 , 12/2 , 12/3/1 , 12/3/2, 12/3/3 , 13/1 , 13/2 , 13/4 , 14 ,15 , 16 , 17/1 , 17/2 , 17/3 , 17/4 , 20/1/1 , 20/1/2 , 20/2 , 20/3/1 , 20/3/2 , 20/3/3 ,20/4/1 , 20/4/2 , 21/1 , 21/2 , 24/1 , 24/2/1 , 24/2/2 , 24/2/3 , 25 , 26 , 27 , 28 , 29 ,12//3 , 4 , 5 Min , 6 , 7/1 , 7/2 , 14/1 , 14/2/1 , 14/2/2 , 15/1 , 15/2/1/1, 15/2/2 , 16/1 ,16/2/1 , 16/2/2 , 17/1 , 17/2 , 25/1 , 25/2 , 13//5 , 14//1/1 , 1/2 , 1/3 , 1/4 , 1/5 , 1/6 , 1/7 , 1/8 , 1/9 , 1/10 , 1/11 , 1/12 , 14//2/1 , 2/2 , 2/3 , 3/1 , 3/2 , 3/3 , 4/1 , 4/2 , 4/3 , 5 ,15//1 , 18 , 21 , 30 , 31 ,33 , 34 .

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਸਮਰਾਲਾ, ਪਿੰਡ: ਬਾਲਿਓ, ਹਦਬਸਤ ਨੰ.: 90, ਖਸਰਾ ਨੰਬਰ. -** 17//6/1, 6/2, 7, 8, 9, 10, 11, 12/1, 12/2, 13, 14, 15, 16, 17, 18, 19/1, 19/2, 19/3, 20, 21, 22/1, 22/2, 23, 24, 25, 18//6, 7, 8, 9, 12, 13, 14/1, 14/2, 15/1, 15/2, 16, 17, 18, 19, 22, 23, 24, 25, 27//3, 4, 5, 6/1, 6/2, 7, 8, 13/1, 13/2, 13/3, 14, 15, 16, 17/1, 17/2, 17/3, 18/1/1, 18/1/2, 18/2, 23, 24/1, 24/2, 24/3, 25/1/1, 25/1/2, 25/2/1, 25/2/2, 25/2/3, 26, 28//1, 2, 3/1, 3/2, 4, 5, 6, 7, 8/1, 8/2, 9, 10, 11, 12, 13/1, 13/2, 14, 15, 16, 17, 18/1, 18/2, 19/1/1, 19/1/2, 19/2/1, 19/2/2, 20, 21, 22/1, 22/2, 23/1, 23/2, 24/1, 24/2, 25/1, 25/2, 26, 29//1, 2/1, 2/2, 3, 4, 5, 6, 7, 8, 9/1, 9/2, 10, 11, 12/1, 12/2, 13, 14/1, 14/2, 15/1, 15/2, 17, 18/1, 18/2, 19/1, 19/2, 19/3, 20, 21/1, 21/2, 22/1, 22/2, 23, 24, 25, 30//1/1, 1/2, 1/3, 2/1, 2/2, 2/3, 3/1, 3/2, 3/3, 4/1, 4/2, 4/3, 7/1, 7/2, 8/1, 8/2, 9, 10, 11, 12/1, 12/2, 12/3, 13, 14, 17, 18, 19, 20/1, 20/2, 21/1, 21/2, 21/3, 22/1, 22/2, 22/3, 22/4, 23/1, 23/2, 24, 31//1/1, 1/2, 1/3, 2/1, 2/2, 2/3, 3/1, 3/2, 3/3, 4/1/1, 4/1/2, 4/2, 4/3, 5/1, 5/2, 5/3, 6, 7/1/1, 7/1/2, 7/2, 8, 9, 10, 11, 12, 13, 14, 15, 16, 17/1, 17/2, 18/1, 18/2, 19, 20, 21, 22, 23/1/1, 23/1/2, 23/1/3, 23/2, 24/1, 24/2, 25, 32//2/2, 3, 4/1, 4/2, 5/1, 5/2, 6/1, 6/2, 6/3, 6/4, 7, 8/1/1, 8/1/2, 8/2, 9, 14/1, 14/2, 15/1, 15/2, 16/1, 16/2, 17/1/1, 17/1/2, 17/2, 24/1, 24/2, 25, 26, 41//4, 5, 6, 7, 14, 15, 16, 17, 24, 25, 42//1, 2/1, 2/2, 3/1, 3/2, 4/1, 4/2, 5/1, 5/2, 6, 7, 8, 9/1, 9/2, 10, 11, 12/1/1, 12/2/1, 12/1/2/2, 12/1/2/3, 12/2, 13, 14/1, 14/2, 15, 16, 17/1, 17/2, 18/1/1, 18/1/2, 18/2/1, 18/2/2, 19/1, 19/2/1/1, 19/2/1/2, 19/2/2/1, 19/2/2/2, 19/2/2/3, 20, 21, 22/1/1, 22/1/2, 22/2, 23, 24, 25/1, 25/2, 43//1/1, 1/2, 1/3, 1/4, 2/1, 2/2, 3, 9/1, 9/2, 10/1, 10/2, 11, 12, 19, 20, 21/1, 21/2, 22/1, 22/2, 22/3, 22/4, 44//1, 2/1, 2/2, 10, 11, 20/1, 20/2, 21, 45//1, 2, 3, 4, 5, 6/1, 6/2, 7, 8, 9, 10, 11, 12, 13, 14, 15, 16/1/1, 16/1/2, 16/2, 17/1, 17/2, 18/1, 18/2, 19/1, 19/2, 20/1, 20/2, 21, 22, 23, 24, 25, 46//4, 5, 6, 7, 14, 15, 16, 17, 24, 25, 56//2, 3, 4/1, 4/2, 4/3, 5/1, 5/2, 6, 7, 8/1, 8/2, 9, 12/1, 12/2, 13/1, 13/2, 14, 15, 16/1, 16/2, 17, 18/1, 18/2, 19, 22, 23/1, 23/2, 24/1, 24/2, 25, 57//1/1, 1/2, 10, 11, 20, 21/1, 21/2, 21/3, 58//1, 59//2, 3/1, 3/2, 4/1/1, 4/1/2, 4/2, 4/3, 4/4, 5, 6, 7/1, 7/2, 8, 9/1, 9/2, 23, 24, 24/1, 26, 64, 65, 68, 69, 70

## ਜ਼ਮੀਨ ਮਾਲਕ ਹੇਠ ਲਿਖੇ ਵੇਰਵਿਆਂ ਅਨੁਸਾਰ ਸਹਿਮਤੀ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ:-

| ਸੀਨੀਅਰ ਨੰ. | ਸਬ ਡਿਵੀਜ਼ਨ | ਪਤਾ |
|---|---|---|
| 1 | ਐਸ.ਏ.ਐਸ. ਨਗਰ | ਐਲ.ਏ.ਸੀ. ਦਫ਼ਤਰ, ਗਰਾਉਂਡ ਫਲੋਰ, ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ |
| 2. | ਰੂਪਨਗਰ | ਐਸ.ਡੀ.ਐਮ ਦਫ਼ਤਰ, ਰੂਪਨਗਰ |
| 3. | ਰਾਜਪੁਰਾ | ਐਸ.ਡੀ.ਐਮ ਦਫ਼ਤਰ, ਰਾਜਪੁਰਾ |
| 4. | ਫਤਿਹਗੜ੍ਹ ਸਾਹਿਬ | ਐਸ.ਡੀ.ਐਮ ਦਫ਼ਤਰ, ਫਤਿਹਗੜ੍ਹ ਸਾਹਿਬ |
| 5. | ਜਗਰਾਓਂ | ਸਟਾਫ ਰੂਮ, ਐਸ.ਡੀ.ਐਮ ਦਫ਼ਤਰ, ਜਗਰਾਓਂ |
| 6. | ਸਮਰਾਲਾ | ਐਸ.ਡੀ.ਐਮ ਦਫ਼ਤਰ, ਸਮਰਾਲਾ |

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਜ਼ਮੀਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ H-U-H1/45/2025-6HI/759 ਮਿਤੀ 04-06-2025 ਰਾਹੀਂ ਜਾਰੀ ਕੀਤੀ ਲੈਂਡ ਪੂਲਿੰਗ ਪਾਲਿਸੀ ਤਹਿਤ ਪੂਲ ਕੀਤੀ ਜਾਵੇਗੀ।

**ਉਹ ਖੇਤਰ ਅਤੇ ਨਕਸ਼ੇ ਜਿੱਥੇ ਅਰਬਨ ਅਸਟੇਟ ਵਿਕਸਤ ਕੀਤੀ ਜਾਵੇਗੀ ਦਾ ਵੇਰਵਾ ਦੇਖਣ ਲਈ**
**https://gmada.gov.in & https://glada.gov.in 'ਤੇ ਜਾਓ**

**ਨੋਟ:** - ਉਕਤ ਦਰਸਾਏ ਨੰਬਰ ਖਸਰਿਆਂ ਵਿੱਚ ਪਲੈਨਿੰਗ / ਐਗਜੀਕਿਊਸ਼ਨ ਕਰਨ ਸਮੇਂ ਕੋਈ ਅਪਰੂਵਡ ਸਾਈਟ ਪਲੈਨ ਮੁਤਾਬਿਕ ਤਬਦੀਲੀ ਕਰਨ ਦੀ ਲੋੜ ਪੈਂਦੀ ਹੈ ਜਾਂ ਕੋਈ ਕਲੈਰੀਕਲ ਐਰਰ ਹੁੰਦੀ ਹੈ ਜਾਂ ਅਮੈਂਡਮੈਂਟ ਦੀ ਲੋੜ ਪੈਂਦੀ ਹੈ ਤਾਂ ਸਮਰੱਥ ਲੈਵਲ ਤੇ ਪ੍ਰਵਾਨਗੀ ਲੈ ਕੇ ਸੋਧ ਕਰ ਲਈ ਜਾਵੇਗੀ।

# ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ

## ਸੰਪਾਦਕੀ

# ਪੁਲਾੜ ਵਿੱਚ ਭਾਰਤ ਦੀ ਵਾਪਸੀ

ਪੁਲਾੜ ਹੁਣ ਉਤਸੁਕਤਾ ਦਾ ਵਿਸ਼ਾ ਨਹੀਂ ਰਿਹਾ, ਸਗੋਂ ਵਪਾਰਕ ਸੰਭਾਵਨਾਵਾਂ ਦੇ ਇੱਕ ਬੇਅੰਤ ਅਸਮਾਨ ਵਿੱਚ ਬਦਲ ਗਿਆ ਹੈ। ਇਸੇ ਲਈ ਦੁਨੀਆ ਦੇ ਸਾਰੇ ਉੱਨਤ ਦੇਸ਼ ਪੁਲਾੜ ਵਿੱਚ ਆਪਣੀ ਪਛਾਣ ਬਣਾਉਣ ਲਈ ਮੁਕਾਬਲਾ ਕਰਦੇ ਦਿਖਾਈ ਦੇ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ, ਭਾਰਤ ਵੀ ਆਪਣੇ ਤਕਨੀਕੀ ਵਿਕਾਸ, ਖੋਜ ਸਮਰੱਥਾ ਅਤੇ ਪ੍ਰਣਾਲੀ ਦੇ ਬਲ 'ਤੇ ਅਮਰੀਕਾ, ਰੂਸ, ਚੀਨ, ਫਰਾਂਸ ਵਰਗੇ ਪੁਲਾੜ ਖੋਜ ਦੇ ਖੇਤਰ ਵਿੱਚ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਿਆ ਹੈ। ਇਸਨੇ ਸੈਟੇਲਾਈਟ ਲਾਂਚ ਦੇ ਕਾਰੋਬਾਰ ਵਿੱਚ ਦੁਨੀਆ ਦੇ ਕਈ ਦੇਸ਼ਾਂ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ। ਹੁਣ ਭਾਰਤ ਆਪਣੀ ਮਹੱਤਵਾਕਾਂਖੀ ਗਗਨਯਾਨ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਸ ਦਿਸ਼ਾ ਵਿੱਚ ਇੱਕ ਵੱਡੀ ਸਫਲਤਾ ਪ੍ਰਾਪਤ ਹੋਈ ਹੈ। ਐਕਸੀਓਮ ਮਿਸ਼ਨ-4 ਦੇ ਤਹਿਤ ਅਮਰੀਕੀ ਪੁਲਾੜ ਖੋਜ ਏਜੰਸੀ ਨਾਸਾ ਦੁਆਰਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਭੇਜੇ ਗਏ ਚਾਰ ਪੁਲਾੜ ਯਾਤਰੀਆਂ ਵਿੱਚ ਭਾਰਤੀ ਹਵਾਈ ਸੈਨਾ ਦੇ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਸ਼ਾਮਲ ਹਨ। ਸ਼ੁਭਾਂਸ਼ੂ ਨੂੰ ਗਗਨਯਾਨ ਮਿਸ਼ਨ ਦੇ ਮੱਦੇਨਜ਼ਰ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਸੀ। ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਪਹੁੰਚਣ ਤੋਂ ਬਾਅਦ ਸੱਤ ਪ੍ਰਯੋਗ ਕਰਨਗੇ। ਇਹ ਭਾਰਤ ਲਈ ਵੀ ਇੱਕ ਵੱਡੀ ਪ੍ਰਾਪਤੀ ਹੈ ਕਿਉਂਕਿ ਲੰਬੇ ਸਮੇਂ ਬਾਅਦ ਇਸ ਦੁਆਰਾ ਸਿਖਲਾਈ ਪ੍ਰਾਪਤ ਇੱਕ ਪੁਲਾੜ ਯਾਤਰੀ ਪੁਲਾੜ ਵਿੱਚ ਗਿਆ ਹੈ। ਰਾਕੇਸ਼ ਸ਼ਰਮਾ ਤੋਂ ਬਾਅਦ, ਸ਼ੁਭਾਂਸ਼ੂ ਨੂੰ ਦੂਜੇ ਭਾਰਤੀ ਪੁਲਾੜ ਯਾਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਮਨੁੱਖਾਂ ਨੂੰ ਪੁਲਾੜ ਵਿੱਚ ਭੇਜਣਾ ਮਹੱਤਵਪੂਰਨ ਹੈ ਕਿਉਂਕਿ ਉੱਨਤ ਪੁਲਾੜ ਵਾਹਨਾਂ, ਸ਼ਕਤੀਸ਼ਾਲੀ ਕੈਮਰੇ, ਰੋਬੋਟਿਕ ਯੰਤਰਾਂ ਆਦਿ ਦੇ ਵਿਕਾਸ ਦੇ ਬਾਵਜੂਦ, ਪੁਲਾੜ ਦੇ ਵਿਸਥਾਰ ਦੀ ਪੂਰੀ ਤਰ੍ਹਾਂ ਪੜਚੋਲ ਕਰਨਾ ਸੰਭਵ ਨਹੀਂ ਹੈ। ਇਸ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਸਥਾਪਨਾ ਇਸ ਲਈ ਕੀਤੀ ਗਈ ਸੀ ਤਾਂ ਜੋ ਪੁਲਾੜ ਯਾਤਰੀ ਉੱਥੇ ਰਹਿ ਕੇ ਵੱਖ-ਵੱਖ ਖੇਤਰਾਂ ਦਾ ਅਧਿਐਨ ਕਰ ਸਕਣ। ਪਰ ਮਨੁੱਖਾਂ ਨੂੰ ਉਸ ਸਟੇਸ਼ਨ 'ਤੇ ਭੇਜਣਾ ਅਤੇ ਉਨ੍ਹਾਂ ਨੂੰ ਵਾਪਸ ਲਿਆਉਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ। ਇਸਦਾ ਅੰਦਾਜ਼ਾ ਸੁਨੀਤਾ ਵਿਲੀਅਮਜ਼ ਦੇ ਲੰਬੇ ਸਮੇਂ ਤੱਕ ਉੱਥੇ ਫਸਣ ਦੀ ਘਟਨਾ ਤੋਂ ਲਗਾਇਆ ਜਾ ਸਕਦਾ ਹੈ। ਉੱਥੇ ਭੇਜੇ ਜਾਣ ਵਾਲੇ ਯਾਤਰੀਆਂ ਨੂੰ ਵਿਸ਼ੇਸ਼ ਸਰੀਰਕ ਅਤੇ ਮਾਨਸਿਕ ਸਿਖਲਾਈ ਦੀ ਲੋੜ ਹੁੰਦੀ ਹੈ, ਕਿਉਂਕਿ ਜਿਸ ਤਰ੍ਹਾਂ ਸਰੀਰ ਨੂੰ ਲੰਬੇ ਸਮੇਂ ਤੱਕ ਪੁਲਾੜ ਵਿੱਚ ਰਹਿਣ ਲਈ ਅਨੁਕੂਲ ਬਣਾਉਣ ਦੀ ਲੋੜ ਹੁੰਦੀ ਹੈ, ਬਹੁਤ ਘੱਟ ਲੋਕ ਅਜਿਹਾ ਕਰਨ ਦੇ ਯੋਗ ਹੁੰਦੇ ਹਨ। ਇਸ ਤੋਂ ਇਲਾਵਾ, ਹੁਣ ਤੱਕ ਸਿਰਫ਼ ਅਮਰੀਕਾ ਹੀ ਯਾਤਰੀਆਂ ਨੂੰ ਉਸ ਸਟੇਸ਼ਨ 'ਤੇ ਭੇਜਣ ਲਈ ਇੱਕ ਭਰੋਸੇਯੋਗ ਵਾਹਨ ਵਿਕਸਤ ਕਰਨ ਦੇ ਯੋਗ ਹੋਇਆ ਹੈ। ਸ਼ੁਭਾਂਸ਼ੂ ਦਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣ ਨਾਲ ਭਾਰਤ ਨੂੰ ਆਪਣੇ ਪੁਲਾੜ ਯਾਤਰੀਆਂ ਨੂੰ ਤਿਆਰ ਕਰਨ ਦਾ ਰਾਹ ਖੁੱਲ੍ਹੇਗਾ ਅਤੇ ਗਗਨਯਾਨ ਮਿਸ਼ਨ ਲਈ ਕੰਮ ਕਰਨ ਵਿੱਚ ਬਹੁਤ ਮਦਦ ਮਿਲੇਗੀ। ਪੁਲਾੜ ਦੇ ਬਹੁਤ ਸਾਰੇ ਰਹੱਸ ਅਜੇ ਸਾਹਮਣੇ ਨਹੀਂ ਆਏ ਹਨ। ਇਸਦਾ ਅਧਿਐਨ ਨਾ ਸਿਰਫ਼ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਜੀਵਨ ਦੀਆਂ ਸੰਭਾਵਨਾਵਾਂ ਦੀ ਖੋਜ ਕੀਤੀ ਜਾ ਸਕਦੀ ਹੈ। ਵੱਖ-ਵੱਖ ਗ੍ਰਹਿਆਂ 'ਤੇ ਖਣਿਜਾਂ ਅਤੇ ਨਵੇਂ ਤੱਤਾਂ ਦੀ ਖੋਜ ਵਿਗਿਆਨ ਅਤੇ ਮਨੁੱਖਤਾ ਲਈ ਵੀ ਨਵੇਂ ਰਸਤੇ ਖੋਲ੍ਹੇਗੀ। ਭਵਿੱਖ ਵਿੱਚ, ਧਰਤੀ 'ਤੇ ਬਹੁਤ ਸਾਰੇ ਖਣਿਜ ਵਧਦੀਆਂ ਜ਼ਰੂਰਤਾਂ ਲਈ ਨਾਕਾਫ਼ੀ ਹੋ ਸਕਦੇ ਹਨ। ਇਸ ਲਈ, ਉਨ੍ਹਾਂ ਨੂੰ ਹੁਣ ਤੋਂ ਹੀ ਦੂਜੇ ਗ੍ਰਹਿਆਂ 'ਤੇ ਖੋਜਣਾ ਪਵੇਗਾ। ਫਿਰ, ਹੁਣ ਪੁਲਾੜ ਸੈਰ-ਸਪਾਟੇ 'ਤੇ ਜ਼ੋਰ ਵੱਧ ਰਿਹਾ ਹੈ। ਇਸ ਦਿਸ਼ਾ ਵਿੱਚ ਕਈ ਸਰਕਾਰੀ ਅਤੇ ਨਿੱਜੀ ਯਤਨ ਕੀਤੇ ਜਾ ਰਹੇ ਹਨ। ਗਗਨਯਾਨ ਮਿਸ਼ਨ ਨੂੰ ਵੀ ਇਸ ਦ੍ਰਿਸ਼ਟੀਕੋਣ ਨਾਲ ਵਿਕਸਤ ਕੀਤਾ ਜਾ ਰਿਹਾ ਹੈ ਕਿ ਪੁਲਾੜ ਸੈਰ-ਸਪਾਟੇ ਦੀਆਂ ਸੰਭਾਵਨਾਵਾਂ ਦਾ ਫਾਇਦਾ ਉਠਾਇਆ ਜਾ ਸਕੇ। ਅਜਿਹੀ ਸਥਿਤੀ ਵਿੱਚ, ਸ਼ੁਭਾਂਸ਼ੂ ਵਰਗੇ ਪੁਲਾੜ ਯਾਤਰੀਆਂ ਦੀ ਜ਼ਰੂਰਤ ਵਧੇਗੀ। ਦੁਨੀਆ ਦੇ ਦੇਸ਼ਾਂ ਦੀ ਤਰੱਕੀ ਨੂੰ ਇਸ ਗੱਲ ਤੋਂ ਵੀ ਮਾਪਿਆ ਜਾ ਰਿਹਾ ਹੈ ਕਿ ਪੁਲਾੜ ਤੱਕ ਕਿਸਦੀ ਪਹੁੰਚ ਹੈ ਅਤੇ ਉਹ ਆਪਣੇ ਬਲਬੂਤੇ 'ਤੇ ਪੁਲਾੜ ਵਿੱਚ ਕਿੰਨੀ ਜਗ੍ਹਾ ਬਣਾਉਣ ਦੇ ਯੋਗ ਹੋਇਆ ਹੈ। ਭਾਰਤ ਬਿਨਾਂ ਸ਼ੱਕ ਪੁਲਾੜ ਖੋਜ ਦੀਆਂ ਵੱਡੀਆਂ ਸ਼ਕਤੀਆਂ ਵਿੱਚੋਂ ਇੱਕ ਬਣ ਗਿਆ ਹੈ। ਆਪਣੇ ਪੁਲਾੜ ਯਾਤਰੀ ਭੇਜ ਕੇ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਚੁੱਕਿਆ ਹੈ।

**-ਜਗਜੀਤ ਸਿੰਘ ਦਰਦੀ**

# ਵਰਤਮਾਨ, ਰਾਜਨੀਤਕ ਤੇ ਸਮਾਜਿਕ ਉਥਲ-ਪੁਥਲ ਦੇ ਦੌਰ ਵਿੱਚ

## ਕਿਸ ਨਫ਼ਰਤ ਦੇ ਦੌਰ ਵਿੱਚ ਜੀਅ ਰਿਹੈ ਅੱਜ ਦਾ ਪੰਜਾਬ ਤੇ ਭਵਿੱਖ ਦੇ ਰੰਗਲੇ ਪੰਜਾਬ ਦੀਆਂ ਉਮੀਦਾਂ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਜਿਸ ਤੇਜ਼ੀ ਨਾਲ ਬਦਲ ਰਿਹਾ ਹੈ, ਉਹ ਭਵਿੱਖ ਦੇ ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਤੇ ਉਥਲ-ਪੁਥਲ ਦੀ ਤਸਵੀਰ ਅਤੇ ਪੰਜਾਬ ਵਿੱਚ ਬਦਲਦੀ ਹੋਈ ਡੈਮੋਗਰਾਫੀ ਨੂੰ ਦਿਖਾ ਰਿਹਾ ਹੈ।

ਕੀ ਅਗਲੇ ਦਹਾਕੇ ਦਾ ਪੰਜਾਬ ਬਿਲਕੁਲ ਬਦਲ ਜਾਵੇਗਾ। ਅੱਜ ਜਿਸ ਤਰ੍ਹਾਂ ਅਸੀਂ ਰਾਜਨੀਤੀ, ਧਰਮ, ਸਮਾਜਕ ਤੇ ਹੋਰ ਲੜਾਈਆਂ ਵਿੱਚ ਉਲਝ ਕੇ ਆਪਣੀ ਸਾਰੀ ਦੀ ਸਾਰੀ ਪੂੰਜੀ, ਆਪਣਾ ਸਮਾਂ ਤੇ ਦਿਮਾਗੀ ਸ਼ਕਤੀ ਨੂੰ ਗਵਾ ਰਹੇ ਹਾਂ। ਇਹ ਆਉਣ ਵਾਲੇ ਪੰਜਾਬ ਦੀ ਬੌਧਿਕ ਕੰਗਾਲੀ ਦੀ ਇੱਕ ਅਜਿਹੀ ਮਿਸਾਲ ਹੋਏਗੀ ਕਿ ਜਿਸ ਦੀ ਕੋਈ ਉਦਾਹਰਣ ਦੁਨੀਆ 'ਤੇ ਨਹੀਂ ਮਿਲ ਸਕੇਗੀ। ਇਹੀ ਸ਼ਾਇਦ ਭਵਿੱਖ ਹੈ।

ਹੁਣ ਨਵੇਂ ਪੰਜਾਬ ਦਾ ਜਿਸ ਬਾਰੇ ਸੋਚਣ ਦਾ ਵੇਲਾ ਹੈ। ਭਵਿੱਖ ਦੇ ਪੰਜਾਬ ਦਾ ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ 'ਤੇ ਇੱਕ ਨਵੀਂ ਸਿਰਜਣਾ ਦੀ ਦਿਸ਼ਾ ਵਿਚ ਪੰਜਾਬ, ਜੋ ਆਪਣੀ ਸੱਭਿਆਚਾਰਕ ਵਿਰਾਸਤ, ਖੇਤੀਬਾੜੀ ਦੀ ਉਪਜਾਊ ਧਰਤੀ ਅਤੇ ਸੰਘਰਸ਼ਸ਼ੀਲ ਇਤਿਹਾਸ ਲਈ ਜਾਣਿਆ ਜਾਂਦਾ ਹੈ, ਅੱਜ ਇੱਕ ਨਵੇਂ ਮੋੜ 'ਤੇ ਖੜ੍ਹਾ ਹੈ।

ਭਵਿੱਖ ਦੇ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਿਕ ਬਣਤਰ ਨੂੰ ਸਮਝਣ ਲਈ ਸਾਨੂੰ ਅੱਜ ਦੇ ਸਮਾਜਿਕ ਤਾਣੇ-ਬਾਣੇ, ਆਰਥਿਕ ਚੁਣੌਤੀਆਂ, ਤਕਨੀਕੀ ਪ੍ਰਗਤੀ ਅਤੇ ਨੌਜਵਾਨ ਪੀੜ੍ਹੀ ਦੀਆਂ ਉਮੀਦਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਇੱਥੇ ਭਵਿੱਖ ਦੇ ਪੰਜਾਬ ਦੀ ਸੰਭਾਵੀ ਰੂਪ-ਰੇਖਾ ਨੂੰ ਗੰਭੀਰ ਸਵਾਲਾਂ ਦੇ ਨਜ਼ਰੀਏ ਤੋਂ ਵਿਚਾਰਨ ਦੀ ਲੋੜ ਹੈ ਅਤੇ ਉਸ ਨਵੇਂ ਪੰਜਾਬ ਦੀ ਸਿਰਜਣਾ ਦੀ ਗੱਲ ਹੈ, ਜੋ ਅਸੀਂ ਸਾਰੇ ਮਿਲ ਕੇ ਬਣਾ ਰਹੇ ਹਾਂ।

ਅੱਜ ਇੱਕ ਨਵੇਂ ਪੰਜਾਬ ਦੀ ਸਿਰਜਣਾ ਲਈ ਸਮਾਜਿਕ ਸੰਗਠਨਾਂ, ਸਿੱਖਿਆ ਪ੍ਰਣਾਲੀ, ਸਰਕਾਰ ਅਤੇ ਨੌਜਵਾਨਾਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸਿੱਖਿਆ ਵਿੱਚ ਨਿਵੇਸ਼, ਟਿਕਾਊ ਖੇਤੀ, ਸਮਾਵੇਸ਼ੀ ਸਿਆਸਤ ਅਤੇ ਸੱਭਿਆਚਾਰਕ ਜਾਗਰੂਕਤਾ ਦੇ ਜ਼ਰੀਏ ਅਸੀਂ ਇੱਕ ਅਜਿਹਾ ਪੰਜਾਬ ਬਣਾ ਸਕਦੇ ਹਾਂ, ਜੋ ਆਪਣੀ ਪਛਾਣ ਨੂੰ ਕਾਇਮ ਰੱਖਦਾ ਹੋਵੇ ਅਤੇ ਗਲੋਬਲ ਮੰਚ 'ਤੇ ਵੀ ਚਮਕੇ।

ਭਵਿੱਖ ਦਾ ਪੰਜਾਬ ਸਿਰਫ਼ ਸੁਪਨਾ ਨਹੀਂ, ਸਗੋਂ ਸਾਡੀ ਸਮੂਹਿਕ ਕੋਸ਼ਿਸ਼ ਦਾ ਨਤੀਜਾ ਹੋਵੇਗਾ। ਸਮਾਜਿਕ ਅਤੇ ਰਾਜਨੀਤਿਕ ਬਣਤਰ ਨੂੰ ਮਜ਼ਬੂਤ ਕਰਨ ਲਈ ਸਾਨੂੰ ਸਮਾਵੇਸ਼ੀ ਸੋਚ, ਸੱਭਿਆਚਾਰਕ ਸੰਭਾਲ ਅਤੇ ਆਰਥਿਕ ਨਵੀਨਤਾ 'ਤੇ ਧਿਆਨ ਦੇਣਾ ਹੋਵੇਗਾ। ਇਹ ਨਵਾਂ ਪੰਜਾਬ ਸਾਡੀ ਸਾਂਝੀ ਜ਼ਿੰਮੇਵਾਰੀ ਹੈ, ਜਿਸ ਨੂੰ ਅਸੀਂ ਮਿਲ ਕੇ ਸਾਕਾਰ ਕਰ ਸਕਦੇ ਹਾਂ।

ਪੰਜਾਬ ਦੀ ਸਮਾਜਿਕ ਬਣਤਰ ਪੁਰਾਣੀਆਂ ਜੜ੍ਹਾਂ ਅਤੇ ਨਵੀਆਂ ਸੰਭਾਵਨਾਵਾਂ ਵਿੱਚ ਪੰਜਾਬ ਦਾ ਸਮਾਜ ਹਮੇਸ਼ਾ ਤੋਂ ਸਾਂਝੀਵਾਲਤਾ, ਮਿਹਨਤ ਅਤੇ ਸੱਭਿਆਚਾਰਕ ਵਿਭਿੰਨਤਾ ਦਾ ਪ੍ਰਤੀਕ ਰਿਹਾ ਹੈ ਪਰ ਅੱਜ ਦੇ ਸਮੇਂ ਵਿੱਚ, ਗਲੋਬਲੀਕਰਨ, ਸ਼ਹਿਰੀਕਰਨ ਅਤੇ ਤਕਨੀਕੀ ਤਰੱਕੀ ਨੇ ਸਮਾਜਿਕ ਬਣਤਰ ਨੂੰ ਬਦਲਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਭਵਿੱਖ ਵਿੱਚ ਪੰਜਾਬ ਦਾ ਸਮਾਜ ਸੰਭਵ ਤੌਰ 'ਤੇ ਹੋਰ ਵੀ ਵਿਭਿੰਨ ਅਤੇ ਗਤੀਸ਼ੀਲ ਹੋਵੇਗਾ ਪਰ ਸਵਾਲ ਇਹ ਹੈ ਕਿ ਕੀ ਅਸੀਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਸੰਭਾਲ ਸਕਾਂਗੇ ਜਾਂ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਇਹ ਪਿੱਛੇ ਛੁੱਟ ਜਾਣਗੀਆਂ?

ਅੱਜ ਜਾਤੀ ਅਤੇ ਧਰਮ ਦੀ ਭੂਮਿਕਾ ਵਿਚ ਹੁਣ ਪੰਜਾਬ ਦੇ ਸਮਾਜ ਵਿੱਚ ਜਾਤੀ ਅਤੇ ਧਰਮ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਭਵਿੱਖ ਵਿੱਚ, ਨੌਜਵਾਨ ਪੀੜ੍ਹੀ ਦੀ ਵਧਦੀ ਜਾਗਰੂਕਤਾ ਅਤੇ ਸਿੱਖਿਆ ਨਾਲ ਜਾਤੀਗਤ ਵਿਤਕਰੇ ਵਿਰੁੱਧ ਲਹਿਰ ਮਜ਼ਬੂਤ ਹੋ ਸਕਦੀ ਹੈ ਪਰ ਧਾਰਮਿਕ ਪਛਾਣ ਦੀ ਸਿਆਸਤ ਅਜੇ ਵੀ ਸਮਾਜ ਨੂੰ ਵੰਡਣ ਦੀ ਸਮਰੱਥਾ ਰੱਖਦੀ ਹੈ। ਇਸ ਲਈ, ਸਮਾਜਿਕ ਸੰਗਠਨਾਂ ਅਤੇ ਸਿੱਖਿਆ ਪ੍ਰਣਾਲੀ ਨੂੰ ਸਮਾਵੇਸ਼ੀ ਸੋਚ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ।

ਸ਼ਹਿਰੀ ਅਤੇ ਪੇਂਡੂ ਵਿਚਕਾਰ ਦਰਾਰ ਪੈਦਾ ਹੋ ਗਈ ਹੈ, ਪੰਜਾਬ ਦੇ ਸ਼ਹਿਰੀਕਰਨ ਦੀ ਦਰ ਵੱਧ ਰਹੀ ਹੈ, ਜਿਸ ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚਕਾਰ ਅਸਮਾਨਤਾ ਵੱਧ ਸਕਦੀ ਹੈ। ਸ਼ਹਿਰਾਂ ਵਿੱਚ ਆਧੁਨਿਕ ਸਹੂਲਤਾਂ ਅਤੇ ਮੌਕਿਆਂ ਦੀ ਭਰਮਾਰ ਹੋਵੇਗੀ, ਜਦਕਿ ਪੇਂਡੂ ਖੇਤਰ ਸੰਘਰਸ਼ ਕਰ ਸਕਦੇ ਹਨ। ਭਵਿੱਖ ਵਿੱਚ, ਸਮਾਜਿਕ ਸੁਰੱਖਿਆ ਅਤੇ ਸਰਕਾਰੀ ਨੀਤੀਆਂ ਨੂੰ ਇਸ ਅਸਮਾਨਤਾ ਨੂੰ ਘਟਾਉਣ 'ਤੇ ਧਿਆਨ ਦੇਣਾ ਹੋਵੇਗਾ।

ਹੁਣ ਮਹਿਲਾਵਾਂ ਦੀ ਭੂਮਿਕਾ ਅਹਿਮ ਹੋ ਗਈ ਹੈ। ਪੰਜਾਬ ਦੇ ਸਮਾਜ ਵਿੱਚ ਮਹਿਲਾਵਾਂ ਦੀ ਸਥਿਤੀ ਵਿੱਚ ਸੁਧਾਰ ਹੋ ਰਿਹਾ ਹੈ, ਪਰ ਅਜੇ ਵੀ ਲਿੰਗ ਅਸਮਾਨਤਾ ਮੌਜੂਦ ਹੈ। ਭਵਿੱਖ ਵਿੱਚ, ਸਿੱਖਿਆ ਅਤੇ ਆਰਥਿਕ ਸੁਤੰਤਰਤਾ ਦੇ ਨਾਲ ਮਹਿਲਾਵਾਂ ਸਮਾਜਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਵਧੇਰੇ ਸਰਗਰਮ ਹੋਣਗੀਆਂ।

ਸਵਾਲ ਇਹ ਹੈ ਕਿ ਕੀ ਸਮਾਜ ਅਤੇ ਸਰਕਾਰ ਉਨ੍ਹਾਂ ਨੂੰ ਪੂਰਨ ਸਮਾਨਤਾ ਦੇਣ ਲਈ ਤਿਆਰ ਹੈ? ਸਾਡਾ ਸਮਾਜਿਕ ਤਾਣਾ-ਬਾਣਾ ਤੇ ਸੱਭਿਆਚਾਰਕ ਪਛਾਣ ਅਤੇ ਗਲੋਬਲ ਪ੍ਰਭਾਵ ਅਧੀਨ ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਗੁਰਬਾਣੀ, ਭੰਗੜਾ, ਫੋਕ ਸੰਗੀਤ ਅਤੇ ਤਿਉਹਾਰਾਂ ਦੀ ਜੀਵੰਤਤਾ ਨਾਲ ਭਰਪੂਰ ਹੈ। ਪਰ, ਗਲੋਬਲੀਕਰਨ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਨੇ ਪੰਜਾਬੀ ਸੱਭਿਆਚਾਰ ਨੂੰ ਨਵੇਂ ਰੰਗਾਂ ਵਿੱਚ ਰੰਗਿਆ ਹੈ। ਨੌਜਵਾਨ ਪੀੜ੍ਹੀ ਪੱਛਮੀ ਸੱਭਿਆਚਾਰ ਅਤੇ ਆਧੁਨਿਕ ਜੀਵਨ ਸ਼ੈਲੀ ਵੱਲ ਆਕਰਸ਼ਿਤ ਹੋ ਰਹੀ ਹੈ, ਜਿਸ ਨਾਲ ਸਥਾਨਕ ਪਰੰਪਰਾਵਾਂ 'ਤੇ ਦਬਾਅ ਵੱਧ ਰਿਹਾ ਹੈ।

ਅੱਜ ਭਾਸ਼ਾ ਅਤੇ ਪਛਾਣ ਵਿੱਚ ਪੰਜਾਬੀ ਭਾਸ਼ਾ ਪੰਜਾਬ ਦੀ ਪਛਾਣ ਦਾ ਮੁੱਢ ਹੈ, ਪਰ ਅੰਗਰੇਜ਼ੀ ਅਤੇ ਹਿੰਦੀ ਦਾ ਵਧਦਾ ਪ੍ਰਭਾਵ ਇਸ ਨੂੰ ਚੁਣੌਤੀ ਦੇ ਰਿਹਾ ਹੈ। ਭਵਿੱਖ ਵਿੱਚ, ਸਕੂਲੀ ਸਿੱਖਿਆ ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਸਵਾਲ ਇਹ ਹੈ ਕਿ ਕੀ ਅਸੀਂ ਆਪਣੀ ਮਾਂ-ਬੋਲੀ ਨੂੰ ਗਲੋਬਲ ਪ੍ਰਸੰਗ ਵਿੱਚ ਜਿਊਂਦਾ ਰੱਖ ਸਕਦੇ ਹਾਂ?

ਹੁਣ ਪਰਵਾਸ ਅਤੇ ਸੱਭਿਆਚਾਰਕ ਮੇਲ ਜੋਲ ਵਿੱਚ ਵੀ ਪੰਜਾਬ ਦੀ ਵੱਡੀ ਆਬਾਦੀ ਪਰਵਾਸੀ ਹੈ, ਜੋ ਵਿਦੇਸ਼ਾਂ ਵਿੱਚ ਵਸਦੀ ਹੈ। ਇਹ ਪਰਵਾਸੀ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਲੈ ਕੇ ਜਾ ਰਹੇ ਹਨ, ਪਰ ਸਥਾਨਕ ਪੰਜਾਬੀ ਸਮਾਜ 'ਤੇ ਵੀ ਇਸ ਦਾ ਡੂੰਘਾ ਪ੍ਰਭਾਵ ਪੈ ਰਿਹਾ ਹੈ। ਭਵਿੱਖ ਵਿੱਚ ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਸਥਾਨਕ ਅਤੇ ਵਿਸ਼ਵਵਿਆਪੀ ਪੰਜਾਬੀ ਪਛਾਣ ਦਾ ਸੁਮੇਲ ਹੋ ਸਕਦਾ ਹੈ।

**ਹੁਣ ਦੇ ਰਾਜਨੀਤਿਕ ਦ੍ਰਿਸ਼ ਵਿੱਚ ਚੁਣੌਤੀਆਂ ਅਤੇ ਸੰਭਾਵਨਾਵਾਂ:**

ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਗਤੀਸ਼ੀਲ ਅਤੇ ਵਿਵਾਦਪੂਰਨ ਰਹੀਆਂ ਹਨ ਅਤੇ ਭਵਿੱਖ ਵਿੱਚ, ਰਾਜਨੀਤਿਕ ਬਣਤਰ ਨੂੰ ਕਈ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨੌਜਵਾਨ ਅਤੇ ਰਾਜਨੀਤੀ ਵਿੱਚ ਪੰਜਾਬ ਦੀ ਨੌਜਵਾਨ ਪੀੜ੍ਹੀ ਸਿਆਸੀ ਮੁੱਦਿਆਂ ਪ੍ਰਤੀ ਵਧੇਰੇ ਜਾਗਰੂਕ ਹੋ ਰਹੀ ਹੈ। ਸੋਸ਼ਲ ਮੀਡੀਆ ਨੇ ਉਨ੍ਹਾਂ ਨੂੰ ਆਪਣੀ ਆਵਾਜ਼ ਉਠਾਉਣ ਦਾ ਮੌਕਾ ਦਿੱਤਾ ਹੈ। ਭਵਿੱਖ ਵਿੱਚ, ਨੌਜਵਾਨ ਨੇਤਾਵਾਂ ਦੀ ਇੱਕ ਨਵੀਂ ਪੀੜ੍ਹੀ ਉਭਰ ਸਕਦੀ ਹੈ, ਜੋ ਪੁਰਾਣੀ ਸਿਆਸੀ ਸੋਚ ਨੂੰ ਚੁਣੌਤੀ ਦੇਵੇਗੀ ਪਰ, ਸਵਾਲ ਇਹ ਹੈ ਕਿ ਕੀ ਸਿਆਸੀ ਪਾਰਟੀਆਂ ਇਸ ਨਵੀਂ ਸੋਚ ਨੂੰ ਅਪਣਾਉਣਗੀਆਂ ਜਾਂ ਰਵਾਇਤੀ ਸਿਆਸਤ ਨੂੰ ਜਾਰੀ ਰੱਖਣਗੀਆਂ?

ਉਧਰ ਖੇਤੀਬਾੜੀ ਅਤੇ ਆਰਥਿਕ ਮੁੱਦਿਆਂ ਦਾ ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ ਦਾ ਅਹਿਮ ਸਥਾਨ ਹੈ, ਪਰ ਪਾਣੀ ਦੀ ਘਟ, ਮਿੱਟੀ ਦੀ ਉਪਜਾਊ ਸਮਰੱਥਾ ਵਿੱਚ ਕਮੀ ਅਤੇ ਕਿਸਾਨਾਂ ਦੀਆਂ ਆਰਥਿਕ ਚੁਣੌਤੀਆਂ ਨੇ ਰਾਜਨੀਤਿਕ ਏਜੰਡੇ ਨੂੰ ਪ੍ਰਭਾਵਿਤ ਕੀਤਾ ਹੈ। ਭਵਿੱਖ ਵਿੱਚ, ਰਾਜਨੀਤੀ ਨੂੰ ਟਿਕਾਊ ਖੇਤੀ ਅਤੇ ਵਿਭਿੰਨ ਆਰਥਿਕ ਮੌਕਿਆਂ 'ਤੇ ਧਿਆਨ ਦੇਣਾ ਹੋਵੇਗਾ।

ਖੇਤਰੀ ਅਤੇ ਰਾਸ਼ਟਰੀ ਸਿਆਸਤ ਤੇ ਪੰਜਾਬ ਦੀ ਰਾਜਨੀਤੀ ਅਕਸਰ ਖੇਤਰੀ ਪਛਾਣ ਅਤੇ ਰਾਸ਼ਟਰੀ ਸਿਆਸਤ ਦੇ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਭਵਿੱਖ ਵਿੱਚ, ਸੰਘਵਾਦੀ ਢਾਂਚੇ ਵਿੱਚ ਪੰਜਾਬ ਦੀ ਅਵਾਜ਼ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।

ਅੱਜ ਨਵੇਂ ਪੰਜਾਬ ਦੀ ਸਿਰਜਣਾ ਲਈ ਅਸੀਂ ਜੋ ਨਵਾਂ ਪੰਜਾਬ ਸਿਰਜ ਰਹੇ ਹਾਂ, ਉਹ ਸਮਾਵੇਸ਼ੀ, ਟਿਕਾਊ ਅਤੇ ਸੱਭਿਆਚਾਰਕ ਤੌਰ 'ਤੇ ਜੀਵੰਤ ਹੋਣਾ ਚਾਹੀਦਾ ਹੈ। ਇਸ ਲਈ, ਸਾਨੂੰ ਕੁਝ ਗੰਭੀਰ ਸਵਾਲਾਂ 'ਤੇ ਵਿਚਾਰ ਕਰਨਾ ਹੋਵੇਗਾ ਜਿਵੇਂ ਕੀ ਅਸੀਂ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਆਧੁਨਿਕਤਾ ਨਾਲ ਜੋੜ ਸਕਦੇ ਹਾਂ? ਕੀ ਅਸੀਂ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਨੂੰ ਘਟਾ ਸਕਦੇ ਹਾਂ ਤੇ ਕੀ ਸਾਡੀ ਰਾਜਨੀਤੀ ਨੌਜਵਾਨਾਂ ਅਤੇ ਸਮਾਜ ਦੀਆਂ ਨਵੀਆਂ ਉਮੀਦਾਂ ਨੂੰ ਪੂਰਾ ਕਰ ਸਕਦੀ ਹੈ?

## ਬਰਸੀ 'ਤੇ ਵਿਸ਼ੇਸ਼

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ



ਵਿੰਕਲਜੀਤ ਸਿੰਘ ਸਰਾ
9501477889

**ਬਚਪਨ ਅਤੇ ਪਰਿਵਾਰਕ ਪਿਛੋਕੜ:** ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸ਼ੁੱਕਰਚੱਕ ਮਿਸਲ ਦੇ ਸਰਦਾਰ ਮਹਾਂ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਹੋਇਆ। ਉਹ ਸਿੱਖ ਧਰਮ ਦੇ ਉੱਚੇ ਆਦਰਸ਼ਾਂ ਵਿਚ ਪਲੇ। ਮਹਾਰਾਜਾ ਰਣਜੀਤ ਸਿੰਘ ਦੇ ਜਨਮ ਵੇਲੇ ਹੀ ਚੇਚਕ ਦੀ ਬੀਮਾਰੀ ਹੋ ਗਈ ਸੀ ਜਿਸ ਕਾਰਨ ਉਹ ਆਪਣੀ ਇੱਕ ਅੱਖ ਦੀ ਰੋਸ਼ਨੀ ਗਵਾ ਬੈਠੇ, ਪਰ ਇਹ ਕਦੇ ਵੀ ਉਨ੍ਹਾਂ ਦੇ ਆਤਮ-ਵਿਸ਼ਵਾਸ ਤੇ ਰਾਜਨੀਤਿਕ ਯਾਤਰਾ ਵਿਚ ਰੁਕਾਵਟ ਨਾ ਬਣੀ।

ਉਨ੍ਹਾਂ ਦੀ ਮਾਤਾ ਰਾਜ ਕੌਰ ਨੇ ਉਨ੍ਹਾਂ ਨੂੰ ਬਚਪਨ ਤੋਂ ਹੀ ਸ਼ਾਸਤਰ ਅਤੇ ਧਾਰਮਿਕ ਜੀਵਨ ਦੀ ਸਿੱਖਿਆ ਦਿੱਤੀ। ਉਨ੍ਹਾਂ ਦਾ ਵਿਆਹ 1796 ਵਿਚ ਰਾਣੀ ਮਹਿਤਾਬ ਕੌਰ ਨਾਲ ਹੋਇਆ, ਜੋ ਕਨੇਹਿਆ ਮਿਸਲ ਦੇ ਜਥੇਦਾਰ ਦੀ ਧੀ ਸੀ। ਉਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਰਾਜਨੀਤਿਕ ਮਜ਼ਬੂਤੀਆਂ ਲਈ ਹੋਰ ਵਿਆਹ ਵੀ ਕੀਤੇ। ਰਾਣੀ ਰਾਜ ਕੌਰ ਤੋਂ ਉਨ੍ਹਾਂ ਦੇ ਪੁੱਤਰ ਖੜਕ ਸਿੰਘ ਹੋਏ, ਜਿਹੜਾ ਉਨ੍ਹਾਂ ਦੀ ਮੌਤ ਮਗਰੋਂ ਰਾਜਗੱਦੀ 'ਤੇ ਬੈਠਿਆ।

**ਜਨਮ :** ਜਨਮ 13 ਨਵੰਬਰ 1780 (ਗੁਜਰਾਂਵਾਲਾ, ਪੰਜਾਬ), ਮਾਤਾ-ਪਿਤਾ: ਪਿਤਾ ਸਰਦਾਰ ਮਹਾਂ ਸਿੰਘ (ਸ਼ੁਕਰਚਕੀਆ ਮਿਸਲ ਦੇ ਮੁਖੀ), ਮਾਤਾ ਰਾਜ ਕੌਰ।

**ਬਚਪਨ ਦੀ ਘਟਨਾ:** ਛੋਟੀ ਉਮਰ ਵਿੱਚ ਚੇਚਕ ਨਾਲ ਇੱਕ ਅੱਖ ਦੀ ਰੌਸ਼ਨੀ ਗੁਆ ਚੁੱਕੇ ਸਨ, ਪਰ ਇਸ ਨਾਲ ਉਹਨਾਂ ਹਿੰਮਤ ਨੂੰ ਨਹੀਂ ਡਿੱਗਣ ਦਿੱਤਾ। ਜਨਮ ਸਮੇਂ ਜੋਤਸ਼ੀ ਦੀ ਭਵਿੱਖਬਾਣੀ ਕਿ ਇਹ ਬਾਲਕ ਇੱਕ ਮਹਾਨ ਸ਼ਾਸਕ ਬਣੇਗਾ।

**ਸਿੱਖਿਆ ਅਤੇ ਯੁੱਧ ਕਲਾ :** ਗੁਰਬਾਣੀ ਤੇ ਫ਼ਾਰਸੀ ਵਿੱਚ ਵਿਦਵਾਨ। ਤਲਵਾਰਬਾਜ਼ੀ, ਘੋੜਸਵਾਰੀ, ਤੀਰਅੰਦਾਜ਼ੀ ਵਿੱਚ ਮਾਹਿਰ। **ਗੁਰੂ:** ਸੰਤ ਸੇਵਾ ਸਿੰਘ ਜੀ (ਧਾਰਮਿਕ ਸਿੱਖਿਆ)।

**ਵਿਆਹ ਅਤੇ ਪਰਿਵਾਰ :** ਮਹਾਰਾਜਾ ਨੇ 20 ਤੋਂ ਵੱਧ ਵਿਆਹ ਕੀਤੇ, ਜਿਨ੍ਹਾਂ ਵਿੱਚੋਂ ਪ੍ਰਮੁੱਖ ਰਾਣੀਆਂ: 1. ਰਾਣੀ ਮਹਿਤਾਬ ਕੌਰ (ਪਹਿਲੀ ਪਤਨੀ, ਵਿਆਹ 1789), ਰਾਣੀ ਰਾਜ ਕੌਰ, ਰਾਣੀ ਜਿੰਦ ਕੌਰ (ਖੜਕ ਸਿੰਘ ਦੀ ਮਾਤਾ), ਰਾਣੀ ਚੰਦ ਕੌਰ।

**ਪੁੱਤਰ:** ਖੜਕ ਸਿੰਘ (ਜਨਮ 1801, ਮੌਤ 1840), ਸ਼ੇਰ ਸਿੰਘ (ਜਨਮ 1807, ਮੌਤ 1843), ਦਲੀਪ ਸਿੰਘ (ਜਨਮ 1838, ਮੌਤ 1893)

**ਪਰਿਵਾਰ ਦੀ ਦੁਖਾਂਤ ਕਹਾਣੀ (ਮੌਤ ਤੋਂ ਬਾਅਦ):** ਖੜਕ ਸਿੰਘ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ, ਨੌਨਿਹਾਲ ਸਿੰਘ (ਖੜਕ ਸਿੰਘ ਦਾ ਪੁੱਤਰ) ਦੀ ਸ਼ੱਕੀ ਹਾਲਤ ਵਿਚ ਹੱਤਿਆ ਹੋਈ, ਸ਼ੇਰ ਸਿੰਘ ਦੀ ਵੀ ਇਸੇ ਤਰ੍ਹਾਂ ਹੱਤਿਆ ਹੋਈ, ਦਲੀਪ ਸਿੰਘ ਨੂੰ ਗਦਾਰੀ ਕਰਕੇ ਅੰਗਰੇਜ਼ਾਂ ਨਾਲ ਰੱਲ ਗੱਦੀ ਤੋਂ ਹਟਾ ਕੇ ਇੰਗਲੈਂਡ ਭੇਜ ਦਿੱਤਾ।

**ਰਾਜ ਤਾਜਪੋਸ਼ੀ ਅਤੇ ਸ਼ਾਸਨ ਕਾਲ :** ਤਾਜਪੋਸ਼ੀ 12 ਅਪ੍ਰੈਲ 1801 (ਲਾਹੌਰ ਵਿਖੇ), ਰਾਜਧਾਨੀ ਲਾਹੌਰ, ਸ਼ਾਸਨ ਕਾਲ 1801-1839।

**ਬਚਪਨ ਦੀ ਸਿੱਖਿਆ ਅਤੇ ਯੋਧਾ ਬਣਨ ਦਾ ਰਾਹ:** ਮਹਾਰਾਜਾ ਰਣਜੀਤ ਸਿੰਘ ਨੇ ਅਣਉਪਚਾਰਿਕ ਸਿੱਖਿਆ ਲਈ। ਉਨ੍ਹਾਂ ਨੇ ਸਿੱਖ ਧਰਮ, ਗੁਰਬਾਣੀ, ਅਤੇ ਰਣਨੀਤੀਆਂ ਵਿਚ ਵਿਸ਼ੇਸ਼ ਰੁਚੀ ਲਈ। ਉਨ੍ਹਾਂ ਨੂੰ ਬਚਪਨ ਤੋਂ ਹੀ ਘੋੜਸਵਾਰੀ, ਤੀਰਅੰਦਾਜ਼ੀ, ਤਲਵਾਰਬਾਜ਼ੀ ਅਤੇ ਰਣ ਕਲਾ ਦੀ ਸਿਖਲਾਈ ਦਿੱਤੀ ਗਈ। 10 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਪਹਿਲੀ ਜੰਗ ਲੜੀ ਤੇ 12 ਸਾਲ ਦੀ ਉਮਰ ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਸ਼ੁੱਕਰਚੱਕ ਮਿਸਲ ਦੇ ਮੁਖੀ ਬਣ ਗਏ।

**ਰਾਜਗੱਦੀ ਤੇ ਚੜ੍ਹਾਈ ਅਤੇ ਪੰਜਾਬ ਦਾ ਏਕਤਰ ਰਾਜ:** ਰਣਜੀਤ ਸਿੰਘ ਨੇ 1799 ਵਿਚ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ 1801 ਵਿਚ ਸਿੱਖ ਰਾਜ ਦੀ ਸਥਾਪਨਾ ਕਰਕੇ ਆਪਣੇ ਆਪ ਨੂੰ "ਮਹਾਰਾਜਾ" ਘੋਸ਼ਿਤ ਕੀਤਾ। ਇਹ ਰਾਜ ਅਨੰਦਪੁਰ ਸਾਹਿਬ ਤੋਂ ਲੈ ਕੇ ਕਾਬੁਲ ਤੱਕ ਫੈਲ ਗਿਆ। ਉਨ੍ਹਾਂ ਦੇ ਰਾਜ ਦੀ ਸੀਮਾ ਪੂਰਬ ਵਿਚ ਸਤਲੁਜ ਤੋਂ ਪੱਛਮ ਵਿਚ ਅਫ਼ਗਾਨ ਬਾਰਡਰ ਤੱਕ ਅਤੇ ਉੱਤਰ ਵਿਚ ਕਸ਼ਮੀਰ ਤੋਂ ਦੱਖਣ ਵਿਚ ਮਾਲਵਾ ਤੱਕ ਸੀ। ਉਹ ਪਹਿਲਾ ਸਿੱਖ ਸ਼ਾਸਕ ਸੀ, ਜਿਸ ਨੇ ਪੰਜਾਬ ਨੂੰ ਇੱਕ ਕੇਂਦਰੀਕ੍ਰਿਤ ਰਾਜ ਵਿਚ ਏਕਤਰ ਕੀਤਾ। ਉਨ੍ਹਾਂ ਨੇ ਲੰਗਰਾਂ ਦੀ ਸੇਵਾ, ਦਰਬਾਰ ਸਾਹਿਬ ਦੀ ਸੇਵਾ, ਹੋਰ ਗੁਰੂ ਘਰਾਂ ਦੀ ਸੇਵਾ ਅਤੇ ਸ਼ਾਨ ਵਿੱਚ ਵਾਧਾ ਕੀਤਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਉੱਤਮ ਜੀਵਨ ਤੋਂ ਪ੍ਰੇਰਣਾ ਲਈ।

**ਸਾਮਰਾਜ ਦਾ ਵਿਸਤਾਰ :** ਮਹਾਰਾਜਾ ਰਣਜੀਤ ਸਿੰਘ ਨੇ ਲਗਭਗ 2,00,000 ਵਰਗ ਮੀਲ (ਹੁਣ ਦਾ ਪੰਜਾਬ, ਪਾਕਿਸਤਾਨੀ ਪੰਜਾਬ, ਕਸ਼ਮੀਰ, ਹਿਮਾਚਲ, ਖੈਬਰ ਪਖ਼ਤੂਨਖ਼ਵਾ) ਉੱਤੇ ਰਾਜ ਕੀਤਾ।

**ਮੁੱਖ ਜਿੱਤਾਂ:** 1802: ਅੰਮ੍ਰਿਤਸਰ 'ਤੇ ਕਬਜ਼ਾ, 1809: ਅੰਗਰੇਜ਼ਾਂ ਨਾਲ ਅੰਮ੍ਰਿਤਸਰ ਸੰਧੀ (ਸਤਲੁਜ ਨਦੀ ਸੀਮਾ), 1818: ਮੁਲਤਾਨ ਜਿੱਤਿਆ, 1819: ਕਸ਼ਮੀਰ ਸ਼ਾਮਲ ਕੀਤਾ, 1834: ਪੇਸ਼ਾਵਰ 'ਤੇ ਕਬਜ਼ਾ।

**ਮਹਾਰਾਜਾ ਦੇ ਜਰਨੈਲ ਅਤੇ ਯੋਧੇ:** ਮਹਾਰਾਜਾ ਦੀ ਫੌਜ ਵਿੱਚ ਕਈ ਮਹਾਨ ਸੂਰਬੀਰ ਸਨ: ਹਰੀ ਸਿੰਘ ਨਲੂਆ (1791-1837), ਮੌਤ ਪੇਸ਼ਾਵਰ ਦੀ ਲੜਾਈ ਵਿੱਚ, ਭੂਮਿਕਾ: ਕਸ਼ਮੀਰ ਅਤੇ ਪੇਸ਼ਾਵਰ ਦਾ ਗਵਰਨਰ, ਅਕਾਲੀ ਫੂਲਾ ਸਿੰਘ (1761-1823), ਮੌਤ ਨੌਸ਼ਹਿਰਾ ਦੀ ਲੜਾਈ ਵਿੱਚ, ਭੂਮਿਕਾ: ਨਿਡਰ ਯੋਧਾ ਅਤੇ ਧਾਰਮਿਕ ਨੇਤਾ, ਦੀਵਾਨ ਮੋਹਕਮ ਚੰਦ (1760-1814), ਮੁੱਖ ਯੋਧਾ ਅਤੇ ਸਲਾਹਕਾਰ, ਮਿਸਰ ਦੀਵਾਨ ਚੰਦ ਅਫ਼ਗਾਨਾਂ ਦੇ ਖਿਲਾਫ਼ ਮੁੱਖ ਫੌਜੀ ਕਮਾਂਡਰ।

**ਧਾਰਮਿਕ ਸੇਵਾ (ਗੁਰਦੁਆਰਿਆਂ ਦਾ ਨਿਰਮਾਣ ਅਤੇ ਸੰਵਾਰਣ):** ਮਹਾਰਾਜਾ ਨੇ ਗੁਰਦੁਆਰਿਆਂ ਨੂੰ ਸੋਨੇ ਅਤੇ ਸੰਗਮਰਮਰ ਨਾਲ ਸਜਾਇਆ। ਮਹਾਰਾਜਾ ਰਣਜੀਤ ਸਿੰਘ ਨੇ ਧਰਮ ਪ੍ਰਤੀ ਗਹਿਰੀ ਸ਼ਰਧਾ ਰੱਖੀ। ਉਨ੍ਹਾਂ ਨੇ ਅਨੇਕ ਗੁਰਦੁਆਰਿਆਂ ਦੀ ਨਿਰਮਾਣ ਸੇਵਾ ਕੀਤੀ ਜਾਂ ਨਵੇਂ ਸਿਰੇ ਤੋਂ ਨਿਰਮਾਣ ਕਰਵਾਇਆ। ਕੁਝ ਪ੍ਰਮੁੱਖ ਗੁਰਦੁਆਰੇ ਜਿਨ੍ਹਾਂ ਵਿਚ ਉਨ੍ਹਾਂ ਨੇ ਸੇਵਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) - 1830 ਵਿੱਚ ਬਾਹਰੀ ਹਿੱਸੇ ਨੂੰ ਸੋਨੇ ਨਾਲ ਮੜ੍ਹਵਾਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) - ਮੁੜ ਨਿਰਮਾਣ ਕਰਵਾਇਆ। ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) - ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਸੇਵਾ। ਤਖ਼ਤ ਸ੍ਰੀ ਪਟਨਾ ਸਾਹਿਬ- ਆਰਥਿਕ ਮਦਦ ਅਤੇ ਮਾਇਆ ਭੇਜੀ। ਗੁਰਦੁਆਰਾ ਸ਼ਹੀਦ ਗੰਜ ਲਾਹੌਰ - 1757 ਦੇ ਸ਼ਹੀਦਾਂ ਦੀ ਯਾਦ ਵਿਚ ਨਿਰਮਾਣ। ਤਰਨ ਤਾਰਨ ਸਾਹਿਬ: ਲੰਗਰ ਦੀ ਸੇਵਾ ਕੀਤੀ।

**ਜੀਵਨ ਸ਼ੈਲੀ ਤੇ ਪ੍ਰਸ਼ਾਸਨ:** ਉਨ੍ਹਾਂ ਦੀ ਜੀਵਨਸ਼ੈਲੀ ਰਾਜਸੀ ਹੋਣ ਦੇ ਬਾਵਜੂਦ ਸੰਯਮਿਤ ਸੀ। ਮਹਾਰਾਜਾ ਨੇ ਕਦੇ ਆਪਣੇ ਆਪ ਨੂੰ ਗੁਰੂਆਂ ਦੀ ਤਰ੍ਹਾਂ ਪੇਸ਼ ਨਹੀਂ ਕੀਤਾ। ਉਨ੍ਹਾਂ ਦੇ ਦਰਬਾਰ ਵਿਚ ਸਿੱਖ, ਹਿੰਦੂ, ਮੁਸਲਮਾਨ ਅਤੇ ਯੂਰਪੀ ਸਭ ਲਈ ਥਾਂ ਸੀ। ਉਨ੍ਹਾਂ ਨੇ ਫ਼ੌਜੀ ਤਾਲੀਮ ਵਿਚ ਆਧੁਨਿਕ ਯੂਰਪੀ ਤਰੀਕੇ ਲਾਗੂ ਕੀਤੇ। ਫਰਾਂਸ, ਇਟਲੀ ਅਤੇ ਇੰਗਲੈਂਡ ਦੇ ਜਰਨੈਲਾਂ ਨੂੰ ਨੌਕਰੀ 'ਚ ਰੱਖਿਆ।

**ਡੋਗਰਿਆਂ ਦੀ ਗੱਦਾਰੀ:** ਮਹਾਰਾਜਾ ਦੇ ਅੰਤਿਮ ਸਾਲਾਂ ਵਿਚ ਉਨ੍ਹਾਂ ਦੇ ਨਾਲ ਡੋਗਰੇ ਧੋਖਾ ਕਰ ਗਏ। ਗੁਲਾਬ ਸਿੰਘ, ਧਿਆਨ ਸਿੰਘ ਅਤੇ ਸੁਚੇਤ ਸਿੰਘ ਡੋਗਰੇ ਭਰਾ ਮਹਾਰਾਜਾ ਦੇ ਵਿਸ਼ਵਾਸਪਾਤਰ ਸੇਵਕ ਬਣ ਕੇ ਰਹੇ ਪਰ ਉਨ੍ਹਾਂ ਦੀ ਮੌਤ ਮਗਰੋਂ ਸਿੱਖ ਰਾਜ ਨੂੰ ਖੰਡ-ਖੰਡ ਕਰਨ ਵਿਚ ਇਹੀ ਡੋਗਰੇ ਅੱਗੇ ਸਨ। ਜਿਨ੍ਹਾਂ ਨੇ ਮਹਾਰਾਜਾ ਦੀ ਮੌਤ ਤੋਂ ਬਾਅਦ ਸਿੱਖ ਸਾਮਰਾਜ ਨੂੰ ਤਬਾਹ ਕਰ ਦਿੱਤਾ: ਖੜਕ ਸਿੰਘ ਨੂੰ ਜ਼ਹਿਰ ਦਿੱਤਾ ਗਿਆ, ਨੌਨਿਹਾਲ ਸਿੰਘ ਨੂੰ ਕਤਲ ਕਰਾ ਦਿੱਤਾ ਗਿਆ, ਸ਼ੇਰ ਸਿੰਘ ਦੀ ਹੱਤਿਆ ਕਰਵਾ ਦਿੱਤੀ ਗਈ, ਦਲੀਪ ਸਿੰਘ ਨੂੰ ਅੰਗਰੇਜ਼ਾਂ ਨਾਲ ਰੱਲ ਕੇ ਗੱਦੀ ਤੋਂ ਹਟਾ ਦਿੱਤਾ ਗਿਆ।

**ਡੋਗਰਿਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਪੰਜਾਬ 'ਤੇ ਕਬਜ਼ਾ ਕਰਵਾਇਆ (1849) :** ਮਹਾਰਾਜਾ ਦੀ ਮੌਤ (27 ਜੂਨ 1839), **ਮੌਤ ਦਾ ਕਾਰਨ:** ਦਿਲ ਦਾ ਦੌਰਾ ਦੱਸਿਆ ਗਿਆ (ਕੁਝ ਇਤਿਹਾਸਕਾਰ ਜ਼ਹਿਰ ਦਾ ਸ਼ੱਕ ਵੀ ਕਰਦੇ ਹਨ), ਸਮਾਧੀ: ਲਾਹੌਰ ਕਿਲ੍ਹੇ ਵਿੱਚ ਬਣਾਈ ਗਈ। ਮੌਤ ਤੋਂ ਬਾਅਦ: ਸਿੱਖ ਸਾਮਰਾਜ ਟੁੱਟਣ ਲੱਗਾ ਅਤੇ 1849 ਵਿੱਚ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਚਲਾ ਗਿਆ।

**ਵਿਰਾਸਤ :** ਪੰਜਾਬ ਦਾ ਸ਼ੇਰ ਅਤੇ ਸਿੱਖ ਸਾਮਰਾਜ ਦਾ ਮਹਾਨ ਨਿਰਮਾਤਾ। ਪਹਿਲਾ ਭਾਰਤੀ ਸ਼ਾਸਕ ਜਿਸਨੇ ਅੰਗਰੇਜ਼ਾਂ ਨੂੰ ਰੋਕਿਆ।

**ਧਾਰਮਿਕ ਸਹਿਨਸ਼ੀਲਤਾ:** ਉਸ ਦੇ ਰਾਜ ਵਿੱਚ ਹਿੰਦੂ, ਮੁਸਲਮਾਨ, ਸਿੱਖ ਸਭ ਨੂੰ ਸਮਾਨ ਅਧਿਕਾਰ ਸਨ।

**ਮਹਾਰਾਜਾ ਦੀ ਮੌਤ ਤੋਂ ਬਾਅਦ:** ਖੜਕ ਸਿੰਘ ਅਤੇ ਨੌਨਿਹਾਲ ਸਿੰਘ ਦੀ ਰਾਜਗੱਦੀ ਮਾਤਰ ਕੁਝ ਮਹੀਨੇ ਚੱਲੀ। ਡੋਗਰਿਆਂ ਨੇ ਬੀਬੀਆਂ ਨੂੰ, ਸ਼ਹਿਜ਼ਾਦਿਆਂ ਨੂੰ ਜ਼ਹਿਰ ਦਿੱਤਾ ਜਾਂ ਕਿਸੇ ਹੋਰ ਤਰ੍ਹਾਂ ਪਾਸੇ ਕਰ ਦਿੱਤਾ ਗਿਆ। ਰਾਜ ਦਿੱਲੀ ਦਰਬਾਰ ਅਤੇ ਅੰਗਰੇਜ਼ਾਂ ਦੇ ਹੱਥ ਆ ਗਿਆ। ਆਖਰਕਾਰ 1849 ਵਿੱਚ ਪੂਰਾ ਸਿੱਖ ਰਾਜ ਅੰਗਰੇਜ਼ ਦੇ ਹੱਥ ਵਿਚ ਚਲਾ ਗਿਆ।

**ਅੰਤਿਮ ਦਿਨ ਅਤੇ ਮੌਤ:** ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ 1839 ਨੂੰ ਹੋਈ। ਉਨ੍ਹਾਂ ਦੀ ਚਿਤਾ ਰਾਵੀ ਦਰਿਆ ਦੇ ਕੰਢੇ ਲਾਹੌਰ ਵਿਖੇ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਹੈ। ਉਨ੍ਹਾਂ ਦੀ ਮੌਤ ਮਗਰੋਂ ਉਨ੍ਹਾਂ ਦੀਆਂ ਕੁਝ ਰਾਣੀਆਂ ਰਾਣੀ ਸਦਾ ਕੌਰ ਤੇ ਹੋਰ ਰਾਣੀਆਂ ਨੇ ਵੀ ਪ੍ਰਾਣ ਤਿਆਗ ਦਿਤੇ।

**ਉਤਕ੍ਰਿਸ਼ਟਤਾ ਤੇ ਵਿਰਾਸਤ:** ਮਹਾਰਾਜਾ ਰਣਜੀਤ ਸਿੰਘ ਨੇ ਇੱਕ ਅਜਿਹਾ ਰਾਜ ਬਣਾਇਆ, ਜਿਸ ਵਿਚ ਹਰ ਧਰਮ ਨੂੰ ਆਜ਼ਾਦੀ ਮਿਲੀ। ਉਨ੍ਹਾਂ ਨੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਮੁਸਲਮਾਨ, ਹਿੰਦੂ, ਸਿੱਖ ਅਤੇ ਯੂਰਪੀ ਸੰਯੁਕਤ ਫੌਜ ਬਣਾਈ। ਉਨ੍ਹਾਂ ਦੀ ਅਖੰਡਤਾ, ਸੰਵਿਧਾਨਕਤਾ ਅਤੇ ਧਾਰਮਿਕ ਸਹਿਸ਼ਨਤਾ ਅੱਜ ਵੀ ਪਾਠਕ੍ਰਮਾਂ ਅਤੇ ਆਦਰਸ਼ ਰਾਜਨੈਤਿਕਤਾ ਦੀ ਮਿਸਾਲ ਹੈ।

**ਅੰਤਿਮ ਸ਼ਬਦ:** "ਮਹਾਰਾਜਾ ਰਣਜੀਤ ਸਿੰਘ ਨਾ ਕੇਵਲ ਪੰਜਾਬ, ਸਿੱਖ ਧਰਮ ਤੇ ਭਾਰਤ ਦੇ ਰਾਜਨੀਤਿਕ ਇਤਿਹਾਸ ਦਾ ਇਕ ਚਮਕਦਾ ਹੋਇਆ ਤਾਰਾ ਸਨ, ਸਗੋਂ ਉਨ੍ਹਾਂ ਨੇ ਦਿਖਾਇਆ ਕਿ ਇਕ ਸੱਚਾ ਸਰਕਾਰਦਾਨ ਗੁਰੂਆਂ ਦੇ ਰਾਹਾਂ ਉੱਤੇ ਚੱਲ ਕੇ ਕਿਵੇਂ ਲੋਕਾਂ ਦੀ ਰਾਖੀ ਕਰ ਸਕਦਾ ਹੈ।

**ਸ਼ਰਧਾਂਜਲੀ - 27 ਜੂਨ 1839 ਨੂੰ ਸ਼ੇਰ-ਏ-ਪੰਜਾਬ ਅਲਵਿਦਾ ਕਹਿ ਗਿਆ ਪਰ ਉਨ੍ਹਾਂ ਦੀ ਚਮਕ ਅਜੇ ਵੀ ਅਮਰ ਹੈ।**

ਗੁਰਪ੍ਰੀਤ
9569820314

# ਜਲਵਾਯੂ ਪਰਿਵਰਤਨ ! ਥਾਲੀ 'ਤੇ ਮੰਡਰਾਉਂਦਾ ਸੰਕਟ; ਕੀ ਦੁਨੀਆਂ ਖ਼ਤਮ ਹੋਣ ਕੰਢੇ ?

ਦੁਨੀਆਂ ਭਰ ਦੇ ਵਿੱਚ ਜਿਹੋ ਜਿਹੇ ਹਾਲਾਤ ਬਣੇ ਪਏ ਨੇ ਉਸ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਥਾਲੀ ਉੱਤੇ ਮੰਡਰਾ ਰਿਹਾ ਸੰਕਟ ਲੱਗਦਾ ਹੈ ਕਿ ਦੁਨੀਆਂ ਖਤਮ ਕਰਕੇ ਹੀ ਸਾਹ ਲਵੇਗਾ। ਇਸ ਵਿੱਚ ਕੋਈ ਹੋਰ ਦੋਸ਼ੀ ਨਹੀਂ ਬਲਕਿ ਆਮ ਇਨਸਾਨ ਹੀ ਦੋਸ਼ੀ ਹੈ ਜਾਂ ਫਿਰ ਇਹ ਕਹਿ ਲਓ ਕਿ ਇਨਸਾਨਾਂ ਦੇ ਰੂਪ ਵਿੱਚ ਸ਼ੈਤਾਨ ਜਿਨ੍ਹਾਂ ਨੂੰ ਕਾਰਪੋਰੇਟ ਘਰਾਣੇ ਕਿਹਾ ਜਾਂਦਾ ਹੈ, ਉਹ ਇਸ ਸਾਰੇ ਕਾਰਨਾਮਿਆਂ ਦੇ ਦੋਸ਼ੀ ਹਨ। ਜਲਵਾਯੂ ਪਰਿਵਰਤਨ ਭਾਵੇਂ ਕਿ ਅਸੀਂ ਆਪਣੇ ਸਕੂਲੀ ਪੜ੍ਹਾਈ ਦੇ ਦੌਰਾਨ ਪੜ੍ਹਿਆ ਕਰਦੇ ਸੀ ਕਿ ਜਲਵਾਯੂ ਪਰਿਵਰਤਨ ਦੇ ਕਾਰਨ ਬੜੀਆਂ ਮੁਸੀਬਤਾਂ ਆ ਸਕਦੀਆਂ ਨੇ ਪਰ ਜਲਵਾਯੂ ਪਰਿਵਰਤਨ ਹੁਣ ਕੋਈ ਦੂਰ ਦਾ ਸੁਪਨਾ ਨਹੀਂ ਰਹਿਣ ਵਾਲਾ, ਕਿਉਂਕਿ ਇਹ ਬਹੁਤ ਨੇੜੇ ਅਤੇ ਇੱਕ ਕੌੜੀ ਹਕੀਕਤ ਹੈ, ਜੋ ਰੋਜ਼ਾਨਾ ਸਾਡੇ ਜੀਵਨ ਨੂੰ ਪ੍ਰਭਾਵਿਤ ਕਰ ਰਿਹਾ। ਖੇਤੀਬਾੜੀ ਵੀ ਇਸ ਤੋਂ ਵੱਖਰੀ ਨਹੀਂ ਹੈ।

ਦੁਨੀਆਂ ਭਰ ਵਿੱਚ ਜਿਸ ਤਰੀਕੇ ਦੇ ਨਾਲ ਵਿਕਾਸ ਦੇ ਨਾਂ 'ਤੇ ਵਿਨਾਸ਼ ਹੋ ਰਿਹਾ ਹੈ, ਉਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਦੁਨੀਆਂ ਦਾ ਵਿਨਾਸ਼ ਜਲਦੀ ਹੋਣ ਵਾਲਾ ਹੈ। ਜਲਵਾਯੂ ਪਰਿਵਰਤਨ ਦੇ ਨਾਲ ਨਾਲ ਜਿਸ ਤਰੀਕੇ ਮਨੁੱਖ ਦੀਆਂ ਲੋੜਾਂ ਵੱਧ ਚੁੱਕੀਆਂ ਨੇ ਅਤੇ ਉਹ ਹੱਥੀ ਕੰਮ ਕਰਨ ਦੀ ਬਜਾਏ ਇਲੈਕਟਰੋਨਿਕ ਅਤੇ ਹੋਰਨਾਂ ਅਜਿਹੇ ਯੰਤਰਾਂ ਦੀ ਵਰਤੋਂ ਕਰ ਰਿਹਾ ਹੈ, ਜਿਸ ਦਾ ਮਨੁੱਖੀ ਜੀਵਨ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ, ਉਸਦੇ ਨਾਲ ਜਿੱਥੇ ਧਰਤੀ ਅਤੇ ਜ਼ਮੀਨ ਨੂੰ ਨੁਕਸਾਨ ਪੁੱਜ ਰਿਹਾ ਹੈ, ਉੱਥੇ ਹੀ ਇਸ ਦੇ ਨਾਲ ਮਨੁੱਖੀ ਜੀਵਨ ਵੀ ਪ੍ਰਭਾਵਿਤ ਹੋ ਰਿਹਾ ਹੈ। ਭਾਵੇਂ ਕੋਈ ਇਸ 'ਤੇ ਯਕੀਨ ਕਰੇ ਜਾਂ ਨਾ ਕਰੇ, ਪਰ ਇਹ ਗੱਲ ਸੱਚ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੀਆਂ ਵੱਡੀਆਂ (ਏ.ਆਈ ਚੈਟਬੋਟ) ਅਤੇ ਹੋਰ ਵੱਡੇ ਨੈਟਵਰਕ, ਜਿਹੜੇ ਇਸ ਪੂਰੇ ਸਿਸਟਮ ਜਾਂ ਫਿਰ ਇਹ ਕਹਿ ਲਓ ਕਿ ਟੈਲੀਕਾਮ ਨੂੰ ਚਲਾਉਂਦੇ ਨੇ, ਉਹ ਸਭ ਤੋਂ ਵੱਧ ਬਿਜਲੀ ਅਤੇ ਪਾਣੀ ਦੇ ਨਾਲ ਨਾਲ ਹਵਾ ਦੀ ਵਰਤੋਂ ਕਰਦੇ ਨੇ।

ਬਿਜਲੀ ਇਸ ਸਾਰੇ ਸਿਸਟਮ ਨੂੰ ਚਲਾਉਣ ਵਾਸਤੇ ਅਤੇ ਪਾਣੀ ਇਸ ਸਾਰੇ ਸਿਸਟਮ ਨੂੰ ਠੰਡਾ ਕਰਨ ਵਾਸਤੇ ਕਿਸੇ ਰੂਪ ਵਿੱਚ ਵਰਤਿਆ ਜਾਂਦਾ ਹੈ। ਪਰ ਇਹ ਸਭ ਧਰਤੀ ਦੇ ਵਿੱਚੋਂ ਹੀ ਕੱਢਿਆ ਜਾਣ ਵਾਲਾ ਉਹ ਪਾਣੀ ਹੈ, ਜਿਹੜਾ ਆਮ ਇਨਸਾਨ ਪੀਂਦਾ ਹੈ। ਧਰਤੀ ਦੇ ਵਿੱਚ ਮਿਲ ਰਹੀ ਲਗਾਤਾਰ ਜ਼ਹਿਰ ਹੈ। ਜਿੱਥੇ ਮਨੁੱਖ ਨੂੰ ਖਤਮ ਹੋਣ ਕੰਢੇ ਖੜ੍ਹਾ ਕਰ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਵਿਸ਼ਵ ਪੱਧਰੀ ਛਪੀਆਂ ਰਿਪੋਰਟਾਂ ਨੇ ਸਾਡੇ ਸਾਰਿਆਂ ਦੀਆਂ ਅੱਖਾਂ ਨੂੰ ਖੋਲ੍ਹ ਕੇ ਰੱਖ ਦਿੱਤਾ ਹੈ। ਤਾਪਮਾਨ ਵਿੱਚ ਲਗਾਤਾਰ ਹੋ ਰਹੇ ਵਾਧੇ ਕਾਰਨ, ਜਿੱਥੇ ਦੁਨੀਆਂ ਭਰ ਵਿੱਚ ਖੁਰਾਕ ਸੁਰੱਖਿਆ ਉੱਤੇ ਹੋਰ ਡੂੰਘਾ ਸੰਕਟ ਪੈਦਾ ਹੋ ਗਿਆ ਹੈ।

ਉੱਥੇ ਹੀ ਦੂਜੇ ਪਾਸੇ ਵਿਸ਼ਵ ਵਿਆਪੀ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ ਫਸਲਾਂ ਦੀ ਵਿਭਿੰਨਤਾ ਵਿੱਚ ਵੀ ਗਿਰਾਵਟ ਪੈਦਾ ਕਰ ਰਿਹਾ ਹੈ। ਪਾਣੀ ਧਰਤੀ ਤੋਂ ਇਲਾਵਾ ਹਵਾ ਨੂੰ ਬਚਾਉਣ ਵਾਸਤੇ ਕੋਈ ਵੀ ਅੱਜ ਅੱਗੇ ਨਹੀਂ ਆ ਰਿਹਾ ਹਰ ਕੋਈ ਗੱਲਾਂ ਹੀ ਕਰ ਰਿਹੈ। ਚਾਹੇ ਕੋਈ ਸਿਆਸਤਦਾਨ ਹੋਵੇ ਜਾਂ ਫਿਰ ਕੋਈ ਵੱਡਾ ਬੁੱਧੀਜੀਵੀ। ਬੁੱਧੀਜੀਵੀ ਵੀ ਵਿਚਾਰੇ ਕੀ ਕਰਨ, ਉਹਨਾਂ ਆਖੇ ਕਿਹੜਾ ਕੋਈ ਲੱਗਦਾ ਹੈ। ਕਿਉਂਕਿ ਉਹ ਵਿਚਾਰ ਕਰਕੇ ਅਤੇ ਆਪਣੇ ਸੁਝਾਅ ਸਰਕਾਰਾਂ ਤੱਕ ਪਹੁੰਚਾ ਕੇ ਚਲੇ ਜਾਂਦੇ ਨੇ, ਪਰ ਸਰਕਾਰਾਂ ਉਹਨਾਂ 'ਤੇ ਗੌਰ ਕਰਨ ਦੀ ਬਜਾਏ, ਪ੍ਰਾਈਵੇਟ ਕੰਪਨੀਆਂ ਨੂੰ ਹੀ ਪਹਿਲ ਦਿੰਦੀਆਂ ਨੇ। ਜਿਹੜੇ ਸਮਾਜ ਦੀ ਵੱਡੇ ਪੱਧਰ 'ਤੇ ਲੁੱਟ ਕਰਕੇ ਨੌਕਰੀਆਂ ਅਤੇ ਹੋਰਨਾਂ ਕਾਰੋਬਾਰਾਂ ਨੂੰ ਸੰਕਟ ਵਿੱਚ ਪਾਉਂਦੀਆਂ ਨੇ।

ਇੱਕ ਨਵੇਂ ਅਧਿਅਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ, ਜੇਕਰ ਵਿਸ਼ਵ ਤਾਪਮਾਨ ਡੇਢ ਡਿਗਰੀ ਸੈਲਸੀਅਸ ਵੱਧਦਾ ਹੈ ਤਾਂ ਦੁਨੀਆਂ ਵਿੱਚ ਖੁਰਾਕ ਸੁਰੱਖਿਆ ਤੇ ਸੰਕਟ ਹੋਰ ਡੂੰਘਾ ਹੋ ਸਕਦਾ ਹੈ, ਕਿਉਂਕਿ ਇਸ ਕਾਰਨ ਫਸਲਾਂ ਦੀ ਵਿਭਿੰਨਤਾ ਵਿੱਚ ਭਾਰੀ ਗਿਰਾਵਟ ਆ ਸਕਦੀ ਹੈ। ਵੈਸੇ ਇਹ ਕੋਈ ਮਜ਼ਾਕ ਦੀ ਗੱਲ ਨਹੀਂ, ਜਿਸ ਤਰ੍ਹਾਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਕੁਦਰਤ ਦੇ ਨਾਲ ਖਿਲਵਾੜ ਕਰ ਰਿਹਾ ਹੈ, ਉਸ ਤਰੀਕੇ ਦੇ ਨਾਲ ਕੁਦਰਤ ਵੀ ਆਪਣਾ ਬਦਲਾ ਲੈ ਰਹੀ ਹੈ। ਲਗਾਤਾਰ ਤਾਪਮਾਨ ਵਿੱਚ ਹੋ ਰਹੇ ਵਾਧੇ ਕਾਰਨ ਜਿੱਥੇ ਦੁਨੀਆਂ ਭਰ ਦੇ ਅੰਦਰ ਹੀ ਤਬਾਹੀ ਮੱਚੀ ਪਈ ਹੈ, ਉੱਥੇ ਹੀ ਸਮੇਂ ਸਮੇਂ 'ਤੇ ਆ ਰਹੇ ਹੜ੍ਹ ਅਤੇ ਭੂਚਾਲਾਂ ਦੇ ਕਾਰਨ ਵੱਡੇ ਪੱਧਰ 'ਤੇ ਲੁਕਾਈ ਦਾ ਨੁਕਸਾਨ ਹੋ ਰਿਹਾ ਹੈ, ਪਰ ਇਸ ਸਭ ਦੇ ਪਿੱਛੇ ਜੇਕਰ ਕੋਈ ਸ਼ਕਤੀ ਕੰਮ ਕਰਦੀ ਹੈ ਤਾਂ ਉਹ ਨੇ ਪ੍ਰਾਈਵੇਟ ਕੰਪਨੀਆਂ। ਜਿਹੜੀਆਂ ਕੁਦਰਤ ਦੇ ਨਾਲ ਖਿਲਵਾੜ ਕਰਕੇ ਆਪਣਾ ਫਾਇਦਾ ਚੁੱਕਦੀਆਂ ਨੇ। ਅੰਤਰਰਾਸ਼ਟਰੀ ਜਰਨਲ ਨੇਚਰ ਫੂਡ ਵਿੱਚ ਪ੍ਰਕਾਸ਼ਿਤ ਇਸ ਅਧਿਐਨ ਦੇ ਅਨੁਸਾਰ, ਵਿਸ਼ਵ ਤਾਪਮਾਨ ਵਿੱਚ ਦੋ ਡਿਗਰੀ ਸੈਲਸੀਅਸ ਦੇ ਵਾਧੇ ਨਾਲ, 52 ਪ੍ਰਤੀਸ਼ਤ ਖੇਤੀਬਾੜੀ ਜ਼ਮੀਨ ਤੇ ਫਸਲੀ ਵਿਭਿੰਨਤਾ ਵਿੱਚ ਗਿਰਾਵਟ ਆ ਸਕਦੀ ਹੈ। ਤਾਪਮਾਨ ਵਿੱਚ ਤਿੰਨ ਡਿਗਰੀ ਸੈਲਸੀਅਸ ਵਾਧੇ ਨਾਲ, ਇਹ ਅੰਕੜਾ 56 ਪ੍ਰਤੀਸ਼ਤ ਤੱਕ ਵੱਧ ਜਾਵੇਗਾ। ਇਸਦਾ ਮਤਲਬ ਹੈ ਕਿ ਵਧਦੇ ਤਾਪਮਾਨ ਦੇ ਨਾਲ, ਸਾਡੀ ਥਾਲੀ ਵਿੱਚ ਪਰੋਸੇ ਜਾਣ ਵਾਲੇ ਬਹੁਤ ਸਾਰੇ ਭੋਜਨ, ਦਾਲਾਂ ਅਤੇ ਸਬਜ਼ੀਆਂ ਗਾਇਬ ਹੋ ਸਕਦੀਆਂ ਹਨ। ਅਧਿਐਨ ਵਿੱਚ ਪਾਇਆ ਗਿਆ ਕਿ ਫਸਲ ਵਿਭਿੰਨਤਾ ਵਿੱਚ ਸਭ ਤੋਂ ਵੱਧ ਗਿਰਾਵਟ ਭੂਮੱਧ ਰੇਖਾ ਦੇ ਆਲੇ-ਦੁਆਲੇ ਪਾਈ ਗਈ, ਜਿਵੇਂ ਕਿ ਉਪ-ਸਹਾਰਨ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ, ਜਿੱਥੇ ਮੌਜੂਦਾ ਖੇਤੀਬਾੜੀ ਭੂਮੀ ਦਾ 70% ਤੋਂ ਵੱਧ ਹਿੱਸਾ ਫਸਲ ਵਿਭਿੰਨਤਾ ਗੁਆ ਸਕਦਾ ਹੈ। ਜੇਕਰ ਵਿਸ਼ਵਵਿਆਪੀ ਤਾਪਮਾਨ 2 ਡਿਗਰੀ ਸੈਲਸੀਅਸ ਤੋਂ ਵੱਧ ਵਧਦਾ ਹੈ। ਇਹ ਚਿੰਤਾਵਾਂ ਵੀ ਪ੍ਰਗਟਾਈਆਂ ਗਈਆਂ ਹਨ ਕਿ ਜੇਕਰ ਤਾਪਮਾਨ ਇਸੇ ਦਰ ਨਾਲ ਵਧਦਾ ਰਿਹਾ, ਤਾਂ ਦੁਨੀਆ ਦੇ ਇੱਕ ਤਿਹਾਈ ਭੋਜਨ ਉਤਪਾਦਨ ਨੂੰ ਖ਼ਤਰਾ ਹੋ ਸਕਦਾ ਹੈ। ਇਹ ਅਧਿਐਨ ਫਿਨਲੈਂਡ ਦੀ ਆਲਟੋ ਯੂਨੀਵਰਸਿਟੀ, ਜਰਮਨੀ ਦੀ ਗੌਟਿੰਗੇਨ ਯੂਨੀਵਰਸਿਟੀ ਅਤੇ ਸਵਿਟਜ਼ਰਲੈਂਡ ਦੀ ਜ਼ਿਊਰਿਖ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤਾ ਗਿਆ ਸੀ। ਆਪਣੀ ਖੋਜ ਵਿੱਚ, ਵਿਗਿਆਨੀਆਂ ਨੇ ਡੇਢ ਤੋਂ ਚਾਰ ਡਿਗਰੀ ਸੈਲਸੀਅਸ ਦੇ ਵਾਧੇ ਦੇ ਚਾਰ ਵੱਖ-ਵੱਖ ਜਲਵਾਯੂ ਦ੍ਰਿਸ਼ਾਂ ਵਿੱਚ 30 ਪ੍ਰਮੁੱਖ ਫਸਲਾਂ ਦਾ ਅਧਿਐਨ ਕੀਤਾ ਹੈ।

ਇਸ ਸਮੇਂ ਦੌਰਾਨ ਉਨ੍ਹਾਂ ਨੇ ਮੌਸਮੀ ਸਥਿਤੀਆਂ ਜਿਵੇਂ ਕਿ ਤਾਪਮਾਨ, ਬਾਰਿਸ਼ ਅਤੇ ਸੋਕੇ ਦੇ ਫਸਲਾਂ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ। ਇਹ ਅਧਿਐਨ ਇਸ ਗੱਲ ਦੀ ਸਹੀ ਤਸਵੀਰ ਪੇਸ਼ ਕਰਦਾ ਹੈ ਕਿ ਵਧਦਾ ਤਾਪਮਾਨ ਸਾਡੀਆਂ ਭੋਜਨ ਉਤਪਾਦਨ ਸਮਰਥਾਵਾਂ ਨੂੰ ਕਿੱਥੇ ਅਤੇ ਕਿਵੇਂ ਪ੍ਰਭਾਵਤ ਕਰੇਗਾ। ਅਧਿਐਨ ਦੇ ਨਤੀਜਿਆਂ ਅਨੁਸਾਰ, ਘੱਟ ਤਾਪਮਾਨ ਵਾਲੇ ਖੇਤਰ ਮੱਧ ਅਤੇ ਉੱਚ ਤਾਪਮਾਨ ਵਾਲੇ ਖੇਤਰਾਂ ਨਾਲੋਂ ਜ਼ਿਆਦਾ ਪ੍ਰਭਾਵਿਤ ਹੋਣਗੇ। ਇਨ੍ਹਾਂ ਵਿੱਚ ਗਰਮ ਖੇਤਰ ਦੇ ਵੱਡੇ ਹਿੱਸੇ ਸ਼ਾਮਲ ਹਨ। ਇਹ ਡਰ ਹੈ ਕਿ ਜਿਵੇਂ-ਜਿਵੇਂ ਤਾਪਮਾਨ ਵਧੇਗਾ, ਇਨ੍ਹਾਂ ਖੇਤਰਾਂ ਵਿੱਚ ਖੇਤੀਬਾੜੀ ਲਈ ਢੁਕਵੀਂ ਜ਼ਮੀਨ ਦੀ ਮਾਤਰਾ ਘੱਟ ਜਾਵੇਗੀ ਅਤੇ ਉਗਾਈਆਂ ਜਾਣ ਵਾਲੀਆਂ ਫਸਲਾਂ ਦੀ ਵਿਭਿੰਨਤਾ ਤੇਜ਼ੀ ਨਾਲ ਘੱਟ ਜਾਵੇਗੀ। ਖੋਜਕਰਤਾਵਾਂ ਦੇ ਅਨੁਸਾਰ, ਵਿਸ਼ਵਵਿਆਪੀ ਤਾਪਮਾਨ ਦੋ ਡਿਗਰੀ ਸੈਲਸੀਅਸ ਤੋਂ ਵੱਧ ਵਧਣ ਨਾਲ, ਖੇਤੀਯੋਗ ਜ਼ਮੀਨ ਦਾ ਇੱਕ ਵੱਡਾ ਹਿੱਸਾ ਪਹਿਲਾਂ ਕਦੇ ਨਾ ਵੇਖੀਆਂ ਗਈਆਂ ਜਲਵਾਯੂ ਸਥਿਤੀਆਂ ਦੇ ਸੰਪਰਕ ਵਿੱਚ ਆ ਜਾਵੇਗਾ। ਅਜਿਹੀ ਸਥਿਤੀ ਵਿੱਚ, ਭੂਮੱਧ ਰੇਖਾ ਦੇ ਨੇੜੇ ਸਥਿਤ ਦੇਸ਼ਾਂ ਜਿਵੇਂ ਕਿ ਭਾਰਤ, ਅਫਰੀਕੀ ਅਤੇ ਹੋਰ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਇਹ ਡਰ ਹੈ ਕਿ ਵਿਸ਼ਵਵਿਆਪੀ ਤਾਪਮਾਨ ਵਿੱਚ ਦੋ ਡਿਗਰੀ ਸੈਲਸੀਅਸ ਵਾਧੇ ਨਾਲ, ਘੱਟ ਤਾਪਮਾਨ ਖੇਤਰਾਂ ਵਿੱਚ ਮੌਜੂਦਾ 10 ਤੋਂ 31 ਪ੍ਰਤੀਸ਼ਤ ਖੇਤੀਬਾੜੀ ਉਤਪਾਦਨ ਉਨ੍ਹਾਂ ਖੇਤਰਾਂ ਵਿੱਚ ਤਬਦੀਲ ਹੋ ਜਾਵੇਗਾ, ਜਿੱਥੇ ਜਲਵਾਯੂ ਇਨ੍ਹਾਂ ਫਸਲਾਂ ਲਈ ਢੁਕਵਾਂ ਨਹੀਂ ਹੋਵੇਗਾ। ਜਦੋਂ ਕਿ ਜੇਕਰ ਤਾਪਮਾਨ ਤਿੰਨ ਡਿਗਰੀ ਸੈਲਸੀਅਸ ਵਧਦਾ ਹੈ, ਤਾਂ ਇਹ 20 ਤੋਂ 48 ਪ੍ਰਤੀਸ਼ਤ ਤੱਕ ਵੱਧ ਸਕਦਾ ਹੈ। ਇਸ ਦੇ ਨਾਲ ਹੀ, ਜੇਕਰ ਤਾਪਮਾਨ ਵਿੱਚ ਵਾਧਾ ਤਿੰਨ ਡਿਗਰੀ ਸੈਲਸੀਅਸ ਤੋਂ ਵੱਧ ਜਾਂਦਾ ਹੈ, ਤਾਂ ਉਪ-ਸਹਾਰਨ ਅਫਰੀਕਾ ਵਿੱਚ ਤਿੰਨ-ਚੌਥਾਈ ਫਸਲ ਉਤਪਾਦਨ ਪ੍ਰਭਾਵਿਤ ਹੋ ਸਕਦਾ ਹੈ। ਇਹ ਖਾਸ ਤੌਰ 'ਤੇ ਚੌਲ, ਮੱਕੀ, ਕਣਕ, ਆਲੂ ਅਤੇ ਸੋਇਆਬੀਨ ਵਰਗੀਆਂ ਫਸਲਾਂ ਨੂੰ ਪ੍ਰਭਾਵਿਤ ਕਰੇਗਾ, ਜੋ ਦੁਨੀਆ ਦੀਆਂ ਦੋ ਤਿਹਾਈ ਭੋਜਨ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਖੋਜਕਰਤਾਵਾਂ ਦੇ ਅਨੁਸਾਰ, ਇਨ੍ਹਾਂ ਖੇਤਰਾਂ ਵਿੱਚ ਨਾ ਸਿਰਫ਼ ਉਤਪਾਦਨ ਘਟੇਗਾ, ਸਗੋਂ ਫਸਲਾਂ ਦੀ ਵਿਭਿੰਨਤਾ ਵੀ ਘੱਟ ਜਾਵੇਗੀ। ਇਸ ਕਾਰਨ, ਜ਼ਰੂਰੀ ਪੋਸ਼ਣ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਸਕਦਾ ਹੈ। ਅਧਿਐਨ ਦੇ ਮੁੱਖ ਖੋਜਕਰਤਾ ਸਾਰਾ ਹੇਕੋਨੇਨ ਦੇ ਅਨੁਸਾਰ, ਜੇਕਰ ਖੁਰਾਕੀ ਫਸਲਾਂ ਦੀਆਂ ਕਿਸਮਾਂ ਘੱਟ ਜਾਂਦੀਆਂ ਹਨ, ਤਾਂ ਕੈਲੋਰੀ ਅਤੇ ਪ੍ਰੋਟੀਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਮੁਸ਼ਕਲ ਹੋ ਜਾਵੇਗਾ।

ਇਸਦਾ ਮਤਲਬ ਹੈ ਕਿ ਜੇਕਰ ਦੁਨੀਆ ਦੇ ਇੱਕ ਹਿੱਸੇ ਵਿੱਚ ਫਸਲਾਂ ਤਬਾਹ ਹੋ ਜਾਂਦੀਆਂ ਹਨ, ਤਾਂ ਇਹ ਪੂਰੀ ਸਪਲਾਈ ਲੜੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਨਤੀਜੇ ਵਜੋਂ, ਭੋਜਨ ਦੀਆਂ ਕੀਮਤਾਂ ਵੱਧ ਸਕਦੀਆਂ ਹਨ ਅਤੇ ਕਈ ਥਾਵਾਂ 'ਤੇ ਭੋਜਨ ਦੀ ਉਪਲਬਧਤਾ ਘੱਟ ਸਕਦੀ ਹੈ। ਅਜਿਹੀ ਸਥਿਤੀ ਵਿੱਚ, ਸਾਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਹਾਲਾਂਕਿ, ਖੋਜਕਰਤਾਵਾਂ ਦੇ ਅਨੁਸਾਰ, ਲਗਾਤਾਰ ਵਧਦੇ ਤਾਪਮਾਨ ਦੇ ਕਾਰਨ, ਇਨ੍ਹਾਂ ਉਪਾਵਾਂ ਉੱਤੇ ਵੀ ਭਵਿੱਖ ਦੇ ਬੱਦਲ ਛਾਏ ਰਹਿਣਗੇ। ਅਜਿਹੀ ਸਥਿਤੀ ਵਿੱਚ ਫਸਲਾਂ ਦੀ ਚੋਣ ਅਤੇ ਨਵੀਆਂ ਕਿਸਮਾਂ ਦੀ ਬਿਜਾਈ ਵਰਗੇ ਵਾਧੂ ਕਦਮਾਂ ਦੀ ਲੋੜ ਹੋਵੇਗੀ। ਰਿਪੋਰਟ ਸੁਝਾਅ ਦਿੰਦੀ ਹੈ ਕਿ ਨੀਤੀ ਨਿਰਮਾਤਾਵਾਂ, ਖਾਸ ਕਰਕੇ ਗਰਮ ਮੌਸਮ ਵਾਲੇ ਦੇਸ਼ਾਂ ਵਿੱਚ, ਖੇਤੀਬਾੜੀ ਬੁਨਿਆਦੀ ਢਾਂਚੇ ਵਿੱਚ ਕਮੀਆਂ ਨੂੰ ਦੂਰ ਕਰਨ ਦੇ ਤਰੀਕੇ ਲੱਭਣ ਅਤੇ ਬਦਲਦੇ ਮੌਸਮ ਦੀਆਂ ਕਠੋਰ ਸਥਿਤੀਆਂ ਲਈ ਤਿਆਰੀ ਕਰਨ ਦੀ ਜ਼ਰੂਰਤ ਹੈ। ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਆਉਣ ਵਾਲੇ ਸਾਲ ਪਹਿਲਾਂ ਹੀ ਭੋਜਨ ਦੀ ਕਮੀ ਨਾਲ ਜੂਝ ਰਹੇ ਭਾਈਚਾਰਿਆਂ ਲਈ ਹੋਰ ਵੀ ਮੁਸ਼ਕਲ ਹੋ ਸਕਦੇ ਹਨ।

ਧਰਤੀ ਵਿੱਚ ਘੋਲੀਆਂ ਜਾ ਰਹੀਆਂ ਜ਼ਹਿਰਾਂ ਦੇ ਕਾਰਨ ਜਿੱਥੇ ਪੰਜਾਬ ਦੇ ਲੋਕਾਂ ਨੂੰ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡੀਆਂ ਨੇ, ਉੱਥੇ ਹੀ ਦੂਜੇ ਪਾਸੇ ਜ਼ਮੀਨ ਪਾਣੀ ਹਵਾ ਸਭ ਗੰਦਲਾ ਹੋਣ ਦੇ ਕਾਰਨ ਪੰਜਾਬ ਦਾ ਮਨੁੱਖ ਵੀ ਆਖਰੀ ਸਾਹਾਂ 'ਤੇ ਜਿਉ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਜੇਕਰ ਅਸੀਂ ਦੇਸ਼ ਦੁਨੀਆਂ ਦੀ ਗੱਲ ਕਰ ਲਈਏ ਤਾਂ ਜਿਸ ਤਰੀਕੇ ਦੇ ਨਾਲ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ, ਉਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਜਲਦੀ ਹੀ ਪੂਰੀ ਦੁਨੀਆ ਵੈਂਟੀਲੇਟਰ 'ਤੇ ਚਲੀ ਜਾਵੇਗੀ। ਲੱਗਦਾ ਹੈ ਕਿ, ਹੁਣ ਸੱਚਮੁੱਚ ਅਸਲੀ ਵਾਇਰਸ ਆਉਣ ਦੀ ਲੋੜ ਨਹੀਂ, ਕਿਉਂਕਿ ਦੁਨੀਆ ਕੋਲ ਪਹਿਲਾਂ ਹੀ ਅਜਿਹਾ ਵਾਇਰਸ ਤਿਆਰ ਹੋ ਗਿਆ ਹੈ, ਜਿਸ ਨਾਲ ਪੂਰੀ ਦੁਨੀਆ ਤਬਾਹ ਹੋ ਜਾਵੇਗੀ, ਜਦੋਂ ਧਰਤੀ ਉੱਤੇ ਅਸੀਂ ਲਗਾਤਾਰ ਵਿਕਾਸ ਦੇ ਨਾਮ 'ਤੇ ਇੰਨੇ ਵਿਨਾਸ਼ ਭਰੇ ਕੰਮ ਕਰ ਰਹੇ ਹਾਂ ਉਸ ਦੇ ਨਾਲ ਧਰਤੀ ਉੱਤੇ ਤਾਪਮਾਨ ਤਾਂ ਵੱਧ ਹੀ ਰਿਹਾ, ਉੱਥੇ ਹੀ ਹੜਾਂ ਵਰਗੀਆਂ ਕਈ ਮੁਸੀਬਤਾਂ ਸਾਡੇ 'ਤੇ ਆਣ ਪਈਆਂ ਨੇ, ਇਸ ਦਾ ਕੋਈ ਹੋਰ ਜ਼ਿੰਮੇਵਾਰ ਨਹੀਂ, ਬਲਕਿ ਆਮ ਇਨਸਾਨ ਹੀ ਜ਼ਿੰਮੇਵਾਰ ਹੈ। ਹਾਲੇ ਵੀ ਸੰਭਲਣ ਦਾ ਵੇਲਾ ਹੈ, ਨਹੀਂ ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਭਿਆਨਕ ਹੋਵੇਗਾ। ਤਕਨੀਕ ਦੇ ਚੱਕਰ ਵਿੱਚ ਭਾਵੇਂ ਅਸੀਂ ਅਸਮਾਨ ਨੂੰ ਛੂਹ ਲਿਆ ਹੈ ਪਰ ਅਸੀਂ ਆਪਣੇ ਪੈਰਾਂ ਵੱਲ ਨਿਗਾਹ ਨਹੀਂ ਮਾਰੀ ਕਿ ਅਸੀਂ ਜਾ ਕਿੱਧਰ ਨੂੰ ਰਹੇ ਹਾਂ। ਮਸਲਾ ਬੜਾ ਗੰਭੀਰ ਹੈ। ਸੋ ਇਸ 'ਤੇ ਸਰਕਾਰਾਂ ਤੋਂ ਇਲਾਵਾ ਬੁੱਧੀਜੀਵੀਆਂ ਵਿਗਿਆਨੀਆਂ ਅਤੇ ਹੋਰਨਾਂ ਸੂਝਵਾਨ ਲੋਕਾਂ ਨੂੰ ਵਿਚਾਰ ਚਰਚਾ ਕਰਨੀ ਪੈਣੀ ਹੈ ਤਾਂ ਹੀ ਧਰਤੀ ਉੱਤੇ ਪੈਦਾ ਹੋਣ ਵਾਲੇ ਅਗਲੇ ਵੱਡੇ ਸੰਕਟ ਦਾ ਮੁਕਾਬਲਾ ਹੋ ਸਕੇਗਾ। ਪਾਣੀ ਇਸ ਵੇਲੇ ਮਨੁੱਖ ਦੀ ਮੁੱਖ ਲੋੜ ਹੈ ਜਿਸ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਜੇਕਰ ਹੁਣ ਪਾਣੀ, ਹਵਾ, ਧਰਤੀ ਨਾ ਬਚੀ ਤਾਂ ਲੱਗਦਾ ਨਹੀਂ ਕਿ ਆਉਣ ਵਾਲੀ ਕੋਈ ਪੀੜ੍ਹੀ ਨਿਰੋਗ ਪੈਦਾ ਹੋਵੇਗੀ। ਖੈਰ ਮਸਲਾ ਲੰਮਾ ਚੌੜਾ ਤੇ ਵਿਚਾਰਨ ਵਾਲਾ ਹੈ....!

## ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of Ms. Monika Goyal**
**Principal Judge Family Court, Nangal**
CNR No. PBROF3-000098-2024
Next Date: 13.08.2025
Geeta Devi
Versus
Rahul Rajput
Notice to:Rahul Rajput Father:- Bali Ram H.No. 614/37 Gali No. 1 Near Bus Stand Sham Nagar Ludhiana Punjab,
Petition u/s 13 HMA for dissolution of marriage by way of decree of divorce
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.**08.2025 at 10:00 A.M.
For details logon to https://highcourtchd.gov.in/?mod=district_notice&district=Rupnagarcourt
Dated, this day of 20-05-2025
**Sd/-Principal Judge Family Court, Nangal**

---

**(U/o 5 Rule 20 CPC)**
**In the Court of Sh. Sumit Bhalla**
**Addl.Principal Judge Family Court, Camp Court Batala**
CNR No. PBGDF2-000549-2024
Next Date: 13.08.2025
MNT125/98/2024
Simranjeet Kaur w/oPalwinder Singh and D/o Sukhwant Singh R/o Vill. Azampur post office kala Afghana Teh. Batala, Dist. Gurdaspur
Versus
Palwinder Singh S/o Sukhwinder Singh R/o Vill. Dial BharangTeh. Ajnala Dist Amritsar
Notice to: Palwinder Singh S/o Sukhwinder Singh R/o Vill. Dial BharangTeh. Ajnala Dist Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.**08.2025 at 10:00 A.M.
For details logon to https://highcourtchd.gov.in/?trs=district_notice&district=Gurdaspur
Dated, this day of 09-05-2025
**Sd/- Addl.Principal Judge Family Court, Camp Court, Batala**

---

**(U/o 5 Rule 20 CPC)**
**In the Court of**
**Ms. Pratima Singla**
**Addl.Civil Judge Senior Divn.),Zira**
CNR No. PBFZAO-000293-2022
Next Date: 30.07.2025
State Bank Of India
Vs.
Baldev Singh
Notice to:Paramjit Kaur D/o Mohan Singh S/o Surmakh Singh R/o Vill. Sarhali, Teh. Zira, Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-06-2025
**Sd/- Addl.Civil Judge Senior Divn.),Zira**

---

Criminal Courts Phillaur
**In the Court of Sh. Mukesh Kumar Singla**
**Judicial Magistrate First Class Phillaur**
**Next Date, Purpose of Case , Orders and Judgments as well as other Case information is available on http://districts.ecourts.gov. in**
Case No. :-NACT/289/2021
CNR No. PPBJLB1-002571-2021
Police Station/FIR No. Goraya//0
Next Date: 01.08.2025
Satish Batra
Versus
Harman Sandhu
Proclamation Requiring the appearance of a person accused
Notice to:Harman Sandhu Father ::-Parminder Singh R/o Village Jajja Khurd , Teh. Phillaur Dist. Jalandhar
Whereas complaint/ case has been made before me that Harman Sandhu Father ::- Parminder Singh R/oR/o Village Jajja Khurd, Teh. Phillaur Dist Jalandhar has committed (or is suspected to have committed) the offence punishable under section 138,142,139 of Negotiable Instruments Act and it has been returned to a warrant of arrest thereupon issued that the said Harman Sandhu cannot be found, and whereas it has been shown to my satisfaction that the said Harman Sandhu has absconded (or is concealing himself/herself to avoid the service of the said warrant): Proclamation is hereby made that the said Harman Sandhu is required to appear before this Court (or before me) on 01-08-2025 to answer the said complaint/case.
Dated, this day of 26.06.2025
**Sd/-Judicial Magistrate First Class, Phillaur**

---

**(U/o 5 Rule 20 CPC)**
**In the Court of**
**Hon'ble Garima Gupta**
**Civil Judge (Junior Divn.) ,Amritsar**
CNR No. PBAS02-001270-2024
Next Date: 14.08.2025
CS/813/2024DECL P INJ M INJ
Balwinder Singh S/o Dalip Singh R/o Ghanupur Kale, Teh. and Distt. Sri Amritsar
Versus
Punjab National Bank etc.
Notice to :Malkiat Kaur :- D/o Sohan Singh R/o H.No. 1171, Hargobind Avenue , Ajnala Road, Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 24-05-2025
**Sd/- Civil Judge (Junior Divn.),Amritsar**

---

**(U/o 5 Rule 20 CPC)**
**(Under Guardian And Ward Act)**
**In the Court of Sh. Harbans Singh Lekhi**
**Principal Judge of Family Court, Hoshiarpur,Camp Court at Mukerian**
CNR No. PBHOF4-000327-2024
Next Date: 14.08.2025
GW/20/2024
Order Dated : 27.03.2025
Sukhwinder Singh aged 69 Years S/o Gurdas Singh R/o H.No. 53, Ward No. 13, Railway Road, Near SPN College, Mukerian, Distt. Hoshiarpur.
...petitioner
Versus
General Public & Ors
....Respondents
Petition U/s 7 pf Guardian and ward Act for Appointment of Petitioner As Legal Guardian of Minors
Notice to: Respondent No.1 General Public Respondent No.2 Amandeep Kaur D/o Kapoor Singh, resident of Vill. Bhatnoora Lubana, Teh. Bhogpur, Distt. Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 03-06-2025
**Sd/- Principal Judge of Family Court, Hoshiarpur,Camp Court at Mukerian**

---

**(U/o 5 Rule 20 CPC)**
**In the Court of**
**Hon'ble Manisha**
**Civil Judge (Junior Divn.) ,Rupnagar**
CS/357/2024
CNR No. PBRO02-000566-2024
Next Date: 14.08.2025
Satwinder Kaur D/o Sawaran Singh S/o Surjan Singh S/o Inder Singh, Now W/o Mandeep Singh R/o Vill. Railon Kalan, Teh. and Distt. Rupnagar
Versus
General Public
Notice to :General Public :- Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 24-05-2025
**Sd/- Civil Judge (Junior Divn.),Rupnagar**

---

**(U/o 5 Rule 20 CPC)**
**In the Court of**
**Ms.Dipti Goyal**
**Principal Judge , Family Court, Mansa**
CNR No. PBMN01-004546-2024
Next Date: 14.08.2025
Sunita
Vs.
Sonu
Petition Under Section 13 of the Hindu Marriage Act, 1955 to Dissolve the Marriage in between the parties by virtue of decree of divorce on the ground of cruelty
Notice to:Sonu : S/o Dolat Ram R/o H.No. 525, Mahadev Colony, Rampur, Seuri, Kalka, Panchkula
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-05-2025
**Sd/- Principal Judge , Family Court, Mansa**

---

**PLA (PUS) 2025/235**
**Dt. 25/6/2025**
Before The Hon'ble Chairman , Permanent lok Adalat , Public Utility Services, Sector 43. Chandigarh
in
Application No. of 2022
Next Date:
Recovery of Rs. 1,09,952.00 as on 30.09.2023 along with pendent lite & future interest w.e.f. 01-10-2023 till actual realisation @ 13.50% PA (Which includes 2% penal interest ) with monthly rest.
Punjab National Bank
.....Applicant Bank
Versus
1. Ms. Balbir Kaur w/o Sh. Gurbachan Singh R/o H.No. 6, Near Sarvodya Model School, VPO Dhanas, UT Chandigarh Pin: 160014 2. Smt. Rash Pal Kaur W/o Sh. Tarlochan VPO Dhanas, UT Chandigarh Pin: 160014 3. Sh. Arvinder Singh S/o Sh. Tarlochan VPO Dhanas, UT Chandigarh Pin: 160014 4. Sh. Jatinder Singh S/o Sh. Tarlochan VPO Dhanas, UT Chandigarh Pin: 160014
...Respondent(s)
Notice (s) to: 1. Sh. Arvinder Singh S/o Sh. Tarlochan VPO Dhanas, UT Chandigarh Pin: 160014 2. Sh. Jatinder Singh S/o Sh. Tarlochan VPO Dhanas, UT Chandigarh Pin: 160014
Whereas it has been proved to the Satisfaction to the Hon'ble court that the Respondent (s) No.3&4/borrower(s)cannot be served in the ordinary way. Hence, this publication is ordered under order 5 Rule 20 Cpc is hereby issued against respondent(s) No. 3 & 4 Namely Sh. Arvinder Singh S/o Sh. Tarlochan VPO Dhanas, UT Chandigarh Pin: 160014 and Sh. Jatinder Singh S/o Sh. Tarlochan VPO Dhanas, UT Chandigarh Pin: 160014 in the above titled case so that respondent No.3 & 4 should be served through publication and appears personally or through counsel on 24.07.2025 at 10.30 am In case you faild to appear on the aforesaid date it would be persumed that you have nothing to say in this regard and the case will be decided on merits.
Given under my hand and the seal of the court this day of 25th June 2025
**Sd/- S.K Sachdeva Chairman Permanent Lok Adalat (Public Utility Services ) Sector43 Chandigarh**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਤੁਹਾਡੇ ਕੋਲ ਸਿਵਾਏ ਗਾਲ੍ਹਾਂ ਕੱਢਣ ਦੇ ਕੰਮ ਨਹੀਂ, ਅਸੀਂ ਸੰਗਤ ਦੀ ਸੇਵਾ ਕਰਨ ਵਾਸਤੇ ਪਾਰਟੀ ਬਦਲੀ : ਬੱਬਰ ਤੇ ਖੰਨਾ





ਨਵੀਂ ਦਿੱਲੀ, 26 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਸੁਖਵਿੰਦਰ ਸਿੰਘ ਬੱਬਰ ਤੇ ਸਰਦਾਰ ਗੁਰਪ੍ਰੀਤ ਸਿੰਘ ਖੰਨਾ ਨੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਕਿਹਾ ਹੈ ਕਿ ਤੁਹਾਡੇ ਕੋਲ ਸਿਵਾਏ ਗਾਲ੍ਹਾਂ ਕੱਢਣ ਦੇ ਹੋਰ ਕੋਈ ਕੰਮ ਨਹੀਂ ਹੈ ਜਦਕਿ ਸਾਨੂੰ ਸੰਗਤਾਂ ਨੇ ਸੇਵਾ ਕਰਨ ਵਾਸਤੇ ਚੁਣਿਆ ਹੈ ਤੇ ਅਸੀਂ ਸੰਗਤਾਂ ਦੀ ਸੇਵਾ ਕਰਨ ਵਾਸਤੇ ਪਾਰਟੀ ਬਦਲੀ ਹੈ।

ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਸੁਖਵਿੰਦਰ ਸਿੰਘ ਬੱਬਰ ਤੇ ਸਰਦਾਰ ਗੁਰਪ੍ਰੀਤ ਸਿੰਘ ਖੰਨਾ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਸੰਗਤ ਨੇ ਉਹਨਾਂ ਨੂੰ ਸੇਵਾ ਦੇ ਕੰਮ ਵਾਸਤੇ ਚੁਣਿਆ ਸੀ। ਉਹਨਾਂ ਕਿਹਾ ਕਿ ਬਜਾਏ ਸੇਵਾ ਦੇ ਕਾਰਜ ਕਰਨ ਦੇ ਸਰਨਾ ਭਰਾਵਾਂ ਵੱਲੋਂ ਹਰ ਵੇਲੇ ਗਾਲ੍ਹਾਂ ਕੱਢਣ ਤੇ ਮੰਦੀ ਸ਼ਬਦਾਵਲੀ ਬੋਲਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਹੈ। ਉਹਨਾਂ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਸਰਨਾ ਭਰਾਵਾਂ ਦੇ ਇਸ ਵਿਹਾਰ ਤੋਂ ਅੱਕੇ ਪਏ ਸੀ।

ਉਹਨਾਂ ਕਿਹਾ ਕਿ ਦੂਜੇ ਪਾਸੇ ਸਰਦਾਰ ਹਰਮੀਤ ਸਿੰਘ ਕਾਲਕਾ ਦੀ ਅਗਵਾਈ ਵਾਲੀ ਟੀਮ ਸੰਗਤ ਦੀ ਸੇਵਾ ਦੇ ਕਾਰਜ ਨਿਰੰਤਰ ਕਰ ਰਹੀ ਹੈ। ਉਹਨਾਂ ਕਿਹਾ ਕਿ ਸਿਰਫ ਗੁਰਦੁਆਰਾ ਪ੍ਰਬੰਧਨ ਹੀ ਨਹੀਂ ਬਲਕਿ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਵੀ ਇਸ ਟੀਮ ਵੱਲੋਂ ਲਾਮਿਸਾਲ ਕੰਮ ਕੀਤੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਇਸ ਟੀਮ ਵੱਲੋਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚਿਆਂ ਵਾਸਤੇ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ। ਦੇਸ਼-ਵਿਦੇਸ਼ ਵਿਚ ਉਠਦੇ ਸਿੱਖ ਮਸਲਿਆਂ ਦੇ ਹੱਲ ਵਾਸਤੇ ਕੰਮ ਕੀਤਾ ਜਾ ਰਿਹਾ ਹੈ ਤੇ ਹਾਲ ਹੀ ਇਸਦੇ ਯਤਨਾਂ ਨਾਲ ਦਿੱਲੀ ਸਰਕਾਰ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜੀਆਂ ਨੂੰ ਨੌਕਰੀਆਂ ਦੇਣੀਆਂ ਵੀ ਸ਼ੁਰੂ ਕੀਤੀਆਂ ਹਨ ਜਦੋਂ ਕਿ ਦੂਜੇ ਪਾਸੇ ਸਰਨਾ ਭਰਾ ਤਾਂ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਨਮਾਨਤ ਕਰਦਾ ਰਿਹਾ ਹੈ।

ਉਹਨਾਂ ਕਿਹਾ ਕਿ ਸੇਵਾ ਕੰਮਾਂ ਦੀ ਜ਼ਿੰਮੇਵਾਰੀ ਸਾਡੀ ਬਣਦੀ ਹੈ, ਇਸੇ ਵਾਸਤੇ ਅਸੀਂ ਤੁਹਾਡਾ ਸਾਥ ਛੱਡ ਕੇ ਸੰਗਤ ਦੀ ਸੇਵਾ ਦੇ ਰਾਹ ਨੂੰ ਚੁਣਿਆ ਹੈ। ਉਹਨਾਂ ਕਿਹਾ ਕਿ ਸਰਨਾ ਭਰਾ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਨੂੰ ਬਦਨਾਮ ਕਰਨ ਦੇ ਯਤਨ ਨਾ ਕਰਨ।

# ਸ੍ਰੀ ਅਮਰਨਾਥ ਯਾਤਰਾ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ



ਚੰਡੀਗੜ੍ਹ/ਪਠਾਨਕੋਟ, 26 ਜੂਨ, (ਚ.ਨ.ਸ.) : ਸ੍ਰੀ ਅਮਰਨਾਥ ਯਾਤਰਾ 2025 ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਵੱਲੋਂ ਇੱਕ ਵਿਆਪਕ, ਬਹੁ-ਪੱਧਰੀ, ਅਤੇ ਅੰਤਰ-ਏਜੰਸੀ ਸੁਰੱਖਿਆ ਅਤੇ ਤਾਲਮੇਲ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਵਿੱਚ ਸ਼ਰਧਾਲੂਆਂ ਦੀ ਸੁਰੱਖਿਆ ਲਈ ਉੱਨਤ ਨਿਗਰਾਨੀ, ਫੋਰਸ ਦੀ ਰਣਨੀਤਕ ਤਾਇਨਾਤੀ ਅਤੇ 24 ਘੰਟੇ ਤਾਲਮੇਲ ਯਕੀਨੀ ਬਣਾਇਆ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦਿੱਤੀ।

ਦੱਸਣਯੋਗ ਹੈ ਕਿ ਇਸ ਸਾਲ ਪਵਿੱਤਰ ਸ੍ਰੀ ਅਮਰਨਾਥ ਯਾਤਰਾ 3 ਜੁਲਾਈ, 2025 ਨੂੰ ਸ਼ੁਰੂ ਹੋ ਕੇ 9 ਅਗਸਤ, 2025 ਤੱਕ ਜਾਰੀ ਰਹੇਗੀ। ਇਸ ਸਾਲਾਨਾ ਯਾਤਰਾ ਵਿੱਚ ਦੇਸ਼ ਭਰ ਤੋਂ ਲੱਖਾਂ ਸ਼ਰਧਾਲੂ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਈ ਸ਼ਰਧਾਲੂ ਜੰਮੂ ਅਤੇ ਕਸ਼ਮੀਰ ਵਿਖੇ ਪਵਿੱਤਰ ਗੁਫਾ ਵਾਲੇ ਤੀਰਥ ਸਥਾਨ ਜਾਣ ਲਈ ਪੰਜਾਬ, ਖਾਸ ਕਰਕੇ ਪਠਾਨਕੋਟ ਜ਼ਿਲ੍ਹੇ ਵਿੱਚੋਂ ਲੰਘਦੇ ਹਨ।

ਸਪੈਸ਼ਲ ਡੀਜੀਪੀ ਸਾਲਾਨਾ ਤੀਰਥ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਅਤੇ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਇੱਕ ਵਿਆਪਕ ਉੱਚ-ਪੱਧਰੀ ਸੁਰੱਖਿਆ ਅਤੇ ਤਾਲਮੇਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਪਠਾਨਕੋਟ ਵਿੱਚ ਹੋਈ ਇਸ ਮੀਟਿੰਗ ਦੌਰਾਨ ਚੱਲ ਰਹੀ ਅਮਰਨਾਥ ਯਾਤਰਾ ਸਬੰਧੀ ਰਣਨੀਤਕ ਤਿਆਰੀਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ, ਜਿਸ ਵਿੱਚ ਪੁਲਿਸ ਦੀ ਤਾਇਨਾਤੀ, ਸੁਰੱਖਿਆ ਉਪਾਅ, ਆਵਾਜਾਈ ਪ੍ਰਬੰਧਨ ਅਤੇ ਆਫ਼ਤ ਪ੍ਰਬੰਧਨ ਵਰਗੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਚਰਚਾ ਕੀਤੀ ਗਈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਕਿਸੇ ਵੀ ਸੰਭਾਵੀ ਖ਼ਤਰੇ ਦਾ ਪਤਾ ਲਗਾਉਣ ਅਤੇ ਉਸ ਨੂੰ ਰੋਕਣ ਲਈ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਲੰਗਰ (ਕਮਿਊਨਿਟੀ ਕਿਚਨ) ਸਥਾਨਾਂ, ਧਾਰਮਿਕ ਸਥਾਨਾਂ ਅਤੇ ਪੂਰੇ ਯਾਤਰਾ ਰੂਟ ਸਮੇਤ ਸੰਵੇਦਨਸ਼ੀਲ ਥਾਵਾਂ 'ਤੇ ਰੋਜ਼ਾਨਾ ਐਂਟੀ ਸਾਬੋਟੇਜ ਅਤੇ ਸੁਰੱਖਿਆ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਭਾਰਤੀ ਫੌਜ, ਸੀਮਾ ਸੁਰੱਖਿਆ ਬਲ (ਬੀਐਸਐਫ), ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀਏਪੀਐਫ), ਜੰਮੂ ਅਤੇ ਕਸ਼ਮੀਰ ਪੁਲਿਸ, ਹਿਮਾਚਲ ਪ੍ਰਦੇਸ਼ ਪੁਲਿਸ ਅਤੇ ਹੋਰ ਕੇਂਦਰੀ ਏਜੰਸੀਆਂ ਸਮੇਤ ਸਾਰੇ ਭਾਈਵਾਲਾਂ ਦਰਮਿਆਨ ਮਜ਼ਬੂਤ ਤਾਲਮੇਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਦੱਸਿਆ ਕਿ ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖਣ ਲਈ ਮੋਬਾਈਲ ਨਿਗਰਾਨ ਯੂਨਿਟਾਂ, ਹਾਈ-ਰੈਜ਼ੋਲੂਸ਼ਨ ਸੀਸੀਟੀਵੀ ਨਿਗਰਾਨੀ, ਡਰੋਨ-ਅਧਾਰਤ ਹਵਾਈ ਨਿਗਰਾਨੀ, ਜੀਪੀਐਸ-ਸਮਰਥਿਤ ਗਸ਼ਤ ਅਤੇ ਅਸਲ ਸਮੇਂ ਦੀਆਂ ਰਿਪੋਰਟਿੰਗ ਵਿਧੀਆਂ ਸਮੇਤ ਵਾਧੂ ਤਕਨੀਕੀ ਸਹਾਇਤਾ ਦੀ ਵਰਤੋਂ ਕੀਤੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਪੁਲਿਸ ਵੱਲੋਂ ਯਾਤਰਾ ਰੂਟ 'ਤੇ ਸਥਿਤ ਪੈਟਰੋਲ ਪੰਪਾਂ, ਢਾਬਿਆਂ, ਹੋਟਲਾਂ, ਗੈਸਟ ਹਾਊਸਾਂ ਅਤੇ ਸੜਕ ਕਿਨਾਰੇ ਸਥਿਤ ਹੋਰ ਅਦਾਰਿਆਂ ਦੇ ਮਾਲਕਾਂ ਅਤੇ ਸਟਾਫ ਨੂੰ ਜਾਣਕਾਰੀ ਅਤੇ ਸਿਖਲਾਈ ਦਿੱਤੀ ਗਈ ਹੈ ਤਾਂ ਜੋ ਉਹ ਕਿਸੇ ਵੀ ਅਸਾਧਾਰਨ ਗਤੀਵਿਧੀ, ਸ਼ੱਕੀ ਵਸਤੂਆਂ ਜਾਂ ਅਣਪਛਾਤੇ ਵਿਅਕਤੀਆਂ ਬਾਰੇ ਬਿਨਾਂ ਦੇਰੀ ਦੇ ਨਜ਼ਦੀਕੀ ਥਾਣੇ ਨੂੰ ਜਾਣਕਾਰੀ ਦੇ ਸਕਣ।

ਮੀਟਿੰਗ ਵਿੱਚ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ, ਏਆਈਜੀ ਸੁਖਮਿੰਦਰ ਸਿੰਘ ਮਾਨ, ਡਿਪਟੀ ਕਮਿਸ਼ਨਰ ਪਠਾਨਕੋਟ ਆਦਿਤਿਆ ਉੱਪਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ, ਡਿਪਟੀ ਕਮਿਸ਼ਨਰ ਕਠੂਆ ਡਾ. ਰਾਕੇਸ਼ ਮਿਨਹਾਸ, ਐਸਐਸਪੀ ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ, ਐਸਐਸਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਅਤੇ ਭਾਰਤੀ ਫੌਜ, ਭਾਰਤੀ ਹਵਾਈ ਸੈਨਾ ਅਤੇ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀ ਅਤੇ ਗੁਆਂਢੀ ਸੂਬੇ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਪੁਲਿਸ ਅਤੇ ਸਿਵਲ ਅਧਿਕਾਰੀ ਵੀ ਸ਼ਾਮਲ ਸਨ।

### ਬੇਦਖਲੀ ਸੂਚਨਾ

ਮੈਂ, ਸੰਜੀਦਾ ਪਤਨੀ ਲੇਟ ਮੁਹੰਮਦ ਇਸਲਾਮ ਵਾਸੀ ਮੁਹੱਲਾ ਦੀਪ ਨਗਰ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਹਾਂ। ਮੇਰਾ ਲੜਕਾ ਇਨਾਮ ਅਤੇ ਉਸਦੀ ਪਤਨੀ ਗੀਤਾ ਮੇਰੇ ਕਹਿਣੇ ਤੋਂ ਬਾਹਰ ਹਨ। ਦੋਨਾਂ ਨੂੰ ਬੇਦਖਲ ਕਰਦੀ ਹਾਂ। ਅਗਰ ਕੋਈ ਵੀ ਇਹਨਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ, ਇਸ ਲਈ ਉਹ ਖੁਦ ਜ਼ਿੰਮੇਵਾਰ ਹੋਣਗੇ। ਸਬੰਧਤ ਨੋਟ ਕਰਨ।

**ਜਨਤਕ ਸੂਚਨਾ**

ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਰਾਜ ਅਧਿਕਾਰੀ, ਯੂ.ਟੀ., ਚੰਡੀਗੜ੍ਹ



ਵਿਸ਼ਾ-: ਸਵਰਗੀ ਸ੍ਰੀ ਯਗਦੀਪ ਸਿੰਘ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰ. 311, ਸੈਕਟਰ 40-ਡੀ, ਚੰਡੀਗੜ੍ਹ (ਸੀ.ਪੀ. 6039) ਦੇ ਸੰਬੰਧ ਵਿੱਚ 50% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ੍ਰੀ ਯਗਦੀਪ ਸਿੰਘ ਵਪਾਰਕ ਐਸ.ਸੀ.ਓ. ਨੰ. 311, ਸੈਕਟਰ 40-ਡੀ, ਚੰਡੀਗੜ੍ਹ ਦੇ 50% ਹਿੱਸੇ ਦੇ ਮਾਲਕ/ਪੱਟੇਦਾਰ ਹਨ। ਅਰਵਿੰਦਰ ਕੌਰ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ੍ਰੀ. ਯਗਦੀਪ ਸਿੰਘ ਦੀ ਮੌਤ 18/04/2025 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਸਿਮਰਜੀਤ ਸਿੰਘ (ਪੁੱਤਰ) (2) ਜਸਨੂਰ ਕੌਰ (ਧੀ) (3) ਅਰਵਿੰਦਰ ਕੌਰ (ਪਤਨੀ) (4) ਸਤਪਾਲ ਕੌਰ (ਮਾਂ) (5) ਕੀਰਤ ਨੂਰ ਕੌਰ (ਧੀ)। ਹੁਣ ਅਰਵਿੰਦਰ ਕੌਰ ਨੇ ਵਪਾਰਕ ਐਸਸੀਓ ਨੰਬਰ 311, ਸੈਕਟਰ 40-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਰਹੂਮ ਸ੍ਰੀ ਯਗਦੀਪ ਸਿੰਘ ਦੁਆਰਾ ਆਪਣੇ ਹੱਕ ਵਿੱਚ ਰੱਖੇ 50% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ, ਮਿਤੀ 16/04/2025 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**

### ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ), ਫਤਿਹਗੜ੍ਹ ਸਾਹਿਬ

**ਜਨਤਕ ਨੋਟਿਸ**

ਇਸ ਅਦਾਲਤ ਵਿੱਚ ਸ੍ਰੀ ਉਜਾਗਰ ਸਿੰਘ ਪੁੱਤਰ ਅਮਰ ਸਿੰਘ ਵਾਸੀ/ਖੇਵਟਦਾਰ ਪਿੰਡ ਬੋਰਾਂ ਤਹਿਸੀਲ ਵਾ ਜ਼ਿਲਾ ਫਤਿਹਗੜ੍ਹ ਸਾਹਿਬ ਵੱਲੋਂ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਹ ਪਿੰਡ ਬੋਰਾਂ ਤਹਿਸੀਲ ਵਾ ਜ਼ਿਲਾ ਫਤਿਹਗੜ੍ਹ ਸਾਹਿਬ ਦਾ ਖੇਵਟਦਾਰ ਹੈ। ਮੇਰਾ ਰਿਕਾਰਡ ਮਾਲ ਵਿੱਚ ਚੱਲ ਰਹੇ ਨਾਮ ਜਾਗਰ ਸਿੰਘ ਪੁੱਤਰ ਅਮਰ ਸਿੰਘ ਤੋ ਬਦਲ ਕੇ ਜਾਗਰ ਸਿੰਘ ਉਰਫ ਉਜਾਗਰ ਸਿੰਘ ਪੁੱਤਰ ਅਮਰ ਸਿੰਘ ਕੀਤਾ ਜਾਵੇ। ਇਸ ਸਬੰਧੀ ਪ੍ਰਾਰਥੀ ਵੱਲੋਂ ਪੁਖਤਾ ਸਬੂਤ ਵੀ ਨਾਲ ਸ਼ਾਮਿਲ ਕੀਤੇ ਗਏ ਹਨ। ਉਕਤ ਸਬੰਧੀ ਪੰਜਾਬ ਸਰਕਾਰ ਮਾਲ, ਪੁਨਰਵਾਸ ਤੇ ਡਿਜਸਟਰ ਮੈਨੇਜਮੈਂਟ ਵਿਭਾਗ ਦੇ ਮੀਮੋ ਨੰਬਰ 25/78/2012- ਭ.ਮ.-2/12445-71 ਚੰਡੀਗੜ੍ਹ ਮਿਤੀ 26-7-2013 ਅਨੁਸਾਰ ਪ੍ਰਾਰਥੀ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਰਿਕਾਰਡ ਮਾਲ ਵਿੱਚ ਇਸ ਦਾ ਨਾਮ ਜਾਗਰ ਸਿੰਘ ਪੁੱਤਰ ਅਮਰ ਸਿੰਘ ਤੋ ਬਦਲ ਕੇ ਜਾਗਰ ਸਿੰਘ ਉਰਫ ਉਜਾਗਰ ਸਿੰਘ ਪੁੱਤਰ ਅਮਰ ਸਿੰਘ ਕਰਨ ਵਿੱਚ ਜੇਕਰ ਕਿਸੇ ਆਮ ਅਤੇ ਖਾਸ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਦੇ ਪ੍ਰਕਾਸ਼ਤ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋ ਕੇ ਕਰ ਸਕਦਾ ਹੈ। ਇਸ ਮਿਤੀ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ। ਇਹ ਨੋਟਿਸ ਅੱਜ ਮਿਤੀ 23-6-2025 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ।

ਸਰਕਲ ਰੈਵੀਨਿਊ ਅਫਸਰ-ਕਮ-ਤਹਿਸੀਲਦਾਰ, ਫਤਿਹਗੜ੍ਹ ਸਾਹਿਬ।

**ਜਨਤਕ ਨੋਟਿਸ**



**ਸ੍ਰੀਮਤੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

ਵਿਸ਼ਾ: 17.08.2007 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਸਵਰਗੀ ਸ੍ਰੀ ਸੂਰਤ ਸਿੰਘ, ਜਿਨ੍ਹਾਂ ਦੀ ਮੌਤ 13.09.2017 ਨੂੰ ਹੋਈ ਸੀ [illegible] ਇੰਡਸਟਰੀਅਲ ਏਰੀਆ [illegible] ਮਾਲਕੀ ਦੇ [illegible]

[illegible]

ਹੀ ਸਰ ਗਿਆ ਸੀ।

ਸ੍ਰੀ ਜਰਨੈਲ ਸਿੰਘ ਦੀ ਮੌਤ 14.06.2024 ਨੂੰ ਹੋਈ (ਬਿਨਾਂ ਵਸੀਅਤ) ਅਤੇ ਉਹ ਆਪਣੇ ਪਿੱਛੇ ਆਪਣੇ ਕਾਨੂੰਨੀ ਵਾਰਸ ਛੱਡ ਗਏ ਹਨ ਜਿਵੇਂ ਕਿ (i) ਸ੍ਰੀਮਤੀ ਚਰਨਜੀਤ ਕੌਰ (ਪਤਨੀ) (ii) ਸ੍ਰੀ ਜਸਬੀਰ ਸਿੰਘ (iii) ਸ੍ਰੀ ਪਰਮਿੰਦਰ ਸਿੰਘ (iv) ਸ੍ਰੀ ਅਰਬਿੰਦਰ ਸਿੰਘ। ਉਨ੍ਹਾਂ ਨੇ ਇਹ ਵੀ ਸੂਚਿਤ ਕੀਤਾ ਹੈ ਕਿ ਮ੍ਰਿਤਕ ਸ੍ਰੀ ਸੂਰਤ ਸਿੰਘ ਦੇ ਕਾਨੂੰਨੀ ਵਾਰਸ ਹੇਠ ਲਿਖੇ ਹਨ:-

| ਲ.ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਸੰਬੰਧ |
|---|---|---|
| 1. | ਸ੍ਰੀ ਜਰਨੈਲ ਸਿੰਘ | ਪੁੱਤਰ (ਮੌਤ 14.06.2024 ਨੂੰ ਹੋਈ) |
| 2. | ਸ੍ਰੀ ਰਣਜੀਤ ਸਿੰਘ | ਪੁੱਤਰ |
| 3. | ਸ੍ਰੀ ਪਰਮਜੀਤ ਸਿੰਘ | ਪੁੱਤਰ |
| 4. | ਸ੍ਰੀਮਤੀ ਦਲਜੀਤ ਕੌਰ | ਪੁੱਤਰੀ |
| 5. | ਸ੍ਰੀਮਤੀ ਗੁਰਮੀਤ ਕੌਰ | ਪੁੱਤਰੀ |
| 6. | ਸ੍ਰੀਮਤੀ ਹਰਬੰਸ ਕੌਰ | ਦੂਜੀ ਪਤਨੀ (ਸਵ. ਸੂਰਤ ਸਿੰਘ ਨਾਲ ਦੁਬਾਰਾ ਵਿਆਹ) |
| 7. | ਸ੍ਰੀ ਸੋਹਣ ਸਿੰਘ | ਪੁੱਤਰ ਸਵ. ਸ੍ਰੀ ਚੰਨਣ ਸਿੰਘ ਸਵਰਗੀ ਸ੍ਰੀ ਸੂਰਤ ਸਿੰਘ ਦੇ ਵੱਡੇ ਭਰਾ |
| 8. | ਸ੍ਰੀ ਭੁਪਿੰਦਰ ਸਿੰਘ | ਪੁੱਤਰ ਸਵ. ਸ੍ਰੀ ਚੰਨਣ ਸਿੰਘ ਸਵਰਗੀ ਸ੍ਰੀ ਸੂਰਤ ਸਿੰਘ ਦੇ ਵੱਡੇ ਭਰਾ |
| 9. | ਸ੍ਰੀ ਜਸਪਾਲ ਸਿੰਘ | ਪੁੱਤਰ ਸਵ. ਸ੍ਰੀ ਚੰਨਣ ਸਿੰਘ ਸਵਰਗੀ ਸ੍ਰੀ ਸੂਰਤ ਸਿੰਘ ਦੇ ਵੱਡੇ ਭਰਾ |
| 10. | ਸ੍ਰੀਮਤੀ ਭੁਪਿੰਦਰ ਕੌਰ | ਸਪੁੱਤਰੀ ਸਵ. ਸ੍ਰੀ ਚੰਨਣ ਸਿੰਘ ਸਵ. ਸ੍ਰੀ ਸੂਰਤ ਸਿੰਘ ਦੇ ਵੱਡੇ ਭਰਾ |
| 11. | ਸ੍ਰੀਮਤੀ ਇੰਦਰਜੀਤ ਕੌਰ | ਸਪੁੱਤਰੀ ਸਵ. ਸ੍ਰੀ ਚੰਨਣ ਸਿੰਘ ਸਵ. ਸ੍ਰੀ ਸੂਰਤ ਸਿੰਘ ਦੇ ਵੱਡੇ ਭਰਾ |
| 12. | ਸ੍ਰੀਮਤੀ ਅਮਰਜੀਤ ਕੌਰ | ਪੁੱਤਰੀ |
| 13. | ਸ੍ਰੀ ਹਰਬੰਸ ਸਿੰਘ | ਸਵ. ਸ੍ਰੀ ਸੂਰਤ ਸਿੰਘ ਦੇ ਜਵਾਈ |
| 14. | ਸ੍ਰੀ ਅਵਤਾਰ ਸਿੰਘ | ਸਵ. ਸ੍ਰੀ ਸੂਰਤ ਸਿੰਘ ਦੇ ਪੋਤਾ |
| 15. | ਸ੍ਰੀਮਤੀ ਜਸਪ੍ਰੀਤ ਕੌਰ | ਸਵ. ਸ੍ਰੀ ਸੂਰਤ ਸਿੰਘ ਦੀ ਪੋਤੀ |
| 16. | ਸ੍ਰੀਮਤੀ ਚਰਨਜੀਤ ਕੌਰ | ਸਵ. ਸ੍ਰੀ ਜਰਨੈਲ ਸਿੰਘ ਦੀ ਪਤਨੀ ਅਤੇ ਸਵਰਗੀ ਸ੍ਰੀ ਸੂਰਤ ਸਿੰਘ ਦੀ ਨੂੰਹ |
| 17. | ਸ੍ਰੀ ਪਰਵਿੰਦਰ ਸਿੰਘ | ਸਵ. ਸ੍ਰੀ ਸੂਰਤ ਸਿੰਘ ਦੇ ਪੋਤੇ ਅਤੇ ਸਪੁੱਤਰ ਸਵ. ਸ੍ਰੀ ਜਰਨੈਲ ਸਿੰਘ |
| 18. | ਅਰਬਿੰਦਰ ਸਿੰਘ | ਸਵ. ਸ੍ਰੀ ਸੂਰਤ ਸਿੰਘ ਦੇ ਪੋਤੇ ਅਤੇ ਸਪੁੱਤਰ ਸਵ. ਸ੍ਰੀ ਜਰਨੈਲ ਸਿੰਘ |
| 19. | ਸ੍ਰੀ ਜਸਬੀਰ ਸਿੰਘ | ਸਵ. ਸ੍ਰੀ ਸੂਰਤ ਸਿੰਘ ਦੇ ਪੋਤੇ ਅਤੇ ਸਪੁੱਤਰ ਸਵ. ਸ੍ਰੀ ਜਰਨੈਲ ਸਿੰਘ |

ਹੁਣ, (i) ਸ੍ਰੀਮਤੀ ਚਰਨਜੀਤ ਕੌਰ (ਪਤਨੀ) -4.17% ਹਿੱਸਾ (ii) ਸ੍ਰੀ ਜਸਬੀਰ ਸਿੰਘ (ਪੁੱਤਰ) 4.17% ਹਿੱਸਾ (iii) ਸ੍ਰੀ ਪਰਮਿੰਦਰ ਸਿੰਘ (ਪੁੱਤਰ) -4.17% ਹਿੱਸਾ (iv) ਸ੍ਰੀ ਅਰਬਿੰਦਰ ਸਿੰਘ (ਪੁੱਤਰ) - 4.16% ਹਿੱਸਾ ਸਵਰਗੀ ਸ੍ਰੀ ਜਰਨੈਲ ਸਿੰਘ ਦੇ ਕਾਨੂੰਨੀ ਵਾਰਸ ਜੋ ਆਪਣੇ ਪਿਤਾ ਸਵਰਗੀ ਸ੍ਰੀ ਸੂਰਤ ਸਿੰਘ ਦੀ ਰਜਿਸਟਰਡ ਵਸੀਅਤ ਦੇ ਲਾਭਪਾਤਰੀ ਸਨ ਅਤੇ (v) ਸ੍ਰੀ ਰਣਜੀਤ ਸਿੰਘ -16.67% ਹਿੱਸਾ (vi) ਸ੍ਰੀ ਪਰਮਜੀਤ ਸਿੰਘ -16.66% ਹਿੱਸਾ ਦੋਵੇਂ ਪੁੱਤਰਾਨ ਸਵ. ਸ੍ਰੀ ਸੂਰਤ ਸਿੰਘ ਨੇ ਆਪਣੇ ਪੱਖ ਵਿਚ 50% ਤੱਕ ਹਿੱਸੇ ਦੇ ਤਬਾਦਲੇ ਵਾਸਤੇ 17.08.2007 ਸਵ. ਸ੍ਰੀ ਸੂਰਤ ਸਿੰਘ, ਜਿਨ੍ਹਾਂ ਦੀ ਮੌਤ 13.09.2017 ਨੂੰ ਹੋ ਗਏ ਸੀ, ਦੀ ਪੰਜੀਕ੍ਰਿਤ ਵਸੀਅਤ ਅਤੇ ਸਵ. ਸ੍ਰੀ ਜਰਨੈਲ ਸਿੰਘ, ਜਿਨ੍ਹਾਂ ਦੀ ਮੌਤ14.06.2024 ਨੂੰ ਹੋਈ ਸੀ, ਦੇ ਅਧਾਰ 'ਤੇ ਆਪਣੇ ਪੱਖ ਵਿਚ ਮਲਕੀਅਤ ਦਾ ਤਬਾਦਲਾ ਕਰਨ ਲਈ ਬਿਨੈ ਕੀਤੀ ਹੈ। ਜੇਕਰ, ਕਿਸੇ ਕੋਲ ਉਪਰੋਕਤ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਉਹ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕਰ ਸਕਦਾ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਦੀ ਮਾਲਕੀ ਦੇ ਤਬਾਦਲੇ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ-ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਨੂੰ ਉਸੇ ਅਨੁਸਾਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ ਯੂ.ਟੀ.. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

### ਬੈਂਕ ਆਫ ਬੜੌਦਾ Bank of Baroda

ਸ਼ਾਖਾ ਦਫਤਰ : ਆਰਓ ਐਸਏਆਰਬੀ
ਪਤਾ : ਬੀXX-3369, ਤੀਜੀ ਮੰਜ਼ਿਲ, ਸੰਧੂ ਟਾਵਰ-II, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
ਸੰਪਰਕ ਨੰ. 0161-5127233
Email ID:SARLUD@bankofbaroda.com

**[ਨਿਯਮ 8 (1)] ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈਆਂ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਖਾਤੇ, ਕਰਜ਼ਦਾਰ/ਮਾਲਕ/ ਜ਼ਾਮਨ/ਗਿਰਵੀਕਾਰ ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| **ਕਰਜ਼ਦਾਰ: ਸ੍ਰੀ ਹੈਪੀ ਕੁਮਾਰ ਪੁੱਤਰ ਸ੍ਰੀ ਭੋਲਾ ਰਾਮ ਅਤੇ ਸ੍ਰੀਮਤੀ ਰਿਤੂ ਦੇਵੀ ਪਤਨੀ ਸ੍ਰੀ ਹੈਪੀ ਕੁਮਾਰ** ਪਤਾ: ਮਕਾਨ ਨੰਬਰ 12573 ਗਲੀ ਨੰਬਰ 1, ਇਕਬਾਲ ਨਗਰ, ਤਾਜਪੁਰ ਰੋਡ, ਲੁਧਿਆਣਾ-141008, ਮਕਾਨ ਨੰਬਰ XXIX-1706/175-ਬੀ, ਗਲੀ ਨੰਬਰ 5 ਪ੍ਰੀਤ ਨਗਰ, ਚਿਮਨੀ ਰੋਡ, ਸ਼ਿਮਲਾਪੁਰੀ ਲੁਧਿਆਣਾ - 141004 | ਵਿਕਰੀ ਡੀਡ ਵਸੀਕਾ ਨੰਬਰ 2021-22/103/1/7866 ਮਿਤੀ 29.10.2021 ਨੂੰ ਸ੍ਰੀ ਹੈਪੀ ਕੁਮਾਰ ਪੁੱਤਰ ਸ੍ਰੀ ਭੋਲਾ ਰਾਮ ਦੇ ਨਾਮ 'ਤੇ 124 ਵਰਗ ਗਜ਼ ਦੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ, ਖਸਰਾ ਨੰਬਰ 884 ਗਲੀ ਨੰਬਰ 5 ਪ੍ਰੀਤ ਨਗਰ, ਖਾਤਾ ਨੰਬਰ 2736/3468 ਵਿਖੇ ਸਥਿਤ ਹੈ ਜੋ ਕਿ ਸਾਲ 2010-11 ਦੀ ਜਮਾਂਬੰਦੀ ਅਨੁਸਾਰ ਗਿੱਲ-2, ਹੱਦਬਸਤ ਨੰਬਰ 263 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਸੰਪੱਤੀ। **ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:** ਪੂਰਬ: ਸ੍ਰੀ ਮਹਿੰਦਰ ਸਿੰਘ (18'-0"), ਪੱਛਮ: (18'-0") ਰੋਡ, ਉੱਤਰ: ਦੂਜਿਆਂ ਦੀ ਜਾਇਦਾਦ (67'-6"), ਦੱਖਣ: ਦੂਜਿਆਂ ਦੀ ਜਾਇਦਾਦ (68'-6") | 13.05.2024 | 26.06.2025 | Rs. 34,62,972.68/- (ਰੁ. ਚੌਂਤੀ ਲੱਖ ਬਾਹਠ ਹਜ਼ਾਰ ਨੌਂ ਸੌ ਬਹੱਤਰ ਅਤੇ ਅਠਾਹਠ ਪੈਸੇ ਕੇਵਲ) 11.05.2024 ਦੇ ਅਨੁਸਾਰ ਵਿਆਜ ਸਮੇਤੇ ਠੇਕਾ ਦਰ 'ਤੇ ਅਗਲੇਰੇ ਵਿਆਜ ਅਤੇ ਫੀਸਾਂ ਸਮੇਤ ਜਮ੍ਹਾਂ ਭੁਗਤਾਨ ਦੀ ਮਿਤੀ ਤੱਥ ਲਾਗਤਾਂ, ਫੀਸਾਂ ਅਤੇ ਖਰਚੇ। |

ਮਿਤੀ : 26.06.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

### ਸਟੇਟ ਬੈਂਕ ਆਫ ਇੰਡੀਆ

ਸ਼ਾਖਾ ਦਫਤਰ : ਕੈਰੋਂ ਰੋਡ, ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ

**ਕਬਜ਼ਾ ਸੂਚਨਾ** [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।

**ਕਰਜ਼ਦਾਰ(ਾਂ)/ਜ਼ਾਮਨ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਕੈਰੋਂ ਰੋਡ, ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ** ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਸ੍ਰੀ ਮਨਪ੍ਰੀਤ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਅਤੇ ਸ੍ਰੀ ਸਵਰਨ ਸਿੰਘ ਪੁੱਤਰ ਸ੍ਰੀ ਹਰਮੰਦਰ ਸਿੰਘ, ਦੋਵੇਂ ਵਾਸੀ ਗਲੀ ਨੰ: 3, ਪ੍ਰੀਤ ਨਗਰ, ਪੰਜਾਬ ਪੈਲੇਸ ਦੇ ਸਾਹਮਣੇ ਮਲੋਟ ਜ਼ਿਲ੍ਹਾ। ਸ੍ਰੀ ਮੁਕਤਸਰ ਸਾਹਿਬ (ਕਰਜ਼ਦਾਰਾਂ) 2. ਜਸਬੀਰ ਕੌਰ ਪਤਨੀ ਸ੍ਰੀ ਸਵਰਨ ਸਿੰਘ ਵਾਸੀ ਗਲੀ ਨੰ. 3, ਪ੍ਰੀਤ ਨਗਰ, ਪੰਜਾਬ ਪੈਲੇਸ ਮਲੋਟ ਦੇ ਸਾਹਮਣੇ ਸ੍ਰੀ ਮੁਕਤਸਰ ਸਾਹਿਬ (ਜ਼ਾਮਨ) | ਵਿਕਰੀ ਡੀਡ ਨੰਬਰ 1331 ਮਿਤੀ 22.06.2007 ਅਨੁਸਾਰ, ਮਨਪ੍ਰੀਤ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਦੇ ਨਾਮ 'ਤੇ ਰਜਿਸਟਰਡ ਅਤੇ 19.12.2015 ਦੇ ਮੁੱਲਾਂਕਣ ਅਨੁਸਾਰ 5.50 ਮਰਲੇ (40'X40') ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਘਰ, ਯਾਨੀ 52 ਕਨਾਲ 17 ਮਰਲੇ ਖੇਵਟ ਨੰਬਰ 767 ਖਟੋਨੀ ਨੰਬਰ 1348 ਖਸਰਾ ਨੰਬਰ 44/2 (52-17) ਵਾਕੀਆ ਰਕਬਾ ਵੀ. ਦੇਨੇਵਾਲਾ, ਜਮ੍ਹਾਂਬੰਦੀ ਸਾਲ 2005-06 ਅਨੁਸਾਰ। **ਹੱਦਬੰਦੀ:** ਪੂਰਬ: ਸ੍ਰੀ ਵਿਕਰੇਤਾ, ਪੱਛਮ: ਗਲੀ, ਉੱਤਰ: ਸੁਖਰਾਜ ਸਿੰਘ, ਦੱਖਣ: ਹਰਦੇਵ ਸਿੰਘ | 14.10.2024 | 24.06.2025 | Rs.7,49,882.00 31.08.2012 **ਦੇ ਅਨੁਸਾਰ** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |

ਮਿਤੀ : 27.06.2025 ਸਥਾਨ : ਮਲੋਟ ਅਧਿਕਾਰਤ ਅਧਿਕਾਰੀ

---

**ਸੰ.ਸੀ-14017/01/2025- ਵਿਜੀਲੈਂਸ**

### ਭਾਰਤ ਸਰਕਾਰ

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ
ਸਿਹਤ ਅਤੇ ਪਰਿਵਾਰ ਭਲਾਈ ਵਿਭਾਗ
ਵਿਜੀਲੈਂਸ ਡਵੀਜ਼ਨ

ਅਨੁਸ਼ਾਸਨਤਮਕ ਕਾਰਜਵਾਹਨਾਂ ਦੇ ਸਬੰਧ ਵਿੱਚ ਜਾਂਚ ਅਧਿਕਾਰੀ ਦੀ ਨਿਯੁਕਤੀ ਲਈ ਨਾਮਿਤ ਕੀਤੇ ਜਾਣ ਵਾਲੇ ਕੰਪਨੀ ਦਾ ਪੈਨਲ ਆਮਤਰਿਤ ਕਰਨਾ

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਿਚ ਦੋਸ਼ੀ ਅਧਿਕਾਰੀਆਂ ਦੇ ਖਿਲਾਫ ਵਿਜੀਲੈਂਸ ਮਾਮਲਿਆਂ 'ਤੇ ਵਿਭਾਗੀ ਜਾਂਚ ਕਰਨ ਲਈ ਭਾਰਤ ਸਰਕਾਰ ਦੇ ਅਧੀਨ ਮੰਤਰਾਲੇ/ਵਿਭਾਗਾਂ/ਖੁਦਮੁਖਤਿਆਰ ਸੰਗਠਨਾਂ ਵਿਚ ਡਿਪਟੀ ਸਕੱਤਰ ਜਾਂ ਇਸ ਦੇ ਬਰਾਬਰ ਦੇ ਅਹੁਦੇ ਤੋਂ ਉਪਰ ਦੇ ਸੇਵਾਮੁਕਤ ਅਧਿਕਾਰੀਆਂ ਤੋਂ ਬਿਨੈ ਪੱਤਰ ਮੰਗੇ ਜਾਂਦੇ ਹਨ।

ਬਿਨੈ ਪੱਤਰ ਅਧੀਨ ਸਕੱਤਰ (ਵਿਜੀਲੈਂਸ), ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਕਮਰੇ 528-ਸੀ, ਨਿਰਮਾਣ ਭਵਨ, ਨਵੀਂ ਦਿੱਲੀ 110011 ਨੂੰ 31.08.2025 ਤੱਕ ਜਾਂ ਪਹਿਲਾਂ ਭੇਜੇ ਜਾਣੇ ਚਾਹੀਦੇ ਹਨ।

ਯੋਗਤਾ, ਮਾਨਦੰਡ ਅਤੇ ਹੋਰ ਸ਼ਰਤਾਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵੈੱਬਸਾਈਟ 'ਤੇ ਦੇਖੀਆਂ ਜਾ ਸਕਦੀਆਂ ਹਨ

ਸਹੀ (ਮਨੀਸ਼ ਕੁਮਾਰ) ਅਧੀਨ ਸਕੱਤਰ, ਭਾਰਤ ਸਰਕਾਰ

**CBC 17102/11/0002/2526**

---

**PSPCL Punjab State Power Corporation Limited**

ਰਜਿਸਟਰਡ ਆਫ਼ਿਸ ਪੰ:ਸ:ਪਾ:ਕਾ:ਲਿਮ: ਹੈੱਡਆਫ਼ਿਸ ਦੀ ਮਾਲ ਰੋਡ ਪਟਿਆਲਾ।
ਕਾਰਪੋਰੇਟ ਆਈ.ਡੀ. (CIN) ਨੰ: U40109PB2010SGC033813 ਵੈੱਬਸਾਈਟ www.pspcl.in
Contact No. 96461-33374
ਓਪਨ ਟੈਂਡਰ ਇਨਕੁਆਇਰੀ ਨੰ:/04/ਆਰਈ/ਓਤੇਐੱਮ/2025-26

ਓਪਨ ਪ੍ਰੈੱਸ ਟੈਂਡਰ ਇਨਕੁਆਇਰੀ ਨੰ:/04/ਆਰ.ਈ./ਓ ਤੇ ਐੱਮ/2025-26 ਰਾਹੀਂ ਕਾਰਬਨ ਬਰਸਾਂ ਦੀ ਖ਼ਰੀਦ ਕਰਨ ਲਈ ਸਥਾਨਿਕ ਇੰਜੀਨੀਅਰ/ਓ ਤੇ ਐੱਮ ਮੰਡਲ, ਆਰ.ਐਸ.ਡੀ., ਪੀ.ਐਸ.ਪੀ.ਸੀ.ਐਲ., ਸ਼ਾਹਪੁਰਕੰਡੀ (ਪਠਾਨਕੋਟ) ਦੇ ਦਫ਼ਤਰ ਵੱਲੋਂ ਟੈਂਡਰ ਮੰਗੇ ਜਾਦੇ ਹਨ। ਡਿਟੇਲਡ ਐਨ.ਆਈ.ਟੀ. ਵੈੱਬਸਾਈਟ https://pspcl.in ਤੇ ਮਿਤੀ 25.06.2025 ਸਮਾਂ ਸਵੇਰੇ 09.00 ਵਜੇ ਤੋਂ ਵੇਖੀਆਂ ਜਾ ਸਕਦੀਆਂ ਹਨ।
ਨੋਟ : ਸੋਧ ਸਬੰਧੀ ਵੇਰਵੇ ਵੈੱਬਸਾਈਟ https://pspcl.in ਤੇ ਵੇਖੇ ਜਾਣ।
**Ro No. PR Advt. No. 1079 / 12 / 2025-26 / 579 / Dated CHD : 26.06.2025**
**C 445 / 25**

---

### ਉਤਰ ਰੇਲਵੇ

**ਸੰਸ਼ੋਧਨ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਸਮਗਰੀ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ-133001 ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦ ਦੇ ਲਈ ਇਲੈਕਟ੍ਰਾਨਿਕ ਨਿਵਿਦਾ ਪ੍ਰਣਾਲੀ ਦੇ ਤਹਿਤ ਸੂਚਿਤ ਕੀਤਾ ਜਾਂਦਾ ਹੈ।

| ਲ. ਨੰ. | ਈ-ਨਿਵਿਦਾ ਨੰ. | ਸੰਸ਼ੋਧਨ (ਸੰਸ਼ੋਧਿਤ ਨਿਵਿਦਾ ਟਾਈਟਲ) | ਸੰਸ਼ੋਧਿਤ ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ |
|---|---|---|---|
| 1 | 98255251 | ਹਾਈ ਡੇਫਿਨਿਸ਼ਨ ਲੇਪ੍ਰੋਸਕੋਪਿਕ ਸਰਜਰੀ ਸੇਟ | 14.07.2025 ਨੂੰ 11:00 ਵਜੇ |

ਨੋਟ) :1) ਵਿਕ੍ਰੇਤਾ ਵੇਰਵੇ ਦੇ IREPS website i.e. www.ireps.gov.in ਲਈ ਤੇ ਜਾ ਸਕਦੇ ਹਨ। 2. ਕਿਸੇ ਵੀ ਮੈਨੂੰਅਲ ਆਫਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
ਟੈਂਡਰ ਨੰਬਰ: 98255251 ਤਾਰੀਕ : 26.06.2025 1923/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

### ਉਤਰ ਰੇਲਵੇ

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

| ਲੜੀ ਨੰਬਰ | ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|---|
| 1. | 61255693 | ਸੇਟ ਆਫ ਟੀ.ਪੀ.ਯੂ. ਰਿੰਗ | 360 ਸੇਟਸ | 24 ਜੁਲਾਈ 2025 |

ਨਿਵਿਦਾ ਸ਼ਰਤਾਂ 1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰ.: 61255693 1930/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

### ਕਰਜ਼ ਵਸੂਲੀ ਟ੍ਰਿਬਿਊਨਲ-1, ਚੰਡੀਗੜ੍ਹ

ਐਸਸੀਓ ਨੰ. 33-34-35, ਦੂਜੀ ਮੰਜ਼ਿਲ, ਸੈਕਟਰ 17-ਏ, ਚੰਡੀਗੜ੍ਹ

ਆਰ.ਸੀ.ਨੰ. 65/2021

ਕੇਨਰਾ ਬੈਂਕ ...ਸਰਟੀਫਿਕੇਟ ਹੋਲਡਰ
ਬਨਾਮ
ਸੁਰਜੀਤ ਸਿੰਘ ...ਸਰਟੀਫਿਕੇਟ ਦੇਣਦਾਰ

ਪ੍ਰਕਾਸ਼ਨ ਸੂਚਨਾ

**ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਨਾਲ ਪੜ੍ਹੇ ਜਾਣ ਵਾਲੇ ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 53 ਅਧੀਨ ਵਿਕਰੀ ਐਲਾਨ ਨਿਰਧਾਰਤ ਕਰਨ ਲਈ ਸੂਚਨਾ**
**ਵਿਕਰੀ ਘੋਸ਼ਣਾ ਦਾ ਨਿਪਟਾਰਾ ਕਰਨ ਦੀ ਸੂਚਨਾ**

ਵੱਲ,
**(ਸੀਡੀ 1) ਸ੍ਰੀ ਸੁਰਜੀਤ ਸਿੰਘ, ਨਿਵਾਸੀ ਪਿੰਡ ਆਸ਼ੀਕੇ, ਡਾਕਖਾਨਾ ਮੱਲਾਂਵਾਲਾ ਖਾਸ, ਤਹਿਸੀਲ ਜ਼ੀਰਾ।**
ਜਦੋਂ ਕਿ, ਮਾਨਯੋਗ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਜਾਰੀ ਕੀਤਾ ਗਿਆ ਇੱਕ ਰਿਕਵਰੀ **ਸਰਟੀਫਿਕੇਟ ਨੰਬਰ 65/2021 ਓ.ਏ. ਨੰਬਰ 1883/2019 ਵਿੱਚ 22,02,558/- ਰੁਪਏ (ਰੁ. ਬਾਈ ਲੱਖ ਦੋ ਹਜ਼ਾਰ ਪੰਜ ਅਠਵੰਜਾ ਕੇਵਲ)** ਦੀ ਰਕਮ ਓ.ਏ.ਆਈ. ਦਾਇਰ ਕਰਨ ਦੀ ਮਿਤੀ ਤੋਂ ਲਾਗਤਾਂ ਸਮੇਤ ਪ੍ਰਾਪਤੀ ਦੀ ਮਿਤੀ ਤੱਕ ਵਿਆਜ ਸਮੇਤ।
ਜਦੋਂ ਕਿ, ਉਕਤ ਰਕਮ ਤੁਹਾਡੇ ਦੁਆਰਾ ਸੀਐਚ ਬੈਂਕ ਨੂੰ ਨਹੀਂ ਦਿੱਤੀ ਗਈ ਹੈ, ਇੱਕ ਮੰਗ ਨੋਟਿਸ ਦੀ ਸੇਵਾ ਅਤੇ ਕਾਫ਼ੀ ਮਿਆਦ ਦੀ ਸਮਾਪਤੀ ਦੇ ਬਾਵਜੂਦ। ਤੁਹਾਨੂੰ ਕਾਨੂੰਨ ਦੀ ਜ਼ਰੂਰਤ ਨੂੰ ਪੂਰਾ ਕਰਨਾ ਪਵੇਗਾ।
ਗਿਰਵੀ ਰੱਖੀ ਗਈ ਜਾਇਦਾਦ ਦੇ ਸਬੰਧ ਵਿੱਚ ਵਿਕਰੀ ਦਾ ਐਲਾਨ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ, ਇਹ ਨੋਟਿਸ 04.07.2025 ਨੂੰ ਅਚੱਲ ਜਾਇਦਾਦ 'ਤੇ ਕਿਸੇ ਵੀ ਤਰ੍ਹਾਂ ਦੇ ਬੋਝ ਦਾ ਐਲਾਨ ਕਰਨ ਅਤੇ ਪੀਓਐਸ POS ਲਈ ਨਿਯਮਾਂ ਅਤੇ ਸ਼ਰਤਾਂ ਦਾ ਨਿਪਟਾਰਾ ਕਰਨ ਲਈ ਹੇਠ ਹਸਤਾਖਰ ਕਰਨ ਵਾਲੇ ਦੇ ਸਾਹਮਣੇ ਪੇਸ਼ ਹੋਣਾ ਚਾਹੀਦਾ ਹੈ।

**ਸੰਪੱਤੀਆਂ ਦਾ ਵੇਰਵਾ:-**
44 ਕਨਾਲ 4 ਮਰਲੇ ਵਾਲੀ ਜ਼ਮੀਨ 884/1483ਵੀਂ ਜ਼ਮੀਨ ਹੈ ਜੋ 74 ਕਨਾਲ 3 ਮਰਲੇ ਜ਼ਮੀਨ ਦਾ ਹਿੱਸਾ ਹੈ ਜਿਸ ਵਿੱਚ ਖੇਵਟ ਨੰਬਰ 190, ਖਤੌਨੀ ਨੰਬਰ 271 ਤੋਂ 274, ਖਸਰਾ ਨੰਬਰ 24//111(6-15), 19(7-19), 25//23/2(0-7), 14/3(1-6), 17/3(0-11), 17/4(1-6), 17/5(0-11), 18/1/1(0-19), 18/2(3-8), 14/4(0-17), 14/5(1-6), 23/15(0-8), 24/1(5-0), 25//17/2(4-14), 24//1(7-12), 10(7-12), 25//7/1(2-18), 7/3(4-13), 13(8-0), 14/1(0-9), 14/2(3-18), 15/3(3-14) ਅਤੇ 3 ਕਨਾਲ 16 ਮਰਲੇ ਜ਼ਮੀਨ, ਜੋ ਕਿ ਖੇਵਟ ਨੰਬਰ 192, ਖਟੋਨੀ ਨੰਬਰ 276, ਖਸਰਾ ਨੰਬਰ 24//9/2(4-0), 12(8-0) ਵਾਲੀ 12 ਕਨਾਲ ਜ਼ਮੀਨ ਦਾ 76/240ਵਾਂ ਹਿੱਸਾ ਹੈ, ਪਿੰਡ ਆਸ਼ੀਕੇ, ਤਹਿਸੀਲ ਜ਼ੀਰਾ, ਹਦਬਸਤ ਨੰਬਰ 22, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਵਿਖੇ ਸਥਿਤ ਕੁੱਲ 48 ਕਨਾਲ 0 ਮਰਲੇ ਜ਼ਮੀਨ।
**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 12.06.2025 ਨੂੰ ਜਾਰੀ।**

**ਵਸੂਲੀ ਅਧਿਕਾਰੀ-1**
**ਡੀਆਰਟੀ-1, ਚੰਡੀਗੜ੍ਹ**

---

### ਉੱਤਰ ਰੇਲਵੇ

**ਈ-ਟੈਂਡਰ**
**ਖੁਲੀ ਟੈਂਡਰ ਸੂਚਨਾ 14-ਅੰਬਾਲਾ/2025-26 ਮਿਤੀ 25.06.2025**

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਵਾਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ।

**1** ਕੰਮ ਦਾ ਨਾਮ : ਏਡੀਈਐਨ/ਐਸਐਮਐਲ ਦੇ ਅਧੀਨ ਐਸਐਸਈ/ਡਬਲਯੂ/ਕੇਐਲਕੇ ਸੈਕਸ਼ਨ ਵਿਚ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਕੇਐਲਕੇ-ਐਸਐਮਐਲ ਸੈਕਸ਼ਨ ਉਤੇ ਜੋਨ-ਬੀ ਦੇ ਅੰਤਰਗਤ ਕਾਲਕਾ (ਛੱਡਕੇ) ਤੋਂ ਸੋਲਨ (ਸਹਿਤ) ਤਕ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਅਤੇ ਪੇਂਟਿੰਗ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 65,00,000 | 1,30,000 | 12 ਮਹੀਨੇ | 18.07.2025 |

**2** ਕੰਮ ਦਾ ਨਾਮ : ਏਡੀਈਐਨ/ਜੇਯੂਡੀਡਬਲਯੂ ਦੇ ਅਧੀਨ ਐਸਐਸਈ/ਡਬਲਯੂ/ਜਗਾਧਰੀ ਵਰਕਸ਼ਾਪ ਦੇ ਅਨੁਭਾਗ ਵਿਚ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਰੇਲਵੇ ਕਲੋਨੀ ਵਿਚ ਸਟਾਫ ਕਵਾਟਰਾਂ, ਸੇਵਾ ਭਵਨਾਂ ਅਤੇ ਆਰਪੀਐਸਐਫ ਪਰਿਸਰ ਦੀ ਸਲਾਨਾ ਮੁਰੰਮਤ, ਸਫੇਦੀ, ਸੀ/ਵਾਸ਼ਿੰਗ ਅਤੇ ਪੇਂਟਿੰਗ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 1,29,99,895 | 2,15,000 | 12 ਮਹੀਨੇ | 18.07.2025 |

**3** ਕੰਮ ਦਾ ਨਾਮ : ਏਡੀਈਐਨ/ਪੀਟੀਏ ਦੇ ਤਹਿਤ ਐਸਐਸਈ(ਡਬਲਯੂ)/ਡੀਯੂਆਈ ਦੇ ਅਨੁਭਾਗ ਵਿਚ ਐਲਡੀਐਚ (ਛੱਡਕੇ) ਤੋਂ ਡੀਯੂਆਈ (ਸਹਿਤ) ਤਕ ਜੋਨ ਨੰਬਰ 2 ਦੇ ਅੰਤਰਗਤ 30.06.2026 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਸਟਾਫ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਅਤੇ ਪੇਂਟਿੰਗ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 69,99,991 | 1,40,000 | 12 ਮਹੀਨੇ | 18.07.2025 |

**4** ਕੰਮ ਦਾ ਨਾਮ : ਸੀਨੀਅਰ ਡੀਈਐਨ-II / ਯੂਐਮਬੀ ਦੇ ਅਧੀਨ ਏਡੀਈਐਨ / ਪੀਟੀਏ ਅਨੁਭਾਗ ਵਿਚ ਟੀਆਰਆਰ ਅਤੇ ਹੋਰ ਵਿਵਿਧ ਕੰਮ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 1,32,06,933 | 2,16,000 | 10 ਮਹੀਨੇ | 18.07.2025 |

ਨੋਟ :- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸੰਬੰਧਿਤ ਡਾਕਯੂਮੈਂਟਾਂ ਦੇ ਸਕੈਨਿੰਗ ਕਾਪੀ ਨੂੰ ਰੇਲਵੇ ਵੇਬਸਾਈਟ IREPS ਉਤੇ ਅਪਲੋਡ ਕਰਨ ਜ਼ਰੂਰੀ ਹੈ। 2. ਅਗ੍ਰਿਮ ਰਾਸ਼ੀ ਆਨ ਲਾਇਨ ਪੇਮੈਂਟ ਨੇਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਵਾਰਾ ਹੀ ਸਵੀਕਾਰ ਹੋਣਗੇ। 3. ਟੈਂਡਰ ਦੀ ਪੂਰੀ ਜਾਣਕਾਰੀ ਲਈ ਰੇਲਵੇ ਵੈੱਬਸਾਈਟ www.ireps.gov.in ਉਤੇ ਲਾਗ ਆਨ ਕਰੋ। 4. ਠੇਕੇਦਾਰ ਨੂੰ ਈ-ਟੈਂਡਰਾਂ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗੀ। 1915/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

### SBI ਸਟੇਟ ਬੈਂਕ ਆਫ਼ ਇੰਡੀਆ

ਐਸਬੀਆਈ ਹੋਮ ਲੋਨ ਸੈਂਟਰ (10287) 44/2ਬੀ, ਸ਼ੰਕਰ ਸ਼ੇਠ ਰੋਡ, ਗੁਲਟੇਕੜੀ, ਸ਼ਾਰਦਾ ਚੈਂਬਰਜ਼ ਦੇ ਨੇੜੇ, ਪੁਣੇ-411037.Tel: (020) 26308176, EMAIL: racpc.pune@sbi.co.in

**ਸਰਫਾਇਸੀ ਐਕਟ, 2002 ਦੀ ਧਾਰਾ 13 (4) ਦੇ ਤਹਿਤ ਸੰਪੱਤੀ ਦੇ ਕਬਜ਼ੇ ਸੰਬੰਧੀ ਸੂਚਨਾ ਦਾ ਪ੍ਰਕਾਸ਼ਨ**

ਇਸ ਦੁਆਰਾ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 (2002 ਦਾ 54) ਦੇ ਤਹਿਤ ਨੋਟਿਸ ਦਿੱਤਾ ਜਾਂਦਾ ਹੈ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹਰੇਕ ਖਾਤੇ ਦੇ ਵਿਰੁੱਧ ਦੱਸੀਆਂ ਗਈਆਂ ਮਿਤੀਆਂ 'ਤੇ ਇੱਕ ਮੰਗ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ।

ਕਰਜ਼ਦਾਰ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ ਨੂੰ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਉਪਰੋਕਤ ਐਕਟ ਦੀ ਧਾਰਾ 13(4) ਦੇ ਤਹਿਤ ਦਿੱਤੇ ਗਏ ਅਧਿਕਾਰ ਦੀ ਵਰਤੋਂ ਕਰਦੇ ਹੋਏ, ਹਰੇਕ ਖਾਤੇ ਦੇ ਵਿਰੁੱਧ ਦੱਸੀਆਂ ਗਈਆਂ ਮਿਤੀਆਂ 'ਤੇ ਉਕਤ ਐਕਟ ਦੇ ਨਿਯਮ 9 ਦੇ ਨਾਲ ਪੜ੍ਹੇ ਜਾਣ ਵਾਲੇ, ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ ਨੂੰ ਖਾਸ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ ਦੇ ਚਾਰਜ ਦੇ ਅਧੀਨ ਹੋਵੇਗਾ।

ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ, ਕਰਜ਼ਦਾਰਾਂ: ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ।

| ਲ. ਨੰ. | ਕਰਜ਼ਦਾਰ ਦਾ ਨਾਮ ਅਤੇ ਪਤਾ | ਮੰਗ ਅਨੁਸਾਰ/ਚਾਰਜ ਕੀਤੀ ਗਈ ਜਾਇਦਾਦ ਦਾ ਵੇਰਵਾ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਮਿਤੀ ਅਨੁਸਾਰ ਬਕਾਇਆ ਰਕਮ (ਰੁਪਏ) |
|---|---|---|---|---|---|
| 1 | ਸ਼੍ਰੀਮਤੀ ਪ੍ਰਿਯੰਕਾ ਸ਼ਰਮਾ ਰੰਕੇਸ਼ ਕੁਮਾਰ (ਕਰਜ਼ਦਾਰ) ਦੀ ਪਤਨੀ ਸ਼੍ਰੀ ਰੰਕੇਸ਼ ਕੁਮਾਰ (ਕਰਜ਼ਦਾਰ) 1) ਫਲੈਟ ਨੰਬਰ 1904, 19ਵੀਂ ਮੰਜ਼ਿਲ, ਇਮਾਰਤ ਨੰਬਰ 'ਈ' ਸਕੀਮ ''ਮਿਸਟਿਕ'' ਪ੍ਰੋਜੈਕਟ ''ਮੈਗਾਪੋਲਿਸ'' ਮਾਨ, ਤਾਲੁਕਾ-ਮੁਲਸ਼ੀ, ਪੁਣੇ-411057, 2) 412, ਰੰਜੀਵ ਐਨਕਲੇਵ, ਸਰਪੰਚ ਕਲੋਨੀ, ਪਿੰਡ ਚੌਰਾ, ਤਹਿਸੀਲ ਅਤੇ ਜ਼ਿਲ੍ਹਾ-ਪਟਿਆਲਾ, ਪੰਜਾਬ-147002, ਹੋਮ ਸ਼ਾਖਾ- ਦੱਤਾਵਾੜੀ A/C No.35660760528 ਹੋਮ ਲੋਨ ਮੈਕਸਗੇਨ | ਸ਼੍ਰੀਮਤੀ ਪ੍ਰਿਯੰਕਾ ਸ਼ਰਮਾ ਅਤੇ ਸ਼੍ਰੀ ਕੁਮਾਰ ਰੰਕੇਸ਼ ਦੀ ਮਲਕੀਅਤ ਵਾਲੀ ਜਾਇਦਾਦ ਫਲੈਟ ਨੰਬਰ 1904, 74.26 ਵਰਗ ਮੀਟਰ ਕਾਰਪੇਟ ਏਰੀਆ 19ਵੀਂ ਮੰਜ਼ਿਲ 'ਤੇ, ਇਮਾਰਤ ਨੰਬਰ 'ਈ', ਟਾਈਪ-2ਏ, ਸਕੀਮ ਨਾਮ ''ਮਿਸਟਿਕ'' ਪ੍ਰੋਜੈਕਟ ਜਿਸਦਾ ਨਾਮ ''ਮੈਗਾਪੋਲਿਸ'' ਹੈ, ਰਾਜੀਵ ਗਾਂਧੀ ਇਨਫੋਟੈਕ ਪਾਰਕ ਹਿੰਜਵਾੜੀ ਵਿੱਚ, ਜ਼ਮੀਨ ਵਾਲਾ ਪਲਾਟ ਨੰਬਰ 1/1, 1/2, 1/3, 1/4, ਮਾਨ, ਤਾਲੁਕਾ-ਮੁਲਸ਼ੀ, ਜ਼ਿਲ੍ਹਾ-ਪੁਣੇ ਦੀ ਪਿੰਡ ਸੀਮਾ ਦੇ ਅੰਦਰ ਅਤੇ ਪਿੰਪਰੀ ਚਿੰਚਵਾੜ ਨਗਰ ਨਿਗਮ ਦੀ ਬਾਹਰੀ ਹੱਦ ਦੇ ਅੰਦਰ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। | 02.04.2025 21.04.2025 | 23.06.2025 | Rs. 43,20,245.00 (ਰੁ. ਤਰਤਾਲੀ ਲੱਖ ਵੀਹ ਹਜ਼ਾਰ ਦੋ ਸੌ ਪੰਤਾਲੀ ਕੇਵਲ) |

ਮਿਤੀ : 27.06.2025
ਸਥਾਨ : ਪੂਣੇ
ਸਹੀ/-
ਅਧਿਕਾਰਤ ਅਧਿਕਾਰੀ
ਐਸਬੀਆਈ ਹੋਮ ਲੋਨ ਸੈਂਟਰ ਸ਼ੰਕਰ ਸ਼ੇਖ ਰੋਡ, ਪੂਣੇ

# ਖੇਡ ਸੰਸਾਰ





## ਉੱਡਣੇ ਸਿੱਖ ਮਿਲਖਾ ਸਿੰਘ ਨੂੰ ਯਾਦ ਕਰਦਿਆਂ

ਸਿਰੜੀ, ਦ੍ਰਿੜ ਇਰਾਦਾ, ਸਖ਼ਤ ਮਿਹਨਤ ਸਫਲਤਾ ਦੀ ਨਿਸ਼ਾਨੀ ਹੈ ਜੇ ਦੁੱਖਦਈ ਘੜੀਆਂ ਨਿਰਾਸ਼ਤਾ ਪੈਦਾ ਕਰਦੀਆਂ ਹਨ ਤਾਂ ਜੀਣ ਦੀ ਇੱਛਾ ਸ਼ਕਤੀ ਸੁੱਖਦਾਈ ਘੜੀਆਂ ਦਾ ਸਮਾਂ ਵੀ ਲਿਆਉਦੀਆਂ ਹਨ।ਜਿਸ ਤੇ ਛੋਟੀ ਉਮਰੇ ਦੁੱਖਾਂ ਦਾ ਪਹਾੜ ਲੱਦਿਆ ਗਿਆ ਤੇ ਆਪਣੀ ਸਖ਼ਤ ਮਿਹਨਤ ਸਦਕਾ ਸੁੱਖਾਂ ਨੇ ਜਿੰਦਗੀ 'ਚ ਸਦਾ ਲਈ ਚਿੱਟਾ ਦਿਨ ਚੜ੍ਹਾ ਦਿੱਤਾ। ਜਿਸ ਨੇ ਭਾਰਤ ਮਾਂ ਦਾ ਨਾਂ ਸੰਸਾਰ ਪ੍ਰਸਿੱਧ ਕੀਤਾ ਹੈ, ਉਹ ਹਨ ਉੱਡਣਾ ਸਿੱਖ ਮਿਲਖਾ ਸਿੰਘ। ਮਿਲਖਾ ਸਿੰਘ ਦਾ ਜਨਮ ਮਾਤਾ ਚਾਵਲੀ ਕੌਰ ਦੀ ਕੁੱਖੋਂ, ਪਿਤਾ ਸੰਪੂਰਨ ਸਿੰਘ ਦੇ ਘਰ ਨਿੱਕੇ ਜਿਹੇ ਪਿੰਡ ਗੋਬਿੰਦਪੁਰਾ, ਤਹਿਸੀਲ ਕੋਟ ਅੱਦੂ, ਜਿਲ੍ਹਾ ਮੁਜੱਫਰਗੜ੍ਹ (ਪਾਕਿਸਤਾਨ) ਵਿਖੇ ਮਿਤੀ 20 ਨਵੰਬਰ, 1932 ਈ: ਨੂੰ ਹੋਇਆ। ਆਪ ਦੇ ਭੈਣਾਂ-ਭਰਾਵਾਂ ਦੀ ਗਿਣਤੀ 8 ਸੀ । ਅਮੀਰ, ਦੌਲਤ ਤੇ ਮੱਖਣ ਵੱਡੇ ਭਰਾ ਸਨ।ਮਖਣੀ, ਹੁੰਦੀ ਤੇ ਈਸ਼ਰ ਵੱਡੀਆਂ ਭੈਣਾਂ ਸਨ ਜਦੋਂ ਕਿ ਗੋਬਿੰਦ ਭਰਾ ਸਭ ਤੋਂ ਛੋਟਾ ਸੀ। ਪਿਤਾ ਇੱਕ ਕਿਸਾਨ ਸੀ। ਮਿਲਖਾ ਸਿੰਘ ਨੂੰ ਨਾਲ ਦੇ ਪਿੰਡ ਸਕੂਲ ਵਿੱਚ ਮਾਸਟਰ ਮੌਲਵੀ ਗੁਲਾਮ ਮੁਹੰਮਦ ਕੋਲ ਪੜ੍ਹਨ ਪਾਇਆ ਗਿਆ। ਉਸ ਸਮੇਂ ਬੱਚੇ ਲਾਇਨਾਂ 'ਚ ਤੱਪੜਾਂ ਤੇ ਬੈਠਦੇ ਸਨ।ਮਾਸਟਰ, ਹਿਸਾਬ ਤੇ ਉਰਦੂ ਪੜਾਉਦਾ ਸੀ ਆਪ ਨੂੰ ਪੰਜਵੀ ਪਾਸ ਕਰਨ ਤੋਂ ਬਾਅਦ ਕੋਟ ਅੱਦੂ ਸਰਕਾਰੀ ਸਕੂਲ ਵਿੱਚ ਦਾਖਲਾ ਕਰਵਾਇਆ ਗਿਆ ਜੋ ਗੋਬਿੰਦਪੁਰਾ ਤੋ 7 ਮੀਲ ਦੂਰ ਸੀ। ਘਰ ਤੋਂ ਸਕੂਲ ਤੱਕ ਦਾ ਪੈਂਡਾ ਤਹਿ ਕਰਨ ਵਿੱਚ ਲਗਭਗ ਦੋ ਘੰਟੇ ਲੱਗ ਜਾਂਦੇ ਸਨ।ਸਿਆਲ 'ਚ ਠੰਢ ਨਾਲ ਕੱਕਰ ਜੰਮ ਜਾਂਦਾ ਹੱਥ ਪੈਰ ਸੁੰਨ ਹੋ ਜਾਂਦੇ ਤੇ ਕਈ ਵਾਰ ਧੁੰਦ ਬਹੁਤ ਸੰਘਣੀ ਹੋਣ ਨਾਲ ਡੰਡੀ ਹੀ ਭੁੱਲ ਜਾਂਦੇ ਅਤੇ ਗਰਮੀ ਵਿੱਚ ਧੁੱਪ ਤਿੱਖੀ ਜਦੋਂ ਸੂਰਜ ਦਾ ਗੋਲਾ ਧਰਤੀ ਤੇ ਅੱਗ ਵਰ੍ਹਾਉਂਦਾ ਤਾਂ ਧੁੱਪ ਤੋ ਬਚਣ ਲਈ ਇੱਕ ਦਰਖਤ ਤੋਂ ਭੱਜਕੇ ਦੂਜੇ ਦਰਖਤ ਹੇਠ ਜਾਣਾ, ਪੈਰਾਂ ਦੀਆਂ ਤਲੀਆ ਤੇ ਛਾਲੇ ਹੋ ਜਾਂਦੇ, ਅਸਲ ਵਿੱਚ ਇਹੀ ਮਿਲਖਾ ਸਿੰਘ ਦੀਆਂ ਦੌੜਾਂ ਦਾ ਅਰੰਭ ਸੀ। ਮਿਲਖਾ ਸਿੰਘ ਲਈ ਸਭ ਤੋਂ ਵੱਧ ਭਿਆਨਕ ਸਮਾਂ 15 ਅਗਸਤ, 1947 ਈ: ਦਾ ਸੀ ਜਦ ਹਿੰਦੋਸਤਾਨ ਤੇ ਪਾਕਿਸਤਾਨ ਦਾ ਬਟਵਾਰਾ ਹੋਇਆ। ਇਸ ਤਬਾਹੀ ਵਿੱਚ ਉਨ੍ਹਾਂ ਦੇ ਪਿੰਡ ਦੇ 1500 ਵਿਆਕਤੀਆਂ ਦੇ ਮਾਰੇ ਜਾਣਾ ਤੇ ਉਸ ਵਿੱਚ ਮਿਲਖਾ ਸਿੰਘ ਦੇ ਪਰਿਵਾਰ ਦੇ ਬਹੁਤੇ ਜੀਆਂ ਦਾ ਮਾਰੇ ਜਾਣਾ ਸੀ।ਉਸ ਸਮੇਂ ਦਮ ਤੋੜਦੇ ਮਿਲਖਾ ਸਿੰਘ ਦੇ ਪਿਤਾ ਦੀਆਂ ਮੂੰਹੋ ਨਿਕਲੀਆ ਅਵਾਜ਼ਾਂ 'ਭਾਗ ਮਿਲਖਾ ਭਾਗ' ਮਿਲਖਾ ਸਿੰਘ ਦੇ ਕੰਨਾਂ 'ਚ ਆਖਰੀ ਦਮ ਤੱਕ ਗੂੰਜਦੀਆਂ ਰਹੀਆਂ। ਉਹ ਉਸ ਵੇਲੇ ਐਨੇਂ ਵੱਡੇ ਸਦਮੇ ਦੀ ਹਾਲਤ 'ਚ ਕਦੇ ਦੌੜਦਾ ਕਦੇ ਤੁਰਦਾ, ਲੁਕ-ਛਿਪ ਕੇ ਜਿੰਦਗੀ ਬਚਾਉਦਾ ਮਸਾਂ ਹੀ ਸਟੇਸਨ ਤੇ ਪਹੁੰਚਿਆ ਸੀ ਤੇ ਲਹੂ-ਲੁਹਾਣ ਹੋਈ ਮੁਲਤਾਨ ਜਾਣ ਵਾਲੀ ਰੇਲ ਗੱਡੀ 'ਚ ਚੜ੍ਹਿਆ। ਮੁਲਤਾਨ ਵਿੱਚ ਜਦ ਸੁੱਰਖਿਅਤ ਨਾ ਰਹੇ ਤਾਂ ਸਰਕਾਰੀ ਹੁਕਮ ਆ ਗਿਆ ਕਿ ਹਿੰਦੂ-ਸਿੱਖ ਫੌਜੀਆਂ ਦੇ ਪਰਿਵਾਰਾਂ ਨੂੰ ਫੌਰਨ ਭਾਰਤ ਭੇਜਿਆ ਜਾਵੇ। ਮਿਲਖਾ ਸਿੰਘ ਦਾ ਭਰਾ ਮੱਖਣ ਸਿੰਘ ਫੌਜ ਵਿੱਚ ਸੀ। ਉਸ ਸਮੇਂ ਉਜੜੇ ਹੋਰ ਪਰਿਵਾਰਾਂ ਨਾਲ ਮਿਲਖਾ ਸਿੰਘ ਤੇ ਉਸ ਦੇ ਭਰਾ ਮੱਖਣ ਸਿੰਘ ਦੀ ਪਤਨੀ ਜੀਤ ਵੀ ਫੌਜੀ ਟਰੱਕ ਵਿੱਚ ਬੈਠ ਹੁਸੈਨੀਵਾਲਾ, ਫਿਰੋਜ਼ਪੁਰ ਸਰਹੱਦ ਨੂੰ ਤੁਰ ਪਏ। ਇਹ ਬੜਾ ਭਿਆਨਕ ਸਫ਼ਰ ਸੀ। ਮਿਲਖਾ ਸਿੰਘ ਸੰਨ 1952 ਈ: 'ਚ ਫੌਜ ਵਿੱਚ ਭਰਤੀ ਹੋ ਗਿਆ। ਉਸ ਸਮੇਂ ਤਨਖਾਹ 39 ਰੁਪਏ ਮਹੀਨਾ ਸੀ। ਸੰਨ 1953 ਈ: ਨੂੰ ਜਦ ਫੌਜ ਵਿੱਚ ਛੇ ਮੀਲ ਦੀ ਦੌੜ ਲਵਾਈ ਗਈ ਤਾਂ ਮਿਲਖਾ ਸਿੰਘ ਛੇਵੀ ਥਾਂ ਤੇ ਆਇਆ। ਇਹ ਦੌੜ ਹਰ ਰੋਜ ਲਵਾਈ ਜਾਂਦੀ। ਛੇ ਹਫ਼ਤੇ ਬਾਅਦ ਕਰਾੱਸ-ਕੰਟਰੀ ਦੌੜ ਰੱਖੀ ਗਈ, ਜਿਸ ਵਿੱਚ ਮਿਲਖਾ ਸਿੰਘ ਦੂਜੇ ਨੰਬਰ ਤੇ ਆਇਆ।



ਦਰਸ਼ਨ ਸਿੰਘ ਪ੍ਰੀਤੀਮਾਨ

97792-97682

ਉਸ ਸਮੇ ਉਹ ਸਭ ਦੀਆਂ ਅੱਖੀਆਂ ਦਾ ਤਾਰਾ ਬਣ ਗਿਆ। ਉਸ ਨੇ ਪਹਿਲੀ ਵਾਰ 400 ਮੀਟਰ ਦੌੜ 63 ਸਕਿੰਟ ਵਿੱਚ ਲਾਈ ਅਤੇ ਹਰਰੋਜ਼ ਦੇ ਅਭਿਆਸ ਨਾਲ ਇਹ ਸਮਾਂ ਘਟ ਕੇ ਮਿੰਟ ਤੋਂ ਵੀ ਹੇਠਾ ਨੂੰ ਆਉਦਾ ਗਿਆ। ਮਿਲਖਾ ਸਿੰਘ ਦਾ ਰੰਗਰੂਟੀ ਸਮੇਂ ਸਾਰਾ ਦਿਨ ਪਰੇਡ ਬਗੈਰਾ 'ਚ ਲੰਘ ਜਾਂਦਾ ਤੇ ਰਾਤ ਨੂੰ ਉਹ ਆਪਣਾ ਖਾਣਾ ਆਪਣੀ ਬੈਰਕ ਵਿੱਚ ਆਪਣੇ ਬਿਸਤਰੇ ਵਿੱਚ ਲੁਕੋ ਦਿੰਦਾ ਜਦ ਸਾਰੇ ਸਾਥੀ ਅਰਾਮ ਕਰ ਰਹੇ ਹੁੰਦੇ ਤਾਂ ਉਹ ਚੁਪ-ਚਾਪ ਉਨ੍ਹਾਂ ਕੋਲੋ ਜਾ ਕੇ ਮੈਦਾਨ ਵਿੱਚ ਅਭਿਆਸ ਕਰ ਰਿਹਾ ਹੁੰਦਾ। ਹਰ ਰੋਜ਼ ਮੈਦਾਨ 'ਚ ਪੰਜ-ਛੇ ਚੱਕਰ ਪੂਰੇ ਕਰਕੇ ਫੇਰ ਆਪਣੇ ਕਮਰੇ (ਬੈਰਕ) ਵਿੱਚ ਵਾਪਸ ਆਉਦਾ, ਨਹਾਉਦਾ ਤੇ ਆਪਣੀ ਰਾਤ ਦੀ ਰੋਟੀ ਖਾਂਦਾ।ਬ੍ਰਿਗੇਡੀਅਰ ਐੱਸ. ਪੀ ਵੋਹਰਾ ਦੇ ਹੁਕਮਾਂ ਸਦਕਾ, ਆਪ ਨੂੰ ਫਟੀਗ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ ਤੇ ਚੰਗੀ ਖੁਰਾਕ ਤੇ ਅਭਿਆਸ ਦਾ ਸਮਾਂ ਮਿਲ ਗਿਆ। ਮਿਲਖਾ ਸਿੰਘ ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜਿਹੀਆਂ ਸਖਸੀਅਤਾਂ ਦੀਆਂ ਦੋਸਤਾਨਾ ਗਲਵਕੜੀਆਂ ਪਾਉਣਾ ਵੀ ਨਸੀਬ ਹੋਈਆਂ। ਮਿਲਖਾ ਸਿੰਘ ਨੇ 80 ਅੰਤਰਰਾਸ਼ਟਰੀ ਦੌੜਾਂ ਵਿੱਚੋ 77 ਦੌੜਾਂ ਜਿੱਤੀਆਂ। ਉਸਨੇ 400 ਮੀਟਰ ਦੇ ਪੁਰਾਣੇ ਰਿਕਾਰਡ ਤੋੜੇ ਤੇ ਨਵੇਂ ਸਥਾਪਤ ਕੀਤੇ। ਪਾਕਿਸਤਾਨ ਨੇ 'ਫਲਾਈਂਗ ਸਿੱਖ' (ਉੱਡਣਾ ਸਿੱਖ) ਦੇ ਖਿਤਾਬ ਨਾਲ ਨਿਵਾਜਿਆ, ਕਿਉਕਿ ਉਹ ਸੋਚਦੇ ਸਨ ਕਿ ਮਿਲਖਾ ਸਿੰਘ ਦੌੜਦਾ ਨਹੀ ਉੱਡਦਾ ਹੈ। ਮਿਲਖਾ ਸਿੰਘ ਨੇ ਅਣਗਿਣਤ ਸੋਨੇ, ਚਾਂਦੀ, ਕਾਂਸ਼ੀ ਦੇ ਗੋਲਡ ਮੈਡਲ (ਤਗਮੇ) ਜਿੱਤ ਕੇ ਭਾਰਤ ਦਾ ਦੁਨੀਆਂ ਵਿੱਚ ਨਾਂ ਉੱਚਾ ਕੀਤਾ। ਉੱਡਣੇ ਸਿੱਖ ਨੂੰ ਜਿੰਦਗੀ ਦੀਆਂ ਦੋ ਵੱਡੀਆਂ ਘਟਨਾਵਾਂ ਹਮੇਸ਼ਾ ਦਲਗੀਰ ਕਰੀ ਰੱਖਦੀਆਂ ਸਨ। ਦੇਸ਼ ਦੇ 1947 ਦੇ ਬਟਵਾਰੇ ਦੌਰਾਨ ਪਰਿਵਾਰ ਦਾ ਕਤਲੇਆਮ ਤੇ ਆਪਣੀ ਰੋਮ ਵਿੱਚ ਹੋਈ ਹਾਰ। ਆਪ ਨੇ ਰਿਟਾਇਰ ਹੋਣ ਵੇਲੇ ਫੌਰਨ ਬਾਅਦ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਐਥਲੀਟ ਉਸ ਦਾ ਉਲੰਪਿਕਸ ਵਿੱਚ 45-6 ਸਕਿੰਟ ਦਾ ਰਿਕਾਰਡ ਤੋੜੇਗਾ, ਉਸ ਨੂੰ ਦੋ ਲੱਖ ਰੁਪਏ ਦਾ ਇਨਾਮ ਦੇਵੇਗਾ, ਜੋ ਅਜੇ ਤੱਕ ਕਿਸੇ ਦੇ ਹਿੱਸੇ ਨਹੀ ਆਇਆ। ਮਿਲਖਾ ਸਿੰਘ ਦਾ ਵਿਆਹ 4 ਮਈ 1963 ਵਿੱਚ ਨਿੰਮੀ ਨਾਲ ਹੋਇਆ ਜਦੋਂ ਕਿ ਖੇਡ ਮਹਿਕਮੇ ਦਾ ਮਿਲਖਾ ਸਿੰਘ ਡਿਪਟੀ ਡਾਇਰੈਕਟਰ ਸੀ ਤੇ ਨਿੰਮੀ ਖੇਡ ਮਹਿਕਮੇ 'ਚ ਪੰਜਾਬ ਵਿੱਚ ਸਹਾਇਕ ਡਾਇਰੈਕਟਰ ਦੇ ਅਹੁਦੇ ਤੇ ਸੀ। ਇਨ੍ਹਾਂ ਦਾ ਵਿਚੋਲਾ ਉਸ ਸਮੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋ ਸੀ। ਨਿੰਮੀ ਵੀ ਭਾਰਤੀ ਔਰਤਾਂ ਦੀ ਵਾਲੀਵਾਲ ਦੀ ਟੀਮ ਦੀ ਕਪਤਾਨ ਸੀ। ਇਨ੍ਹਾਂ ਦਾ ਮੇਲ ਪਹਿਲੀ ਵਾਰ 1956 ਈ: ਨੂੰ ਕੋਲੰਬੋ ਵਿੱਚ ਹੋਇਆ ਸੀ। ਉਨ੍ਹਾਂ ਦੇ ਬੱਚੇ ਬੇਟੀਆਂ ਅਲੀਜ਼ਾ, ਮੋਨਾ, ਸੋਨੀਆ ਅਤੇ ਬੇਟੇ ਦਾ ਨਾਂ ਚਿਰੰਜੀਵ ਮਿਲਖਾ ਸਿੰਘ ਹੈ।ਉਨ੍ਹਾਂ ਦੀਆਂ ਧੀਆਂ ਅਲੀਜ਼ਾ ਤੇ ਮੋਨਾ ਤੈਰਾਕ ਬਹੁਤ ਵਧੀਆ ਰਹੀਆਂ, ਸੋਨੀਆ ਕਮਾਲ ਦੀ ਟੈਨਿਸ ਖਿਡਾਰੀ ਰਹੀ ਅਤੇ ਉਨ੍ਹਾਂ ਦਾ ਬੇਟਾ ਜੀਵ ਮਿਲਖਾ ਸਿੰਘ ਚੰਗਾ ਦੌੜਾਕ ਤੇ ਸਕੂਲ ਦੀ ਕ੍ਰਿਕਟ ਟੀਮ ਦਾ ਕਪਤਾਨ ਰਿਹਾ। ਜੀਵ ਨੂੰ ਅਰਜਨ ਐਵਾਰਡ 1999 ਈ: ਵਿੱਚ ਅਤੇ ਪਦਮ ਸ੍ਰੀ 2007 ਈ: 'ਚ ਮਿਲਿਆ ਸਾਰੇ ਬੱਚੇ ਸੈਟ ਹਨ।ਉਨ੍ਹਾਂ ਦਾ ਚੰਡੀਗੜ੍ਹ ਵਿੱਚ ਮਿਲਖਾ ਸਿੰਘ ਚੈਰੀਟੇਬਲ ਟਰੱਸਟ ਖੋਲਿਆ ਹੋਇਆ ਹੈ ਅਤੇ ਉਹ ਟਰੱਸਟ ਚਲਾਉਣ ਵਿੱਚ ਰੁੱਝੇ ਰਹਿੰਦੇ ਸਨ ਅਤੇ ਲੋੜਵੰਦ ਗਰੀਬਾਂ ਨੂੰ ਮਾਨਵੀ ਸੇਵਾਵਾਂ ਮੁਹੱਈਆ ਕਰਦੇ ਸਨ ਖਾਸ ਕਰਕੇ ਗਰੀਬ ਖਿਡਾਰੀਆਂ ਨੂੰ। ਭਾਰਤ ਦੇ ਮਹਾਨ ਅਥਲੀਟ ਮਿਲਖਾ ਸਿੰਘ ਦਾ ਕੋਰੋਨਾ ਵਾਇਰਸ ਨਾਲ ਆਕਸੀਜਨ ਪੱਧਰ ਘੱਟ ਗਿਆ ਸੀ ਤੇ ਉਨ੍ਹਾਂ ਦੀ ਹਾਲਤ ਨਾਜੁਕ ਬਣੀ ਹੋਣ ਕਰਕੇ ਉਨ੍ਹਾਂ ਨੂੰ ਪੀ.ਜੀ.ਆਈ (ਚੰਡੀਗੜ੍ਹ) ਦਾਖਲ ਕਰਵਾਇਆ ਗਿਆ, ਜਿਥੇ ਉਨ੍ਹਾਂ ਨੇ 18 ਜੂਨ, 2021 ਈ: ਦਿਨ ਸ਼ੁਕਰਵਾਰ ਰਾਤ ਦੇ 11.30 ਮਿੰਟ ਤੇ ਆਖਰੀ ਸਾਹ ਲਿਆ । ਕੁਝ ਦਿਨ ਪਹਿਲਾ ਹੀ ਮਿਲਖਾ ਸਿੰਘ ਦੀ ਧਰਮ ਪਤਨੀ ਵਾਲੀਵਾਲ ਦੀ ਸਾਬਕਾ ਕੌਮੀ ਕਪਤਾਨ ਸ੍ਰੀਮਤੀ ਨਿਰਮਲ ਕੌਰ ਦਾ ਮਿਤੀ 13 ਜੂਨ, 2021 ਈ: ਨੂੰ ਦਿਹਾਂਤ ਹੋ ਗਿਆ ਸੀ। ਭਾਰਤ-ਮਾਤਾ ਨੂੰ ਮਾਣ ਦਿਵਾਉਣ ਵਾਲੀ ਇਹ ਜੋੜੀ ਭਾਵੇ ਅੱਜ ਸਾਡੇ ਵਿਚਕਾਰ ਤਾਂ ਨਹੀ ਰਹੀ ਪਰ ਇਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ ਤੇ ਹਮੇਸਾਂ ਭਾਰਤ ਨੂੰ ਮਾਣ ਰਹੇਗਾ।

## ਸੌ ਸੈਂਕੜੇ ਮਾਰਨ ਵਾਲਾ ਸਚਿਨ ਤੇਂਦੁਲਕਰ

**ਪ੍ਰਿੰ. ਸਰਵਣ ਸਿੰਘ**

ਸਚਿਨ ਤੇਂਦੁਲਕਰ ਨੂੰ ਕੋਈ 'ਦੌੜਾਂ ਦੀ ਮਸ਼ੀਨ' ਕਹਿੰਦਾ ਰਿਹੈ, ਕੋਈ 'ਕ੍ਰਿਕਟ ਦਾ ਭਗਵਾਨ।' ਉਸ ਨੇ ਅੰਤਰਰਾਸ਼ਟਰੀ ਪੱਧਰ ਦੀ ਕ੍ਰਿਕਟ 'ਚ 100 ਸੈਂਕੜੇ ਮਾਰੇ, 200 ਟੈਸਟ ਮੈਚ ਤੇ 463 ਇੱਕ ਰੋਜ਼ਾ ਇੰਟਰਨੈਸ਼ਨਲ ਮੈਚ ਖੇਡੇ ਜਿਨ੍ਹਾਂ ਵਿੱਚ 34357 ਦੌੜਾਂ ਬਣਾਈਆਂ। ਵਨ ਡੇਅ ਇੰਟਨੈਸ਼ਨਲ ਮੈਚਾਂ ਵਿੱਚ 200 ਦੌੜਾਂ ਬਟੋਰੀਆਂ ਤੇ 62 ਵਨ ਡੇਅ ਮੈਚਾਂ ਵਿੱਚ ਮੈਨ ਆਫ ਦਿ ਮੈਚ ਬਣਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਦੇਸ਼ ਦੇ ਸਰਬਉੱਚ ਸਿਵਲੀਅਨ ਐਵਾਰਡ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਤੇਂਦੁਲਕਰ ਨੂੰ ਰੁਸਤਮੇ ਜ਼ਮਾਂ ਗਾਮੇ ਭਲਵਾਨ ਵਾਂਗ ਕ੍ਰਿਕਟ ਦਾ ਰੁਸਤਮੇ ਜ਼ਮਾਂ ਕਿਹਾ ਜਾ ਸਕਦੈ। ਜਿਵੇਂ ਗਾਮੇ ਨੇ ਭਲਵਾਨੀ ਵਿੱਚ ਆਲਮੀ ਗੁਰਜ ਜਿੱਤੀ ਉਵੇਂ ਸਚਿਨ ਨੇ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਿਆ। ਗਾਮਾ 5 ਫੁੱਟ 6 ਇੰਚ ਕੱਦ ਦਾ ਸਮੱਧਰ ਪਹਿਲਵਾਨ ਸੀ, ਸਚਿਨ 5 ਫੁੱਟ 5 ਇੰਚ ਕੱਦ ਦਾ ਸਮੱਧਰ ਕ੍ਰਿਕਟਰ ਹੈ। ਖੇਡ ਪ੍ਰਤਿਭਾ ਵੱਡੇ ਕੱਦ ਕਾਠ ਵਾਲੇ ਖਿਡਾਰੀਆਂ ਵਿੱਚ ਹੀ ਨਹੀ ਹੁੰਦੀ, ਜੂਝ ਮਰੋ ਦੇ ਜਜ਼ਬੇ ਨਾਲ ਖੇਡਣ ਵਾਲੇ ਖਿਡਾਰੀਆਂ 'ਚ ਵੀ ਹੁੰਦੀ ਹੈ। ਲੰਮੇ ਕੱਦ ਕਾਠਾਂ ਵਾਲੇ ਕਈ ਅਜਿਹੇ ਨੌਜੁਆਨ ਵੇਖੀਦੇ ਹਨ ਜੋ ਆਪਣੇ ਵਜ਼ਨ ਜਿੰਨਾ ਵੇਟ ਵੀ ਨਹੀ ਚੁੱਕ ਸਕਦੇ। ਅਜਿਹੇ ਪੰਜ ਫੁੱਟੇ ਵੇਟਲਿਫਟਰ ਵੇਖੇ ਹਨ ਜਿਹੜੇ ਆਪਣੇ ਵਜ਼ਨ ਨਾਲੋ ਤਿੰਨ ਗੁਣਾਂ ਤੋਂ ਵੀ ਵੱਧ ਵੇਟ ਦੇ ਬਾਲੇ ਕੱਢਦੇ ਹਨ। ਸਚਿਨ 2011 ਵਿੱਚ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਦਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਸੀ। ਵਿਸ਼ਵ ਕੱਪ ਦੀ ਜਿੱਤ ਨੂੰ ਉਹ ਆਪਣੇ ਕ੍ਰਿਕਟ ਕਰੀਅਰ ਦੀ ਸਭ ਤੋਂ ਵੱਡੀ ਜਿੱਤ ਮੰਨਦਾ ਹੈ। ਜੇਤੂ ਵਿਸ਼ਵ ਕੱਪ ਖੇਡਦਿਆਂ ਸਚਿਨ ਨੇ 99ਵੀ ਸੈਂਚਰੀ ਮਾਰੀ ਸੀ। ਉਸ ਨੂੰ ਮਲਾਲ ਸੀ, ਕਾਸ਼! ਉਹ 100ਵੀ ਸੈਂਚਰੀ ਵੀ ਮਾਰ ਸਕਦਾ। ਉਸ ਦਾ ਸਕੋਰ 67 ਤੱਕ ਤਾਂ ਪਹੁੰਚ ਗਿਆ ਸੀ, ਪਰ 100ਵੀ ਸੈਂਚਰੀ ਤੋ 33 ਦੌੜਾਂ ਘੱਟ ਰਹਿ ਗਿਆ ਸੀ। ਆਖ਼ਰ ਉਹ ਟੀਚਾ ਉਸ ਨੇ ਮਾਰਚ 2012 ਵਿੱਚ ਸਰ ਕੀਤਾ ਜਦੋਂ ਬੰਗਲਾਦੇਸ਼ ਵਿਰੁੱਧ ਇੱਕ ਰੋਜ਼ਾ ਇੰਟਰਨੈਸ਼ਨਲ ਮੈਚ ਵਿੱਚ ਆਪਣੀ 100ਵੀ ਸੈਂਚਰੀ ਮਾਰੀ। ਉਹਦੇ ਨਾਲ ਉਹਦੀਆਂ 51 ਸੈਂਚਰੀਆਂ ਟੈਸਟ ਮੈਚਾਂ ਦੀਆਂ ਹੋ ਗਈਆਂ ਤੇ 49 ਸੈਂਚਰੀਆਂ ਇੱਕ ਰੋਜ਼ਾ ਮੈਚਾਂ ਦੀਆਂ। 2013 ਵਿੱਚ ਜਦੋਂ ਉਹ ਕ੍ਰਿਕਟ ਤੋਂ ਰਿਟਾਇਰ ਹੋਇਆ ਤਾਂ ਉਹਦੇ ਟੈਸਟ ਮੈਚਾਂ ਦੀਆਂ 15921 ਤੇ ਇੱਕ ਰੋਜ਼ਾ ਇੰਟਰਨੈਸ਼ਲ ਮੈਚਾਂ ਦੀਆਂ 18426 ਦੌੜਾਂ ਬਣ ਚੁੱਕੀਆਂ ਸਨ। 2010 'ਚ 'ਟਾਈਮ' ਮੈਗਜ਼ੀਨ ਨੇ ਸਚਿਨ ਤੇਂਦੁਲਕਰ ਦਾ ਨਾਂ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚ ਦਰਜ ਕੀਤਾ। ਇੰਟਰਨੈਸ਼ਨਲ ਕ੍ਰਿਕਟ ਕੌਂਸਲ ਨੇ 2011 ਵਿੱਚ ਉਸ ਨੂੰ ਸਰ ਗਾਰਫੀਲਡ ਸੋਬਰਜ਼ ਟਰਾਫੀ ਨਾਲ ਸਨਮਾਨਿਤ ਕੀਤਾ। ਭਾਰਤ ਸਰਕਾਰ ਵੱਲੋ ਸਚਿਨ ਨੂੰ ਵੱਡੇ ਮਾਨ ਸਨਮਾਨ ਮਿਲੇ। 1994 ਵਿੱਚ ਉਸ ਨੂੰ ਅਰਜੁਨ ਐਵਾਰਡ ਮਿਲਿਆ ਤੇ 1997 'ਚ ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ। 1998 ਵਿੱਚ ਪਦਮ ਸ੍ਰੀ ਅਤੇ 2008 'ਚ ਪਦਮ ਭੂਸ਼ਨ। ਨਵੰਬਰ 2013 ਵਿੱਚ ਪ੍ਰਧਾਨ ਮੰਤਰੀ ਦਫ਼ਤਰ ਵੱਲੋ ਉਸ ਨੂੰ ਭਾਰਤ ਦਾ ਸਰਬੋਤਮ ਸਿਵਲੀਅਨ ਐਵਾਰਡ ਭਾਰਤ ਰਤਨ ਦੇਣ ਦਾ ਐਲਾਨ ਹੋਇਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ 2014 ਵਿੱਚ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਉਦੋਂ ਕੇਵਲ 41 ਸਾਲਾਂ ਦਾ ਸੀ। ਓਲੰਪਿਕ ਖੇਡਾਂ 'ਚੋ ਹਾਕੀ ਦੇ ਤਿੰਨ-ਤਿੰਨ ਗੋਲਡ ਮੈਡਲ ਜਿੱਤਣ ਵਾਲੇ ਧਿਆਨ ਚੰਦ ਤੇ ਬਲਬੀਰ ਸਿੰਘ ਵਰਗੇ ਖਿਡਾਰੀ ਮੌਜੂਦ ਸਨ, ਪਰ ਭਾਰਤ ਸਰਕਾਰ ਵੱਲੋਂ ਖੇਡਾਂ ਦਾ ਪਹਿਲਾ ਭਾਰਤ ਰਤਨ ਸਚਿਨ ਤੇਂਦੁਲਕਰ ਨੂੰ ਬਣਾਇਆ ਗਿਆ। ਉਹ 2012 ਤੋ 2018 ਤੱਕ ਰਾਜ ਸਭਾ ਦਾ ਮੈਂਬਰ ਰਿਹਾ ਤੇ ਉਹਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ।

ਸਚਿਨ ਦਾ ਜਨਮ 24 ਅਪਰੈਲ 1973 ਨੂੰ ਨਿਰਮਲ ਨਰਸਿੰਗ ਹੋਮ ਦਾਦਰ, ਬੰਬਈ ਵਿਖੇ ਹੋਇਆ ਜਿਸ ਨੂੰ ਹੁਣ ਮੁੰਬਈ ਕਿਹਾ ਜਾਂਦਾ ਹੈ। ਉਸ ਦੇ ਪਿਤਾ ਰਮੇਸ਼ ਤੇਂਦੁਲਕਰ ਮਰਾਠੀ ਦੇ ਪ੍ਰਸਿੱਧ ਕਵੀ ਤੇ ਲੇਖਕ ਸਨ। ਉਨ੍ਹਾਂ ਦੇ ਪਹਿਲੇ ਵਿਆਹ 'ਚੋ ਇਕ ਧੀ ਤੇ ਦੋ ਪੁੱਤਰ ਪੈਦਾ ਹੋਏ। ਤੀਜੇ ਬੱਚੇ ਦੇ ਜਣੇਪੇ ਪਿੱਛੋ ਪਤਨੀ ਦੀ ਮੌਤ ਹੋ ਗਈ। ਫਿਰ ਉਸ ਨੇ ਬੀਮੇ ਦੀ ਸਨਅਤ ਵਿੱਚ ਕੰਮ ਕਰਦੀ ਰਜਨੀ ਨਾਲ ਦੂਜਾ ਵਿਆਹ ਕਰਵਾ ਲਿਆ। ਰਜਨੀ ਦੀ ਕੁੱਖੋ ਉਸ ਦਾ ਇੱਕ ਹੋਰ ਪੁੱਤਰ ਪੈਦਾ ਹੋਇਆ। ਪਿਤਾ ਨੇ ਸੰਗੀਤਕਾਰ ਸਚਿਨ ਦੇਵ ਬਰਮਨ ਦਾ ਪ੍ਰਸੰਸਕ ਹੋਣ ਕਰਕੇ ਆਪਣੇ ਪੁੱਤਰ ਦਾ ਨਾਂ ਸਚਿਨ ਰੱਖਿਆ, ਪਰ ਉਹ ਬਚਪਨ ਵਿੱਚ ਹੀ ਬੁੱਲੀ ਬੌਇ ਬਣ ਗਿਆ। ਸਕੂਲੇ ਪੜ੍ਹਨ ਜਾਂਦਾ ਨਵੇਂ ਵਿਦਿਆਰਥੀਆਂ ਨਾਲ ਆਢਾ ਲਾ ਬਹਿੰਦਾ। ਪਹਿਲਾਂ ਉਹ ਟੈਨਿਸ ਖੇਡਣ ਲੱਗਾ ਸੀ ਤੇ ਅਮਰੀਕਨ ਟੈਨਿਸ ਸਟਾਰ ਜੌਨ੍ਹ ਮਕੈਨਰੋ ਵਾਂਗ ਲੰਮੇ ਵਾਲ ਰੱਖਣ ਲੱਗ ਪਿਆ ਸੀ। ਉਹਦੇ ਵਾਂਗ ਹੀ ਗੁੱਟ-ਬੈਂਡ ਤੇ ਹੈਂਡ-ਬੈਂਡ ਬੰਨ੍ਹਦਾ ਅਤੇ ਹੱਥ 'ਚ ਟੈਨਿਸ ਦਾ ਰੈਕਟ ਰੱਖਦਾ। ਉਸ ਦਾ ਵੱਡਾ ਭਰਾ ਅਜੀਤ ਬੰਬੇ ਦੀ ਕੰਗਾ ਕ੍ਰਿਕਟ ਲੀਗ ਖੇਡਣ ਲੱਗਾ ਤਾਂ ਉਸ ਨੇ ਸਚਿਨ ਨੂੰ ਵੀ ਕ੍ਰਿਕਟ ਖੇਡਣ ਦੀ ਚੇਟਕ ਲਾ ਦਿੱਤੀ। 1984 'ਚ ਅਜੀਤ ਉਸ ਨੂੰ ਸ਼ਿਵਾ ਜੀ ਪਾਰਕ ਵਿੱਚ ਕੋਚਿੰਗ ਦਿੰਦੇ ਰਮਾਕਾਂਤ ਅਚਰੇਕਰ ਕੋਲ ਲੈ ਗਿਆ। ਕੋਚ ਨੇ ਉਸ ਨੂੰ ਖਿਡਾਇਆ ਤਾਂ ਉਹ ਸੰਗਦਾ ਝਿਜਕਦਾ ਬੜਾ ਮਾੜਾ ਖੇਡਿਆ। ਕੋਚ ਨੇ ਸਚਿਨ ਨੂੰ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਅਜੀਤ ਦੇ ਜ਼ੋਰ ਪਾਉਣ 'ਤੇ ਆਪਣੀ ਕ੍ਰਿਕਟ ਅਕੈਡਮੀ 'ਚ ਦਾਖਲ ਕਰ ਹੀ ਲਿਆ। ਬਾਅਦ ਵਿੱਚ ਅਚਰੇਕਰ ਨੂੰ ਸਚਿਨ ਦਾ ਪਹਿਲਾ ਕੋਚ ਹੋਣ ਦਾ ਬੜਾ ਮਾਣ ਮਿਲਿਆ। ਕ੍ਰਿਕਟ ਅਕੈਡਮੀ ਵਿੱਚ ਉਹ ਘੰਟਿਆਂ ਬੱਧੀ ਪ੍ਰੈਕਟਿਸ ਕਰਦਾ। ਜਦੋਂ ਥੱਕ ਜਾਂਦਾ ਤਾਂ ਕੋਚ ਇੱਕ ਰੁਪਏ ਦਾ ਸਿੱਕਾ ਟਰੰਪ ਦੀ ਟੀਸੀ 'ਤੇ ਟਿਕਾਅ ਕੇ ਕੁਝ ਹੋਰ ਓਵਰ ਖੇਡਣ ਦਾ ਇਨਾਮ ਰੱਖਦਾ। ਜੇ ਗੇਂਦਬਾਜ਼ ਉਸ ਨੂੰ ਮਿੱਥੇ ਓਵਰਾਂ ਵਿੱਚ ਆਊਟ ਕਰ ਦਿੰਦਾ ਤਾਂ ਸਿੱਕਾ ਗੇਂਦਬਾਜ਼ ਨੂੰ ਮਿਲ ਜਾਂਦਾ। ਜੇ ਸਚਿਨ ਆਊਟ ਨਾ ਹੁੰਦਾ ਤਾਂ ਸਿੱਕਾ ਉਸੇ ਦਾ ਹੋ ਜਾਂਦਾ। ਇੰਜ ਸਚਿਨ ਨੇ 13 ਰੁਪਏ ਕਮਾਏ ਜੋ ਉਹ ਆਪਣਾ ਸਭ ਤੋਂ ਵੱਡਾ ਇਨਾਮ ਸਮਝਦਾ ਹੈ। ਉਹ ਸਕੂਲਾਂ ਦੀ ਕ੍ਰਿਕਟ ਖੇਡਣ ਨਾਲ ਕਲੱਬਾਂ ਦੀ ਕ੍ਰਿਕਟ ਵੀ ਖੇਡਿਆ। 1984 ਵਿੱਚ 11 ਸਾਲ ਦੀ ਉਮਰੇ ਉਹ ਜੌਨ੍ਹ ਬ੍ਰਾਈਟ ਕ੍ਰਿਕਟ ਕਲੱਬ ਵੱਲੋ ਕਾਂਗਾ ਕ੍ਰਿਕਟ ਲੀਗ ਖੇਡਣ ਲੱਗ ਪਿਆ। ਫਿਰ ਤਾਂ ਚੱਲ ਸੁ ਚੱਲ ਹੋ ਗਈ। ਵੱਡਾ ਹੋ ਕੇ ਉਸ ਨੇ ਮਹਾਨ ਸੰਗੀਤਕਾਰ ਸਚਿਨ ਦੇਵ ਬਰਮਨ ਦੇ ਨਾਂ 'ਤੇ ਰੱਖੇ ਨਾਂ ਸਚਿਨ ਦੀ ਸੱਚਮੁੱਚ ਲਾਜ ਰੱਖ ਵਿਖਾਈ। ਸਚਿਨ ਨੇ ਭਾਰਤੀ ਕ੍ਰਿਕਟ ਟੀਮਾਂ ਦੀਆਂ ਟੈਸਟ ਮੈਚਾਂ ਤੇ ਵਨ ਡੇਅ ਕੱਪਾਂ 'ਚ ਕਪਤਾਨੀਆਂ ਵੀ ਕੀਤੀਆਂ ਤੇ ਦੋ ਦਹਾਕੇ ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਦਾ ਸ਼ਿੰਗਾਰ ਬਣਿਆ ਰਿਹਾ। ਉਸ ਨੂੰ ਸਰਬ ਸਮਿਆਂ ਦਾ ਮਹਾਨਤਮ ਕ੍ਰਿਕਟਰ ਐਲਾਨਿਆ ਗਿਆ। ਉਸ ਦੇ ਕਈ ਰਿਕਾਰਡ ਹਾਲੇ ਵੀ ਕਾਇਮ ਹਨ। ਉਹ ਬਹੁਤ ਸਾਰੇ ਅੰਤਰਰਾਸ਼ਟਰੀ ਇੱਕ ਰੋਜ਼ਾ ਅਤੇ ਟੈਸਟ ਮੈਚਾਂ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਕਰਕੇ 'ਪਲੇਅਰ ਆਫ ਦਿ ਮੈਚ' ਦੇ ਕਈ ਐਵਾਰਡ ਜਿੱਤ ਚੁੱਕਿਆ ਹੈ। ਕੌਮਾਂਤਰੀ ਪੱਧਰ 'ਤੇ ਸੈਂਚਰੀਆਂ ਦੀ ਸੈਂਚਰੀ ਮਾਰਨ ਵਾਲਾ ਵਿਸ਼ਵ ਦਾ ਉਹ ਪਹਿਲਾ ਕ੍ਰਿਕਟ ਖਿਡਾਰੀ ਹੈ। 1987 ਵਿੱਚ ਪਹਿਲੀ ਵਾਰ ਉਸ ਨੂੰ ਮਹਾਨ ਕ੍ਰਿਕਟਰ ਸੁਨੀਲ ਗਵਾਸਕਰ ਨੇ ਖੇਡਦੇ ਵੇਖਿਆ ਤਾਂ ਆਪਣੇ ਹਲਕੇ ਕ੍ਰਿਕਟ ਪੈਡ ਉਹਨੂੰ ਇਨਾਮ ਵਜੋਂ ਦੇ ਦਿੱਤੇ ਜੋ ਉਸ ਲਈ ਹੌਸਲਾ ਵਧਾਊ ਸਾਬਤ ਹੋਏ। 14 ਨਵੰਬਰ 1987 ਨੂੰ 14 ਸਾਲ ਦੀ ਕਿਸ਼ੋਰ ਉਮਰੇ ਉਹ ਰਣਜੀ ਟਰਾਫੀ ਖੇਡਣ ਲਈ ਬੰਬਈ ਦੀ ਟੀਮ ਵਿੱਚ ਚੁਣਿਆ ਗਿਆ। ਉਥੋ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ। 1988 'ਚ ਉਹ ਕ੍ਰਿਕਟ ਕਲੱਬ ਆਫ ਇੰਡੀਆ ਦੀ ਟੀਮ 'ਚ ਚੁਣ ਲਿਆ ਗਿਆ। 1989-90 'ਚ ਉਹ ਦਿੱਲੀ ਵਿਖੇ ਇਰਾਨੀ ਟਰਾਫੀ ਦੇ ਮੈਚ ਰੈਸਟ ਆਫ ਇੰਡੀਆ ਟੀਮ ਵੱਲੋ ਖੇਡਿਆ। 1992 ਤੋ ਉਹ ਯੌਰਕਸ਼ਾਇਰ ਵੱਲੋ ਕਾਊਂਟੀ ਕ੍ਰਿਕਟ ਖੇਡਣ ਲੱਗਾ ਤਾਂ ਉਸ ਦੇ ਟੂਰ ਲੱਗਣੇ ਸ਼ੁਰੂ ਹੋ ਗਏ। ਉਹ 17ਵੇਂ ਸਾਲ ਦੀ ਉਮਰੇ ਅੰਤਰਰਾਸ਼ਟਰੀ ਟੈਸਟ ਮੈਚ ਖੇਡਣ ਲੱਗ ਪਿਆ ਸੀ। 1994 ਤੋ ਉਹ ਵਨ ਡੇਅ ਇੰਟਨੈਸ਼ਨਲ ਮੈਚ ਖੇਡਣ ਲੱਗਾ। 1995-96 ਦੇ ਇਰਾਨੀ ਕੱਪ ਵਿੱਚ ਉਸ ਨੇ ਰੈਸਟ ਆਫ ਇੰਡੀਆ ਦੀ ਟੀਮ ਵਿਰੁੱਧ ਮੁੰਬਈ ਟੀਮ ਦੀ ਕਪਤਾਨੀ ਕੀਤੀ। 1995 ਵਿੱਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ, ਉਹਦਾ ਵਿਆਹ ਗੁਜਰਾਤੀ ਮੂਲ ਦੀ ਡਾਕਟਰ ਅੰਜਲੀ ਮਹਿਤਾ ਨਾਲ ਹੋ ਗਿਆ। ਉਨ੍ਹਾਂ ਦੀ ਪਹਿਲੀ ਮੁਲਾਕਾਤ 1990 ਵਿੱਚ ਮੁੰਬਈ ਏਅਰਪੋਰਟ 'ਤੇ ਹੋਈ ਸੀ ਜਦੋਂ ਸਚਿਨ ਭਾਰਤ ਦੀ ਟੀਮ ਨਾਲ ਵਾਪਸ ਘਰ ਆ ਰਿਹਾ ਸੀ। ਵਿਆਹ ਪਿੱਛੋਂ ਅੰਜਲੀ ਨੇ ਨੌਕਰੀ ਛੱਡ ਦਿੱਤੀ ਸੀ। ਉਨ੍ਹਾਂ ਦੇ ਬੱਚੇ ਸਾਰਾ ਤੇਂਦੁਲਕਰ ਤੇ ਅਰਜੁਨ ਤੇਂਦੁਲਕਰ ਹਨ। ਸਚਿਨ 11 ਸਾਲਾਂ ਦਾ ਸੀ ਜਦੋਂ ਕ੍ਰਿਕਟ ਨੂੰ ਸਮਰਪਿਤ ਹੋ ਗਿਆ ਸੀ। ਸਕੂਲਾਂ 'ਚ ਖੇਡਦਾ ਉਹ ਕਲੱਬਾਂ ਨਾਲ ਖੇਡਣ ਲੱਗ ਪਿਆ ਸੀ। 15 ਨਵੰਬਰ 1989 ਨੂੰ ਉਹ ਮੁੰਬਈ ਵੱਲੋ ਕਰਾਚੀ ਵਿਖੇ ਆਪਣੇ ਖੇਡ ਕਰੀਅਰ ਦਾ ਪਹਿਲਾ ਟੈਸਟ ਮੈਚ ਖੇਡਣ ਗਿਆ। ਉਹ 24 ਸਾਲ ਮੁੰਬਈ ਤੇ ਭਾਰਤ ਦੀਆਂ ਟੀਮਾਂ ਦੀ ਰਾਸ਼ਟਰੀ ਅਤੇ ਅੰਤਰਾਰਸ਼ਟਰੀ ਪੱਧਰ 'ਤੇ ਨੁਮਾਇੰਦਗੀ ਕਰਦਾ ਰਿਹਾ। 1996 ਦੇ ਵਿਸ਼ਵ ਕੱਪ ਵਿੱਚ ਉਸ ਨੇ 2 ਸੈਂਕੜੇ ਮਾਰੇ ਤੇ 1998 ਦੇ ਆਸਟਰੇਲੀਅਨ ਟੂਰ ਵਿੱਚ ਲਗਾਤਾਰ 3 ਸੈਂਚਰੀਆਂ ਮਾਰੀਆਂ। 1999 ਦੌਰਾਨ ਏਸ਼ੀਅਨ ਟੈਸਟ ਚੈਂਪੀਅਨਸ਼ਿਪ, ਟੈਸਟ ਮੈਚ ਤੇ ਵਿਸ਼ਵ ਕੱਪਾਂ ਵਿੱਚ ਉਸ ਦੀ ਖੇਡ ਦੇ ਅੰਕੜੇ ਹੋਰ ਉੱਚੇ ਤੋਂ ਉੱਚੇ ਹੁੰਦੇ ਚਲੇ ਗਏ। 2002 ਵਿੱਚ ਜਦੋਂ ਉਹ ਆਪਣੇ ਖੇਡ ਕਰੀਅਰ ਦੇ ਅੱਧਵਿਚਾਲੇ ਸੀ ਤਾਂ ਵਿਜ਼ਡਨ ਰੈਂਕ ਅਨੁਸਾਰ ਡੌਨ ਬਰੈਡਮੈਨ ਨਾਲ ਉਹ ਵਿਸ਼ਵ ਦਾ ਦੂਜਾ ਮਹਾਨਤਮ ਬੱਲੇਬਾਜ਼ ਬਣ ਚੁੱਕਾ ਸੀ। ਉਸੇ ਸਾਲ ਸਚਿਨ ਦੀ ਟੀਮ ਨੇ 2002 ਦੀ ਆਈਸੀਸੀ ਚੈਂਪੀਅਨਜ਼ ਟਰਾਫੀ ਜਾਇੰਟ ਵਿਨਰਜ਼ ਵਜੋਂ ਜਿੱਤਣ ਦਾ ਮਾਰਕਾ ਮਾਰਿਆ। 2003 ਦੇ ਵਿਸ਼ਵ ਕੱਪ ਵਿੱਚ ਉਹ 'ਪਲੇਅਰ ਆਫ ਦਿ ਟੂਰਨਾਮੈਂਟ' ਐਲਾਨਿਆ ਗਿਆ। 2011 ਵਿੱਚ ਉਹ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਸਭ ਤੋਂ ਮਹੱਤਵਪੂਰਨ ਖਿਡਾਰੀ ਸੀ। ਸਚਿਨ ਇੱਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਤੋਂ 2012 ਵਿੱਚ ਰਿਟਾਇਰ ਹੋਇਆ ਜਦੋਂ ਕਿ ਆਪਣਾ 200ਵਾਂ ਟੈਸਟ ਮੈਚ ਖੇਡਣ ਪਿੱਛੋ ਨਵੰਬਰ 2013 ਵਿੱਚ ਸਰਗਰਮ ਕ੍ਰਿਕਟ ਖੇਡਣ ਤੋਂ ਪੱਕੇ ਤੌਰ 'ਤੇ ਰਿਟਾਇਰ ਹੋ ਗਿਆ। ਉਸ ਨੇ 664 ਅੰਤਰਰਾਸ਼ਟਰੀ ਮੈਚ ਖੇਡੇ ਅਤੇ 34,357 ਦੌੜਾਂ ਬਣਾਈਆਂ। 2019 ਵਿੱਚ ਉਸ ਦਾ ਨਾਂ ਆਈਸੀਸੀ ਕ੍ਰਿਕਟ ਹਾਲ ਆਫ ਫੇਮ ਵਿੱਚ ਫਰੇਮ ਕੀਤਾ ਗਿਆ। ਉਹ ਕਮਾਲ ਦਾ ਬੱਲੇਬਾਜ਼ ਹੀ ਨਹੀ ਲੋੜ ਪੈਣ 'ਤੇ ਮੈਚ ਜਿੱਤ ਵੱਲ ਲਿਜਾਣ ਵਾਲਾ ਗੇਂਦਬਾਜ਼ ਵੀ ਸੀ। ਜਦੋਂ ਕੋਈ ਜੋੜੀ ਲਗਾਤਾਰ ਰਨ 'ਤੇ ਰਨ ਬਣਾਈ ਜਾਂਦੀ ਤਾਂ ਜੋੜੀ ਨੂੰ ਤੋੜਨ ਲਈ ਸਚਿਨ ਨੂੰ ਗੇਂਦ ਸੁੱਟਣ ਲਈ ਕਿਹਾ ਜਾਂਦਾ। ਬਹੁਤੇ ਬੱਲੇਬਾਜ਼ ਉਹਦੀ ਗੇਂਦਬਾਜ਼ੀ ਤੋਂ ਅਣਜਾਣ ਹੁੰਦੇ ਤੇ ਉਹਦੇ ਗੇਂਦ ਜਾਲ ਵਿੱਚ ਫਸ ਕੇ ਆਊਟ ਹੋ ਜਾਂਦੇ। 1993 ਵਿੱਚ ਕੋਲਕਾਤਾ ਦੇ ਈਡਨ ਗਾਰਡਨ ਸਟੇਡੀਅਮ ਵਿਖੇ ਭਾਰਤ ਵਿਰੁੱਧ ਖੇਡੇ ਮੈਚ ਵਿੱਚ ਦੱਖਣੀ ਅਫ਼ਰੀਕਾ ਨੂੰ ਮੈਚ ਜਿੱਤਣ ਲਈ ਕੇਵਲ 5 ਦੌੜਾਂ ਚਾਹੀਦੀਆਂ ਸਨ। ਆਖਰੀ ਓਵਰ ਸੁੱਟਣ ਲਈ ਗੇਂਦ ਸਚਿਨ ਨੂੰ ਦਿੱਤੀ ਗਈ ਤਾਂ ਕਈਆਂ ਨੂੰ ਹੈਰਾਨੀ ਹੋਈ, ਪਰ ਉਸ ਨੇ ਆਖਰੀ ਓਵਰ 'ਚ 5 ਦੌੜਾਂ ਵੀ ਨਾ ਬਣਨ ਦਿੱਤੀਆਂ ਜਿਸ ਨਾਲ ਭਾਰਤੀ ਟੀਮ ਹਾਰਦੀ-ਹਾਰਦੀ ਮੈਚ ਜਿੱਤ ਗਈ। ਸਚਿਨ ਨੇ ਦੌੜਾਂ ਬਣਾਉਣ ਦੇ ਤਾਂ ਢੇਰ ਲਾਏ ਹੀ ਲਾਏ, ਨਾਲ 201 ਵਿਕਟਾਂ ਵੀ ਲਈਆਂ। 2001 ਵਿੱਚ ਈਡਨ ਦੇ ਮੈਦਾਨ ਵਿੱਚ ਹੀ ਆਸਟਰੇਲੀਆ ਦੀਆਂ 3 ਵਿਕਟਾਂ ਲੈ ਕੇ ਭਾਰਤੀ ਟੀਮ ਨੂੰ ਜਿਤਾਇਆ ਤੇ ਟੈਸਟ ਮੈਚਾਂ ਦੀ ਲੜੀ ਜਿੱਤੀ। ਸਚਿਨ 16 ਸਾਲ 205 ਦਿਨਾਂ ਦਾ ਸੀ ਜਦੋਂ



ਇੰਟਰਨੈਸ਼ਨਲ ਟੈਸਟ ਮੈਚ ਖੇਡਣ ਲੱਗਾ। ਉਸ ਦੇ ਪਹਿਲੇ ਹੀ ਟੈਸਟ ਮੈਚ ਵਿੱਚ ਨੱਕ 'ਤੇ ਬਾਲ ਲੱਗ ਗਈ ਸੀ, ਪਰ ਅਸ਼ਕੇ ਉਸ ਦੇ ਕਿ ਜ਼ਖਮੀ ਨੱਕ ਨਾਲ ਵੀ ਕਰੀਜ਼ 'ਤੇ ਡਟਿਆ ਰਿਹਾ। ਉਹਦੀ ਪਹਿਲੀ ਸੈਂਚਰੀ 1990 'ਚ ਇੰਗਲੈਂਡ ਵਿੱਚ ਵੱਜੀ। 1991-92 ਵਿੱਚ ਉਸ ਨੇ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿੱਚ 148 ਦੌੜਾਂ ਤੇ ਪਰਥ ਵਿੱਚ 114 ਦੌੜਾਂ ਬਣਾਈਆਂ। 1990 ਤੋਂ 2000 ਤੱਕ ਉਹ ਸਿਖਰ ਦੀ ਫਾਰਮ ਵਿੱਚ ਸੀ। 2000 ਦੌਰਾਨ ਉਸ ਨੂੰ ਕੁਝ ਐਸੀਆਂ ਸੱਟਾਂ ਲੱਗੀਆਂ ਕਿ ਬੱਲੇਬਾਜ਼ੀ ਕਰਨੀ ਮੁਸ਼ਕਲ ਹੋ ਗਈ ਸੀ, ਪਰ ਉਹ ਵਿਵੀਅਨ ਰਿਚਰਡਜ਼ ਦੀ ਸਲਾਹ ਨਾਲ ਫਿਰ ਵੀ ਖੇਡਦਾ ਰਿਹਾ। 2008 ਵਿੱਚ ਉਸ ਦੀ ਮੇਜਰ ਸਰਜਰੀ ਹੋਈ। ਉਸ ਨੇ ਫਿਰ ਵੀ ਖੇਡਣਾ ਜਾਰੀ ਰੱਖਿਆ ਤੇ ਲੀਜੈਂਡਰੀ ਬੱਲੇਬਾਜ਼ ਬ੍ਰਾਇਨ ਲਾਰਾ ਦਾ ਰਿਕਾਰਡ ਤੋੜਿਆ। ਅਗਸਤ 2009 ਤੋਂ ਅਗਸਤ 2010 ਵਿਚਾਲੇ 1000 ਤੋਂ ਵੱਧ ਦੌੜਾਂ ਬਣਾਈਆਂ ਜਿਨ੍ਹਾਂ 'ਚ ਦੱਖਣੀ ਅਫ਼ਰੀਕਾ ਵਿਰੁੱਧ ਇੱਕ ਡਬਲ ਸੈਂਚਰੀ ਵੀ ਸੀ। 2010 ਵਿੱਚ ਆਈਸੀਸੀ ਨੇ ਉਸ ਨੂੰ ਕ੍ਰਿਕਟਰ ਆਫ ਦਿ ਯੀਅਰ ਐਲਾਨਿਆ। 1996 ਦੇ ਕ੍ਰਿਕਟ ਵਿਸ਼ਵ ਕੱਪ 'ਚ ਦੋ ਸੈਂਕੜਿਆਂ ਸਮੇਤ 523 ਦੌੜਾਂ ਬਣ ਕੇ ਉਹ ਟੌਪ ਸਕੋਰਰ ਰਿਹਾ। 1999 ਦੇ ਵਿਸ਼ਵ ਕੱਪ ਸਮੇਂ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ ਜਿਸ ਕਰਕੇ ਉਸ ਨੂੰ ਇੰਗਲੈਂਡ ਤੋਂ ਘਰ ਪਰਤਣਾ ਪਿਆ ਤੇ ਤੁਰੰਤ ਵਾਪਸੀ ਕਰ ਕੇ ਕੀਨੀਆ ਵਿਰੁੱਧ ਖੇਡਣਾ ਪਿਆ ਸੀ। ਉਸ ਮੈਚ ਵਿੱਚ ਸਚਿਨ ਨੇ ਸੈਂਚਰੀ ਮਾਰੀ ਜੋ ਆਪਣੇ ਮਰਹੂਮ ਪਿਤਾ ਨੂੰ ਅਰਪਿਤ ਕੀਤੀ। ਸਚਿਨ ਮੁੰਬਈ ਇੰਡੀਅਨਜ਼ ਟੀਮ ਦਾ ਕੈਪਟਨ ਬਣ ਕੇ 2008 ਤੋਂ 2011 ਤੱਕ ਇੰਡੀਅਨ ਪ੍ਰੀਮੀਅਰ ਲੀਗ ਖੇਡਿਆ, ਪਰ ਉਦੋਂ ਜਿੱਤ ਹਾਸਲ ਨਾ ਕਰ ਸਕਿਆ। 2013 ਵਿੱਚ ਜਦੋਂ ਮੁੰਬਈ ਇੰਡੀਅਨਜ਼ ਨੇ ਆਈਪੀਐੱਲ ਟਰਾਫੀ ਜਿੱਤੀ ਤਾਂ ਉਹ ਟੀਮ ਦਾ ਮਹੱਤਵਪੂਰਨ ਅੰਗ ਸੀ। ਉਸ ਤੋਂ ਬਾਅਦ ਉਹ ਰਿਟਾਇਰ ਹੋ ਗਿਆ। 6 ਨਵੰਬਰ 2014 ਨੂੰ ਉਸ ਦੀ ਸਵੈਜੀਵਨੀ 'ਪਲੇਇੰਗ ਇਟ ਮਾਈ ਵੇਅ' ਰਿਲੀਜ਼ ਹੋਈ। ਲਿਮਕਾ ਬੁੱਕ ਆਫ ਰਿਕਾਰਡਜ਼ ਅਨੁਸਾਰ ਉਸ ਪੁਸਤਕ ਦੀਆਂ 150,289 ਕਾਪੀਆਂ ਅਗਾਊ ਵਿਕਣ ਦਾ ਰਿਕਾਰਡ ਕਾਇਮ ਹੋਇਆ। 2017 ਵਿੱਚ 'ਸਚਿਨ: ਏ ਬਿਲੀਅਨ ਡਰੀਮਜ਼' ਤੇ 2023 ਵਿੱਚ 'ਸਚਿਨ: ਦਿ ਅਲਟੀਮੇਟ ਵਿਨਰ' ਫਿਲਮਾਂ ਰਿਲੀਜ਼ ਹੋਈਆਂ। ਸਚਿਨ ਨੇ ਟੈਸਟ ਮੈਚ, ਓਡੀਆਈ, ਟੀ-ਟਵੰਟੀ ਗੱਲ ਕੀ ਹਰ ਤਰ੍ਹਾਂ ਦੀ ਕ੍ਰਿਕਟ ਖੇਡਣ ਨਾਲ 6 ਵਿਸ਼ਵ ਕੱਪ ਵੀ ਖੇਡੇ। 2011 ਵਿੱਚ ਵਿਸ਼ਵ ਕੱਪ ਜਿੱਤਿਆ ਤਾਂ ਖ਼ੁਸ਼ੀ ਵਿੱਚ ਉਹਦੇ ਹੰਝੂ ਵਹਿ ਤੁਰੇ ਸਨ।

2013 'ਚ ਵਾਨਖੇੜੇ ਸਟੇਡੀਅਮ ਮੁੰਬਈ ਵਿੱਚ ਵਿਦਾਇਗੀ ਮੈਚ ਖੇਡਿਆ ਤਾਂ ਉਹਦੇ ਅੱਥਰੂਆਂ ਨਾਲ ਦਰਸ਼ਕਾਂ ਦੀਆਂ ਅੱਖਾਂ ਵੀ ਭਰ ਆਈਆਂ ਸਨ। ਭਰੇ ਸਟੇਡੀਅਮ ਨੇ ਹਉਕਾ ਭਰਿਆ ਸੀ। ਭਾਰਤ ਹੀ ਨਹੀ ਸਮੁੱਚੇ ਖੇਡ ਜਗਤ ਲਈ ਉਹ ਭਾਵੁਕ ਪਲ ਸਨ। ਕ੍ਰਿਕਟ ਤੋਂ ਰਿਟਾਇਰ ਹੋ ਕੇ ਸਚਿਨ ਨੇ ਸਪੋਰਟਸ, ਸਿਹਤ ਤੇ ਸਿੱਖਿਆ ਲਈ ਪੁੰਨ ਦੇ ਕਈ ਅਜਿਹੇ ਕਾਰਜ ਵਿੱਢੇ ਹੋਏ ਨੇ ਜੋ ਲੋੜਵੰਦਾਂ ਦੀਆਂ ਅਸੀਸਾਂ ਲੈ ਰਹੇ ਨੇ। ਉਹ ਖੇਡ ਮੈਦਾਨਾਂ ਵਿੱਚ ਤਾਂ ਚਮਕਿਆ ਹੀ ਹੈ, ਸੇਵਾ ਦੇ ਖੇਤਰ ਵਿੱਚ ਵੀ ਲਿਸ਼ਕਦਾ ਰਹੇਗਾ। ਦੌੜਾਂ ਦੀਆਂ ਝੜੀਆਂ ਲਾਉਣ ਵਾਲੇ ਕ੍ਰਿਕਟ ਦੇ ਰੁਸਤਮੇ ਜ਼ਮਾਂ ਸਚਿਨ ਤੇਂਦੁਲਕਰ ਦੀ ਬਾਤ ਅਜੇ ਮੁੱਕੀ ਨਹੀ। ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ।

## ਸ਼ੁਭਮਨ ਗਿੱਲ ਕਪਤਾਨ ਵਜੋਂ ਆਪਣਾ ਪਹਿਲਾ ਟੈਸਟ ਮੈਚ ਟੀਮ ਦੀਆਂ ਕਿਹੜੀਆਂ ਗ਼ਲਤੀਆਂ ਕਾਰਨ ਜਿੱਤ ਨਹੀਂ ਸਕੇ

**ਬਰਿੰਦਰ ਸਿੰਘ**

ਇੰਗਲੈਂਡ ਖ਼ਿਲਾਫ਼ ਟੈਸਟ ਕ੍ਰਿਕਟ ਵਿੱਚ 25 ਸਾਲਾ ਕਪਤਾਨ ਸ਼ੁਭਮਨ ਗਿੱਲ ਦੀ ਅਗਵਾਈ ਵਿੱਚ ਖੇਡੀ ਨੌਜਵਾਨਾਂ ਦੀ ਭਾਰਤੀ ਟੀਮ ਨੇ ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਦੀ ਰਿਟਾਇਰਮੈਂਟ ਤੋਂ ਬਾਅਦ ਖੇਡੀ ਪਹਿਲੀ ਸੀਰੀਜ਼ ਦੇ ਪਹਿਲੇ ਮੈਚ ਵਿੱਚ ਕਈ ਕਮਾਲ ਕੀਤੇ ਪਰ ਮੈਚ ਨਾ ਜਿੱਤ ਸਕੇ। ਭਾਰਤ ਅਤੇ ਇੰਗਲੈਂਡ ਵਿਚਾਲੇ ਪੰਜ ਮੈਚਾਂ ਦੀ ਟੈਸਟ ਸੀਰੀਜ਼ ਦਾ ਪਹਿਲਾ ਮੈਚ ਹੇਡਿੰਗਲੇ ਮੈਦਾਨ ਵਿੱਚ ਖੇਡਿਆ ਗਿਆ। ਇਸ ਮੁਕਾਬਲੇ ਵਿੱਚ ਸ਼ੁਭਮਨ ਗਿੱਲ ਟੈਸਟ ਕਪਤਾਨ ਦੇ ਰੂਪ ਵਿੱਚ ਡੈਬਿਊ 'ਤੇ ਸੈਂਕੜਾ ਮਾਰਨ ਵਾਲੇ ਚੌਥੇ ਭਾਰਤੀ ਕਪਤਾਨ ਬਣੇ। ਪਹਿਲੇ ਟੈਸਟ ਮੈਚ ਵਿੱਚ ਭਾਰਤ ਨੂੰ ਇੰਗਲੈਂਡ ਹੱਥੋ 5 ਵਿਕਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। 371 ਦੌੜਾਂ ਦਾ ਵੱਡਾ ਟਾਰਗੇਟ ਦੇਣ ਦੇ ਬਾਵਜੂਦ ਵੀ ਭਾਰਤ ਜਿੱਤ ਨਾ ਸਕਿਆ। ਯਾਨੀ ਹੁਣ ਭਾਰਤ 5 ਮੈਚਾਂ ਦੀ ਟੈਸਟ ਸੀਰੀਜ਼ ਵਿਚ 1-0 ਨਾਲ ਪਿੱਛੇ ਹੋ ਗਿਆ ਹੈ। ਮੈਚ ਵਿੱਚ ਭਾਰਤ ਨੇ ਕੁੱਲ 9 ਕੈਚ ਛੱਡੇ। ਇਸ ਦੇ ਨਾਲ ਹੀ ਇਸ ਮੁਕਾਬਲੇ ਵਿੱਚ ਭਾਰਤ ਦੇ ਓਪਨਰਾਂ ਦਾ ਸ਼ਾਨਦਾਰ ਪ੍ਰਦਰਸ਼ਨ, ਰਿਸ਼ਭ ਪੰਤ ਦੇ ਰਿਕਾਰਡ, ਬੁਮਰਾਹ ਦੀ ਗੇਂਦਬਾਜ਼ੀ ਸਣੇ ਪੰਜ ਕਿਹੜੀਆਂ ਅਹਿਮ ਗੱਲਾਂ ਰਹੀਆਂ, ਇਸ ਬਾਰੇ ਗੱਲ ਕਰਾਂਗੇ।

### ਭਾਰਤ ਦੇ ਓਪਨਰਾਂ ਦਾ ਪ੍ਰਦਰਸ਼ਨ

ਭਾਰਤੀ ਟੀਮ ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ, ਜਿਸ ਨੇ ਪਹਿਲੇ ਦਿਨ ਦੀ ਖੇਡ ਖਤਮ ਹੋਣ ਤੱਕ 359 ਦੌੜਾਂ 'ਤੇ ਤਿੰਨ ਵਿਕਟਾ ਗੁਆਈਆਂ। ਇਸ ਦੌਰਾਨ ਭਾਰਤ ਦੇ ਓਪਨਰਾਂ ਵੱਲੋਂ 91 ਦੌੜਾਂ ਦੀ ਸਾਂਝੇਦਾਰੀ ਦੇਖਣ ਨੂੰ ਮਿਲੀ, ਜਿਸ ਨਾਲ ਭਾਰਤੀ ਟੀਮ ਨੇ ਮਜ਼ਬੂਤ ਨੀਹ ਰੱਖੀ, ਜੋ ਭਾਰਤ ਨੂੰ ਮੁਕਾਬਲੇ ਵਿੱਚ ਮਜ਼ਬੂਤ ਬਣਾ ਸਕੀ। ਓਪਨਰ ਜੋੜੀ ਯਸ਼ਸਵੀ ਜੈਸਵਾਲ (101) ਅਤੇ ਕੇਐੱਲ ਰਾਹੁਲ (42) ਨੇ ਪਹਿਲੀ ਇਨਿੰਗ ਵਿੱਚ ਸਮਝਦਾਰੀ ਨਾਲ ਖੇਡਦਿਆਂ ਭਾਰਤ ਨੂੰ ਚੰਗੀ ਸ਼ੁਰੂਆਤ ਦੁਆਈ। 23 ਸਾਲਾ ਯਸ਼ਸਵੀ ਜੈਸਵਾਲ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ, ਉਥੇ ਹੀ ਕੇਐੱਲ ਰਾਹੁਲ ਆਪਣੀ ਸੂਝ ਨਾਲ ਖੇਡਦੇ ਨਜ਼ਰ ਆਏ। ਪਹਿਲੀ ਇਨਿੰਗ ਵਿੱਚ ਕੇਐੱਲ ਰਾਹੁਲ ਬੇਸ਼ੱਕ 42 ਦੌੜਾਂ ਬਣਾ ਕੇ ਆਊਟ ਹੋ ਗਏ ਪਰ ਦੂਜੀ ਇਨਿੰਗ ਵਿੱਚ ਉਨ੍ਹਾਂ ਨੇ ਆਪਣੀ ਖੇਡ ਦਾ ਸਹੀ ਤਕਨੀਕ ਨਾਲ ਇਸਤੇਮਾਲ ਕਰਦੇ ਹੋਏ 137 ਦੌੜਾਂ ਬਣਾ ਕੇ ਟੀਮ ਨੂੰ ਮਜ਼ਬੂਤੀ ਵੱਲ ਵਧਾਇਆ। ਸਾਬਕਾ ਕ੍ਰਿਕਟਰ ਅਤੇ ਖੇਡ ਮਾਹਰ ਸਰਨਦੀਪ ਸਿੰਘ ਨੇ ਖਾਸ ਗੱਲਬਾਤ ਕੀਤੀ। ਸਰਨਦੀਪ ਦਾ ਕਹਿਣਾ ਹੈ ਕਿ ਇਸ ਟੀਮ ਦੀ ਸਭ ਤੋਂ ਖਾਸ ਗੱਲ ਇਹ ਹੈ ਸ਼ੁਭਮਨ ਗਿੱਲ ਦੀ ਕਪਤਾਨੀ ਵਿੱਚ ਓਪਨਰ ਜੈਸਵਾਲ ਤੇ ਕੇਐੱਲ ਰਾਹੁਲ ਦਾ ਚੰਗਾ ਪ੍ਰਦਸ਼ਨ ਕਰਨਾ। ਉਹ ਕਹਿੰਦੇ ਹਨ, "ਜਦੋਂ ਸ਼ੁਭਮਨ ਨੂੰ ਕਪਤਾਨੀ ਮਿਲੀ ਤਾਂ ਸਾਰੇ ਇਹ ਕਹਿ ਰਹੇ ਸਨ ਕਿ ਟੀਮ ਵਿੱਚ ਤਜਰਬੇਕਾਰ ਖਿਡਾਰੀਆਂ ਦੀ ਘਾਟ ਹੈ ਪਰ ਇਹ ਨੌਜਵਾਨਾਂ ਦੀ ਟੀਮ ਵੱਖਰੀ ਸੋਚ ਨਾਲ ਖੇਡ ਰਹੀ ਹੈ। ਯਸ਼ਸਵੀ ਜੈਸਵਾਲ ਜਿਵੇਂ ਟੀ-20 ਵਿੱਚ ਖੇਡ ਰਿਹਾ ਸੀ, ਉਹ ਟੈਸਟ ਵਿਚ ਵੀ ਚੰਗਾ ਖੇਡ ਰਿਹਾ ਹੈ।" "ਭਾਰਤ ਵਾਸਤੇ ਜੈਸਵਾਲ ਓਪਨਰ ਹੋਣ ਦੇ ਨਾਤੇ ਕਾਫੀ ਅਹਿਮ ਖਿਡਾਰੀ ਹੈ ਕਿਉਕਿ ਜੇ ਓਪਨਰ ਸੈਂਕੜਾ ਮਾਰਦਾ ਤਾਂ ਬਾਕੀ ਟੀਮ ਮਜ਼ਬੂਤ ਬਣ ਕੇ ਉਭਰ ਦੀ ਹੈ ਤੇ ਜੈਸਵਾਲ ਨੇ ਇਸ ਟੈਸਟ ਮੈਚ ਦੀ ਪਹਿਲੀ ਇਨਿੰਗ ਵਿੱਚ ਇਸੇ ਤਰ੍ਹਾਂ ਕੀਤਾ।" "ਜੈਸਵਾਲ ਨਾਲ ਓਪਨਰ ਖਿਡਾਰੀ ਕੇਐੱਲ ਰਾਹੁਲ ਕਾਫੀ ਸਮਝਦਾਰ ਖਿਡਾਰੀ ਹੈ। ਇਨ੍ਹਾਂ ਦੋਨਾਂ ਨੇ ਟੀਮ ਲਈ ਚੰਗੀਆਂ ਦੌੜਾਂ ਬਣਾਈਆਂ ਹਨ, ਜੋ ਕਿ ਭਾਰਤੀ ਟੀਮ ਲਈ ਆਉਣ ਵਾਲੇ ਸਮੇਂ ਲਈ ਵੀ ਚੰਗੀ ਖ਼ਬਰ ਹੈ।"

### ਸ਼ੁਭਮਨ ਦੀ ਇੰਗਲੈਂਡ ਵਿੱਚ ਸ਼ਾਨਦਾਰ ਬੱਲੇਬਾਜ਼ੀ

ਮੈਚ ਤੋ ਪਹਿਲਾਂ ਪ੍ਰੈਸ ਕਾਨਫਰੰਸ ਵਿੱਚ ਸ਼ੁਭਮਨ ਗਿੱਲ ਨੇ ਖੁੱਲ੍ਹ ਕੇ ਕਿਹਾ ਸੀ ਕਿ ਉਹ ਇਸ ਲੜੀ ਦਾ ਅੰਤ 'ਸਰਬੋਤਮ ਬੱਲੇਬਾਜ਼' ਬਣ ਕੇ ਕਰਨਾ ਚਾਹੁੰਦਾ ਹੈ। ਕਪਤਾਨ ਦੇ ਰੂਪ ਵਿੱਚ ਆਪਣੇ ਪਹਿਲੇ ਹੀ ਮੈਚ ਵਿੱਚ ਇੱਕ ਲੀਡਰ ਦੀ ਭੂਮਿਕਾ ਨਿਭਾਉਦੇ ਹੋਏ ਸ਼ੁਭਮਨ ਗਿੱਲ ਨੇ ਮੋਰਚਾ ਸੰਭਾਲਿਆ ਤੇ ਆਪਣੇ ਆਪ ਨੂੰ ਸਾਬਿਤ ਕੀਤਾ। ਸ਼ੁਭਮਨ ਗਿੱਲ ਨੇ ਆਪਣੀ ਬੱਲੇਬਾਜ਼ੀ ਨਾਲ ਇਹ ਜ਼ਰੂਰ ਸਾਬਿਤ ਕਰ ਦਿੱਤਾ ਹੈ ਕਿ ਚੌਥੇ ਨੰਬਰ 'ਤੇ ਉਹ ਵਿਰਾਟ ਕੋਹਲੀ ਦੀ ਥਾਂ ਲੈਣ ਲਈ ਪੂਰੀ ਤਰ੍ਹਾਂ ਤਿਆਰ ਹਨ। ਸਰਨਦੀਪ ਕਹਿੰਦੇ ਹਨ, "ਆਪਣੀ ਕਪਤਾਨੀ ਵਿੱਚ ਪਹਿਲੇ ਹੀ ਮੈਚ 'ਚ ਸੈਂਕੜਾ ਲਾਉਣ ਬਹੁਤ ਵੱਡੀ ਗੱਲ ਹੈ। ਉਸ ਨੇ ਇਹ ਦਿਖਾਇਆ ਕਿ ਉਹ ਭਾਰਤੀ ਟੀਮ ਦੇ ਆਉਣ ਵਾਲੇ ਭਵਿੱਖ ਦਾ ਕਪਤਾਨ ਹੈ। ਆਪਣੀ ਸ਼ਾਨਦਾਰ ਬੱਲੇਬਾਜ਼ੀ ਨਾਲ ਗਿੱਲ ਮੈਦਾਨ ਵਿੱਚ ਖਰਾ ਉਤਰਿਆ। ਗਿੱਲ ਚਾਰ ਨੰਬਰ 'ਤੇ ਆਇਆ ਅਤੇ ਇਹ ਨੰਬਰ ਵਿਰਾਟ ਕੋਹਲੀ ਦਾ ਸੀ। ਗਿੱਲ ਨੇ ਇਸ ਮੁਕਾਬਲੇ ਵਿੱਚ ਦਿਖਾ ਦਿੱਤਾ ਕਿ ਇਹ ਸੀਟ ਮੇਰੇ ਨਾਮ ਦੀ ਹੀ ਸੀ।" ਉਹ ਕਹਿੰਦੇ ਹਨ ਕਿ ਮੈਚ ਦੌਰਾਨ ਟੀਮ ਵਿੱਚ ਕੁਝ ਖਾਮੀਆਂ ਜ਼ਰੂਰ ਰਹੀਆਂ ਪਰ ਸ਼ੁਭਮਨ ਗਿੱਲ ਨੇ ਆਪਣੇ ਤਜਰਬੇ ਨਾਲ ਇਹ ਵੀ ਦਿਖਾਇਆ ਕਿ ਉਹ ਸਿਰਫ ਟੀ-20 ਦੀ ਕਪਤਾਨੀ ਹੀ ਨਹੀ ਟੈਸਟ ਦੀ ਕਪਤਾਨੀ ਵੀ ਕਰ ਸਕਦੇ ਹਨ।

### ਰਿਸ਼ਭ ਪੰਤ ਦੇ ਰਿਕਾਰਡ ਤੇ ਬੱਲੇਬਾਜ਼ੀ

ਇੰਗਲੈਂਡ ਖ਼ਿਲਾਫ਼ ਪੰਜ ਮੈਚਾਂ ਦੀ ਟੈਸਟ ਸੀਰੀਜ਼ ਦੇ ਪਹਿਲੇ ਮੁਕਾਬਲੇ 'ਚ ਭਾਰਤੀ ਟੀਮ ਦੇ ਵਿਕਟ ਕੀਪਰ ਤੇ ਪੰਜ ਨੰਬਰ 'ਤੇ ਆਏ ਬੱਲੇਬਾਜ਼ ਰਿਸ਼ਭ ਪੰਤ ਨੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਮੁਕਾਬਲੇ ਵਿੱਚ ਜਦੋਂ ਪੰਤ ਕਰੀਜ਼ 'ਤੇ ਆਏ ਤਾਂ ਸ਼ੁਰੂਆਤੀ ਖੇਡ ਵਿੱਚ ਉਨ੍ਹਾਂ ਦਾ ਅੰਦਾਜ਼ ਵੱਖਰਾ ਦਿਖਿਆ। ਉਹ ਜਲਦ ਸ਼ੌਟ ਲਗਾਉਣ ਲਈ ਜਾਣੇ ਜਾਂਦੇ ਹਨ ਪਰ ਇਸ ਵਾਰ ਉਨ੍ਹਾਂ ਨੇ ਕੋਈ ਕਾਹਲ ਨਹੀ ਕੀਤੀ ਅਤੇ ਨਾ ਹੀ ਕੋਈ ਉੱਚਾ ਸ਼ੌਟ ਖੇਡਿਆ।




ਉਨ੍ਹਾਂ ਨੇ ਇਸ ਮੁਕਾਬਲੇ ਵਿੱਚ ਪਿਛਲੀ ਆਸਟ੍ਰੇਲੀਆ ਸੀਰੀਜ਼ ਵਾਲੀ ਨਾਕਾਮੀ ਨੂੰ ਨਹੀ ਦੁਹਰਾਇਆ ਅਤੇ ਕਾਫੀ ਸੂਝਬੂਝ ਨਾਲ ਬੱਲੇਬਾਜ਼ੀ ਕੀਤੀ। ਇਸ ਦੌਰਾਨ ਪੰਤ ਸਟੰਪ ਮਾਈਕ 'ਤੇ ਖੁਦ ਨਾਲ ਗੱਲ ਕਰਦੇ ਵੀ ਦਿਖੇ। ਖਰਾਬ ਸ਼ੌਟ ਖੇਡਣ 'ਤੇ ਉਹ ਖੁਦ ਨੂੰ ਸਮਝਾਉਦੇ ਨਜ਼ਰ ਆਏ। ਇਸ ਟੈਸਟ ਮੈਚ ਵਿੱਚ ਉਨ੍ਹਾਂ ਨੇ ਦੋ ਸੈਂਕੜੇ ਲਗਾਏ। ਇਨ੍ਹਾਂ ਸੈਂਕੜਿਆਂ ਨਾਲ ਉਹ ਇੰਗਲੈਂਡ ਵਿੱਚ ਇਕ ਟੈਸਟ ਮੈਚ ਦੀਆਂ ਦੋਵੇਂ ਪਾਰੀਆਂ ਦੌਰਾਨ ਸੈਂਕੜੇ ਲਗਾਉਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਉਹ ਇੰਗਲੈਂਡ ਵਿੱਚ ਇੱਕ ਟੈਸਟ ਮੈਚ ਵਿੱਚ ਦੋ ਸੈਂਕੜੇ ਲਗਾਉਣ ਵਾਲੇ ਨੌਵੇਂ ਵਿਦੇਸ਼ੀ ਬੱਲੇਬਾਜ਼ ਹਨ। ਸਰਨਦੀਪ ਕਹਿੰਦੇ ਹਨ, "ਰਿਸ਼ਭ ਪੰਤ ਭਾਰਤੀ ਟੀਮ ਦੀ ਰੀੜ੍ਹ ਦੀ ਹੱਡੀ ਵਜੋ ਕੰਮ ਕਰ ਰਹੇ ਹਨ। ਜੋ ਪਿਛਲੇ ਕਈ ਸਾਲਾਂ ਤੋ ਮਹਿੰਦਰ ਸਿੰਘ ਧੋਨੀ ਕਰਦੇ ਆਏ ਸੀ, ਹੁਣ ਉਨ੍ਹਾਂ ਦੀ ਥਾਂ ਰਿਸ਼ਭ ਪੰਤ ਨੂੰ ਦੇਖਿਆ ਜਾ ਸਕਦਾ। ਇਸੇ ਲਈ ਉਨ੍ਹਾਂ ਨੂੰ ਉਪ ਕਪਤਾਨ ਵੀ ਬਣਾਇਆ ਗਿਆ ਹੈ। ਪੰਤ ਨੇ ਦਿਖਾਇਆ ਕਿ ਦਬਾਅ ਵਿੱਚ ਕਿਵੇਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਸਕਦਾ।" ਸਰਨਦੀਪ ਕਹਿੰਦੇ ਹਨ ਕਿ ਸਲੈਕਟਰਾਂ ਨੇ ਆਉਣ ਵਾਲੇ ਸਮੇਂ ਲਈ ਇੱਕ ਨੌਜਵਾਨਾਂ ਦੀ ਟੀਮ ਖੜ੍ਹੀ ਕਰ ਲਈ ਹੈ, ਜਿਸ ਦੇ ਕਪਤਾਨ ਤੇ ਉਪ ਕਪਤਾਨ ਵੀ ਨੌਜਵਾਨ ਹਨ। ਭਾਰਤੀ ਖਿਡਾਰੀਆਂ ਦੀ ਸ਼ਾਨਦਾਰ ਬੱਲੇਬਾਜ਼ੀ ਬਾਰੇ ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਅਤੇ ਸੌਰਭ ਗਾਂਗੁਲੀ ਨੇ ਵੀ ਤਾਰੀਫ ਕੀਤੀ ਹੈ। ਉਨ੍ਹਾਂ ਨੇ ਐਕਸ ਉਪਰ ਪੋਸਟ ਕਰ ਕੇ 2002 ਦਾ ਟੈਸਟ ਮੈਚ ਯਾਦ ਕੀਤਾ, ਜਿਸ ਵਿੱਚ ਸਚਿਨ ਤੇਂਦੂਲਕਰ ਨੇ ਯਾਦਗਾਰ ਪਾਰੀ ਖੇਡਦਿਆਂ 193 ਦੌੜਾਂ ਬਣਾਈਆਂ ਸੀ। ਇਸੇ ਤਰ੍ਹਾਂ ਰਾਹੁਲ ਦ੍ਰਾਵਿੜ ਨੇ 148 ਅਤੇ ਸੌਰਭ ਗਾਂਗੁਲੀ ਨੇ 128 ਦੌੜਾਂ ਬਣਾਈਆਂ ਸੀ।

### ਬੁਮਰਾਹ ਦੀਆਂ ਪੰਜ ਵਿਕਟਾਂ

ਜਸਪ੍ਰੀਤ ਬੁਮਰਾਹ ਨੇ ਪਹਿਲੇ ਟੈਸਟ ਮੈਚ ਦੀ ਪਹਿਲੀ ਇਨਿੰਗ ਵਿੱਚ ਪੰਜ ਵਿਕਟਾਂ ਲਈਆਂ। ਬੁਮਰਾਹ ਨੇ ਦੂਜੇ ਦਿਨ ਇੰਗਲੈਂਡ ਦੀਆਂ ਤਿੰਨ ਵਿਕਟਾਂ ਝਟਕਾਈਆਂ। ਇਸੇ ਤਰ੍ਹਾਂ ਤੀਜੇ ਦਿਨ ਆਪਣੀ ਗੇਂਦਬਾਜ਼ੀ ਦਾ ਜਲਵਾ ਦਿਖਾਉਦੇ ਹੋਏ ਬੁਮਰਾਹ ਨੇ ਕ੍ਰਿਸ ਬਾਕਸ ਅਤੇ ਜੋਸ਼ ਟੰਗ ਨੂੰ ਆਊਟ ਕਰ ਕੇ ਪੰਜ ਵਿਕਟਾਂ ਹਾਸਲ ਕੀਤੀਆਂ। ਉਨ੍ਹਾਂ ਨੇ 83 ਦੌੜਾਂ ਦਿੱਤੀਆਂ। ਹਾਲਾਕਿ ਦੂਜੀ ਇਨਿੰਗ ਵਿੱਚ ਬੁਮਰਾਹ ਵਿਕਟਾਂ ਲਈ ਜ਼ਰੂਰ ਸੰਘਰਸ਼ ਕਰਦੇ ਨਜ਼ਰ ਆਏ। ਬੁਮਰਾਹ ਨੇ ਆਪਣੇ ਕਰੀਅਰ ਵਿੱਚ 14ਵੀ ਵਾਰ ਪੰਜ ਵਿਕਟਾਂ ਲਈਆਂ ਹਨ। ਉਹ ਹੁਣ ਤੱਕ 205 ਵਿਕਟਾਂ ਲੈ ਚੁੱਕੇ ਹਨ। ਸਰਨਦੀਪ ਬੁਮਰਾਹ ਬਾਰੇ ਕਹਿੰਦੇ ਹਨ ਕਿ ਉਹ ਤਿੰਨੇ ਫਾਰਮੈਟ ਵਿੱਚ ਸ਼ਾਨਦਾਰ ਗੇਂਦਬਾਜ਼ ਹੈ। "ਵਿਸ਼ਵ ਭਰ ਵਿੱਚ ਜਸਪ੍ਰੀਤ ਬੁਮਰਾਹ ਤੋ ਪਰੇ ਦਾ ਕੋਈ ਗੇਂਦਬਾਜ਼ ਨਹੀ ਆਇਆ।"

### ਭਾਰਤੀ ਗੇਂਦਬਾਜ਼ਾਂ ਦੀਆਂ ਕਮਜ਼ੋਰੀਆਂ ਤੇ ਖ਼ਰਾਬ ਫਿਲਡਿੰਗ

ਇਸ ਟੈਸਟ ਮੈਚ ਵਿੱਚ



ਜਿਥੇ ਬੱਲੇਬਾਜ਼ਾਂ ਨੇ ਆਪਣਾ ਫਰਜ਼ ਨਿਭਾਇਆ, ਉੱਥੇ ਗੇਂਦਬਾਜ਼ ਮੌਕੇ ਸਾਂਭਣ ਵਿੱਚ ਅਸਫਲ ਦਿਖਾਈ ਦਿੱਤੇ ਹਨ। ਭਾਰਤੀ ਗੇਂਦਬਾਜ਼ ਇੰਗਲੈਂਡ ਦੇ ਬੱਲੇਬਾਜ਼ਾਂ ਦੀ ਸਾਂਝੇਦਾਰੀ ਨੂੰ ਤੋੜਨ ਵਿੱਚ ਨਾਕਾਮ ਰਹੇ। ਭਾਰਤੀ ਗੇਂਦਬਾਜ਼ਾਂ ਦੇ ਦਿਸ਼ਾਹੀਣ ਹੋਣ ਦਾ ਇੰਗਲੈਂਡ ਦੇ ਬੱਲੇਬਾਜ਼ਾਂ ਨੇ ਖੂਬ ਫਾਇਦਾ ਚੁੱਕਿਆ। ਭਾਰਤੀ ਗੇਂਦਬਾਜ਼ ਪ੍ਰਸਿੱਧ ਕ੍ਰਿਸ਼ਣਾ ਨੂੰ ਇਸ ਮੁਕਾਬਲੇ ਵਿੱਚ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ ਕਿਉਕਿ ਇੰਗਲੈਂਡ ਦੇ ਬੱਲੇਬਾਜ਼ ਉਨ੍ਹਾਂ ਦੇ ਖ਼ਿਲਾਫ਼ ਆਕਰਮਕ ਦਿਖੇ। ਪ੍ਰਸਿੱਧ ਕ੍ਰਿਸ਼ਨਾ ਇਸ ਮੁਕਾਬਲੇ ਵਿੱਚ ਬੇਸ਼ੱਕ ਵਿਕਟਾਂ ਲੈਣ ਵਿੱਚ ਕਾਮਯਾਬ ਰਹੇ ਪਰ ਉਨ੍ਹਾਂ ਨੇ ਕਾਫੀ ਦੌੜਾਂ ਦਿੱਤੀਆਂ, ਜਿਸ ਨਾਲ ਇੰਗਲੈਂਡ ਦੇ ਬੱਲੇਬਾਜ਼ਾਂ ਲਈ ਕਈ ਵਾਰ ਰਾਹ ਸੌਖਾਲਾ ਹੁੰਦਾ ਦਿਖਿਆ। ਇਸ ਮੁਕਾਬਲੇ ਵਿੱਚ ਗੇਂਦਬਾਜ਼ੀ ਦੇ ਨਾਲ ਭਾਰਤੀ ਖਿਡਾਰੀਆਂ ਵੱਲੋ ਕੀਤੀ ਗਈ ਖਰਾਬ ਫਿਲਡਿੰਗ ਦੀ ਵੀ ਰੱਜ ਕੇ ਆਲੋਚਨਾ ਹੋਈ। ਇੰਗਲੈਂਡ ਦੇ ਬੱਲੇਬਾਜ਼ਾਂ ਨੂੰ ਭਾਰਤੀ ਸਕੋਰ ਦੇ ਨੇੜੇ ਪਹੁੰਚਾਉਣ ਵਿੱਚ ਭਾਰਤੀ ਦੀ ਹੀ ਫਿਲਡਿੰਗ ਨੇ ਅਹਿਮ ਯੋਗਦਾਨ ਪਾਇਆ। ਭਾਰਤੀ ਖਿਡਾਰੀਆਂ ਨੇ ਫਿਲਡਿੰਗ ਦੌਰਾਨ ਕਈ ਕੈਚ ਛੱਡੇ, ਜਿਸ ਨਾਲ ਇੰਗਲੈਂਡ ਦੇ ਬੱਲੇਬਾਜ਼ਾਂ ਨੂੰ ਜੀਵਨਦਾਨ ਮਿਲੇ। ਸਰਨਦੀਪ ਕਹਿੰਦੇ ਹਨ, "ਫਿਲਡਿੰਗ ਇੱਕ ਅਜਿਹੀ ਚੀਜ਼ ਹੈ ਕਿ ਤੁਹਾਨੂੰ ਚੰਗੀ ਕਰਨੀ ਹੀ ਪਵੇਗੀ, ਜੇ ਤੁਸੀਂ ਫਿਲਡਿੰਗ ਵਿੱਚ ਢਿੱਲ ਵਰਤੀ ਤਾਂ ਵਿਰੋਧੀ ਟੀਮ ਨੂੰ ਇਸ ਦਾ ਰੱਜਵਾਂ ਫਾਇਦਾ ਮਿਲੇਗਾ। ਭਾਰਤ ਦੇ ਫਿਲਡਰਾਂ ਨੇ ਇੰਗਲੈਂਡ ਨੂੰ ਮੁਕਾਬਲੇ ਵਿੱਚ ਆਉਣ ਦਾ ਮੌਕਾ ਦਿੱਤਾ। ਜੇ ਕੈਚ ਫੜੇ ਜਾਂਦੇ ਤਾਂ ਮੈਚ ਦਾ ਨਤੀਜਾ ਕੁਝ ਹੋਰ ਹੋਣਾ ਸੀ।" ਗੇਂਦਬਾਜ਼ੀ ਬਾਰੇ ਸਰਨਦੀਪ ਕਹਿੰਦੇ ਹਨ, "ਬੇਸ਼ੱਕ ਬੁਮਰਾਹ ਚੰਗਾ ਗੇਂਦਬਾਜ਼ ਹੈ ਪਰ ਮੈਨੇਜਮੈਂਟ ਨੂੰ ਇਹ ਵੀ ਦੇਖਣਾ ਪਵੇਗਾ ਕਿ ਉਸ ਦੇ ਨਾਲ ਹੋਰ ਚੰਗੇ ਗੇਂਦਬਾਜ਼ ਖੜ੍ਹੇ ਕਰਨੇ ਪੈਣਗੇ।" ਅਰਸ਼ਦੀਪ ਨੂੰ ਬਾਹਰ ਬਿਠਾਉਣ ਦੇ ਫ਼ੈਸਲੇ ਨੂੰ ਵੀ ਸਰਨਦੀਪ ਗਲਤ ਕਰਾਰ ਦਿੰਦੇ ਹਨ। ਉਹ ਕਹਿੰਦੇ ਹਨ, "ਸ਼ਾਰਦੁਲ ਠਾਕੁਰ ਨੂੰ ਟੀਮ ਵਿੱਚ ਖਿਡਾਇਆ, ਜਿਸ ਦਾ ਪ੍ਰਦਰਸ਼ਨ ਖਰਾਬ ਹੈ ਤੇ ਉਸ ਨੂੰ ਸਿਰਫ ਛੇ ਓਵਰ ਹੀ ਕਰਨ ਦਿੱਤੇ। ਇੱਥੇ ਟੀਮ ਨੂੰ ਅਰਸ਼ਦੀਪ ਨਾਲ ਜਾਣਾ ਚਾਹੀਦਾ ਸੀ। ਅਰਸ਼ ਚੰਗੀ ਫਾਰਮ ਵਿੱਚ ਹੈ ਅਤੇ ਮੁਕਾਬਲੇ ਵਿੱਚ ਖੱਬੇ ਹੱਥ ਦਾ ਤੇਜ਼ ਗੇਂਦਬਾਜ਼ ਜਦੋਂ ਗੇਂਦਬਾਜ਼ੀ ਕਰਦਾ ਤਾਂ ਟੀਮ ਨੂੰ ਵਿਕਟ ਕੱਢਣ ਵਿੱਚ ਮਦਦ ਕਰਦਾ। ਅਗਲੇ ਮੈਚ ਵਿੱਚ ਇਸ ਗਲਤੀ ਤੋ ਸੇਧ ਲੈਣੀ ਚਾਹੀਦੀ ਹੈ।"

# ਸ੍ਰੀ ਜਗਨਨਾਥ ਰੱਥ ਯਾਤਰਾ: ਜਦੋਂ ਭਗਵਾਨ ਜਗਨਨਾਥ ਖੁਦ ਭਗਤਾਂ ਨਾਲ ਬਾਹਰ ਆਉਂਦੇ ਨੇ



ਮੋਹਿਤ ਸਿੰਗਲਾ ਤਪਾ
90412-95900

ਪ੍ਰਾਚੀਨ ਸਮੇਂ ਤੋਂ ਚੱਲੀ ਆ ਰਹੀ ਸ਼੍ਰੀ ਜਗਨਨਾਥ ਦੀ ਰਥ ਯਾਤਰਾ ਨਾ ਸਿਰਫ਼ ਇੱਕ ਧਾਰਮਿਕ ਸਮਾਗਮ ਹੈ, ਸਗੋਂ ਇਹ ਭਾਰਤੀ ਭਗਤੀ ਪਰੰਪਰਾ, ਸੱਭਿਆਚਾਰਕ ਚੇਤਨਾ ਅਤੇ ਅਧਿਆਤਮਿਕ ਜਾਗ੍ਰਿਤੀ ਦਾ ਇੱਕ ਜੀਵੰਤ ਤਿਉਹਾਰ ਬਣ ਗਈ ਹੈ। ਇਸ ਰਥ ਯਾਤਰਾ ਨੂੰ ਸੰਕੀਰਤਨ, ਨਾਚ ਅਤੇ ਪਿਆਰ ਰਾਹੀਂ ਭਗਤੀ ਦੇ ਸਿਖਰ ਵੱਲ ਝੁਕਣ ਦਾ ਸਿਹਰਾ ਸ੍ਰੀ ਚੈਤੰਨਯ ਮਹਾਂਪ੍ਰਭੂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਸਨੂੰ ਸਿਰਫ਼ 'ਤੇ ਬੈਠੇ ਦੇਵਤੇ ਦੇ ਦਰਸ਼ਨ ਤੱਕ ਸੀਮਤ ਨਹੀਂ ਰਹਿਣ ਦਿੱਤਾ, ਸਗੋਂ ਇਸਨੂੰ ਕ੍ਰਿਸ਼ਨ-ਪ੍ਰੇਮ, ਵਿਛੋੜੇ ਅਤੇ ਮਿਲਾਪ ਦੀਆਂ ਅਧਿਆਤਮਿਕ ਭਾਵਨਾਵਾਂ ਨਾਲ ਜੋੜਿਆ।

**ਰੱਥ ਯਾਤਰਾ ਆਸ਼ਾੜ੍ਹ ਸ਼ੁਕਲ ਦਵਿੱਤੀ ਤੋਂ ਸ਼ੁਰੂ ਹੁੰਦੀ ਹੈ-**

ਹਰ ਸਾਲ ਓਡੀਸ਼ਾ ਦੇ ਪੁਰੀ ਵਿੱਚ ਹਾੜ ਮਹੀਨੇ ਦੇ ਸ਼ੁਕਲ ਪੱਖ ਦੇ ਦੂਜੇ ਦਿਨ ਜਦੋਂ ਭਗਵਾਨ ਜਗਨਨਾਥ ਉਨ੍ਹਾਂ ਦੇ ਭਰਾ ਬਲਭੱਦਰ ਅਤੇ ਭੈਣ ਸੁਭੱਦਰਾ ਮੰਦਰ ਤੋਂ ਬਾਹਰ ਆਉਂਦੇ ਹਨ, ਤਾਂ ਇਹ ਦ੍ਰਿਸ਼ ਸਿਰਫ਼ ਧਾਰਮਿਕ ਹੀ ਨਹੀਂ ਸਗੋਂ ਬ੍ਰਹਮਤਾ ਦਾ ਤਿਉਹਾਰ ਬਣ ਜਾਂਦਾ ਹੈ। ਇਹ ਯਾਤਰਾ ਨੌਂ ਦਿਨਾਂ ਤੱਕ ਚੱਲਦੀ ਹੈ। ਤਿੰਨਾਂ ਦੇਵਤਿਆਂ ਨੂੰ ਵੱਡੇ ਰੱਥਾਂ ਵਿੱਚ ਬਿਠਾਇਆ ਜਾਂਦਾ ਹੈ ਅਤੇ ਦੋ ਮੀਲ ਦੂਰ ਗੁੰਡੀਚਾ ਮੰਦਰ ਵਿੱਚ ਲਿਜਾਇਆ ਜਾਂਦਾ ਹੈ, ਜਿੱਥੇ ਉਹ ਆਰਾਮ ਕਰਦੇ ਹਨ। ਵਾਪਸੀ ਯਾਤਰਾ ਨੂੰ ਬਾਹੁਦਾ ਯਾਤਰਾ ਕਿਹਾ ਜਾਂਦਾ ਹੈ। ਬਲਭਦਰ ਦੇ ਰੱਥ ਨੂੰ 'ਤਾਲਧਵਜ', ਸੁਭੱਦਰਾ ਦੇ ਰੱਥ ਨੂੰ 'ਦਰਪਦਲਨ' ਅਤੇ ਭਗਵਾਨ ਜਗਨਨਾਥ ਦੇ ਰੱਥ ਨੂੰ 'ਨੰਦੀ ਘੋਸ਼' ਕਿਹਾ ਜਾਂਦਾ ਹੈ। ਇਹ ਵਿਸ਼ਾਲ ਰੱਥ ਹਰ ਸਾਲ ਨਵੇਂ ਸਿਰਿਓਂ ਬਣਾਏ ਜਾਂਦੇ ਹਨ, ਜਿਨ੍ਹਾਂ ਵਿੱਚ ਸ਼ੁੱਧ ਲੱਕੜ, ਕਾਰੀਗਰੀ ਅਤੇ ਰੰਗਾਂ ਨਾਲ ਸਜਾਏ ਜਾਂਦੇ ਹਨ। ਰੱਥ ਨੂੰ ਖਿੱਚਣਾ ਸਿਰਫ਼ ਇੱਕ ਕਰਮ ਨਹੀਂ ਹੈ, ਸਗੋਂ ਇੱਕ ਮੁਕਤੀ ਦੇਣ ਵਾਲੀ ਸੇਵਾ ਮੰਨਿਆ ਜਾਂਦਾ ਹੈ - ਲੱਖਾਂ ਸ਼ਰਧਾਲੂਆਂ ਦੁਆਰਾ ਸ਼ਰਧਾ ਨਾਲ ਖਿੱਚੀ ਗਈ ਰੱਸੀ ਉਨ੍ਹਾਂ ਦੇ ਸਾਰੇ ਪਾਪ ਦੂਰ ਕਰ ਦਿੰਦੀ ਹੈ।

**ਸ਼੍ਰੀ ਕ੍ਰਿਸ਼ਨ ਨਾਲ ਪੁਨਰ-ਮਿਲਨ ਦੀ ਕਹਾਣੀ-**

ਰਥ ਯਾਤਰਾ ਦਾ ਡੂੰਘਾ ਅਰਥ ਬ੍ਰਜ ਦੇ ਲੋਕਾਂ ਨਾਲ ਪੁਨਰ-ਮਿਲਨ ਦੀ ਕਹਾਣੀ ਵਿੱਚ ਛੁਪਿਆ ਹੋਇਆ ਹੈ। ਜਦੋਂ ਕ੍ਰਿਸ਼ਨ ਦਵਾਰਕਾ ਲਈ ਰਵਾਨਾ ਹੋਏ ਤਾਂ ਗੋਪੀਆਂ ਅਤੇ ਰਾਧਾ ਜੀ ਦਾ ਵਿਛੋੜਾ ਅਸਹਿ ਹੋ ਗਿਆ। ਕਈ ਸਾਲਾਂ ਬਾਅਦ, ਕੁਰੂਕਸ਼ੇਤਰ ਵਿੱਚ ਸੂਰਜ ਗ੍ਰਹਿਣ ਦੌਰਾਨ, ਜਦੋਂ ਗੋਪੀਆਂ ਨੇ ਉਸਨੂੰ ਸ਼ਾਹੀ ਪਹਿਰਾਵੇ ਵਿੱਚ ਦੇਖਿਆ, ਤਾਂ ਰਾਧਾਰਾਣੀ ਨੇ ਕਿਹਾ, ਹੇ ਕ੍ਰਿਸ਼ਨ! ਆਓ, ਸਾਡੇ ਦਿਲਾਂ ਦੇ ਰੱਥ 'ਤੇ ਸਵਾਰ ਹੋਵੋ ਅਤੇ ਉਸ ਵ੍ਰਿੰਦਾਵਨ ਵਿੱਚ ਵਾਪਸ ਜਾਓ ਜਿੱਥੇ ਪਿਆਰ ਦੇ ਮਿੱਠੇ ਮਨੋਰੰਜਨ ਹੋਏ ਸਨ। ਇਹ ਭਾਵਨਾ ਰੱਥ ਯਾਤਰਾ ਦਾ ਦਿਲ ਹੈ, ਜੋ ਕਿ ਵਿਛੋੜੇ ਤੋਂ ਪੈਦਾ ਹੋਇਆ ਮੇਲ ਹੈ। ਪੁਰੀ ਵਿੱਚ ਸ਼੍ਰੀ ਜਗਨਨਾਥ ਮੰਦਰ ਨੂੰ ਕੁਰੂਕਸ਼ੇਤਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਗੁੰਡੀਚਾ ਮੰਦਰ ਨੂੰ ਵ੍ਰਿੰਦਾਵਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਰੱਥ ਯਾਤਰਾ ਉਸ ਅਧਿਆਤਮਿਕ ਮਿਲਾਪ ਦਾ ਪ੍ਰਗਟਾਵਾ ਹੈ, ਜਿਸ ਵਿੱਚ ਪ੍ਰਭੂ ਖੁਦ ਆਪਣੇ ਭਗਤਾਂ ਨਾਲ ਚੱਲਦੇ ਹਨ।

**ਦਯਿਤਾਂ ਦੀ ਸੇਵਾ ਅਤੇ ਪਿਆਰ ਭਰੀ ਮਜ਼ਾਕ-**

ਭਗਵਾਨ ਨੂੰ ਰੱਥ 'ਤੇ ਲਿਆਉਣ ਦਾ ਕੰਮ ਪੁਰੀ ਦੇ ਸੇਵਕਾਂ, ਦਯਿਤਾਂ ਦੁਆਰਾ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਵਿਸ਼ਵਾਵਸੂ ਦੇ ਵੰਸ਼ਜ ਮੰਨਿਆ ਜਾਂਦਾ ਹੈ। ਉਹ ਰੱਸੀਆਂ ਅਤੇ ਕੱਪੜਿਆਂ ਨਾਲ ਪ੍ਰਭੂ ਨੂੰ ਸਹਾਰਾ ਦੇ ਕੇ ਹੌਲੀ-ਹੌਲੀ ਰੱਥ 'ਤੇ ਲਿਆਉਂਦੇ ਹਨ। ਇਸ ਪ੍ਰਕਿਰਿਆ ਵਿੱਚ, ਉਹ ਪ੍ਰਭੂ ਨੂੰ ਛੇੜਦੇ ਹਨ, ਅਤੇ ਪਿਆਰ ਵਿੱਚ, ਉਹ ਕਹਿੰਦੇ ਹਨ, ਤੂੰ ਕੌਣ ਹੈਂ? ਕੁਝ ਕਹਿੰਦੇ ਹਨ ਵਾਸੁਦੇਵ ਨੰਦਨ, ਕੁਝ ਕਹਿੰਦੇ ਹਨ ਨੰਦਨੰਦਨ - ਪਰ ਤੂੰ ਮੈਨੂੰ ਖੁਦ ਦੱਸ, ਤੂੰ ਕੌਣ ਹੈਂ? ਇਹ ਛੇੜਛਾੜ ਛੇ ਘੰਟੇ ਚੱਲਦੀ ਹੈ, ਪਰ ਇਸ ਨਾਲ ਥਕਾਵਟ ਨਹੀਂ ਹੁੰਦੀ। ਇਸ ਵਿੱਚ ਸ਼ਰਧਾ ਦੀ ਭਾਵਨਾ ਹੁੰਦੀ ਹੈ।

**ਚੈਤਨਯ ਮਹਾਂਪ੍ਰਭੂ ਦੀ ਲੀਲਾ ਅਤੇ ਭਗਤੀ ਰਸ-**



ਜਦੋਂ ਸ਼੍ਰੀ ਚੈਤਨਯ ਮਹਾਪ੍ਰਭੂ ਪੁਰੀ ਆਉਂਦੇ ਸਨ, ਤਾਂ ਉਨ੍ਹਾਂ ਨੇ ਇਸ ਯਾਤਰਾ ਨੂੰ ਸ਼ਰਧਾ ਅਤੇ ਕੀਰਤਨ ਨਾਲ ਭਰ ਦਿੱਤਾ ਸੀ। ਰੱਥ ਯਾਤਰਾ ਦੇ ਦਿਨ, ਉਹ ਆਪਣੇ ਭਗਤਾਂ ਨੂੰ ਫੁੱਲਾਂ ਦੇ ਹਾਰਾਂ ਅਤੇ ਚੰਦਨ ਨਾਲ ਸਜਾਉਂਦੇ ਸਨ ਅਤੇ ਉਨ੍ਹਾਂ ਨੂੰ ਕੀਰਤਨ ਮੰਡਲੀਆਂ ਵਿੱਚ ਵੰਡਦੇ ਸਨ ਅਤੇ ਖੁਦ ਨੱਚਦੇ ਸਨ। ਕਿਹਾ ਜਾਂਦਾ ਹੈ ਕਿ ਮਹਾਂਪ੍ਰਭੂ ਸੱਤ ਰੂਪਾਂ ਵਿੱਚ ਪ੍ਰਗਟ ਹੁੰਦੇ ਸਨ ਅਤੇ ਸੱਤ ਮੰਡਲੀਆਂ ਵਿੱਚ ਇੱਕੋ ਸਮੇਂ ਗਾਉਂਦੇ ਅਤੇ ਨੱਚਦੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਜਾਂਦੇ ਸਨ ਅਤੇ ਹਰ ਮੰਡਲੀ ਮਹਿਸੂਸ ਕਰਦੀ ਸੀ ਕਿ ਉਹ ਸਿਰਫ਼ ਉਨ੍ਹਾਂ ਦੇ ਨਾਲ ਹੈ। ਇਹ ਉਹੀ ਅਨੁਭਵ ਸੀ ਜੋ ਸ੍ਰੀ ਕ੍ਰਿਸ਼ਨ ਨੇ ਭੰਡਿਰਵਨ ਵਿੱਚ ਆਪਣੇ ਦੋਸਤਾਂ ਨੂੰ ਦਿੱਤਾ ਸੀ - ਸਾਰਿਆਂ ਨੂੰ ਲੱਗਦਾ ਸੀ ਕਿ ਕਾਨ੍ਹ ਸਿਰਫ਼ ਉਨ੍ਹਾਂ ਦੇ ਸਾਹਮਣੇ ਹੈ। ਇਹ ਉਹ ਲੀਲਾ ਹੈ ਜੋ ਰੱਥ ਯਾਤਰਾ ਨੂੰ ਜੀਵੰਤ ਬਣਾਉਂਦੀ ਹੈ।

**ਭਗਤ ਅਤੇ ਭਗਵਾਨ ਵਿਚਕਾਰ ਦੂਰੀ ਮਿਟ ਜਾਂਦੀ ਹੈ-**

ਪੁਰੀ ਦੀ ਰੱਥ ਯਾਤਰਾ ਇਸ ਲਈ ਵੀ ਵਿਸ਼ੇਸ਼ ਹੈ, ਕਿਉਂਕਿ ਇਸ ਵਿੱਚ ਭਗਵਾਨ ਖੁਦ ਸ਼ਰਧਾਲੂਆਂ ਵਿੱਚ ਆਉਂਦੇ ਹਨ। ਜਦੋਂ ਕਿ ਦੂਜੇ ਮੰਦਰਾਂ ਵਿੱਚ ਸ਼ਰਧਾਲੂ ਭਗਵਾਨ ਦੇ ਦਰਸ਼ਨ ਕਰਨ ਲਈ ਮੰਦਰ ਦੇ ਅੰਦਰ ਜਾਂਦੇ ਹਨ, ਇੱਥੇ ਭਗਵਾਨ ਬਾਹਰ ਆਉਂਦੇ ਹਨ ਅਤੇ ਸਾਰਿਆਂ ਨੂੰ ਦਰਸ਼ਨ ਦਿੰਦੇ ਹਨ। ਇਸ ਯਾਤਰਾ ਨੂੰ 'ਗੁਣਾਨਿਧੀ ਯਾਤਰਾ', 'ਭਗਤੀ ਯਾਤਰਾ' ਅਤੇ 'ਕਲਿਆਣ ਯਾਤਰਾ' ਕਿਹਾ ਜਾਂਦਾ ਹੈ। ਇਸ ਯਾਤਰਾ ਵਿੱਚ ਨਾ ਸਿਰਫ਼ ਹਿੰਦੂ ਬਲਕਿ ਹੋਰ ਧਰਮਾਂ ਦੇ ਲੋਕ ਵੀ ਸ਼ਾਮਲ ਹੁੰਦੇ ਹਨ ਅਤੇ ਮਨੁੱਖਤਾ, ਸੇਵਾ ਅਤੇ ਸੱਭਿਆਚਾਰਕ ਏਕਤਾ ਦਾ ਸੰਦੇਸ਼ ਦਿੰਦੇ ਹਨ। ਰੱਥ ਦੇ ਨਾਲ-ਨਾਲ ਚੱਲਦੇ ਹੋਏ ਬਣਾਇਆ ਗਿਆ ਭਜਨ, ਕੀਰਤਨ, ਨਾਚ ਅਤੇ ਸੇਵਾ ਦਾ ਮਾਹੌਲ ਵਿਲੱਖਣ ਅਤੇ ਬ੍ਰਹਮ ਹੈ।

**ਰੱਥ ਯਾਤਰਾ: ਸੱਭਿਆਚਾਰ, ਸੇਵਾ ਅਤੇ ਵਿਸ਼ਵਾਸ ਦਾ ਸੰਗਮ-**

ਭਾਰਤ ਦੇ ਚਾਰ ਪ੍ਰਮੁੱਖ ਧਾਮਾਂ ਵਿੱਚੋਂ ਇੱਕ ਸ੍ਰੀ ਜਗਨਨਾਥ ਧਾਮ ਵਿੱਚ ਭਗਵਾਨ ਦੀਆਂ ਮੂਰਤੀਆਂ ਲੱਕੜ ਦੀਆਂ ਬਣੀਆਂ ਹਨ ਅਤੇ ਹਰ ਸਾਲ ਉਨ੍ਹਾਂ ਨੂੰ ਇੱਕ ਨਵਾਂ ਸਰੀਰ (ਨਵਾਂ ਸਰੀਰ) ਦਿੱਤਾ ਜਾਂਦਾ ਹੈ। ਇਸ ਯਾਤਰਾ ਅਤੇ ਰੱਥ ਯਾਤਰਾ ਦਾ ਮਹੱਤਵ ਨਾ ਸਿਰਫ਼ ਅਧਿਆਤਮਿਕ ਹੈ ਬਲਕਿ ਸੱਭਿਆਚਾਰਕ ਅਤੇ ਲੋਕ ਕਲਾ ਦੇ ਦ੍ਰਿਸ਼ਟੀਕੋਣ ਤੋਂ ਵੀ ਬੇਮਿਸਾਲ ਹੈ। ਇਸ ਸਮਾਗਮ ਵਿੱਚ ਹਿੱਸਾ ਲੈਣ ਵਾਲਾ ਹਰ ਵਿਅਕਤੀ ਸਿਰਫ਼ ਦਰਸ਼ਕ ਹੀ ਨਹੀਂ ਸਗੋਂ ਭਾਗੀਦਾਰ ਬਣ ਜਾਂਦਾ ਹੈ। ਜਗਨਨਾਥ ਪੁਰੀ ਦੀ ਇਹ ਰੱਥ ਯਾਤਰਾ ਇੱਕ ਅਜਿਹਾ ਤਿਉਹਾਰ ਹੈ ਜਿਸ ਵਿੱਚ ਸਿਰਫ਼ ਰੱਥ ਹੀ ਨਹੀਂ ਖਿੱਚੇ ਜਾਂਦੇ, ਸਗੋਂ ਭਾਵਨਾਵਾਂ, ਸ਼ਰਧਾ ਅਤੇ ਆਤਮਾ-ਸੰਵਾਦ ਵੀ ਹੁੰਦਾ ਹੈ ਜੋ ਸਾਨੂੰ ਸਾਡੇ ਅੰਦਰਲੇ ਪਰਮਾਤਮਾ ਨਾਲ ਜੋੜਦਾ ਹੈ। ਜਦੋਂ ਲੱਖਾਂ ਸ਼ਰਧਾਲੂ ਜੈ ਜਗਨਨਾਥ ਦਾ ਨਾਅਰਾ ਮਾਰਦੇ ਹਨ ਤਾਂ ਨਾ ਸਿਰਫ਼ ਰੱਥ ਚਲਦੇ ਹਨ, ਸਗੋਂ ਧਰਮ, ਸੇਵਾ ਅਤੇ ਪਿਆਰ ਦਾ ਪਹੀਆ ਵੀ ਚੱਲਦਾ ਹੈ ਜੋ ਸਦੀਆਂ ਤੋਂ ਭਾਰਤ ਦੀ ਆਤਮਾ ਨੂੰ ਚੱਲਦਾ ਆ ਰਿਹਾ ਹੈ। ਇਹੀ ਰੱਥ ਯਾਤਰਾ ਦੀ ਦਿਵਯਤਾ ਹੈ, ਇਹੀ ਇਸਦਾ ਸੰਦੇਸ਼ ਹੈ।

# ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ/ਮਸਲਿਆਂ ਨੂੰ ਜਾਣਬੁੱਝ ਕੇ ਅੱਖੋਂ ਪਰੋਖੇ ਕਰ ਰਹੀ ਹੈ ਵਿਭਾਗੀ ਅਫਸਰਸ਼ਾਹੀ: ਪ੍ਰਧਾਨ ਕਲੇਰ

ਗੁਰਦਾਸਪੁਰ, 26 ਜੂਨ (ਅਸ਼ੋਕ ਕੁਮਾਰ): ਪੰਜਾਬ ਰਾਜ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਸੱਦੇ 'ਤੇ ਵੈਟਰਨਰੀ ਇੰਸਪੈਕਟਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਸੁਪ੍ਰੀਤ ਸਿੰਘ ਕਲੇਰ ਦੀ ਅਗਵਾਈ ਹੇਠ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਗੁਰਦਾਸਪੁਰ ਦੇ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਡਾ. ਦਵਿੰਦਰ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਪ੍ਰੀਤ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਜਾਣਬੁੱਝ ਕੇ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲਗਾਤਾਰ ਅੱਖੋਂ ਪਰੋਖੇ ਕਰ ਰਹੀ ਹੈ। ਜਦੋਂਕਿ ਵੈਟਰਨਰੀ ਇੰਸਪੈਕਟਰ ਕੇਡਰ ਪਸ਼ੂ ਪਾਲਣ ਵਿਭਾਗ ਦੀਆਂ ਮਹੱਤਵਪੂਰਨ ਸਹੂਲਤਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ, ਪਰ ਪਸ਼ੂ ਪਾਲਣ ਵਿਭਾਗ ਦਾ ਮੁਹਾਲੀ ਸਥਿਤ ਡਾਇਰੈਕਟੋਰੇਟ ਵੈਟਰਨਰੀ ਇੰਸਪੈਕਟਰ ਕੇਡਰ ਨਾਲ ਲਗਾਤਾਰ ਮਤਰੇਇਆਂ ਵਾਲਾ ਸਲੂਕ ਕਰ ਰਿਹਾ ਹੈ। ਜਿਸ ਦੀ ਤਾਜ਼ਾ ਉਦਾਹਰਣ ਮੱਤੇਵਾੜਾ ਪਸ਼ੂ ਫਾਰਮ 'ਤੇ ਤੈਨਾਤ ਵੈਟਰਨਰੀ ਇੰਸਪੈਕਟਰ ਜੋ ਕਿ ਤਿੰਨ ਅਸਾਮੀਆਂ 'ਤੇ ਇਕੱਲਾ ਕੰਮ ਕਰ ਰਿਹਾ ਸੀ ਨੂੰ ਡਿਪਟੀ ਡਾਇਰੈਕਟਰ ਮੱਤੇਵਾੜਾ ਨੇ ਇਸ ਕਰਮਚਾਰੀ ਦੀਆਂ ਮੈਡੀਕਲ ਮੁਸ਼ਕਿਲ ਸਮਝਣ ਦੀ ਬਜਾਏ ਉੱਚ ਅਫਸਰਸ਼ਾਹੀ ਨੂੰ ਗੁੰਮਰਾਹ ਕੀਤਾ। ਵੈਟਰਨਰੀ ਅਫਸਰਾਂ ਦਾ ਬਚਾਅ ਕਰਕੇ ਜੂਨੀਅਰ ਮੁਲਾਜ਼ਮ ਨੂੰ ਸਜ਼ਾ ਵਜੋਂ ਮੁਅੱਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪਿਛਲੇ ਲੰਬੇ ਸਮੇਂ ਤੋਂ ਸੀਨੀਅਰ ਵੈਟਰਨਰੀ ਇੰਸਪੈਕਟਰ ਦੀ ਪਲੇਸਮੈਂਟ ਨੂੰ ਪ੍ਰਮੋਸ਼ਨ ਬਣਾਉਣਾ, 18 ਮਹੀਨਿਆਂ ਦੀ ਸਰਵਿਸ ਨੂੰ ਰੈਗੂਲਰ ਕਰਨਾ, ਪੇਅ ਸਕੇਲ ਦੀਆਂ ਖਾਮੀਆਂ ਦੂਰ ਕਰਨਾ, ਵੈਟਰਨਰੀ ਇੰਸਪੈਕਟਰ ਕੌਂਸਲ ਬਣਾਉਣਾ, ਨਵੇਂ ਭਰਤੀ ਹੋਏ ਵੈਟਰਨਰੀ ਇੰਸਪੈਕਟਰਾਂ ਤੇ ਛੇਵਾਂ ਤਨਖਾਹ ਸਕੇਲ ਲਾਗੂ ਕਰਨ ਅਤੇ ਨਵੀਆਂ ਪੋਸਟਾਂ ਦਾ ਨਿਰਮਾਣ ਕਰਨ ਅਤੇ ਨਵੀਂ ਭਰਤੀ ਕਰਨਾ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਵਰਗੀਆਂ ਮੰਗਾਂ ਲਈ ਵੈਟਰਨਰੀ ਇੰਸਪੈਕਟਰ ਕੇਡਰ ਮੰਗ ਕਰ ਰਿਹਾ ਹੈ। ਪਰ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਇਹਨਾਂ ਮਸਲਿਆਂ ਸਬੰਧੀ ਟਾਲ ਮਟੋਲ ਦੀ ਨੀਤੀ 'ਤੇ ਚੱਲ ਰਹੀ ਹੈ। ਜੇਕਰ ਪੰਜਾਬ ਸਰਕਾਰ ਨੇ ਮੁਅੱਤਲ ਕੀਤੇ ਵੈਟਰਨਰੀ ਇੰਸਪੈਟਰ ਦੀ ਬਹਾਲੀ ਨਾ ਕੀਤੀ ਅਤੇ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਵੈਟਰਨਰੀ ਇੰਸਪੈਕਟਰ ਕੇਡਰ ਮੁਹਾਲੀ ਵਿਖੇ ਡਾਇਰੈਕਟੋਰੇਟ ਦਾ ਘਰਾਓ ਕਰੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਪ੍ਰੀਤ ਸਿੰਘ ਕਲੇਰ, ਜ਼ਿਲ੍ਹਾ ਮੀਤ ਪ੍ਰਧਾਨ ਹਰਪਾਲ ਸਿੰਘ, ਜ਼ਿਲ੍ਹਾ ਜਰਨਲ ਸਕੱਤਰ ਅਰਸਦੀਪ ਸਿੰਘ ਦਾਲਮ, ਜ਼ਿਲ੍ਹਾ ਵਿੱਤ ਸਕੱਤਰ ਨਵਜੋਤ ਸਿੰਘ ਗੁਰਾਇਆ, ਪ੍ਰਵੀਨ ਕੁਮਾਰ ਮੀਤ ਪ੍ਰਧਾਨ ਪੰਜਾਬ,ਬਲਦੇਵ ਸਿੰਘ ਸਿੱਧੂ ,ਜਸਵੰਤ ਸਿੰਘ ,ਜੋਬਨਜੀਤ ਸਿੰਘ,ਸੁੱਖਵਿਵੇਕਦੀਪ ਸਿੰਘ,ਰਮਨਦੀਪ ਸਿੰਘ,ਡੀ ਵੀ ਆਈ ਅਮਨਦੀਪ,ਗੌਰਵ ਕੱਪਲ,ਰਕੇਸ ਕੁਮਾਰ,ਬਲਵਿੰਦਰ ਕੁਮਾਰ,ਰਤਨਦੀਪ ਆਦਿ ਸਮੇਤ ਜ਼ਿਲ੍ਹਾ ਦੇ ਹੋਰ ਸਾਥੀ ਵੀ ਮੌਜੂਦ ਸਨ।



# ਸੰਜੇ ਕੁਮਾਰ ਕੇਂਦਰੀ ਕਰਮਚਾਰੀ ਭਲਾਈ ਐਸੋਸੀਏਸ਼ਨ ਦੇ ਬਣੇ ਪ੍ਰਧਾਨ

ਨਵੀਂ ਦਿਲੀ, 26 ਜੂਨ (ਚ.ਨ.ਸ.)- ਬੀਤੇ ਦਿਨੀਂ ਸੰਜੇ ਕੁਮਾਰ, ਕੇਂਦਰੀ ਕਰਮਚਾਰੀ ਭਲਾਈ ਐਸੋਸ਼ੀਏਸ਼ਨ, ਬਲਾਕ ਸੀ (ਰਿਹਾਇਸ਼ੀ ਕਾਲੋਨੀ, ਮਿੰਟੋ ਰੋਡ, ਨਵੀਂ ਦਿਲੀ ਭਾਰਤ ਸਰਕਾਰ) ਦੇ ਮੁੜ ਦੋ ਸਾਲ ਲਈ ਇਲੈਕਸ਼ਨ ਰਾਹੀਂ ਬਹੁ ਗਿਣਤੀ ਵਿੱਚ ਵੋਟਾਂ ਪ੍ਰਾਪਤ ਕਰਕੇ ਪ੍ਰਧਾਨ ਚੁਣੇ ਗਏ। ਇਸਤੋਂ



ਪਹਿਲਾਂ ਉਹ ਐਸੋਸ਼ੀਏਸ਼ਨ ਦੇ ਮਈ 2023 ਤੋਂ ਲੈ ਕੇ 13 ਜੂਨ 2025 ਤੱਕ ਪ੍ਰਧਾਨ ਰਹੇ। ਨਵੀਂ ਬਣੀ ਐਸੋਸ਼ੀਏਸ਼ਨ ਦੇ ਅਹੁਦੇਦਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ, ਪ੍ਰਧਾਨ, ਸੰਜੇ ਕੁਮਾਰ, ਸ਼੍ਰੀ ਦਿਪੇਸ਼ ਕੁਮਾਰ, ਉਪ ਪ੍ਰਧਾਨ, ਜੀ ਵਿਨੈ ਕੁਮਾਰ ਸਕੱਤਰ, ਸ਼੍ਰੀ ਲਾਲ ਪ੍ਰਭਾਕਰਸੰਯੁਕਤ ਸਕੱਤਰ, ਸ਼੍ਰੀ ਕੁੰਵਰ ਸਿੰਘ ਵਿਸ਼ਟ, ਖਜ਼ਾਨਚੀ, ਵਿਪਿਨ ਕੁਮਾਰ ਸੰਜੋਜਕ (ਨਾਗਰਿਕ ਹੈਲਥ ਸੇਵਾਵਾਂ, ਜਗਦੀਸ਼ ਸੰਯੋਜਕ (ਖੇਡਾਂ ਅਤੇ ਸੰਸਕ੍ਰਿਤੀ) ਅਤੇ ਸ਼੍ਰੀ ਮੁਕੇਸ਼ ਕੁਮਾਰ (ਕਾਰਜਕਾਰੀ ਮੈਂਬਰ) ਪ੍ਰਧਾਨ ਸੰਜੇ ਕੁਮਾਰ ਨੇ ਦੱਸਿਆ ਕਿ ਸਾਰੇ ਤਿਉਹਾਰ ਕਾਲੋਨੀਆਂ ਨਿਵਾਸੀਆਂ ਵੱਲੋਂ ਮਿਲ ਜੁਲ ਕੇ ਮਨਾਏ ਜਾਂਦੇ ਹਨ ਅਤੇ ਉਨ੍ਹਾਂ ਦੀ ਰਿਹਾਇਸ਼ ਸਬੰਧੀ ਸਮੱਸਿਆਵਾਂ ਨੂੰ ਵੀ ਐਸੋਸ਼ੀਏਸ਼ਨ ਵੱਲੋਂ ਫੌਰੀ ਤੌਰ 'ਤੇ ਹੱਲ ਕੀਤਾ ਜਾਂਦਾ ਹੈ ਅਤੇ ਐਸੋਸ਼ੀਏਸ਼ਨ ਵੱਲੋਂ ਪਾਰਕਿੰਗ ਸਬੰਧੀ ਸਹੂਲਤ ਅਤੇ ਗੱਡੀਆਂ ਦੀ ਹਿਫਾਜ਼ਤ ਬਾਰੇ ਵੀ ਬਹੁਤ ਵਿਉਂਤ ਨਾਲ ਪ੍ਰਬੰਧ ਕੀਤਾ ਗਿਆ ਹੈ। ਪਟਿਆਲਾ ਦੇ ਲੇਖਕ ਪੱਤਰਕਾਰ ਸ਼੍ਰੀ ਮਨੋਹਰ ਲਾਲ ਪਵਾਰ ਨੇ ਸ਼੍ਰੀ ਸੰਜੇ ਕੁਮਾਰ ਪ੍ਰਧਾਨ ਬਣਨ 'ਤੇ ਸਮੂਚੀ ਟੀਮ ਨੂੰ ਵਧਾਈ ਦਿੱਤੀ ਹੈ। ਉਹ ਬਹੁਤ ਹੀ ਸੰਜੇ ਕੁਮਾਰ ਮਿਲਣਸਾਰ ਅਤੇ ਸਮਾਜ ਸੇਵੀ ਹਨ।

## ਜਨਤਕ ਸੂਚਨਾ
## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਟੈਕਸ ਵਿਭਾਗ

**ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਵਿਦੇਸ਼ੀ ਸ਼ਰਾਬ, ਬੀਅਰ, ਵਾਈਨ ਅਤੇ ਦੇਸੀ ਸ਼ਰਾਬ (L-2/L-14ਏ) ਦੇ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗੀਦਾਰੀ ਲਈ ਰਜਿਸਟ੍ਰੇਸ਼ਨ ਲਈ ਨੋਟਿਸ।**

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਿਅਕਤੀਆਂ ਦੀ ਔਨਲਾਈਨ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 27.06.2025 ਤੋਂ ਸ਼ੁਰੂ ਹੋਵੇਗੀ।

ਸਾਰੇ ਇੱਛੁਕ ਵਿਅਕਤੀ ਪ੍ਰਕਿਰਿਆ ਦੀ ਜਾਣਕਾਰੀ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਜਾ ਸਕਦੇ ਹਨ ਅਤੇ ਜੋ ਲੋਕ ਈ-ਟੈਂਡਰਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਉਹ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਸੰਭਾਵੀ ਬੋਲੀਕਾਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਈ-ਟੈਂਡਰ ਵੈੱਬਸਾਈਟ https://etenders.chd.nic.in 'ਤੇ ਈ-ਟੈਂਡਰਿੰਗ ਲਈ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

ਈ-ਟੈਂਡਰਿੰਗ ਲਈ ਭਾਗੀਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਇੱਕ ਹੈਲਪਡੈਸਕ ਵੀ ਸਥਾਪਤ ਕੀਤਾ ਗਿਆ ਹੈ।

**ਸਹੀ/-ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ।**

## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਕਰ ਵਿਭਾਗ

ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਪ੍ਰਚੂਨ ਵਿਕਰੀ ਵਿਕਰੇਤਾਵਾਂ (L-2/L-14ਏ) ਲਈ ਲਾਇਸੈਂਸ ਅਲਾਟ ਕਰਨ ਲਈ ਆਮ ਜਨਤਾ ਤੋਂ ਈ-ਟੈਂਡਰ ਮੰਗਵਾਉਣ ਲਈ ਨੋਟਿਸ

1. ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਨੀਤੀ, 2025-26 (1 ਅਪ੍ਰੈਲ, 2025 ਤੋਂ 31 ਮਾਰਚ 2026 ਤੱਕ ਸ਼ੁਰੂ) ਲਈ ਲਾਇਸੈਂਸਿੰਗ ਯੂਨਿਟਾਂ ਦੇ ਰੂਪ ਵਿੱਚ 08 ਪ੍ਰਚੂਨ ਵਿਕਰੀ ਯਾਨੀ L-2/L-14ਏ ਲਾਇਸੈਂਸ ਦੇਣ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਹਰੇਕ ਲਾਇਸੈਂਸਿੰਗ ਯੂਨਿਟ ਵਿੱਚ ਇੱਕ ਛੱਤ ਹੇਠ L-2/L-14ਏ (ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਕੀਤੀ ਵਿਦੇਸ਼ੀ ਸ਼ਰਾਬ ਅਤੇ ਦੇਸੀ ਸ਼ਰਾਬ) ਸ਼ਾਮਲ ਹੋਣਗੇ।
2. ਪ੍ਰਚੂਨ ਵਿਕਰੀ ਵਾਲੇ ਠੇਕੇ ਸਭ ਤੋਂ ਵੱਧ ਯੋਗ ਬੋਲੀਕਾਰ ਨੂੰ ਅਲਾਟ ਕੀਤੇ ਜਾਣਗੇ, ਜੋ ਲਾਇਸੈਂਸਿੰਗ ਯੂਨਿਟ ਦੀ ਰਿਜ਼ਰਵ ਕੀਮਤ ਦੇ ਬਰਾਬਰ ਜਾਂ ਇਸ ਤੋਂ ਵੱਧ ਬੋਲੀ ਦੇਵੇਗਾ। ਜੇਕਰ ਇੱਕੋ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਇੱਕ ਤੋਂ ਵੱਧ ਬੋਲੀ ਪ੍ਰਾਪਤ ਹੁੰਦੀ ਹੈ, ਤਾਂ ਅਲਾਟਮੈਂਟ ਉਸੇ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਬੋਲੀਕਾਰਾਂ ਵਿਚਕਾਰ ਲਾਟ ਦੇ ਡਰਾਅ ਦੁਆਰਾ ਨਿਰਧਾਰਤ ਕੀਤੀ ਜਾਵੇਗੀ।
3. ਸਾਰੇ ਇੱਛੁਕ ਭਾਗੀਦਾਰ ਜਾਣਕਾਰੀ ਲਈ/ ਪ੍ਰਕਿਰਿਆ ਨੂੰ ਜਾਣਨ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline 'ਤੇ ਜਾ ਸਕਦੇ ਹਨ। ਆਬਕਾਰੀ ਨੀਤੀ 2025-26 ਦੇ ਅਨੁਸਾਰ, ਈ-ਟੈਂਡਰਾਂ ਅਤੇ ਭਾਗੀਦਾਰੀ ਫੀਸ ਅਤੇ ਬਿਆਨਾ ਜਮ੍ਹਾਂ ਕਰਵਾਉਣ ਲਈ ਵਿਸਤ੍ਰਿਤ ਪ੍ਰਕਿਰਿਆ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline ਦੇ ਨਾਲ-ਨਾਲ ਵਿਭਾਗ ਦੇ ਆਬਕਾਰੀ ਦਫਤਰ ਵਿੱਚ ਉਪਲਬਧ ਹੈ।
4. ਈ-ਬੋਲੀਆਂ ਜਮ੍ਹਾਂ ਕਰਾਉਣ ਲਈ, ਹਰੇਕ ਸੰਭਾਵੀ ਬੋਲੀਕਾਰ ਨੂੰ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ।
5. ਲਾਇਸੈਂਸਿੰਗ ਯੂਨਿਟ ਕੋਡ ਦੇ ਇਲਾਕਿਆਂ/ਖੇਤਰਾਂ, ਵਿਕਰੇਤਾਵਾਂ ਦੀ ਆਗਿਆਯੋਗ ਗਿਣਤੀ/ਪ੍ਰਚੂਨ ਵਿਕਰੀ ਆਊਟਲੈੱਟ, ਕੋਟਾ ਅਤੇ ਰਿਜ਼ਰਵ ਕੀਮਤ ਦਾ ਜ਼ਿਕਰ ਕਰਨ ਵਾਲੇ ਨਿਯਮ ਅਤੇ ਸ਼ਰਤਾਂ ਅਤੇ ਵਿਸਤ੍ਰਿਤ ਸੂਚੀ ਨੂੰ ਆਬਕਾਰੀ ਅਤੇ ਕਰ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline ਤੋਂ 'ਜਨਤਕ ਨੋਟਿਸ' ਭਾਗ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
6. ਸਾਰੇ ਲਾਇਸੈਂਸ ਪੰਜਾਬ ਆਬਕਾਰੀ ਐਕਟ, 1914 (ਜਿਵੇਂ ਕਿ ਯੂ.ਟੀ., ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਾਲ 2025-26 ਲਈ ਆਬਕਾਰੀ ਨੀਤੀ ਦੇ ਅਧੀਨ ਦਿੱਤੇ ਜਾਣਗੇ। ਸਾਲ 2025-26 ਲਈ ਆਬਕਾਰੀ ਨੀਤੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਉਪਲਬਧ ਹੈ।
7.ਈ-ਟੈਂਡਰ https://etenders.chd.nic.in 'ਤੇ 27.06.2025 ਨੂੰ 11:00 ਵਜੇ ਉਪਲਬਧ ਹੋਣਗੇ।

ਸਵੇਰੇ ਅਤੇ ਬੋਲੀਕਾਰ 27.06.2025 (ਸਵੇਰੇ 11:00 ਵਜੇ) ਤੋਂ ਆਪਣੀਆਂ ਬੋਲੀਆਂ ਜਮ੍ਹਾਂ ਕਰਵਾਉਣਾ ਸ਼ੁਰੂ ਕਰ ਸਕਦੇ ਹਨ।

**ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਤਰੀਕਾਂ ਦੀ ਸਮਾਂ-ਸਾਰਣੀ: -**

| | |
|---|---|
| ਬੋਲੀ ਜਮ੍ਹਾ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 27 ਜੂਨ 2025 (ਸਵੇਰੇ 11:00 ਵਜੇ) ਤੋਂ |
| ਬੋਲੀ ਜਮ੍ਹਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 30 ਜੂਨ, 2025 ਤੱਕ (ਦੁਪਹਿਰ 01:00 ਵਜੇ ਤੱਕ) |
| ਤਕਨੀਕੀ ਈ-ਬੋਲੀਆਂ ਦੀ ਸ਼ੁਰੂਆਤ | 30 ਜੂਨ, 2025 (ਦੁਪਹਿਰ 02:00 ਵਜੇ ਤੋਂ ਬਾਅਦ) |
| ਵਿੱਤੀ ਈ-ਬੋਲੀਆਂ ਦੀ ਸ਼ੁਰੂਆਤ | 30 ਜੂਨ, 2025 (ਦੁਪਹਿਰ 03:00 ਵਜੇ ਤੋਂ ਬਾਅਦ) ਕਾਨਫਰੰਸ ਹਾਲ, ਆਬਕਾਰੀ ਅਤੇ ਕਰ ਵਿਭਾਗ, ਯੂ.ਟੀ., ਸੈਕਟਰ-17, ਚੰਡੀਗੜ੍ਹ ਵਿਖੇ। |

**ਸਹੀ/- ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ**

# ਮਨੁੱਖੀ ਸਰੀਰਕ ਰਚਨਾ : ਇੱਕ ਗੁੰਝਲਦਾਰ ਭੇਦ

ਪ੍ਰੋ. ਡਾ. ਸੰਗਰਾਮ ਸਿੰਘ
7973327963

ਮਨੁੱਖੀ ਸਰੀਰ ਸਦੀਆਂ ਤੋਂ ਇੱਕ ਗੁੰਝਲਦਾਰ ਬੁਝਾਰਤ ਬਣਿਆ ਹੋਇਆ ਹੈ। ਸਰੀਰਕ ਰਚਨਾ ਕੇਵਲ ਇੱਕ ਹੱਡੀਆਂ ਜਾਂ ਮਾਸ ਦਾ ਢਾਂਚਾ ਮਾਤਰ ਹੀ ਨਹੀਂ ਹੈ ਬਲਕਿ ਇਸ ਰਚਨਾ ਵਿਚਲੇ ਭੇਦ ਕੇਵਲ ਉਹ ਬੁੱਧੀਜੀਵੀ ਹੀ ਜਾਣਦੇ ਹਨ, ਜਿਨ੍ਹਾਂ ਨੇ ਆਪਣੇ -ਆਪ ਨੂੰ ਅੰਤਰ ਦ੍ਰਿਸ਼ਟੀ ਤੋਂ ਵੇਖਿਆ ਹੈ ਜਾਂ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਬਹੁਤੇ ਪਾਠਕਾਂ ਲਈ ਉਪਰੋਕਤ ਵਿਚਾਰ ਕੇਵਲ ਕਲਪਨਾ ਮਾਤਰ ਹੀ ਹੋ ਸਕਦੇ ਹਨ। ਪ੍ਰੰਤੂ ਇਹਨਾਂ ਵਿਚਾਰਾਂ ਨੂੰ ਆਧਾਰ ਪ੍ਰਦਾਨ ਕਰਦੀਆਂ ਅਨੇਕ ਤੁੱਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਗੁਰੂ ਸਾਹਿਬਾਨਾਂ ਦੁਆਰਾ ਵਰਣਿਤ ਕੀਤੀਆਂ ਗਈਆਂ ਹਨ, ਜੋ ਮਨੁੱਖੀ ਸਰੀਰ ਦੀ ਅਦਭੁਤ ਰਚਨਾ ਦੇ ਗੁੰਝਲਦਾਰ ਰਹੱਸਾਂ ਉੱਤੋਂ ਪਰਦੇ ਚੁੱਕਦੀਆਂ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਇਸ ਕਾਇਆ ਅੰਦਰਿ ਵਸਤੁ ਅਸੰਖਾ॥
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਤਾਲਾ ॥

'ਕਾਇਆ' ਜਾਂ 'ਪਿੰਡਾ' ਸ਼ਬਦ ਗੁਰੂ ਸਾਹਿਬਾਨ ਦੁਆਰਾ ਸਾਡੇ ਸਰੀਰ ਲਈ ਵਰਤਿਆ ਗਿਆ ਹੈ ਅਤੇ ਗੁਰੂ ਸਾਹਿਬਾਨਾਂ ਨੇ ਬਹੁਤ ਹੀ ਸਰਲ ਅਰਥਾਂ ਵਿੱਚ ਸਪੱਸ਼ਟ ਕੀਤਾ ਹੈ ਕਿ ਜੋ ਖੰਡ - ਬ੍ਰਹਿਮੰਡ (ਯੂਨੀਵਰਸ) ਸਾਨੂੰ ਦਿਖਾਈ ਦੇ ਰਿਹਾ ਹੈ, ਇਹ ਸਭ ਸਾਡੇ ਸਰੀਰ ਅੰਦਰ ਵੀ ਮੌਜੂਦ ਹੈ।

ਡਾਕਟਰ ਜੂਲੀਅਨ ਜਾਨਸਨ ਨੇ ਆਪਣੀ ਪੁਸਤਕ ਅਧਿਆਤਮ ਮਾਰਗ ਵਿੱਚ ਮਨੁੱਖੀ ਨਾੜੀ ਪ੍ਰਣਾਲੀ ਦੀ ਉਦਾਹਰਨ ਦਿੰਦਿਆਂ ਦੱਸਿਆ ਹੈ ਕਿ ਸਾਡੇ ਦਿਮਾਗ ਵਿੱਚ 12 ਅਰਬ ਕੋਸ਼ਿਕਾਵਾਂ ਹਨ। ਇਹ ਕੋਸ਼ਿਕਾਵਾਂ ਬਹੁਤ ਜਟਿਲ ਢੰਗ ਨਾਲ ਤੰਤੂਆਂ ਰਾਹੀਂ ਅਰਬਾਂ-ਖਰਬਾਂ ਵਾਰ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਹਰ ਛੋਟੇ ਤੋਂ ਛੋਟਾ ਕਣ ਹਰ ਦੂਜੇ ਭਾਗ ਨਾਲ ਮਿਲ ਕੇ ਕਾਰਜ ਕਰਦਾ ਹੈ ਤਾਂ ਜੋ ਇੱਕੋ ਇਕਾਈ ਦੇ ਰੂਪ ਵਿੱਚ ਕੰਮ ਕੀਤਾ ਜਾ ਸਕੇ। ਹਰ ਕੋਸ਼ਿਕਾ ਇਕ ਛੋਟਾ ਬ੍ਰਹਿਮੰਡ ਹੈ ਅਤੇ ਹਰ ਕੋਸ਼ਿਕਾ ਦਾ, ਹਰ ਪਰਮਾਣੂ, ਉਸ ਤੋਂ ਵੀ ਛੋਟਾ ਬ੍ਰਹਿਮੰਡ ਹੈ। ਪਰਮਾਣੂ ਦੇ ਕੇਂਦਰਕ (Nucleus) ਨੂੰ ਜੋ ਆਪਣੇ ਇਲੈਕਟ੍ਰਾਨਜ਼ (Electrons ) ਨਾਲ ਘਿਰਿਆ ਹੋਇਆ ਹੈ । ਧਿਆਨ ਨਾਲ ਦੇਖਿਆ ਪਤਾ ਲੱਗਦਾ ਹੈ ਕਿ (ਇਲੈਕਟ੍ਰਾਨ ਦੇ ਆਕਾਰ ਨੂੰ ਦੇਖਦੇ ਹੋਏ), ਜੇ ਇਹਨਾਂ ਦੇ ਆਪਸੀ ਫਾਂਸਲੇ ਨੂੰ ਦੇਖਿਆ ਜਾਵੇ ਤਾਂ ਇਹ ਫਾਂਸਲਾ ਉਨਾ ਹੀ ਵੱਧ ਹੈ, ਜਿੰਨਾ ਸੂਰਜ ਅਤੇ ਉਸਦੇ ਉਪ -ਗ੍ਰਹਿਆਂ ਦਾ ਇੱਕ ਦੂਜੇ ਤੋਂ ਹੈ। ਇਸੇ ਤਰ੍ਹਾਂ ਮਨੁੱਖ ਦਾ ਸਰੀਰ ਅਜਿਹੇ ਕਰੋੜਾਂ ਬ੍ਰਹਿਮੰਡਾਂ ਦਾ ਇੱਕ ਵਿਸ਼ਾਲ ਅਤੇ ਗੁੰਝਲਦਾਰ ਪ੍ਰਬੰਧ ਹੈ, ਜਿਨ੍ਹਾਂ ਬ੍ਰਹਿਮੰਡਾਂ ਨੂੰ ਇੱਕ ਇਕਾਈ ਦੇ ਰੂਪ ਵਿੱਚ ਇਕੱਠਾ ਕਰ ਦਿੱਤਾ ਗਿਆ ਹੈ ਅਤੇ ਇਹ ਇਕਾਈ ਪੂਰੇ ਬ੍ਰਹਿਮੰਡ ਵਿੱਚ ਇੱਕ ਇਲੈਕਟ੍ਰਾਨ ਤੋਂ ਵੱਧ ਨਹੀਂ ਹੈ।

ਡਾਕਟਰ ਅਤੇ ਸਾਇੰਸਦਾਨ ਭਾਵੇਂ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਮਨੁੱਖੀ ਸਰੀਰ ਦੀ ਚੀਰ- ਫਾੜ ਸਮੇਂ ਤਾਂ ਅਜਿਹੇ ਕੋਈ ਵੀ ਤੱਤ ਉਹਨਾਂ ਨੂੰ ਦਿਖਾਈ ਨਹੀਂ ਦਿੰਦੇ ਪਰੰਤੂ ਓਸ਼ੋ ਅਨੁਸਾਰ, ਮਨੁੱਖੀ ਜੀਵਨ ਦੇ ਦੋ ਆਯਾਮ ਹਨ। ਵਿਗਿਆਨ ਪਹਿਲੀ ਤਰ੍ਹਾਂ ਦਾ ਆਯਾਮ ਹੈ, ਧਰਮ ਦੂਜੀ ਤਰ੍ਹਾਂ ਦਾ। ਵਿਗਿਆਨ ਵਿੱਚ ਪਹਿਲਾਂ ਜਾਣਨਾ ਜਰੂਰੀ ਹੈ ਤਾਂ ਹੀ ਪਿੱਛੋਂ ਕੀਤਾ ਜਾ ਸਕਦਾ ਹੈ, ਧਰਮ ਵਿੱਚ ਪਹਿਲਾਂ ਕਰਨਾ ਜਰੂਰੀ ਹੈ, ਤਾਂ ਹੀ ਪਿੱਛੋਂ ਜਾਣਿਆ ਜਾ ਸਕਦਾ ਹੈ। ਵਿਗਿਆਨ ਵਿੱਚ ਗਿਆਨ ਪਹਿਲਾਂ ਅਤੇ ਕਰਮ ਪਿੱਛੋਂ ਹੈ, ਧਰਮ ਵਿੱਚ ਕਰਮ ਪਹਿਲਾਂ ਅਤੇ ਗਿਆਨ ਬਾਅਦ ਵਿੱਚ ਹੈ।

ਪ੍ਰੰਤੂ ਗੁਰੂ ਸਾਹਿਬਾਨਾਂ ਨੇ ਮਨੁੱਖੀ ਸੋਚ ਦੇ ਇਸ ਭਰਮ- ਭੁਲੇਖੇ ਦਾ ਵੀ ਉੱਤਰ ਗੁਰਬਾਣੀ ਦੀਆਂ ਤੁੱਕਾਂ ਵਿੱਚ ਸਪੱਸ਼ਟ ਕੀਤਾ ਹੈ :

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥

ਭਾਵ ਕਿ ਜੋ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਆਪਣੇ ਸਰੀਰ ਨੂੰ ਖੋਜਦਾ ਹੈ। ਬਾਕੀ ਦੀ ਲੋਕਾਈ ਭਟਕਣਾ ਵਿੱਚ ਪੈ ਕੇ ਕੁਰਾਹੇ ਪਈ ਰਹਿੰਦੀ ਹੈ।


## ਯੂਨੀਅਨ ਬੈਂਕ ਆਫ ਇੰਡੀਆ
ਭਾਰਤ ਸਰਕਾਰ ਦਾ ਅਦਾਰਾ
Union Bank of India
A Goverment Of India Undertaking

ਖੇਤਰੀ ਦਫ਼ਤਰ : ਬਠਿੰਡਾ, ਐਸਸੀਐਫ 136-137, ਰੋਜ਼ ਗਾਰਡਨ ਕੰਪਲੈਕਸ, ਨੇੜੇ ਮਿੱਤਲ ਮਾਲ, ਗੋਨਿਆਣਾ ਰੋਡ, ਬਠਿੰਡਾ-151001,
Email : law.robathinda@unionbankofindia.bank

## ਈ-ਨਿਲਾਮੀ ਵਿਕਰੀ ਸੂਚਨਾ

### ਅੰਤਿਕਾ 4-ਏ [ਨਿਯਮ 8 (6) ਦੀ ਵਿਵਸਥਾ ਦੇਖੋ] ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ **ਉਸਾਰੂ/ਸੰਕੇਤਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ ਤੋਂ **ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਨਿਮਨ ਦਰਸਾਈਆਂ ਮਿਤੀਆਂ ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਕਮ ਰਾਸ਼ੀ ਅਤੇ ਸੰਪੱਤੀ ਵੇਰਵੇ ਨਿਮਨ ਦਰਸਾਏ ਹਨ :-

| ਲ. ਨੰ. | ਸ਼ਾਖਾ ਦਾ ਨਾਮ ਅਤੇ ਸੰਪਰਕ ਨੰ. / ਖਾਤਾ, ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਸੁਰੱਖਿਅਤ ਅਸਾਸਿਆਂ ਦੇ ਵੇਰਵੇ | ਬਕਾਇਆ ਕਰਜ਼ (ਮੰਗ ਸੂਚਨਾ ਦੀ ਰਕਮ) | ਵਿਕਰੀ ਦੀ ਮਿਤੀ | ਰਾਖਵੀਂ ਕੀਮਤ | ਬਿਆਨਾ ਰਕਮ |
|---|---|---|---|---|---|---|
| 1. | **ਕੋਟਕਪੂਰਾ ਸ਼ਾਖਾ (ਮ. 9887290173)** ਕਰਜ਼ਦਾਰ: ਸ਼੍ਰੀ ਜਸਵਿੰਦਰ ਸਿੰਘ ਸੰਧੂ ਪੁੱਤਰ। ਸ਼. ਭਜਨ ਸਿੰਘ ਸੰਧੂ, ਮਕਾਨ ਨੰ. ਬੀ -1/2055ਬੀ ਵਾਰਡ ਨੰ: 05 ਗਲੀ ਨੰ: 03 ਨੇੜੇ ਟੱਕਰ ਕੰਡਾ ਕੋਟਕਪੂਰਾ- 151204, ਜ਼ਾਮਨ (ਾਂ) ਸ੍ਰੀ ਭਜਨ ਸਿੰਘ ਪੁੱਤਰ ਸ੍ਰੀ ਕਰਮ ਸਿੰਘ, ਮਕਾਨ ਨੰ. ਬੀ-1/ 2055ਬੀ, ਵਾਰਡ ਨੰ. 05, ਗਲੀ ਨੰ. 03, ਨੇੜੇ ਟੱਕਰ ਕੰਡਾ ਕੋਟਕਪੂਰਾ-151204, ਅ) ਸ੍ਰੀਮਤੀ ਕੁਲਵਿੰਦਰ ਕੌਰ ਸਪੁੱਤਰੀ ਸ੍ਰੀ ਕਸ਼ਮੀਰ ਸਿੰਘ ਅਤੇ ਸੁਪਤਨੀ ਸ੍ਰੀ ਜਰਨੈਲਜੀਤ ਸਿੰਘ, ਵਾਸੀ ਚੁੰਗੀ ਨੰਬਰ 08 ਨੇੜੇ, ਨਵਾਂ ਪੁਰਬਾ, ਜ਼ਿਲ੍ਹਾ ਫਿਰੋਜ਼ਪੁਰ। ਫਿਰੋਜ਼ਪੁਰ-152001 | 246.66 ਵਰਗ ਗਜ਼ ਦੇ ਰਿਹਾਇਸ਼ੀ ਘਰ ਦੇ ਸਾਰੇ ਭਾਗ ਅਤੇ ਹਿੱਸੇ (ਨਗਰ ਨਿਗਮ ਨੰਬਰ ਬੀ-1/720/2) ਜੋ ਕਿ ਬੀੜ ਰੋਡ, ਕੋਟਕਪੂਰਾ, ਤਹਿਸੀਲ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਵਿਖੇ ਸਥਿਤ ਹੈ ਅਤੇ ਸ਼੍ਰੀ ਜਸਵਿੰਦਰ ਸਿੰਘ ਸੰਧੂ ਪੁੱਤਰ ਸ਼੍ਰੀ ਭਜਨ ਸਿੰਘ ਸੰਧੂ ਦੀ ਮਲਕੀਅਤ ਹੈ, 25-08-2015 ਨੂੰ ਟਰਾਂਸਫਰ ਡੀਡ ਨੰਬਰ 1181 ਦੁਆਰਾ ਪ੍ਰਾਪਤ ਕੀਤਾ ਗਿਆ ਹੈ। ਵਿਕਰੀ ਡੀਡ ਅਨੁਸਾਰ ਸੀਮਾਵਾਂ:- ਪੂਰਬ: ਤਰਲੋਕ ਸਿੰਘ-ਬਹੀ 65', ਪੱਛਮ: ਜਸਵਿੰਦਰ ਸਿੰਘ-ਬਹੀ 55', ਉੱਤਰ: ਗਲੀ-ਬਹੀ 37', ਦੱਖਣ: ਕੁਲਵੰਤ ਸਿੰਘ-ਬਹੀ 37' | ਰੁ. 16,46,211.29 (ਰੁ. ਸੋਲਾਂ ਲੱਖ ਛਿਆਲੀ ਹਜ਼ਾਰ ਦੋ ਸੌ ਗਿਆਰਾਂ ਅਤੇ ਉਣੱਤੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 15.07.2025 ਨੂੰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ) | Rs. 45,00,000/- (ਰੁ. ਪੰਤਾਲੀ ਲੱਖ ਕੇਵਲ) | Rs. 4,50,000/- (ਰੁ. ਚਾਰ ਲੱਖ ਪੰਜਾਹ ਹਜ਼ਾਰ ਕੇਵਲ) |
| 2. | **ਪਟਿਆਲਾ ਸ਼ਾਖਾ (ਮ. 9887290173)** ਕਰਜ਼ਦਾਰ : ਮੈਸਰਜ਼ ਮਾਨ ਫੈਸ਼ਨ ਸ਼ਾਪੀ ਪ੍ਰੋਪ ਸ਼੍ਰੀ ਮਹੇਸ਼ ਇੰਦਰ ਸਿੰਘ, ਦੁਕਾਨ ਨੰਬਰ 3ਏ, ਗਲੀ ਨੰਬਰ 3 ਦੇ ਨੇੜੇ, ਪਟਿਆਲਾ ਕੈਂਟ ਰੇਲਵੇ ਸਟੇਸ਼ਨ ਦੇ ਸਾਹਮਣੇ, ਪਟਿਆਲਾ, ਪੰਜਾਬ-147001, ਹੋਰ ਪਤਾ : ਮਕਾਨ ਨੰ. 11 (ਨਵਾਂ 1ਡੀ), ਗਲੀ ਨੰਬਰ 3, ਪ੍ਰਤਾਪ ਨਗਰ ਪਟਿਆਲਾ, ਪੰਜਾਬ -147001, ਸਹਿ-ਬਿਨੈਕਾਰ: ਸ਼੍ਰੀਮਤੀ ਬਲਵਿੰਦਰ ਕੌਰ, ਮਕਾਨ ਨੰ. 1ਡੀ, ਗਲੀ ਨੰਬਰ 3, ਪ੍ਰਤਾਪ ਨਗਰ ਪਟਿਆਲਾ, ਪੰਜਾਬ-147001 | ਦੁਕਾਨ/ਮਕਾਨ ਨੰਬਰ 11 (ਨਵਾਂ ਨੰਬਰ 1 ਡੀ ਮਿਨ), ਗਲੀ ਨੰਬਰ 3, ਪ੍ਰਤਾਪ ਨਗਰ, ਧੰਮੋ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ 147001 ਦੇ ਸਾਰੇ ਭਾਗ ਅਤੇ ਹਿੱਸੇ ਅਤੇ ਸ਼੍ਰੀ ਮਹੇਸ਼ ਇੰਦਰ ਸਿੰਘ ਦੀ ਮਲਕੀਅਤ ਹੈ। ਵਿਕਰੀ ਡੀਡ ਅਨੁਸਾਰ ਸੀਮਾਵਾਂ:- ਪੂਰਬ: ਸ਼੍ਰੀਮਤੀ ਦੀ ਜਾਇਦਾਦ। ਪਿੰਕੀ ਸਿੰਗਲਾ, ਪੱਛਮ: ਮਕਾਨ ਨੰਬਰ 10, ਉੱਤਰ: ਲਲਿਤ ਪ੍ਰਸ਼ਾਦ ਦਾ ਘਰ, ਦੱਖਣ: ਸੜਕ | ਰੁ.23,87,888.50/- (ਰੁ. ਤੇਈ ਲੱਖ ਸਤਾਸੀ ਹਜ਼ਾਰ ਅੱਠ ਸੌ ਅਠਾਸੀ ਅਤੇ ਪੰਜਾਹ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 15.07.2025 ਨੂੰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ) | Rs. 32,00,000/- (ਰੁ. ਬੱਤੀ ਲੱਖ ਕੇਵਲ) | Rs. 3,20,000/- (ਰੁ. ਤਿੰਨ ਲੱਖ ਵੀਹ ਹਜ਼ਾਰ ਕੇਵਲ) |
| 3. | **ਪਟਿਆਲਾ ਸ਼ਾਖਾ (ਮ. 9887290173)** ਕਰਜ਼ਦਾਰ : ਸ਼੍ਰੀ ਸ਼ੋਏਬ ਅਹਿਮਦ ਖਾਨ ਪੁੱਤਰ ਸ਼੍ਰੀ ਹਬੀਬ ਅਹਿਮਦ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ ਥਰੀਵਾਲਾ ਨਗਰ, ਪਟਿਆਲਾ-147001, ਸਹਿ-ਬਿਨੈਕਾਰ: ਸ਼੍ਰੀ ਲੁਬਨਾ ਪਰਵੀਨ ਪਤਨੀ ਸ਼੍ਰੀ ਸ਼ੋਏਬ ਅਹਿਮਦ ਖਾਨ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ ਥਰੀਵਾਲਾ ਨਗਰ, ਪਟਿਆਲਾ-147001, ਜ਼ਾਮਨ: ਸ਼੍ਰੀ ਅਖਤਰ ਅਲੀ ਪੁੱਤਰ ਮੁਹੰਮਦ ਸਲੀਮ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ ਥਰੀਵਾਲਾ ਨਗਰ, ਪਟਿਆਲਾ-147001 | ਸ਼ਹੀਦ ਸੇਵਾ ਸਿੰਘ ਥਰੀਵਾਲਾ ਨਗਰ, ਪਟਿਆਲਾ ਵਿਖੇ ਸਥਿਤ 594 ਵਰਗ ਫੁੱਟ ਦੇ ਫਲੈਟ ਨੰਬਰ 501 ਗਰਾਊਂਡ ਫਲੋਰ ਦੇ ਸਾਰੇ ਭਾਗ ਅਤੇ ਹਿੱਸੇ ਸ਼ੋਏਬ ਅਹਿਮਦ ਖਾਨ ਦਾ ਹੈ। ਵਿਕਰੀ ਡੀਡ ਅਨੁਸਾਰ ਸੀਮਾਵਾਂ: ਪੂਰਬ: ਸੜਕ, ਪੱਛਮ: ਸੜਕ, ਉੱਤਰ: ਐਲਆਈਜੀ ਫਲੈਟ ਨੰਬਰ 502, ਦੱਖਣ: ਐਲਆਈਜੀ ਫਲੈਟ ਨੰਬਰ 500 | ਰੁ.12,26,381.35/- (ਰੁ.ਬਾਰਾਂ ਲੱਖ ਛੱਬੀ ਹਜ਼ਾਰ ਤਿੰਨ ਸੌ ਇਕਿਆਸੀ ਅਤੇ ਪੈਂਤੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 15.07.2025 ਨੂੰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ) | Rs. 13,00,000/- (ਰੁ. ਤੇਰਾਂ ਲੱਖ ਕੇਵਲ) | Rs. 1,30,000/- (ਰੁ. ਇੱਕ ਲੱਖ ਤੀਹ ਹਜ਼ਾਰ ਕੇਵਲ) |
| 4. | **ਪਟਿਆਲਾ ਸ਼ਾਖਾ (ਮ. 9887290173)** ਕਰਜ਼ਦਾਰ: ਸ਼੍ਰੀ ਸੁਰਿੰਦਰ ਸਿੰਘ ਲਾਲੀ ਪੁੱਤਰ ਸੁਖਦੇਵ ਸਿੰਘ, ਬੀ. 4/371, ਧੀਰੂ ਕੀ ਮਾਜਰੀ, ਸੁਨਾਮੀ ਗੇਟ, ਪਟਿਆਲਾ, ਪੰਜਾਬ 147001, ਸਹਿ ਬਿਨੈਕਾਰ: ਸ਼੍ਰੀਮਤੀ ਗੀਤਾ ਸੁਪਤਨੀ ਸੁਰਿੰਦਰ ਸਿੰਘ, ਲਾਲੀ ਬੀ. 4/371, ਧੀਰੂ ਕੀ ਮਾਜਰੀ, ਸੁਨਾਮੀ ਗੇਟ, ਪਟਿਆਲਾ ਪੰਜਾਬ 147001, ਜ਼ਾਮਨ : ਸ਼ਸ਼ੀ ਕੁਮਾਰ ਪੁੱਤਰ ਸ੍ਰੀ ਸ਼ੰਕਰ ਦਾਸ, 375, ਧੀਰੂ ਕੀ ਬਸਤੀ, ਸਮਾਨੀਆ ਗੇਟ, ਪਟਿਆਲਾ, ਪੰਜਾਬ - 147001 | ਘਰ ਦੇ ਸਾਰੇ ਭਾਗ ਅਤੇ ਹਿੱਸੇ ਜਿਸਦਾ ਨੰਬਰ ਬੀ-4/542 ਹੈ, 35 ਵਰਗ ਗਜ਼ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ, ਦੀਰੂ ਕੀ ਮਾਜਰੀ, ਤਹਿਸੀਲ ਅਤੇ ਜ਼ਿਲ੍ਹਾ, ਪਟਿਆਲਾ ਵਿਖੇ ਸਥਿਤ ਹੈ। ਸੇਲ ਡੀਡ ਅਨੁਸਾਰ ਸੀਮਾਵਾਂ:- ਪੂਰਬ: ਚਾਨਣ ਸਿੰਘ ਦਾ ਘਰ, ਪੱਛਮ: ਲਾਲ ਚੰਦ ਦਾ ਘਰ, ਉੱਤਰ: ਕੁਲਦੀਪ ਸਿੰਘ ਦਾ ਘਰ, ਦੱਖਣ: 15'-0÷ ਚੌੜੀ ਸੜਕ | ਰੁ.3,02,367/- (ਰੁ.ਤਿੰਨ ਲੱਖ ਦੋ ਹਜ਼ਾਰ ਤਿੰਨ ਸੌ ਸਤਾਹਠ ਕੇਵਲ ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 15.07.2025 ਨੂੰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ) | Rs. 4,85,000/- (ਰੁ. ਚਾਰ ਲੱਖ ਪਚਾਸੀ ਹਜ਼ਾਰ ਕੇਵਲ) | Rs. 48,500/- (ਰੁ. ਅਠਤਾਲੀ ਹਜ਼ਾਰ ਪੰਜ ਸੌ ਕੇਵਲ) |
| 5. | **ਫਰੀਦਕੋਟ ਸ਼ਾਖਾ (ਮ. 9887290173)** ਕਰਜ਼ਦਾਰ (ਾਂ) : 1. ਮੈਸਰਜ਼ ਦੀਪਕ ਕਮਿਊਨੀਕੇਸ਼ਨ ਪ੍ਰੋਪ ਦੀਪਕ ਕੁਮਾਰ ਮੋਂਗਾ ਦੁਕਾਨ ਨੰਬਰ 1, ਬਾਬਾ ਫਰੀਦ ਮਾਰਕੀਟ, ਥਾਣਾ ਕੋਤਵਾਲੀ ਦੇ ਸਾਹਮਣੇ, ਫਰੀਦਕੋਟ-151203 ਜ਼ਾਮਨ (ਾਂ) 1. ਸ਼੍ਰੀਮਤੀ ਅੰਜੂ ਬਾਲਾ ਸੁਪਤਨੀ ਦੀਪਕ ਕੁਮਾਰ ਵਾਸੀ ਗਲੀ ਨੰ. 3, ਗੁਰੂ ਨਾਨਕ ਕਾਲੋਨੀ, ਫਰੀਦਕੋਟ-151203 | ਜਾਇਦਾਦ ਨੰ. 1: ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 6.67ਐਮ ਜਾਂ 202 ਵਰਗ ਗਜ਼ ਯਾਨੀ 202/6867 ਹਿੱਸਾ 11 ਕਨਾਲ 7 ਮਰਲਾ ਖਸਰਾ ਨੰਬਰ 665/11-7 ਦਾ ਸੇਲ ਡੀਡ ਨੰਬਰ 774 ਮਿਤੀ 14/05/2012 ਅਤੇ ਸੇਲ ਡੀਡ ਨੰਬਰ 348 ਮਿਤੀ 23/04/2013 ਅਨੁਸਾਰ ਜੋਤ ਰਾਮ ਕਲੋਨੀ ਭੋਲੂ ਵਾਲਾ ਰੋਡ, ਫਰੀਦਕੋਟ ਵਿਖੇ ਸਥਿਤ ਹੈ। ਸੇਲ ਡੀਡ ਅਨੁਸਾਰ ਸੀਮਾਵਾਂ:- ਪੂਰਬ: ਰਾਜੇਸ਼ ਕੁਮਾਰ, ਪੱਛਮ: ਗਲੀ, ਉੱਤਰ: ਰੇਸ਼ਮ ਸਿੰਘ, ਦੱਖਣ: ਗਲੀ, | ਰੁ.16,38,949.37/- (ਰੁ.ਸੋਲਾਂ ਲੱਖ ਅਠੱਤੀ ਹਜ਼ਾਰ ਨੌਂ ਸੌ ਉਣੰਜਾ ਅਤੇ ਸੈਂਤੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 15.07.2025 ਨੂੰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ) | ਸੰਪੱਤੀ 1: Rs. 7,98,000/- (ਰੁ. ਸੱਤ ਲੱਖ ਅਠਾਨਵੇਂ ਹਜ਼ਾਰ ਕੇਵਲ) | ਸੰਪੱਤੀ 1: Rs. 79,800/- (ਰੁ. ਉਣਾਸੀ ਹਜ਼ਾਰ ਅੱਠ ਸੌ ਕੇਵਲ) |
| | | ਜਾਇਦਾਦ ਨੰ. 2: ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 56.5 ਵਰਗ ਗਜ਼, ਭਾਵ 25 ਵਰਗ ਗਜ਼, 25/14187 ਹਿੱਸਾ 23 ਕਨਾਲ 9 ਮਰਲੇ, ਖਸਰਾ ਨੰ: 649/23-9, ਖਤੌਨੀ ਨੰ: 193 ਅਤੇ 31.5 ਵਰਗ ਗਜ਼ 63/33577 ਹਿੱਸਾ 27 ਕਨਾਲ 15 ਮਰਲੇ ਖਸਰਾ ਨੰ: 650/27-15, ਖਤੌਣੀ ਨੇੜੇ, ਖਤੌੜ ਨੰ. ਵਾਲਾ ਰੋਡ, ਫਰੀਦਕੋਟ। ਸੇਲ ਡੀਡ ਦੇ ਅਨੁਸਾਰ ਸੀਮਾਵਾਂ:-ਪੂਰਬ: ਸੁਨੀਲ ਕੁਮਾਰ ਹੁਣ ਸ੍ਰੀਮਤੀ ਸ਼ਿਖਾ, ਪੱਛਮ: ਜੋਤ ਰਾਮ ਮੰਦਰ, ਉੱਤਰ: ਗਲੀ 15' ਚੌੜੀ ਦੱਖਣ: ਸੁਨੀਲ ਕੁਮਾਰ | | | ਸੰਪੱਤੀ 2: Rs.1,70,100/- (ਰੁ.ਇਕ ਲੱਖ ਸੱਤਰ ਹਜ਼ਾਰ ਇੱਕ ਸੌ ਕੇਵਲ) | ਸੰਪੱਤੀ 2: Rs.17,010/- (ਰੁ. ਸਤਾਰਾਂ ਹਜ਼ਾਰ ਦਸ ਕੇਵਲ) |

1. ਪੰਜੀਕਰਨ ਸਬੰਧੀ ਸੁਆਲਾਂ ਦੇ ਲਈ **https://baanknet.com** 'ਤੇ ਈ-ਮੇਲ ਕਰੋ। 2. ਬਿਆਨਾ ਰਕਮ ਭੁਗਤਾਨ/ਰੀਫੰਡ ਸਬੰਧੀ ਸੁਆਲਾਂ ਦੇ ਲਈ **https://baanknet.com** 'ਤੇ ਈ-ਮੇਲ ਕਰੋ। 3. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **https://baanknet.com** ਦੇਖੋ ਅਤੇ **'Buyer Guide for Login and Registration'** 'ਤੇ ਕਲਿੱਕ ਕਰੋ। 4. ਇੱਛੁਕ ਬੋਲੀਕਾਰ **ਪੀਐਸਬੀ ਅਲਾਇੰਸ ਪ੍ਰਾ. ਲਿਮ.** (**https://baanknet.com**) ਤੋਂ ਈ-ਨਿਲਾਮੀ ਦੇ ਸੰਚਾਲਾਨਤਮਕ ਹਿੱਸੇ 'ਤੇ ਈ-ਨਿਲਾਮੀ ਸਹਾਇਤਾ ਮੈਨੂਅਲ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫਤ ਵਿਚ ਡਾਊਨਲੋਡ ਕਰ ਸਕਦੇ ਹਨ। 5. ਮੋਬਾਇਲ ਨੰਬਰ ਅਤੇ ਈ-ਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਈ-ਨਿਲਾਮੀ ਪੋਰਟਲ **https://baanknet.com** 'ਤੇ ਪੰਜੀਕਰਨ ਕਰੋ। 6. ਬੋਲੀਕਾਰ ਦੇ ਗਲੋਬਲ ਈਐਮਡੀ ਵੈਲੇਟ ਵਿਚ ਲੋੜੀਂਦੇ ਕੇਵਾਈਸੀ ਦਸਤਾਵੇਜ਼, ਸਧਾਰਨ ਚਲਾਨ ਅਤੇ ਟਰਾਂਸਫਰ ਈਐਮਡੀ ਰਾਸ਼ੀ ਅਪਲੋਡ ਕਰੋ। 7. ਬੋਲੀ ਪੇਸ਼ਕਸ਼ ਨਿਲਾਮੀ ਦੀ ਮਿਤੀ ਅਤੇ ਸਮੇਂ ਨੂੰ ਆਨਲਾਈਨ ਵਿਧੀ ਰਾਹੀਂ ਕੀਤੀ ਜਾਵੇਗੀ। 8. ਸਫਲ ਬੋਲੀ ਦੀ ਸੂਰਤ ਵਿਚ, ਬਕਾਇਆ ਬੋਲੀ ਰਕਮ ਨਿਮਨ ਦਰਸਾਏ ਨਿਯਮਾਂ ਅਨੁਸਾਰ ਅਦਾ ਕੀਤੀ ਜਾਵੇਗੀ। 9. ਅਸਫਲ ਬੋਲੀ ਦੇ ਮਾਮਲੇ ਵਿਚ, ਰੀਫੰਡ ਦੇ ਲਈ ਬਿਨੈ **ਪੀਐਸਬੀ ਅਲਾਇੰਸ ਪ੍ਰਾ. ਲਿਮ.** (**https://baanknet.com**) 'ਤੇ ਕੀਤਾ ਜਾਵੇਗਾ ਅਤੇ ਰੀਫੰਡ **ਪੀਐਸਬੀ ਅਲਾਇੰਸ ਪ੍ਰਾ. ਲਿਮ.** ਵੱਲੋਂ ਸਿੱਧੇ ਤੌਰ 'ਤੇ ਕੀਤਾ ਜਾਵੇਗਾ। 10. ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਈ-ਨਿਲਾਮੀ ਵਿਕਰੀ ਪ੍ਰਕਿਰਿਆ ਵਿਚ ਭਾਗ ਲੈਣ ਅਤੇ ਆਪਣੀਆਂ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਨਿਲਾਮੀ ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਵੈਬਸਾਈਟ **https://baanknet.com** ਅਤੇ **www.unionbankofindia.co.in** ਨੂੰ ਦੇਖ ਲਓ। 11. ਸਫਲ ਬੋਲੀਕਾਰ ਨੂੰ ਈ-ਨਿਲਾਮੀ ਪ੍ਰਕਿਰਿਆ ਦੇ ਬੰਦ ਹੋਣ ਉਪਰੰਤ ਈ-ਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ।

**ਵਿਧਾਨਕ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਨਿਯਮ 9 (1) ਦੇ ਅਧੀਨ 15/30 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

ਮਿਤੀ : 27.06.2025 — ਅਧਿਕਾਰਤ ਅਧਿਕਾਰੀ (ਯੂਨੀਅਨ ਬੈਂਕ ਆਫ ਇੰਡੀਆ)

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਭਾਰ ਘਟਾਉਣ 'ਚ ਮਦਦਗਾਰ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਸੇਵਨ

ਭੁੰਨੇ ਹੋਏ ਛੋਲਿਆਂ ਦਾ ਸੇਵਨ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਕਿਉਂਕਿ ਭੁੰਨੇ ਹੋਏ ਛੋਲੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਭਾਵੇਂ ਤੁਸੀਂ ਇਸਦਾ ਸੇਵਨ ਕਈ ਤਰੀਕਿਆਂ ਨਾਲ ਕਰ ਸਕਦੇ ਹੋ, ਪਰ ਕੀ ਤੁਸੀਂ ਕਦੇ ਭੁੰਨੇ ਹੋਏ ਛੋਲਿਆਂ ਦਾ ਸੇਵਨ ਸ਼ਹਿਦ ਦੇ ਨਾਲ ਕੀਤਾ ਹੈ ? ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠੇ ਸੇਵਨ ਕਰਨਾ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਕਿਉਂਕਿ ਇਸਦਾ ਸੇਵਨ ਭਾਰ ਘਟਾਉਣ ਦੇ ਨਾਲ



ਨਾਲ ਕਈ ਸਿਹਤ ਸਮੱਸਿਆਵਾ ਨੂੰ ਵੀ ਦੂਰ ਕਰਨ ਚ ਮਦਦ ਕਰਦਾ ਹੈ। ਤਾਂ ਆਓ ਜਾਣਦੇ ਹਾਂ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ ਕਰਨ ਦੇ ਕੀ ਫਾਇਦੇ ਹਨ।

**ਚਮੜੀ ਨੂੰ ਸਿਹਤਮੰਦ ਰੱਖਣ ਲਈ ਫਾਇਦੇਮੰਦ** : ਆਪਣੀ ਚਮੜੀ ਦੀ ਚਮਕ ਬਣਾਈ ਰੱਖਣ ਲਈ ਕਰੋ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ। ਕਿਉਂਕਿ ਇਸ ਵਿੱਚ ਪਾਏ ਜਾਣ ਵਾਲੇ ਐਂਟੀ-ਆਕਸੀਡੈਂਟ ਗੁਣ ਚਮੜੀ ਨੂੰ ਸਿਹਤਮੰਦ ਅਤੇ ਚਮਕਦਾਰ ਬਣਾਉਣ ਵਿੱਚ ਮਦਦ ਕਰਦੇ ਹਨ।

**ਭਾਰ ਘਟਾਉਣ 'ਚ ਮਦਦਗਾਰ** : ਜੇਕਰ ਤੁਸੀਂ ਆਪਣੇ ਵਧਦੇ ਭਾਰ ਤੋਂ ਪ੍ਰੇਸ਼ਾਨ ਹੋ ਤਾਂ ਤੁਹਾਨੂੰ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਮਿਸ਼ਰਣ ਚ ਪਾਇਆ ਜਾਣ ਵਾਲਾ ਫਾਈਬਰ ਅਤੇ ਪ੍ਰੋਟੀਨ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਜੋ ਭਾਰ ਘਟਾਉਣ ਚ ਫਾਇਦੇਮੰਦ ਹੁੰਦਾ ਹੈ।

**ਸਰੀਰ ਨੂੰ ਊਰਜਾਵਾਨ ਰੱਖਣ ਲਈ ਫਾਇਦੇਮੰਦ** : ਆਪਣੀ ਕਮਜ਼ੋਰੀ ਦੂਰ ਕਰਨ ਲਈ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਨੂੰ ਇਕੱਠੇ ਖਾਉ। ਕਿਉਂਕਿ ਇਸ ਵਿੱਚ ਪਾਏ ਜਾਣ ਵਾਲੇ ਕਾਰਬੋਹਾਈਡਰੇਟ, ਆਇਰਨ ਅਤੇ ਪ੍ਰੋਟੀਨ ਸਰੀਰ ਨੂੰ ਊਰਜਾਵਾਨ ਰੱਖਣ ਵਿੱਚ ਮਦਦ ਕਰਦੇ ਹਨ।

**ਇਮਿਊਨਿਟੀ ਬਣਾਈ ਰੱਖਣ 'ਚ ਮਦਦਗਾਰ** : ਜੇਕਰ ਤੁਸੀਂ ਇਮਿਊਨਿਟੀ ਵਧਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਵਿੱਚ ਪਾਏ ਜਾਣ ਵਾਲੇ ਵਿਟਾਮਿਨ ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦੇ ਹਨ, ਜਿਸ ਨਾਲ ਤੁਹਾਨੂੰ ਮੌਸਮੀ ਬਿਮਾਰੀਆਂ ਤੋਂ ਬਚਾਉਂਦੇ ਹਨ।

**ਖੂਨ ਦੀ ਕਮੀ ਨੂੰ ਦੂਰ ਕਰਨ 'ਚ ਮਦਦਗਾਰ** : ਜੇਕਰ ਤੁਹਾਨੂੰ ਵੀ ਖੂਨ ਦੀ ਕਮੀ ਦੀ ਸਮੱਸਿਆ ਹੈ ਤਾਂ ਤੁਹਾਨੂੰ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਵਿਚ ਪਾਇਆ ਜਾਣ ਵਾਲਾ ਆਇਰਨ ਹੀਮੋਗਲੋਬਿਨ ਦਾ ਪੱਧਰ ਵਧਾਉਣ ਵਿਚ ਮਦਦ ਕਰਦਾ ਹੈ, ਜੋ ਅਨੀਮੀਆ ਨੂੰ ਦੂਰ ਕਰਦਾ ਹੈ।

**ਪਾਚਨ ਨੂੰ ਸੁਧਾਰਨ ਲਈ ਫਾਇਦੇਮੰਦ** : ਜੇਕਰ ਤੁਸੀਂ ਭੁੰਨੇ ਹੋਏ ਛੋਲੇ ਅਤੇ ਸ਼ਹਿਦ ਦਾ ਇਕੱਠਾ ਸੇਵਨ ਕਰਦੇ ਹੋ ਤਾਂ ਇਸ ਨਾਲ ਪਾਚਨ ਕਿਰਿਆ ਨੂੰ ਫਾਇਦਾ ਹੁੰਦਾ ਹੈ। ਕਿਉਂਕਿ ਇਸ ਚ ਪਾਇਆ ਜਾਣ ਵਾਲਾ ਫਾਈਬਰ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ ਅਤੇ ਪਾਚਨ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਕਰਨ ਚ ਮਦਦ ਕਰਦਾ ਹੈ।

# ਬੰਦਗੀ ਦਾ ਘਰ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ

## ਸ਼ਹੀਦੀ ਸਮਾਗਮ ਕਰਵਾਉਣੇ ਸਿੱਖ ਕੌਮ ਲਈ ਚੜ੍ਹਦੀਕਲਾ ਦਾ ਪ੍ਰਤੀਕ: ਡਾ. ਜਗਜੀਤ ਸਿੰਘ ਦਰਦੀ






ਪਟਿਆਲਾ, 26 ਜੂਨ (ਚ.ਨ.ਸ.) : ਨੌਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਪਹਿਲਾ ਗੁਰਮਤਿ ਸਮਾਗਮ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ ਦੇ ਅਸਥਾਨ ਤੇ ਕਰਵਾਇਆ ਗਿਆ। ਇਸ ਮੌਕੇ ਤੇ ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਪਰਵਿੰਦਰ ਸਿੰਘ ਰਿਓਂਦ ਨੇ ਗੁਰਬਾਣੀ ਇਤਿਹਾਸ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਤੇ ਅਕਾਲੀ ਬਾਬਾ ਫੂਲਾ ਸਿੰਘ ਜੀ ਪ੍ਰਧਾਨ ਡਾ. ਜਗਜੀਤ ਸਿੰਘ ਦਰਦੀ ਚੌਧਰੀ ਪ੍ਰਭਜੀਤ ਸਿੰਘ, ਭਗਵਾਨ ਸਿੰਘ, ਜਰਨਲ ਸੈਕਟਰੀ ਕਰਮਜੀਤ ਸਿੰਘ, ਸੁਰਿੰਦਰਪਾਲ ਸਿੰਘ ਸ਼ੈਂਟੀ ਨੇ ਆਈਆਂ ਹੋਈਆਂ ਧਾਰਮਿਕ ਸਖ਼ਸ਼ੀਅਤਾਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਨੂੰ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਹਿਲਾ ਸਮਾਗਮ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਜੀ ਅਰਬਨ ਅਸਟੇਟ ਵਿਖੇ ਕਰਵਾਇਆ ਗਿਆ ਹੈ ਇਸ ਸਮਾਗਮ ਵਿੱਚ ਸੰਗਤਾ ਨੂੰ ਗ. ਪ੍ਰਿਤਪਾਲ ਸਿੰਘ ਜੀ ਅਤੇ ਪਰਵਿੰਦਰ ਸਿੰਘ ਰਿਓਂਦ ਨੇ ਸੰਗਤਾਂ ਨੂੰ ਗੁਰਬਾਣੀ ਇਤਹਾਸ ਨਾਲ ਜਾਣੂ ਕਰਵਾਇਆ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਬਾਰੇ ਵੀ ਸੰਗਤਾਂ ਨੂੰ ਦਸਿਆ। ਜਿਸ ਲਈ ਪ੍ਰਬੰਧਕ ਕਮੇਟੀ ਵੱਲੋਂ ਇਹਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਹੈ।ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਇਹ ਸਮਾਗਮ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ 6 ਜੁਲਾਈ ਨੂੰ ਹੋਣ ਜਾ ਰਿਹਾ ਹੈ ਜੋ ਕਿ ਜਿਸ ਵਿੱਚ ਵੱਧ ਤੋਂ ਵੱਧ ਸੰਗਤਾ ਨੂੰ ਪਹੁੰਚਣ ਦੀ ਅਪੀਲ ਕੀਤੀ ਅਤੇ ਨਾਲ ਹੀ ਉਨ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਮਤਿ ਪ੍ਰਚਾਰ ਲਈ ਹਰ ਤਰ੍ਹਾਂ ਦਾ ਸਹਿਯੋਗ ਦਵੇਗੀ।ਇਸ ਸਮਾਗਮ ਵਿੱਚ ਗਿਆਨੀ ਪ੍ਰਿਤਪਾਲ ਵੱਲੋਂ ਪ੍ਰਬੰਦਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਸਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰਮਤਿ ਦੀ ਰਹਿਤ ਮਰਯਾਦਾ ਅਨੁਸਾਰ ਸਮਾਗਮ ਕਰਵਾਏ ਜਾਣ ਮਨਮਤਿ ਨਾ ਕੀਤੀ ਜਾਵੇ ਅਤੇ ਕੀਰਤਨ ਨੂੰ ਮਰਯਾਦਾ ਅਨੁਸਾਰ ਕੀਰਤਨੀ ਜਥਿਆ ਵੱਲੋਂ ਕਰਵਾਇਆ ਜਾਵੇ।ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਪਟਿਆਲਾ ਸ਼ਹਿਰ ਦੇ ਨਾਲ ਲਗਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦੀਆ ਸੰਗਤਾਂ ਨੂੰ ਗੁਰੂ ਧਾਮਾ ਦੇ ਦਰਸ਼ਨ ਕਰਵਾਉਣ ਲਈ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਅਤੇ ਗਿਆਨੀ ਪ੍ਰਿਤਪਾਲ ਵੱਲੋਂ ਜੋ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਜਿਸ ਨਾਲ ਸਮੂਹ ਸੰਗਤਾਂ ਗੁਰੂ ਘਰਾਂ ਦੇ ਦਰਸ਼ਨ ਕਰਨਗੀਆ ਅਤੇ ਸਿੱਖ ਇਤਿਹਾਸ ਤੋਂ ਜਾਣੂ ਹੋ ਸਕਣਗੀਆ।ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਇਸ ਵਿਸ਼ੇਸ਼ ਉਪਰਾਲੇ ਲਈ ਜਿਸ ਤਰ੍ਹਾ ਦੇ ਵੀ ਸਹਿਯੋਗ ਦੀ ਲੋੜ ਪਵੇਗੀ ਉਹ ਗੁ. ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ।ਇਸ ਮੌਕੇ ਤੇ ਪ੍ਰਬੰਧਕ ਕਮੇਟੀ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਕੈਨੇਡਾ ਅਪਰਾਧੀਆਂ ਲਈ ਸਖ਼ਤ ਕਰਨ ਜਾ ਰਿਹੈ ਕਾਨੂੰਨ: ਰੂਬੀ ਸਹੋਤਾ , ਸ਼ਾਨ ਫਰੇਜ਼ਰ

ਟੋਰਾਂਟੋ , 26 ਜੂਨ (ਚ.ਨ.ਸ.) : ਕੈਨੇਡਾ ਦੀ ਫੈਡਰਲ ਮੰਤਰੀ ਰੂਬੀ ਸਹੋਤਾ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਪਤਝੜ ਵਿੱਚ, ਸਾਡੀ ਸਰਕਾਰ ਹਿੰਸਕ ਅਪਰਾਧੀਆਂ ਲਈ ਜ਼ਮਾਨਤ ਅਤੇ ਸਜ਼ਾ ਦੇ ਨਿਯਮਾਂ ਨੂੰ ਸਖ਼ਤ ਕਰਨ ਲਈ ਨਵਾਂ ਕਾਨੂੰਨ ਪੇਸ਼ ਕਰੇਗੀ।ਕੈਨੇਡੀਅਨ ਆਪਣੇ ਘਰਾਂ ਅਤੇ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ। ਇਸ ਲਈ ਅਸੀਂ ਪਰਿਵਾਰਾਂ ਦੀ ਰੱਖਿਆ ਕਰਨ, ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਨ ਅਤੇ ਖਤਰਨਾਕ ਅਪਰਾਧੀਆਂ ਨੂੰ ਆਪਣੀਆਂ ਸੜਕਾਂ ਤੋਂ ਦੂਰ ਰੱਖਣ ਲਈ ਕੰਮ ਕਰ ਰਹੇ ਹਾਂ।ਇਸ ਤੋਂ ਇਲਾਵਾ ਜਸਟਿਸ ਮੰਤਰੀ ਸ਼ਾਨ ਫਰੇਜ਼ਰ ਨੇ ਕਿਹਾ, ਜ਼ਮਾਨਤ ਪ੍ਰਣਾਲੀ ਨੂੰ ਠੀਕ ਕਰਨ ਲਈ ਸਰਕਾਰ ਦੇ ਸਾਰੇ ਪੱਧਰਾਂ ਤੋਂ ਕੰਮ ਦੀ ਲੋੜ ਹੋਵੇਗੀ। ਸੰਘੀ ਸਰਕਾਰ ਹੋਣ ਦੇ ਨਾਤੇ, ਅਸੀਂ ਅਪਰਾਧਿਕ ਜ਼ਾਬਤੇ ਲਈ ਜ਼ਿੰਮੇਵਾਰ ਹਾਂ। ਜਦੋਂ ਕਿ ਕਾਨੂੰਨ ਪਹਿਲਾਂ ਹੀ ਕਹਿੰਦਾ ਹੈ ਕਿ ਅਪਰਾਧੀ ਜੋ ਜਨਤਾ ਲਈ ਖ਼ਤਰਾ ਪੈਦਾ ਕਰਦੇ



ਹਨ ਅਤੇ/ਜਾਂ ਭੱਜਣ ਦਾ ਜੋਖਮ ਰੱਖਦੇ ਹਨ, ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਜਾਣਾ ਚਾਹੀਦਾ ਹੈ, ਅਸੀਂ ਜਾਣਦੇ ਹਾਂ ਕਿ ਹੋਰ ਵੀ ਬਹੁਤ ਕੁਝ ਕਰਨਾ ਹੈ। ਇਸ ਲਈ ਅਸੀਂ ਜ਼ਮਾਨਤ ਅਤੇ ਸਜ਼ਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਸਖ਼ਤ ਬਣਾਉਣ ਲਈ ਪਤਝੜ ਵਿੱਚ ਇਸ ਕਾਨੂੰਨ ਨੂੰ ਪੇਸ਼ ਕਰਨ ਜਾ ਰਹੇ ਹਾਂ।ਪਰ ਇਹਨਾਂ ਤਬਦੀਲੀਆਂ ਦਾ ਸਾਰਥਕ ਪ੍ਰਭਾਵ ਪਾਉਣ ਲਈ, ਸੂਬਿਆਂ ਨੂੰ ਵੀ ਆਪਣਾ ਹਿੱਸਾ ਪਾਉਣ ਦੀ ਲੋੜ ਹੈ। ਸੂਬਿਆਂ ਨੂੰ ਜ਼ਮਾਨਤ ਅਦਾਲਤਾਂ, ਜੇਲ੍ਹਾਂ ਅਤੇ ਕਰਾਊਨ ਪ੍ਰੋਸੀਕਿਊਟਰ ਦਫਤਰਾਂ ਦਾ ਪ੍ਰਬੰਧਨ ਕਰਨ ਲਈ ਜ਼ਿੰਮੇਵਾਰ ਹਨ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਕੋਲ ਢੁਕਵਾਂ ਫੰਡ ਹੋਵੇ ਤਾਂ ਜੋ ਜੇਲ੍ਹਾਂ ਵਿੱਚ ਜਗ੍ਹਾ ਹੋਵੇ ਅਤੇ ਕਰਾਊਨ ਪ੍ਰੋਸੀਕਿਊਟਰਾਂ ਕੋਲ ਜ਼ਮਾਨਤ ਦੀਆਂ ਸੁਣਵਾਈਆਂ ਲੜਨ ਲਈ ਸਰੋਤ ਹੋਣ।ਮੈਨੂੰ ਸਪੱਸ਼ਟ ਕਰਨਾ ਚਾਹੀਦਾ ਹੈ: ਮਾਰਕ ਕਾਰਨੀ ਦੀ ਅਗਵਾਈ ਹੇਠ, ਸੰਘੀ ਸਰਕਾਰ ਸੂਬਿਆਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ ਤਾਂ ਜੋ ਪਾੜੇ ਨੂੰ ਪੂਰਾ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰੇ।ਹਿੰਸਕ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਹੋਣਾ ਚਾਹੀਦਾ ਹੈ। ਲੋਕਾਂ ਨੂੰ ਆਪਣੇ ਘਰਾਂ ਵਿੱਚ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ।

# ਪੰਜਾਬ ਦੇ ਨੌਜਵਾਨ ਨੇ ਕਰਵਾਈ ਵਿਦੇਸ਼ 'ਚ ਬੱਲੇ-ਬੱਲੇ, ਕੈਨੇਡਾ ਦੀ ਵਿਕਟੋਰੀਆ ਪੁਲਿਸ 'ਚ ਬਣਿਆ ਅਫ਼ਸਰ




ਟਾਂਡਾ ਉੜਮੁੜ , 26 ਜੂਨ (ਚ.ਨ.ਸ.) : ਟਾਂਡਾ ਦੇ ਪਿੰਡ ਸਲੇਮਪੁਰ ਨਾਲ ਸਬੰਧਤ ਸਾਬਤ ਸੂਰਤ ਸਿੰਘ ਸਰਦਾਰ ਲਵਪ੍ਰੀਤ ਸਿੰਘ ਘੋਤੜਾ (ਗਿੰਨੀ) ਕੈਨੇਡਾ ਦੀ ਵਿਕਟੋਰੀਆ ਪੁਲਸ ਵਿਚ ਅਫਸਰ ਭਰਤੀ ਹੋਇਆ ਹੈ। ਸੂਬੇਦਾਰ ਸ਼ਿਵ ਦਿਆਲ ਸਿੰਘ ਅਤੇ ਹੈੱਡਮਾਸਟਰ ਆਇਆ ਸਿੰਘ ਦੇ ਖਾਨਦਾਨ ਦੇ ਇਸ ਹੋਣਹਾਰ ਵਾਰਿਸ ਲਵਪ੍ਰੀਤ ਨੇ ਇਹ ਸਫ਼ਲਤਾ ਹਾਸਲ ਕਰਕੇ ਆਪਣੇ ਪਰਿਵਾਰ ਦੀ ਵਿਰਾਸਤ ਨੂੰ ਹੋਰ ਰੁਸ਼ਨਾਇਆ ਹੈ।ਲਵਪ੍ਰੀਤ ਦੀ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੇ ਹੋਏ ਉਸ ਦੇ ਮਾਤਾ-ਪਿਤਾ ਪਰਮਜੀਤ ਕੌਰ, ਨੰਬਰਦਾਰ ਸਤਨਾਮ ਸਿੰਘ ਅਤੇ ਚਾਚਾ ਸੰਗਠਨ ਇੰਚਾਰਜ ਆਪ ਹਲਕਾ ਟਾਂਡਾ ਅਮਰਪ੍ਰੀਤ ਸਿੰਘ ਪ੍ਰਿੰਸ ਨੇ ਦੱਸਿਆ ਕਿ 2013 ਵਿਚ ਉਹ ਓਂਟਾਰੀਓ (ਬਰੈਂਪਟਨ) ਹਮਿਲਟਨ ਵਿਖੇ ਸਟੱਡੀ ਲਈ ਗਿਆ ਸੀ ਅਤੇ ਉਸ ਨੇ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਇਸ ਦੌਰਾਨ 2015 ਵਿਚ ਉੱਥੇ ਹੋਏ ਕੌਮੀ ਪੱਧਰ ਦੇ ਬਾਡੀ ਬਿਲਡਿੰਗ ਮੁਕਾਬਲੇ ਵਿਚ ਵੀ ਲਵਪ੍ਰੀਤ ਨੇ ਤੀਜਾ ਸਥਾਨ ਹਾਸਲ ਕੀਤਾ ਸੀ। 2020 ਵਿਚ ਉਸ ਨੇ ਕੈਨੇਡਾ ਵਿਚ ਹੀ ਪੰਜਾਬਣ ਕ੍ਰਿਮੀਨਲ ਜਸਟਿਸ (ਜੱਜ) ਇੰਦਰਪ੍ਰੀਤ ਕੌਰ ਨਾਲ ਵਿਆਹ ਕਰਵਾਇਆ ਅਤੇ ਹੁਣ ਉਹ ਦੋਵੇਂ ਆਪਣੀ 1 ਵਰ੍ਹੇ ਦੀ ਧੀ ਇਲਾਹੀ ਕੌਰ ਨਾਲ ਕੈਨੇਡਾ ਵਿਚ ਵਸੇ ਹੋਏ ਹਨ। ਪੂਰਾ ਪਰਿਵਾਰ ਅਤੇ ਇਟਲੀ ਅਤੇ ਅਮਰੀਕਾ ਰਹਿੰਦੀਆਂ ਉਸਦੀਆਂ ਭੈਣਾਂ ਵੀ ਮਾਣ ਮਹਿਸੂਸ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਲਵਪ੍ਰੀਤ ਦੀ ਸਫ਼ਲਤਾ ਵਿਚ ਉਸ ਦੇ ਸਹੁਰੇ ਜਸਵਿੰਦਰ ਸਿੰਘ ਰਾਏ ਅਤੇ ਸੱਸ ਸੁਰਿੰਦਰ ਰਾਏ ਦਾ ਬੇਹੱਦ ਯੋਗਦਾਨ ਹੈ। ਲਵਪ੍ਰੀਤ ਦੀ ਇਸ ਸਫ਼ਲਤਾ ਲਈ ਵਿਧਾਇਕ ਜਸਵੀਰ ਸਿੰਘ ਰਾਜਾ, ਹਰਮੀਤ ਸਿੰਘ ਔਲਖ, ਦਲਜੀਤ ਸਿੰਘ ਨਡਾਲਾ, ਲਖਵੀਰ ਸਿੰਘ ਚੌਹਾਨਾਂ, ਕੇਸ਼ਵ ਸਿੰਘ ਸੈਣੀ, ਜਸਵੰਤ ਸਿੰਘ ਬਿੱਟੂ ਨੇ ਲਵਪ੍ਰੀਤ ਅਤੇ ਉਸ ਦੇ ਪਰਿਵਾਰ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਹਨ।

# ਯੂਟੀ ਚੰਡੀਗੜ੍ਹ ਵੱਲੋਂ ਅਪਾਹਜ ਵਿਅਕਤੀਆਂ ਲਈ ਵਰਕਸ਼ਾਪ

ਚੰਡੀਗੜ੍ਹ, 26 ਜੂਨ, (ਅੰਮ੍ਰਿਤਪਾਲ ਸਿੰਘ) : ਰਾਜ ਕਮਿਸ਼ਨਰ ਫਾਰ ਡਿਸਏਬਲਡ (ਐਸਸੀਪੀਡੀ), ਯੂਟੀ ਚੰਡੀਗੜ੍ਹ ਦੁਆਰਾ ਅਪਾਹਜ ਵਿਅਕਤੀਆਂ ਦੇ ਵਿੱਤੀ ਸਮਾਵੇਸ਼ ਅਤੇ ਸਸ਼ਕਤੀਕਰਨ ਲਈ ਵਰਕਸ਼ਾਪ ਦਾ ਆਯੋਜਨ ਕੀਤਾ




ਗਿਆ। ਇਹ ਵਰਕਸ਼ਾਪ ਸਰਕਾਰੀ ਪੁਨਰਵਾਸ ਸੰਸਥਾਨ ਫਾਰ ਇੰਟਲੈਕਚੁਅਲ ਡਿਸਏਬਲਿਟੀਜ਼ (ਜੀਆਰਆਈਆਈਡੀ), ਸੈਕਟਰ-31ਸੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ 100 ਤੋਂ ਵੱਧ ਅਪਾਹਜ ਵਿਅਕਤੀਆਂ, ਉਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ, ਅਪਾਹਜਾਂ ਲਈ ਕੰਮ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਕਿਸਮਾਂ ਦੇ ਹੁਨਰ ਵਿਕਾਸ, ਸਿਖਲਾਈ ਅਤੇ ਕਰਜ਼ਿਆਂ ਲਈ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਸਿੱਖਿਆ। ਸ਼ੁਰੂ ਵਿੱਚ, ਇਹ ਦੱਸਿਆ ਗਿਆ ਕਿ ਵਿੱਤੀ ਸਮਾਵੇਸ਼ ਅਪਾਹਜਾਂ ਲਈ ਇੰਨਾ ਮਹੱਤਵਪੂਰਨ ਕਿਉਂ ਹੈ। ਰਾਜ ਕਮਿਸ਼ਨਰ, ਸ਼੍ਰੀਮਤੀ ਮਾਧਵੀ ਕਟਾਰੀਆ, ਆਈਏਐਸ (ਸੇਵਾਮੁਕਤ) ਨੇ ਕਿਹਾ ਕਿ ਵਰਕਸ਼ਾਪ ਦਾ ਮੁੱਖ ਉਦੇਸ਼ ਆਰਥਿਕ ਸੁਤੰਤਰਤਾ ਨੂੰ ਵਧਾਉਣਾ ਅਤੇ ਨਿਰਭਰਤਾ ਨੂੰ ਘਟਾਉਣਾ ਹੈ ਅਤੇ ਇਸ ਤਰ੍ਹਾਂ ਆਰਥਿਕ ਜੀਵਨ ਵਿੱਚ ਅਪਾਹਜ ਵਿਅਕਤੀਆਂ ਦੀ ਪੂਰੀ ਭਾਗੀਦਾਰੀ ਨੂੰ ਸਮਰੱਥ ਬਣਾ ਕੇ ਮਾਣ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਹੈ। ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ, ਹੁਨਰ ਵਿਕਾਸ ਲਈ ਸਿਖਲਾਈ ਪ੍ਰੋਗਰਾਮਾਂ ਅਤੇ ਕਰਜ਼ਿਆਂ ਰਾਹੀਂ ਵਿੱਤੀ ਸਹਾਇਤਾ ਬਾਰੇ ਜਾਗਰੂਕਤਾ ਦਿਵਯਾਂਗਜਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉੱਦਮਤਾ ਲਈ ਬੱਚਤ, ਨਿਵੇਸ਼ ਅਤੇ ਕਰਜ਼ਿਆਂ ਤੱਕ ਪਹੁੰਚ ਕਰਨ ਲਈ ਸਮਰੱਥ ਬਣਾਏਗੀ। ਅੱਜ ਦੀ ਵਰਕਸ਼ਾਪ ਇੱਕ ਉਤਸ਼ਾਹਜਨਕ ਕਦਮ ਹੈ ਅਤੇ ਅਜਿਹੀ ਜਾਣਕਾਰੀ ਪਹਿਲਾਂ ਜ਼ਿਆਦਾਤਰ ਹਾਜ਼ਰੀਨ ਨੂੰ ਉਪਲਬਧ ਨਹੀਂ ਸੀ। ਇਸ ਨਾਲ ਵੱਖ-ਵੱਖ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਤੋਂ ਕਰਜ਼ੇ ਪ੍ਰਾਪਤ ਕਰਨ ਬਾਰੇ ਕਈ ਮਿੱਥਾਂ ਨੂੰ ਦੂਰ ਕਰਨ ਵਿੱਚ ਵੀ ਮਦਦ ਮਿਲੀ।ਇਸ ਮੀਟਿੰਗ ਵਿੱਚ, ਉਦਯੋਗ ਅਤੇ ਵਣਜ ਵਿਭਾਗ, ਚੰਡੀਗੜ੍ਹ ਬਾਲ ਅਤੇ ਮਹਿਲਾ ਵਿਕਾਸ ਨਿਗਮ (ਰਾਸ਼ਟਰੀ ਅਪਾਹਜ ਵਿੱਤ ਵਿਕਾਸ ਨਿਗਮ ਲਈ ਚੈਨਲਾਈਜ਼ਿੰਗ ਏਜੰਸੀ), ਵਿਸ਼ੇਸ਼ ਰੁਜ਼ਗਾਰ ਐਕਸਚੇਂਜ, ਪੰਜਾਬ ਨੈਸ਼ਨਲ ਬੈਂਕ-ਲੀਡ ਬੈਂਕ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਸਰਕਾਰੀ ਯੋਜਨਾਵਾਂ, ਸਵੈ-ਰੁਜ਼ਗਾਰ ਅਤੇ ਕਾਰੋਬਾਰੀ ਯੋਜਨਾਵਾਂ ਲਈ ਸਿਖਲਾਈ ਅਤੇ ਕਰਜ਼ਿਆਂ ਦੇ ਸਾਰੇ ਪਹਿਲੂਆਂ, ਯੋਗਤਾ ਮਾਪਦੰਡ, ਲਾਭਾਂ ਅਤੇ ਇਨ੍ਹਾਂ ਯੋਜਨਾਵਾਂ ਅਤੇ ਅਪਾਹਜ ਵਿਅਕਤੀਆਂ ਲਈ ਕਰਜ਼ੇ ਪ੍ਰਾਪਤ ਕਰਨ ਲਈ ਪ੍ਰਕਿਰਿਆਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਅੱਜ ਦੇ ਆਪਸੀ ਤਾਲਮੇਲ ਨੇ ਸਰਕਾਰੀ ਵਿਭਾਗਾਂ, ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵਿਚਕਾਰ ਪੁਲ ਬਣਾਉਣ ਵਿੱਚ ਮਦਦ ਕੀਤੀ।

# ਅੰਤਰਰਾਸ਼ਟਰੀ ਨਸ਼ਾ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਦਿਵਸਸਬੰਧੀ ਰੈਲੀ ਨੂੰ ਹਰੀ ਝੰਡੀ

ਚੰਡੀਗੜ੍ਹ, 26 ਜੂਨ, (ਅੰਮ੍ਰਿਤਪਾਲ ਸਿੰਘ) : ਸਮੂਹਿਕ ਸੰਕਲਪ ਅਤੇ ਵਚਨਬੱਧਤਾ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਵਿੱਚ, ਚੰਡੀਗੜ੍ਹ ਪ੍ਰਸ਼ਾਸਨ ਦੇ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਚੰਡੀਗੜ੍ਹ ਪੁਲਿਸ, ਰਾਸ਼ਟਰੀ ਸੇਵਾ ਯੋਜਨਾ (ਐਨਐਸਐਸ) ਅਤੇ ਰਾਸ਼ਟਰੀ ਕੈਡੇਟ ਕੋਰ (ਐਨਸੀਸੀ) ਦੇ ਸਹਿਯੋਗ ਨਾਲ ਸੁਖਨਾ ਝੀਲ ਵਿਖੇ ਇੱਕ ਨਸ਼ਾ ਵਿਰੋਧੀ ਸਹੁੰ ਅਤੇ ਰੈਲੀ ਦਾ ਆਯੋਜਨ ਕੀਤਾ, ਜੋ ਕਿ ਪ੍ਰਸ਼ਾਸਨ ਦੁਆਰਾ ਅੰਤਰਰਾਸ਼ਟਰੀ ਨਸ਼ਾ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਦਿਵਸ ਮਨਾਉਣ ਲਈ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਦੀ ਲੜੀ ਦਾ ਹਿੱਸਾ ਹੈ।ਇਸ ਸਮਾਗਮ ਵਿੱਚ 700 ਐਨਸੀਸੀ ਕੈਡਿਟਾਂ, 400 ਐਨਐਸਐਸ ਵਲੰਟੀਅਰਾਂ ਅਤੇ 100 ਚੰਡੀਗੜ੍ਹ ਪੁਲਿਸ ਕਰਮਚਾਰੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਨਸ਼ਿਆਂ ਦੀ ਗੰਭੀਰ ਸਮੱਸਿਆ ਨਾਲ ਨਜਿੱਠਣ ਅਤੇ ਚੰਡੀਗੜ੍ਹ ਨੂੰ ਸੱਚਮੁੱਚ ਨਸ਼ਾ ਮੁਕਤ ਬਣਾਉਣ ਲਈ ਇੱਕ ਸਾਂਝੀ ਭਾਵਨਾ ਹੇਠ ਇਕੱਠੇ ਹੋਏ ਸਨ।ਸਵੇਰ ਦੀ ਸ਼ੁਰੂਆਤ ਸੁਖਨਾ ਝੀਲ ਵਿਖੇ ਭਾਗੀਦਾਰਾਂ ਦੇ ਇਕੱਠ ਨਾਲ ਹੋਈ, ਕਿਉਂਕਿ ਉਹ ਉਦੇਸ਼ਪੂਰਨ ਮਾਰਚ ਦੀ ਤਿਆਰੀ ਕਰ ਰਹੇ ਸਨ। ਵਧੀਕ ਡਾਇਰੈਕਟਰ ਜਨਰਲ (ਐਨ.ਸੀ.ਸੀ.) ਨੇ ਭੀੜ ਨੂੰ ਨੌਜਵਾਨਾਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਦੀ



ਇੱਕ ਸੁਰੱਖਿਅਤ ਸਮਾਜ ਬਣਾਉਣ ਦੀ ਜ਼ਿੰਮੇਵਾਰੀ ਤੇ ਇੱਕ ਪ੍ਰੇਰਣਾਦਾਇਕ ਸੰਦੇਸ਼ ਦੇ ਨਾਲ ਸੰਬੋਧਨ ਕੀਤਾ। ਇਸ ਤੋਂ ਬਾਅਦ, ਚੰਡੀਗੜ੍ਹ ਦੇ ਇੰਸਪੈਕਟਰ ਜਨਰਲ ਆਫ਼ ਪੁਲਿਸ ਨੇ ਵੀ ਭਾਸ਼ਣ ਦਿੱਤਾ ਅਤੇ ਭਾਗੀਦਾਰਾਂ ਨੂੰ ਨਸ਼ੇ ਦੀ ਲਤ ਦੇ ਖ਼ਤਰੇ ਵਿਰੁੱਧ ਇੱਕਜੁੱਟ ਹੋਣ ਲਈ ਪ੍ਰੇਰਿਤ ਕੀਤਾ। ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ, ਆਈ.ਏ.ਐਸ. ਸ਼੍ਰੀ ਰਾਜੀਵ ਵਰਮਾ ਇਸ ਮੌਕੇ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਨਸ਼ਾ ਮੁਕਤ ਭਵਿੱਖ ਦੇ ਪ੍ਰਤੀਕ ਵਜੋਂ ਰਸਮੀ ਗੁਬਾਰਾ ਛੱਡਣ ਤੋਂ ਬਾਅਦ, ਮੁੱਖ ਸਕੱਤਰ ਨੇ ਇਕੱਠੇ ਹੋਏ ਭਾਗੀਦਾਰਾਂ ਅਤੇ ਪਤਵੰਤਿਆਂ ਨੂੰ ਨਸ਼ਾ ਮੁਕਤ ਭਾਰਤ ਦੀ ਸਹੁੰ ਚੁਕਾਈ। ਉਨ੍ਹਾਂ ਨੇ ਸ਼ਾਮਲ ਸਾਰੀਆਂ ਏਜੰਸੀਆਂ ਦੇ ਤਾਲਮੇਲ ਵਾਲੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਲੰਬੇ ਸਮੇਂ ਦੇ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਸਾਰੇ ਖੇਤਰਾਂ ਵਿੱਚ ਨਿਰੰਤਰ ਸਹਿਯੋਗ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਹ ਸਮਾਗਮ ਸੁਖਨਾ ਝੀਲ ਤੇ ਇੱਕ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ। ਇਸ ਰੈਲੀ ਨੇ ਨਾ ਸਿਰਫ਼ ਨੌਜਵਾਨਾਂ ਅਤੇ ਭਾਈਚਾਰੇ ਵਿੱਚ ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕੀਤੀ, ਸਗੋਂ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ ਪੁਲਿਸ, ਐਨ.ਸੀ.ਸੀ., ਐਨ.ਐਸ.ਐਸ. ਅਤੇ ਸਾਰੇ ਹਿੱਸੇਦਾਰਾਂ ਵਿਚਕਾਰ ਸਹਿਯੋਗੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ। ਇਹ ਪਹਿਲ ਚੰਡੀਗੜ੍ਹ ਪ੍ਰਸ਼ਾਸਨ ਦੀ ਨਸ਼ਿਆਂ ਵਿਰੁੱਧ ਲੜਨ ਅਤੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਨੂੰ ਸਿਹਤਮੰਦ, ਨਸ਼ਾ ਮੁਕਤ ਜੀਵਨ ਜਿਊਣ ਲਈ ਪ੍ਰੇਰਿਤ ਕਰਨ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦੀ ਹੈ। ਅੱਗੇ ਵਧਦੇ ਹੋਏ, ਸਾਰੇ ਵਿਭਾਗ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਰਾਸ਼ਟਰੀ ਮੁਹਿੰਮ ਵਿੱਚ ਸ਼ਹਿਰ ਨੂੰ ਇੱਕ ਚਮਕਦਾਰ ਉਦਾਹਰਣ ਬਣਾਉਣ ਲਈ ਉਸੇ ਊਰਜਾ ਅਤੇ ਉਤਸ਼ਾਹ ਨਾਲ ਮਿਲ ਕੇ ਕੰਮ ਕਰਦੇ ਰਹਿਣਗੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਯੂਟੀ, ਚੰਡੀਗੜ੍ਹ ਨੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

ਚੰਡੀਗੜ੍ਹ, 26 ਜੂਨ (ਅੰਮ੍ਰਿਤਪਾਲ ਸਿੰਘ) : ਅੱਜ, ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀਐਲਐਸਏ), ਯੂਟੀ ਚੰਡੀਗੜ੍ਹ ਦੁਆਰਾ ਐਨਜੀਓ ਸਿਹਤ ਦੇ ਸਹਿਯੋਗ ਨਾਲ ਸ਼ਿਵ ਮੰਦਰ ਰਾਮ ਦਰਬਾਰ, ਇੰਦਰਾ ਕਲੋਨੀ ਅਤੇ ਹੱਲੋਮਾਜਰਾ ਵਿਖੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਵਿਸ਼ਾ ਸੀ ਨਸ਼ਿਆਂ ਨੂੰ ਨਾਂਹ ਕਹੋ, ਜ਼ਿੰਦਗੀ ਨੂੰ ਹਾਂ ਕਹੋ, ਨਸ਼ਾ ਮੁਕਤ ਭਾਰਤ, ਨਸ਼ਿਆਂ ਵਿਰੁੱਧ ਜੰਗ, ਨਸ਼ਾ ਮੁਕਤ ਭਾਰਤ ਅਤੇ ਡੋਪ ਨੂੰ ਨਾਂਹ।ਪ੍ਰੋਗਰਾਮ ਦਾ ਉਦੇਸ਼ ਨਸ਼ਿਆਂ ਦੀ ਲਤ ਅਤੇ ਦੁਰਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਹ ਦਿਨ ਲੋਕਾਂ ਨੂੰ ਨਸ਼ਿਆਂ ਦੀ ਲਤ ਕਾਰਨ ਹੋਣ ਵਾਲੇ ਵਿਗਾੜਾਂ ਬਾਰੇ ਜਾਗਰੂਕ ਕਰਨ ਵਿੱਚ ਲਾਭਦਾਇਕ ਹੈ। ਸਾਰਿਆਂ ਨੇ ਸ਼ਹਿਰ ਦੇ ਪਤਵੰਤਿਆਂ, ਐਨਜੀਓ ਅਧਿਕਾਰੀਆਂ ਅਤੇ ਚੰਡੀਗੜ੍ਹ ਪੁਲਿਸ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਨਸ਼ਿਆਂ ਨੂੰ ਨਾਂਹ ਕਹੋ ਦੀ ਸਹੁੰ ਚੁੱਕੀ।ਲੋਕਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਯੂਟੀ, ਚੰਡੀਗੜ੍ਹ ਦੀ ਨਿਗਰਾਨੀ ਹੇਠ ਲੀਗਲ ਏਡ ਕਲੀਨਿਕ ਰਾਮ ਦਰਬਾਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਹੋਰ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।




# ਟ੍ਰਾਈਡੈਂਟ ਗਰੁੱਪ ਨੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨਾਲ ਸਿਹਤਮੰਦ ਅਤੇ ਸੁਰੱਖਿਅਤ ਕਾਰਜ ਸਥਾਨਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਕੀਤਾ ਮਜ਼ਬੂਤ




ਚੰਡੀਗੜ੍ਹ, 26 ਜੂਨ, (ਅੰਮ੍ਰਿਤਪਾਲ ਸਿੰਘ): ਟ੍ਰਾਈਡੈਂਟ ਗਰੁੱਪ ਨੇ 26 ਜੂਨ, 2025 ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ। ਕੰਪਨੀ ਨੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬ ਵਿੱਚ ਬਰਨਾਲਾ-ਸੰਘੇੜਾ ਅਤੇ ਮੱਧ ਪ੍ਰਦੇਸ਼ ਵਿੱਚ ਬੁਧਨੀ ਪਲਾਂਟ ਸਥਾਨਾਂ ਤੇ ਜਾਗਰੂਕਤਾ ਵਰਕਸ਼ਾਪਾਂ ਦਾ ਆਯੋਜਨ ਕੀਤਾ। ਸੰਘੇੜਾ ਪਲਾਂਟ ਵਿਖੇ ਵਿਸ਼ੇਸ਼ ਸੈਸ਼ਨ ਦਾ ਸੰਚਾਲਨ ਬਰਨਾਲਾ ਸਿਵਲ ਹਸਪਤਾਲ ਦੇ ਡਾ: ਗਗਨਦੀਪ ਸਿੰਘ ਸੇਖੋਂ ਦੁਆਰਾ ਕੀਤਾ ਗਿਆ। ਡਾ: ਸੇਖੋਂ ਨੇ ਕਿਹਾ ਕਿ ਨਸ਼ਾ ਅਕਸਰ ਥੋੜ੍ਹੀ ਮਾਤਰਾ ਨਾਲ ਸ਼ੁਰੂ ਹੁੰਦਾ ਹੈ, ਜੋ ਹੌਲੀ-ਹੌਲੀ ਗੰਭੀਰ ਨਿਰਭਰਤਾ ਵਿੱਚ ਬਦਲ ਜਾਂਦਾ ਹੈ। ਉਨ੍ਹਾਂ ਨੇ ਪਰਿਵਾਰਕ ਆਰਥਿਕ ਅਸਥਿਰਤਾ ਅਤੇ ਨਸ਼ਿਆਂ ਦੀ ਦੁਰਵਰਤੋਂ ਕਾਰਨ ਹੋਣ ਵਾਲੇ ਲੰਬੇ ਸਮੇਂ ਦੇ ਮਾਨਸਿਕ ਤਣਾਅ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਕਰਮਚਾਰੀਆਂ ਨੂੰ ਨਸ਼ੇ ਦੀ ਲਤ ਦੇ ਸ਼ੁਰੂਆਤੀ ਲੱਛਣਾਂ - ਜਿਵੇਂ ਕਿ ਵਿਵਹਾਰਕ ਅਤੇ ਭਾਵਨਾਤਮਕ ਤਬਦੀਲੀਆਂ - ਤੋਂ ਜਾਣੂ ਕਰਵਾਇਆ ਗਿਆ ਅਤੇ ਨਿਯਮਤ ਕਸਰਤ, ਖੇਡਾਂ ਅਤੇ ਸਮਾਜਿਕ ਭਾਗੀਦਾਰੀ ਰਾਹੀਂ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ, ਡਾ. ਸੇਖੋਂ ਨੇ ਕਰਮਚਾਰੀਆਂ ਨੂੰ ਇੱਕ ਦੂਜੇ ਦੀ ਮਦਦ ਕਰਨ ਅਤੇ ਜਾਗਰੂਕਤਾ ਅਤੇ ਹਮਦਰਦੀ ਦਾ ਵਾਤਾਵਰਣ ਬਣਾਉਣ ਦਾ ਸੱਦਾ ਦਿੱਤਾ। ਕਰਮਚਾਰੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਜਾਣਕਾਰੀ ਭਰਪੂਰ ਅਤੇ ਦਿਲਚਸਪ ਗੱਲਬਾਤ ਦੀ ਸ਼ਲਾਘਾ ਕੀਤੀ। ਇਹ ਸਮਾਗਮ ਟ੍ਰਾਈਡੈਂਟ ਗਰੁੱਪ ਦੀ ਇੱਕ ਸੁਰੱਖਿਅਤ, ਸਿਹਤਮੰਦ ਅਤੇ ਸਮਾਜਿਕ ਤੌਰ ਤੇ ਜ਼ਿੰਮੇਵਾਰ ਕੰਮ ਕਰਨ ਵਾਲੀ ਜਗ੍ਹਾ ਬਣਾਉਣ ਪ੍ਰਤੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ, ਨਾਲ ਕਿ ਵਿਸ਼ਵ ਪੱਧਰ ਤੇ ਨਸ਼ਿਆਂ ਦੀ ਦੁਰਵਰਤੋਂ ਦਾ ਮੁਕਾਬਲਾ ਕਰਨ ਅਤੇ ਸੰਗਠਿਤ ਅਪਰਾਧ ਦੇ ਚੱਕਰ ਨੂੰ ਤੋੜਨ ਦੇ ਵਿਆਪਕ ਯਤਨਾਂ ਵਿੱਚ ਵੀ ਯੋਗਦਾਨ ਪਾਉਂਦਾ ਹੈ।ਸੰਘੇੜਾ ਵਿਖੇ ਆਯੋਜਿਤ ਵਰਕਸ਼ਾਪ ਵਿੱਚ 250 ਤੋਂ ਵੱਧ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਟ੍ਰਾਈਡੈਂਟ ਦੀ ਨਸ਼ਾ ਮੁਕਤੀ ਮੁਹਿੰਮ ਵਿੱਚ ਸਾਲ ਭਰ ਨਿਯਮਤ ਵਿਸ਼ੇਸ਼ ਸੈਸ਼ਨ ਸ਼ਾਮਲ ਹਨ, ਜਿਸ ਵਿੱਚ ਵਿਸ਼ਵ ਤੰਬਾਕੂ ਦਿਵਸ ਵਰਗੇ ਸਮਾਗਮ ਸ਼ਾਮਲ ਹਨ, ਨਾਲ ਹੀ ਸਾਰੇ ਕਰਮਚਾਰੀਆਂ ਲਈ ਸਮੇਂ-ਸਮੇਂ ਤੇ ਡਾਕਟਰੀ ਸਿਹਤ ਜਾਂਚ ਸ਼ਾਮਲ ਹੈ।

# ਜੂਨ 1984 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁ. ਸਿੰਘ ਸਭਾ ਵਿਖੇ ਕਰਵਾਇਆ ਦੂਸਰਾ ਗੁਰਮਤਿ ਗਿਆਨ ਤੇ ਦੁਮਾਲਾ ਮੁਕਾਬਲਾ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) : ਸੰਨ 1984 ਵਿੱਚ ਹਕੂਮਤ ਵੱਲੋਂ ਕਰਵਾਏ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਸ਼ਹੀਦੀ ਸਮਾਗਮ ਬਹੁਤ ਹੀ ਸ਼ਰਧਾਪੂਰਵਕ ਕਰਵਾਇਆ ਗਿਆ। ਇਸ ਸ਼ਹੀਦੀ ਸਮਾਗਮ ਮੌਕੇ 21 ਜੂਨ ਦਿਨ ਸ਼ਨਿਚਰਵਾਰ ਨੂੰ ਸ਼ਾਮ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਸੰਪੂਰਨਤਾਂ ਸਾਹਿਤ ਭੋਗ ਪਾਏ ਗਏ। ਉਪਰੰਤ ਵਿਸ਼ਾਲ ਕੀਰਤਨ ਦਰਬਾਰ ਸਜਾਏ ਗਏ। ਇਸ ਤਰ੍ਹਾਂ ਹੀ 22 ਜੂਨ ਦਿਨ ਐਤਵਾਰ ਨੂੰ ਵੀ ਕੀਰਤਨ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ,ਰਾਗੀ,ਢਾਡੀ ਤੇ ਕਥਾ ਵਾਚਕ ਮਹਾਨ ਸਿੱਖ ਧਰਮ ਦਾ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਮੌਕੇ ਗਿਆਨੀ ਬਲਜਿੰਦਰ ਸਿੰਘ ਕਥਾਵਾਚਕ, ਭਾਈ ਤਰਸੇਮ ਸਿੰਘ ਬੋਰਗੋ ਹਰਮਾਦਾ ਕਵੀਸ਼ਰੀ ਜਥੇ ਸਮੇਤ ਇੰਗਲੈਂਡ ਦੀ ਧਰਤੀ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਜਾਗੋ ਵਾਲੇ ਕਵੀਸ਼ਰੀ ਜਥੇ ਵਲੋ ਸੰਗਤਾਂ ਨੂੰ ਸ਼ਹੀਦੀ ਦਿਹਾੜੇ ਦੇ ਇਤਿਹਾਸ ਤੋ ਜਾਣੂ ਕਰਵਾਇਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਮੌਕੇ ਬਾਬਾ ਜੋਰਾਵਰ ਸਿੰਘ ਬਾਬਾ ਫ਼ਤਹਿ ਸਿੰਘ ਦਸਤਾਰ ਲਹਿਰ ਇਟਲੀ ਦੇ ਸਹਿਯੋਗ ਨਾਲ ਤੇ ਮਾਤਾ ਸਾਹਿਬ ਦੇਵਾਂ ਜੀ ਗੁਰਮਿਤ ਵਿਦਿਆਲਿਆ ਪੁਨਤੀਨੀਆਂ ਇਟਲੀ ਦੇ ਸਿੰਘਾ ਦੀ ਰਹਿਨਮਾਈ ਹੇਠ ਬੱਚਿਆਂ ਦੇ ਗੁਰਮਿਤ ਗਿਆਨ ਦੇ ਲਿਖਤੀ ਰੂਪ ਵਿੱਚ ਮੁਕਾਬਲੇ ਤੇ ਦਸਤਾਰ ਦੁਮਾਲਾ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ 5 ਸਾਲ ਤੋ ਲੈਕੇ 15 ਸਾਲ ਤੱਕ ਦੇ ਕੁੱਲ 30 ਬੱਚਿਆਂ ਵਲੋ ਦੋਵਾ ਮੁਕਾਬਲਿਆਂ ਵਿੱਚ ਭਾਗ ਲਿਆ ਜਿਨ੍ਹਾਂ ਵਿਚ 13 ਬੱਚਿਆਂ ਨੇ ਦੁਮਾਲਾ ਤੇ ਦਸਤਾਰ ਮੁਕਾਬਲਿਆਂ ਵਿੱਚ ਭਾਗ ਲਿਆ ਤੇ ਸਾਰੇ ਬੱਚਿਆਂ ਨੇ ਗੁਰਮਤਿ ਗਿਆਨ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਮੌਕੇ ਸਾਰੇ ਬੱਚਿਆਂ ਨੂੰ ਪ੍ਰਬੰਧਕਾਂ ਵਲੋ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰਦੁਆਰਾ ਪ੍ਰਬੰਧਕਾਂ ਵਲੋ ਸਮੂਹ ਸੰਗਤਾਂ ਨੂੰ ਜੀ ਆਇਆ ਆਖਿਆ ਤੇ ਇਸ ਸਮਾਗਮ ਵਿੱਚ ਸਮੂਲੀਅਤ ਕਰਨ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ ।

# ਭਗਵੰਤ ਮਾਨ ਨੇ ਨੀਤੀ ਆਯੋਗ ਦੀ ਉੱਚ ਪੱਧਰੀ ਟੀਮ ਅੱਗੇ ਸੂਬੇ ਦੀਆਂ ਮੰਗਾਂ ਜ਼ੋਰਦਾਰ ਢੰਗ ਨਾਲ ਚੁੱਕੀਆਂ



ਚੰਡੀਗੜ੍ਹ, 26 ਜੂਨ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨੀਤੀ ਆਯੋਗ ਦੀ ਟੀਮ ਸਾਹਮਣੇ ਸੂਬੇ ਦਾ ਪੱਖ ਜ਼ੋਰਦਾਰ ਢੰਗ ਨਾਲ ਰੱਖਿਆ ਅਤੇ ਸਮਰੱਥਨ ਦੀ ਮੰਗ ਕੀਤੀ ਤਾਂ ਕਿ ਇਕ ਪਾਸੇ ਪੰਜਾਬ ਦਾ ਸਮੁੱਚਾ ਵਿਕਾਸ ਯਕੀਨੀ ਬਣੇ ਅਤੇ ਦੂਜੇ ਪਾਸੇ ਇਸ ਦੇ ਹਿੱਤਾਂ ਦੀ ਵੀ ਰੱਖਿਆ ਹੋਵੇ।

ਨੀਤੀ ਆਯੋਗ ਦੇ ਮੈਂਬਰ ਪ੍ਰੋ. ਰਮੇਸ਼ ਚੰਦ ਅਤੇ ਪ੍ਰੋਗਰਾਮ ਡਾਇਰੈਕਟਰ ਸੰਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਨਾਲ ਵਿਚਾਰ-ਵਟਾਂਦਰੇ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਢੁਕਵਾਂ ਸਮਾਂ ਹੈ, ਜਦੋਂ ਆਯੋਗ ਨੂੰ ਪਾਣੀ ਅਤੇ ਖੇਤੀਬਾੜੀ ਸਬੰਧੀ ਪੰਜਾਬ ਦੀ ਅਮੀਰ ਵਿਰਾਸਤ ਨੂੰ ਬਚਾਉਣ ਲਈ ਖੁੱਲ੍ਹੇ ਦਿਲ ਨਾਲ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ 553 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ ਅਤੇ ਛੇ ਜ਼ਿਲ੍ਹੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਸਰਹੱਦ ਉੱਤੇ ਪੈਂਦੇ ਹਨ। ਭਗਵੰਤ ਸਿੰਘ ਮਾਨ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼, ਉੱਤਰਾਖੰਡ ਤੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰਿਆਇਤਾਂ ਦੇਣ ਨਾਲ ਪੰਜਾਬ ਵਿੱਚ ਸਰਹੱਦੀ ਜ਼ਿਲ੍ਹਿਆਂ ਦੇ ਅਰਥਚਾਰੇ ਉੱਪਰ ਮਾੜਾ ਅਸਰ ਪਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਵਪਾਰ ਤੇ ਸਨਅਤੀ ਖ਼ੇਤਰ ਵਿੱਚ ਮੁੜ ਜਾਨ ਪਾਉਣ ਲਈ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਦੀ ਤਰਜ਼ ਉੱਤੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੀ ਵੀ ਬਾਂਹ ਫੜਨ ਦੀ ਲੋੜ ਹੈ। ਸਰਹੱਦੀ ਜ਼ਿਲ੍ਹਿਆਂ ਲਈ ਵਿਸ਼ੇਸ਼ ਰਿਆਇਤੀ ਪੈਕੇਜ ਦੀ ਮੰਗ ਕਰਦਿਆਂ ਉਨ੍ਹਾਂ ਪੰਜਾਬ ਦੇ ਹਰੇਕ ਸਰਹੱਦੀ ਜ਼ਿਲ੍ਹੇ ਵਿੱਚ ਐਗਰੋ ਫੂਡ ਪ੍ਰਾਸੈਸਿੰਗ ਜ਼ੋਨ ਸਥਾਪਤ ਕਰਨ ਦੀ ਵਕਾਲਤ ਕੀਤੀ, ਜਿਸ ਵਿੱਚ ਖ਼ਾਸ ਤਵੱਜੋ ਬਾਸਮਤੀ ਚੌਲ ਉਦਯੋਗ ਅਤੇ ਲੀਚੀ ਤੇ ਹੋਰ ਫਲਾਂ ਵਰਗੇ ਬਾਗ਼ਬਾਨੀ ਉਤਪਾਦਨ ਉੱਤੇ ਦਿੱਤੀ ਜਾਵੇ। ਭਗਵੰਤ ਸਿੰਘ ਨੇ ਸਰਹੱਦੀ ਜ਼ਿਲ੍ਹਿਆਂ ਵਿੱਚ ਮੌਜੂਦਾ ਫੋਕਲ ਪੁਆਇੰਟਾਂ ਦੇ ਨਵੀਨੀਕਰਨ ਅਤੇ ਅੰਮ੍ਰਿਤਸਰ ਵਿੱਚ ਐਗਜ਼ੀਬਿਸ਼ਨ-ਕਮ-ਕਨਵੈਨਸ਼ਨ ਸੈਂਟਰ ਸਥਾਪਤ ਕਰਨ ਦੀ ਵੀ ਵਕਾਲਤ ਕੀਤੀ।

ਮੁੱਖ ਮੰਤਰੀ ਨੇ ਐਗਰੋ ਖ਼ੇਤਰ ਲਈ ਪੀ.ਐਲ.ਆਈ. ਸਕੀਮ, ਟੈਕਸਟਾਈਲ ਖ਼ੇਤਰ ਲਈ ਟੈਕਸ ਰਿਆਇਤਾਂ, ਸਨਅਤ ਲਈ ਢੋਆ-ਢੁਆਈ ਸਬਸਿਡੀ ਅਤੇ ਸਰਹੱਦੀ ਜ਼ਿਲ੍ਹਿਆਂ ਲਈ ਸਬਸਿਡੀ ਵਾਲੀਆਂ ਵਿਆਜ ਦਰਾਂ ਉੱਤੇ ਕਰਜ਼ਾ ਤੇ ਵਰਕਿੰਗ ਕੈਪੀਟਲ ਦੀ ਵੀ ਮੰਗ ਕੀਤੀ। ਉਨ੍ਹਾਂ ਕੌਮਾਂਤਰੀ ਸਰਹੱਦ ਉੱਤੇ ਕੰਡਿਆਲੀ ਤਾਰ ਉੱਤੇ ਪੈਂਦੀ ਜ਼ਮੀਨ ਦੇ ਮਾਲਕਾਂ ਲਈ ਮੁਆਵਜ਼ੇ ਵਿੱਚ ਵਾਧਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕਿਸਾਨਾਂ ਦੀ 17 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਪੈਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸਮੇਂ ਕਿਸਾਨਾਂ ਨੂੰ ਹਰੇਕ ਸਾਲ ਪ੍ਰਤੀ ਏਕੜ 10 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਹੈ, ਜਿਸ ਨੂੰ ਵਧਾ ਕੇ 30 ਹਜ਼ਾਰ ਰੁਪਏ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਇਹ ਮੁਆਵਜ਼ਾ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਮਿਲ ਕੇ ਦੇਣ ਦੀ ਬਜਾਏ ਪੂਰਾ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਵੇ ਕਿਉਂਕਿ ਇਹ ਬਹਾਦਰ ਕਿਸਾਨ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ।

ਸਰਹੱਦੀ ਖ਼ੇਤਰਾਂ ਵਿੱਚ ਰੱਖਿਆ ਦੀ ਦੂਜੀ ਕਤਾਰ ਨੂੰ ਮਜ਼ਬੂਤ ਕਰਨ ਸਬੰਧੀ ਮੁੱਖ ਮੰਤਰੀ ਨੇ ਸਾਰੇ 2107 ਸਰਹੱਦੀ ਪਿੰਡਾਂ ਵਾਸਤੇ ਬਾਰਡਰ ਵਿੰਗ ਹੋਮ ਗਾਰਡਜ਼ ਸਕੀਮ ਨੂੰ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ। ਉਨ੍ਹਾਂ ਹਰੇਕ ਜਵਾਨ ਲਈ 1999 ਵਿੱਚ ਤੈਅ ਡਿਊਟੀ ਭੱਤਾ 45 ਰੁਪਏ ਪ੍ਰਤੀ ਦਿਨ ਤੋਂ ਵਧਾ ਕੇ ਘੱਟੋ-ਘੱਟ 655 ਰੁਪਏ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਤੇ ਬੀ.ਐਸ.ਐਫ. ਵਿਚਾਲੇ ਬਿਹਤਰ ਤਾਲਮੇਲ ਲਈ ਇਹ ਲਾਜ਼ਮੀ ਹੈ। ਭਗਵੰਤ ਸਿੰਘ ਮਾਨ ਨੇ ਡਰੋਨਾਂ ਰਾਹੀਂ ਨਸ਼ਿਆਂ ਤੇ ਹਥਿਆਰਾਂ ਦੀ ਸਮਗਲਿੰਗ ਰੋਕਣ ਲਈ ਜੈਮਰਾਂ ਸਣੇ ਹੋਰ ਉਪਕਰਨ ਅਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ 2829 ਕਰੋੜ ਰੁਪਏ ਦੀ ਵੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਅਹਿਮ ਹੈ ਕਿਉਂਕਿ ਸਮੁੱਚੀ ਸਰਹੱਦ ਦਾ 4/5 ਤੋਂ ਵੱਧ ਹਿੱਸਾ ਜੈਮਿੰਗ ਪ੍ਰਣਾਲੀ ਤੋਂ ਬਗ਼ੈਰ ਹੈ, ਜਿਸ ਕਾਰਨ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਲਈ ਵੱਡੀ ਚੁਣੌਤੀ ਖੜ੍ਹੀ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੇ 'ਗਤੀਸ਼ੀਲ ਪਿੰਡ ਪ੍ਰੋਗਰਾਮ' ਵਿੱਚ ਸੋਧ ਕਰ ਕੇ ਸੂਬੇ ਦੇ ਵੱਧ ਤੋਂ ਵੱਧ ਸਰਹੱਦੀ ਪਿੰਡਾਂ ਨੂੰ ਇਸ ਦਾ ਲਾਭ ਦੇਣ ਲਈ ਆਖਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਆਬਾਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਸਰਹੱਦ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਸੂਬੇ ਦੇ 1500 ਪਿੰਡ ਆਉਂਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 101 ਪਿੰਡਾਂ ਨੂੰ ਇਸ ਸਕੀਮ ਲਈ ਚੁਣਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਰਿਆਇਤਾਂ ਦੇਣ ਦੀ ਲੋੜ ਹੈ ਤਾਂ ਜੋ ਸਰਹੱਦੀ ਪਿੰਡਾਂ ਤੇ ਕਸਬਿਆਂ ਵਿੱਚ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ ਨਾਲ ਹਾਲੀਆ ਝੜੱਪਾਂ ਨੇ ਸਰਹੱਦੀ ਜ਼ਿਲ੍ਹਿਆਂ ਨੂੰ ਜੰਗ ਲਈ ਤਿਆਰ ਕਰਨ ਦੀ ਲੋੜ ਉਭਾਰੀ ਹੈ, ਜਿਸ ਤਹਿਤ ਸਰਹੱਦੀ ਪਿੰਡਾਂ ਲਈ ਬਦਲਵੇਂ ਸੰਪਰਕ ਰਾਹ ਅਤੇ ਸ਼ਹਿਰੀ ਵਸੋਂ ਲਈ ਬੰਕਰਾਂ ਤੇ ਏਅਰ ਸ਼ੈਲਟਰਾਂ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਐਮਰਜੈਂਸੀ ਅਪਰੇਸ਼ਨ ਸੈਂਟਰ ਅਤੇ ਅਤਿ-ਆਧੁਨਿਕ ਰਿਸਪਾਂਸ ਕਮਾਂਡ ਤੇ ਕੰਟਰੋਲ ਸੈਂਟਰ, ਸਟਰੀਟ ਲਾਈਟਾਂ ਲਈ ਸੈਂਸਰ, ਸਰਹੱਦੀ ਸ਼ਹਿਰਾਂ ਵਿੱਚ ਟਰੌਮਾ ਸੈਂਟਰ ਤੇ ਸੈਕੰਡਰੀ ਤੇ ਟਰਸ਼ਰੀ ਸਿਹਤ ਸੰਭਾਲ ਸੇਵਾਵਾਂ ਦੇਣੀਆਂ ਜ਼ਰੂਰੀ ਹਨ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਵਾਈ ਫੌਜ, ਥਲ ਸੈਨਾ ਤੇ ਬੀ.ਐਸ.ਐਫ. ਵਿਚਾਲੇ ਸੁਚਾਰੂ ਸੰਚਾਰ ਲਈ ਸੁਰੱਖਿਅਤ ਲਾਈਨਾਂ ਯਕੀਨੀ ਬਣਾਉਣ ਦੇ ਨਾਲ-ਨਾਲ ਸਾਈਬਰ ਸੁਰੱਖਿਆ ਲਈ ਕਦਮ ਚੁੱਕੇ ਜਾਣ, 'ਗਤੀਸ਼ਕਤੀ ਪ੍ਰੋਗਰਾਮ' ਤਹਿਤ ਰਿਸੋਰਸ ਮੈਪਿੰਗ ਅਤੇ ਜ਼ਿਲ੍ਹਾ ਸਿਵਲ ਡਿਫੈਂਸ ਨੂੰ ਮਜ਼ਬੂਤ ਕੀਤਾ ਜਾਵੇ। ਇਸ ਦੇ ਨਾਲ-ਨਾਲ ਆਫ਼ਤ ਦੌਰਾਨ ਰਾਹਤ ਕਾਰਜ ਵੀ ਯਕੀਨੀ ਬਣਾਉਣੇ ਚਾਹੀਦੇ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਹੁਣ ਸਿੰਧੂ ਨਦੀ ਦਾ ਪਾਣੀ ਦੇਸ ਦੇ ਅੰਦਰਲੇ ਸੂਬਿਆਂ ਨੂੰ ਦਿੱਤਾ ਜਾਣਾ ਹੈ, ਇਸ ਲਈ ਪੰਜਾਬ ਦਾ ਇਸ 'ਤੇ ਮੁੱਢਲਾ ਹੱਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲੰਬੇ ਸਮੇਂ ਤੋਂ ਦੇਸ ਦੀਆਂ ਅਨਾਜ ਸਬੰਧੀ ਲੋੜਾਂ ਪੂਰਾ ਕਰਦਾ ਆ ਰਿਹਾ ਹੈ, ਇਸ ਲਈ ਇਹ ਬਹੁਤ ਜਰੂਰੀ ਹੈ ਕਿ ਇਸ ਨੂੰ ਆਪਣੀਆਂ ਸਿੰਜਾਈ ਲੋੜਾਂ ਲਈ ਪਾਣੀ ਦਿੱਤਾ ਜਾਵੇ।

# ਵਿਜੀਲੈਂਸ ਐਫ.ਆਈ.ਆਰ. ਵਿੱਚ ਮਜੀਠੀਆ ਦੇ ਕਾਰੋਬਾਰ ਅਤੇ ਡਰੱਗ ਮਨੀ ਟ੍ਰੇਲ 'ਚ 540 ਕਰੋੜ ਦਾ ਵੀ ਜ਼ਿਕਰ : ਅਰੋੜਾ



ਚੰਡੀਗੜ੍ਹ, 26 ਜੂਨ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਲੜਾਈ ਵਿੱਚ ਫੈਸਲਾਕੁੰਨ ਕਾਰਵਾਈ ਲਈ ਸ਼ਲਾਘਾ ਕੀਤੀ, ਜਿਸ ਨੇ ਸੂਬੇ ਨੂੰ ਸਾਲਾਂ ਤੋਂ ਪਰੇਸ਼ਾਨ ਕੀਤਾ ਹੋਇਆ ਹੈ। ਉਨ੍ਹਾਂ ਨੇ ਵਿਜੀਲੈਂਸ ਮਾਮਲੇ ਵਿੱਚ ਅਕਾਲੀ ਦਲ ਦੇ ਆਗੂ ਬਿਕਰਮਜੀਤ ਸਿੰਘ ਮਜੀਠੀਆ ਨੂੰ 7 ਦਿਨਾਂ ਦਾ ਪੁਲਿਸ ਰਿਮਾਂਡ ਮਿਲਣ 'ਤੇ ਤਸੱਲੀ ਪ੍ਰਗਟ ਕੀਤੀ।

ਅਰੋੜਾ ਨੇ ਕਿਹਾ ਪੰਜਾਬ ਦੇ ਤਿੰਨ ਕਰੋੜ ਨਾਗਰਿਕਾਂ, ਖ਼ਾਸ ਕਰਕੇ ਉਨ੍ਹਾਂ ਪਰਿਵਾਰਾਂ ਨੂੰ ਇਨਸਾਫ਼ ਮਿਲਣਾ ਅੱਜ ਤੋਂ ਸ਼ੁਰੂ ਹੋ ਗਿਆ ਹੈ, ਜਿਨ੍ਹਾਂ ਨੇ ਨਸ਼ਿਆਂ ਦੀ ਮਾਰ ਹੇਠ ਆਪਣੇ ਬੱਚੇ ਗੁਆ ਦਿੱਤੇ ਹਨ।

ਵਿਜੀਲੈਂਸ ਐਫਆਈਆਰ ਵਿੱਚ ਬਿਕਰਮਜੀਤ ਸਿੰਘ ਮਜੀਠੀਆ ਨਾਲ ਜੁੜੀਆਂ ਮਹੱਤਵਪੂਰਨ ਵਿੱਤੀ ਬੇਨਿਯਮੀਆਂ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਦੀਆਂ ਕੰਪਨੀਆਂ ਵਿੱਚ ਜਮ੍ਹਾਂ 540 ਕਰੋੜ ਦੇ ਬੇਹਿਸਾਬ ਫ਼ੰਡਾਂ ਦਾ ਖ਼ੁਲਾਸਾ ਕੀਤਾ ਗਿਆ ਹੈ। ਇਸ ਵਿੱਚੋਂ, 161 ਕਰੋੜ ਬਿਨਾਂ ਸਹੀ ਦਸਤਾਵੇਜ਼ਾਂ ਜਾਂ ਜਵਾਬਦੇਹੀ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੇ ਗਏ ਸਨ, ਜਦੋਂ ਕਿ 141 ਕਰੋੜ ਨੂੰ ਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਤਹਿਤ ਨਕਲੀ ਸ਼ੈੱਲ ਕੰਪਨੀਆਂ ਰਾਹੀਂ ਭੇਜਿਆ ਗਿਆ ਸੀ। ਜਾਂਚ ਵਿੱਚ ਅੱਗੇ ਪਤਾ ਚੱਲਦਾ ਹੈ ਕਿ ਇਹਨਾਂ ਗੈਰ-ਕਾਨੂੰਨੀ ਫ਼ੰਡਾਂ ਦੀ ਵਰਤੋਂ ਕਈ ਸੌ ਕਰੋੜ ਰੁਪਏ ਦੀਆਂ ਜਾਇਦਾਦਾਂ ਇਕੱਠੀਆਂ ਕਰਨ ਲਈ ਕੀਤੀ ਗਈ ਸੀ, ਜਿਸ ਨਾਲ ਇਸ ਦੌਲਤ ਦੇ ਸਰੋਤ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਇਸ ਦੇ ਸਬੰਧਾਂ ਬਾਰੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ।

ਅਰੋੜਾ ਨੇ ਕਿਹਾ ਕਿ ਬੇਹਿਸਾਬ ਪੈਸਾ ਸ਼ੈੱਲ ਕੰਪਨੀਆਂ ਰਾਹੀਂ ਕਾਰੋਬਾਰਾਂ ਵਿੱਚ ਭੇਜਿਆ ਗਿਆ ਸੀ। ਉਨ੍ਹਾਂ ਸਵਾਲ ਕੀਤਾ ਕੀ ਮਜੀਠੀਆ ਦੇ ਘਰ ਪੈਸੇ ਛਾਪਣ ਵਾਲੀ ਮਸ਼ੀਨ ਸੀ? ਇਹ ਦੌਲਤ ਕਿੱਥੋਂ ਆਈ?

ਐਫਆਈਆਰ 2007 ਵਿੱਚ ਸ਼ੁਰੂ ਹੋਈ ਵਿੱਤੀ ਹੇਰਾਫੇਰੀ ਦੇ ਇੱਕ ਚਿੰਤਾਜਨਕ ਪੈਟਰਨ ਨੂੰ ਉਜਾਗਰ ਕਰਦੀ ਹੈ, ਜਿਸ ਵਿੱਚ ਸ਼ੱਕੀ ਹਾਲਾਤਾਂ ਵਿੱਚ ਕਈ ਕੰਪਨੀਆਂ ਦੀ ਸਥਾਪਨਾ ਸ਼ਾਮਲ ਸੀ। ਖਾਸ ਤੌਰ 'ਤੇ, ਇੱਕੋ ਦਿਨ, 9 ਅਪ੍ਰੈਲ, 2009 ਨੂੰ ਚਾਰ ਕੰਪਨੀਆਂ ਸਥਾਪਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਇੱਕ ਜਨਵਰੀ 2009 ਵਿੱਚ ਅਤੇ ਦੂਜੀ ਜੁਲਾਈ 2009 ਵਿੱਚ ਸ਼ਾਮਲ ਕੀਤੀ ਗਈ ਸੀ। ਇਸ ਤੋਂ ਇਲਾਵਾ, ਇਹਨਾਂ ਪ੍ਰਾਇਮਰੀ ਕੰਪਨੀਆਂ ਦੇ ਅਧੀਨ ਛੇ ਸਹਾਇਕ ਕੰਪਨੀਆਂ ਬਣਾਈਆਂ ਗਈਆਂ ਸਨ, ਜੋ ਕਿ ਸੰਸਥਾਵਾਂ ਦਾ ਇੱਕ ਗੁੰਝਲਦਾਰ ਜਾਲ ਸਥਾਪਤ ਕਰਨ ਲਈ ਜਾਣਬੁੱਝ ਕੇ ਕੀਤੇ ਗਏ ਯਤਨ ਦਾ ਸੁਝਾਅ ਦਿੰਦੀਆਂ ਹਨ। ਇਹ ਤਾਲਮੇਲ ਵਾਲੀ ਗਤੀਵਿਧੀ ਇਹਨਾਂ ਕਾਰੋਬਾਰਾਂ ਦੀ ਜਾਇਜ਼ਤਾ ਅਤੇ ਗੈਰ-ਕਾਨੂੰਨੀ ਫ਼ੰਡਾਂ ਨੂੰ ਕਾਨੂੰਨੀ ਬਣਾਉਣ ਵਿੱਚ ਉਨ੍ਹਾਂ ਦੀ ਸੰਭਾਵੀ ਭੂਮਿਕਾ ਬਾਰੇ ਗੰਭੀਰ ਸ਼ੰਕੇ ਪੈਦਾ ਕਰਦੀ ਹੈ।

ਉਸ ਨੇ ਕਿਹਾ ਅਰੋੜਾ ਨੇ ਸਵਾਲ ਉਠਾਇਆ ਕਿ ਮਜੀਠੀਆ ਦਾ ਕਾਰੋਬਾਰ ਇੰਨੇ ਘੱਟ ਸਮੇਂ ਵਿੱਚ ਇੰਨੀ ਤੇਜ਼ੀ ਨਾਲ ਕਿਵੇਂ ਵਧਿਆ। ਇਹ ਜਾਇਜ਼ ਕਾਰੋਬਾਰੀ ਵਾਧੇ ਦੀਆਂ ਕਾਰਵਾਈਆਂ ਨਹੀਂ ਹਨ, ਸਗੋਂ ਆਰਥਿਕਤਾ ਵਿੱਚ ਨਸ਼ੀਲੇ ਪਦਾਰਥਾਂ ਦੇ ਪੈਸੇ ਦੇ ਪ੍ਰਵਾਹ ਦਾ ਪ੍ਰਤੀਬਿੰਬ ਹਨ।

ਅਮਨ ਅਰੋੜਾ ਨੇ ਵਿਰੋਧੀ ਪਾਰਟੀਆਂ ਦੀ ਬਿਕਰਮਜੀਤ ਸਿੰਘ ਮਜੀਠੀਆ ਦੇ ਸਪੱਸ਼ਟ ਸਮਰਥਨ ਲਈ ਸਖ਼ਤ ਆਲੋਚਨਾ ਕੀਤੀ, ਉਨ੍ਹਾਂ 'ਤੇ ਪੰਜਾਬ ਦੇ ਡਰੱਗ ਸੰਕਟ ਵਿੱਚ ਸ਼ਮੂਲੀਅਤ ਦਾ ਦੋਸ਼ ਲਗਾਇਆ। ਉਨ੍ਹਾਂ 2021 ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮਜੀਠੀਆ ਵਿਰੁੱਧ ਦਰਜ ਕੀਤੀ ਗਈ ਐਫਆਈਆਰ 'ਤੇ ਸਵਾਲ ਉਠਾਇਆ ਅਤੇ ਕਿਹਾ ਕਿ ਇਹ ਸਿਰਫ਼ ਇੱਕ ਚੋਣ ਚਾਲ ਹੋ ਸਕਦੀ ਹੈ, ਜਿਸ ਵਿੱਚ ਇਨਸਾਫ਼ ਨਾਲ ਕੋਈ ਲੈਣਾ ਹੀ ਨਹੀਂ ਸੀ।

ਇਸ ਤੋਂ ਇਲਾਵਾ, ਉਨ੍ਹਾਂ ਅਕਾਲੀ ਦਲ 'ਤੇ ਸਿੱਖ ਕਦਰਾਂ-ਕੀਮਤਾਂ ਨਾਲ ਵਿਸ਼ਵਾਸਘਾਤ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ, ਪੰਜਾਬ ਵਿੱਚ ਨਸ਼ਿਆਂ ਦਾ ਧੰਦਾ ਵੱਡੇ ਪੱਧਰ 'ਤੇ ਹੋਇਆ, ਜਿਸ ਨੇ ਅਣਗਿਣਤ ਲੋਕਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ।

ਅਰੋੜਾ ਨੇ ਕਿਹਾ, ਉਨ੍ਹਾਂ ਦੇ ਬਿਆਨਾਂ ਤੋਂ ਇਹ ਸਪੱਸ਼ਟ ਹੈ ਕਿ ਇਹ ਪਾਰਟੀਆਂ ਆਪਸ ਵਿੱਚ ਮਿਲੀ ਹੋਇਆਂ ਹਨ। ਉਹ ਮਜੀਠੀਆ ਦਾ ਸਮਰਥਨ ਕਰਕੇ ਬਰਾਬਰ ਦੇ ਦੋਸ਼ੀ ਹਨ।

# ਸਪੀਕਰ ਸੰਧਵਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਤਾਬਦੀ ਮਨਾਉਣ ਸਬੰਧੀ ਸੁਝਾਅ ਲੈਣ ਲਈ ਮੀਟਿੰਗ



ਚੰਡੀਗੜ੍ਹ, 26 ਜੂਨ, (ਚ.ਨ.ਸ.) : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਤਾਬਦੀ ਮਨਾਉਣ ਸਬੰਧੀ ਸੁਝਾਅ ਲੈਣ ਲਈ ਸੈਨ ਫਰਾਂਸਿਸਕੋ ਤੋਂ ਬੀਬੀ ਨਵਪ੍ਰੀਤ ਕੌਰ ਅਤੇ ਭਾਈ ਬਲਦੀਪ ਸਿੰਘ ਜੀ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਬੀਬੀ ਨਵਪ੍ਰੀਤ ਕੌਰ ਨੇ 'ਗਾਵਨੀ' ਅਧੀਨ ਪ੍ਰਸਤਾਵ ਦਿੱਤਾ, ਜਿਸ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਵੱਖ-ਵੱਖ ਦੇਸ਼ਾਂ ਦੀਆਂ 31 ਮਹਿਲਾ ਰਾਗੀਆਂ ਦੁਆਰਾ 31 ਰਾਗਾਂ ਦਾ ਉਚਾਰਨ ਕੀਤਾ ਜਾਵੇਗਾ। ਧਾਰਮਿਕ ਆਜ਼ਾਦੀ, ਬਹੁਲਵਾਦ ਅਤੇ ਮਨੁੱਖੀ ਮਾਣ ਲਈ ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਵਿਸ਼ਵ ਨਾਗਰਿਕਾਂ ਨੂੰ ਪ੍ਰੇਰਿਤ ਕਰਦੀ ਰਹੇਗੀ।

ਇਸ ਮੁਲਾਕਾਤ ਦੌਰਾਨ ਬੀਬੀ ਨਵਪ੍ਰੀਤ ਕੌਰ ਨੇ ਕਿਹਾ ਕਿ ਇਹ 31 ਮਹਿਲਾ ਰਾਗੀ ਭਾਰਤ ਦੇ 9 ਵੱਖ-ਵੱਖ ਸ਼ਹਿਰਾਂ ਅਤੇ ਪੰਜਾਬ ਦੇ 7 ਵੱਖ-ਵੱਖ ਸ਼ਹਿਰਾਂ ਵਿੱਚ ਗੁਰੂ ਕੀਰਤਨ ਕਰਨਗੀਆਂ। ਉਨ੍ਹਾਂ ਆਪਣੇ ਇਸ ਮਨੋਰਥ 'ਤੇ ਚਾਨਣਾ ਪਾਇਆ ਕਿ ਲੋਕ ਗੁਰਬਾਣੀ ਦੇ ਸ਼ਬਦਾਂ ਨਾਲ ਜੁੜਨਗੇ ਜੋ ਸਦੀਵੀ ਖੁਸ਼ੀ ਦਿੰਦੇ ਹਨ ਅਤੇ ਇਸ ਸ਼ਤਾਬਦੀ ਵਿੱਚ ਗੁਰੂ ਸਾਹਿਬ ਜੀ ਦੀ ਵਿਰਾਸਤ ਦਾ ਪ੍ਰਚਾਰ ਕਰਨਗੇ। ਮੀਟਿੰਗ ਵਿੱਚ ਮਿਸ ਸੋਫੀਆ ਕੌਰ ਵੀ ਮੌਜੂਦ ਸਨ।

# ਮੀਤ ਹੇਅਰ ਨੇ ਉਪ ਰਾਸ਼ਟਰਪਤੀ ਨੂੰ ਲਿਖਿਆ ਪੱਤਰ : 'ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀ ਦੇ ਲੋਕਤੰਤਰ ਵਿਰੋਧੀ ਫ਼ੈਸਲੇ ਨੂੰ ਵਾਪਸ ਲਿਆ ਜਾਵੇ'



ਚੰਡੀਗੜ੍ਹ, 26 ਜੂਨ, (ਚ.ਨ.ਸ.) : ਪੰਜਾਬ ਯੂਨੀਵਰਸਿਟੀ ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀ ਦੇ ਲਗਾਏ ਲੋਕਤੰਤਰ ਵਿਰੋਧੀ ਫੈਸਲੇ ਖਿਲਾਫ ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਜਗਦੀਪ ਧਨਖੜ ਜੋ ਦੇਸ਼ ਦੇ ਉਪ ਰਾਸ਼ਟਰਪਤੀ ਵੀ ਹਨ, ਨੂੰ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਕਰਵਾਉਣ ਦੀ ਮੰਗ ਰੱਖੀ ਹੈ।

ਮੀਤ ਹੇਅਰ ਨੇ ਲਿਖਿਆ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਸੂਬੇ ਦੀ ਅਮੀਰ ਵਿਰਾਸਤ ਹੈ ਜੋ ਕਿ ਅਜ਼ਾਦੀ ਤੋਂ ਪਹਿਲਾਂ ਵਾਲੇ ਸਮੇਂ ਤੋਂ ਹੀ ਇਸ ਖੇਤਰ ਦੀ ਉੱਘੀ ਵਿੱਦਿਅਕ ਸੰਸਥਾ ਵਜੋਂ ਸਥਾਪਤ ਹੈ। ਇਹ ਨਾ ਕੇਵਲ ਸੂਬੇ ਬਲਕਿ ਦੇਸ਼ ਦੀਆਂ ਮਿਆਰੀ ਸਿੱਖਿਆ ਸੰਸਥਾਵਾਂ ਵਿੱਚੋਂ ਇੱਕ ਹੈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ, ਚਾਹੇ ਉਹ ਸਿੱਖਿਆ, ਵਿਗਿਆਨ, ਕਾਨੂੰਨ, ਕਲਾ, ਸੱਭਿਆਚਾਰ, ਖੇਡਾਂ ਆਦਿ ਖੇਤਰ ਹੋਵੇ ਜਾਂ ਫੇਰ ਰਾਜਨੀਤੀ। ਪਿਛਲੇ ਕੁਝ ਅਰਸੇ ਤੋਂ ਪੰਜਾਬ ਯੂਨੀਵਰਸਿਟੀ ਸਬੰਧੀ ਕੇਂਦਰ ਦੀ ਸਰਕਾਰ ਵੱਲੋਂ ਲਏ ਜਾ ਰਹੇ ਬੇਤੁਕੇ ਫੈਸਲਿਆਂ ਨਾਲ ਇਸ ਵਿੱਦਿਅਕ ਸੰਸਥਾ ਦੇ ਅਕਸ਼ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ

ਲੋਕ ਸਭਾ ਮੈਂਬਰ ਨੇ ਪੱਤਰ ਵਿੱਚ ਲਿਖਿਆ ਹੈ ਕਿ ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਤੋਂ ਧਰਨਾ ਨਾ ਦੇਣ ਅਤੇ ਵਿਰੋਧ ਪ੍ਰਦਰਸ਼ਨ ਨਾ ਕਰਨ ਦਾ ਲਿਖਤੀ ਹਲਫ਼ਨਾਮਾ ਮੰਗਣਾ, ਵਿਦਿਆਰਥੀਆਂ ਦੇ ਮੁਢਲੇ ਹੱਕਾਂ 'ਤੇ ਡਾਕਾ ਵੀ ਹੈ। ਇਹ ਫ਼ੈਸਲਾ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਹ ਫੈਸਲਾ, ਜਿੱਥੇ ਵਿਦਿਆਰਥੀਆਂ ਦੇ ਜਮਹੂਰੀ ਹੱਕਾਂ ਉੱਤੇ ਡਾਕਾ ਹੈ ਉੱਥੇ ਤਾਨਾਸ਼ਾਹੀ ਭਰਿਆ ਵੀ ਫੈਸਲਾ ਹੈ। ਸਾਡੇ ਸੰਵਿਧਾਨ ਵਿੱਚ ਸਾਨੂੰ ਵਿਰੋਧ ਪ੍ਰਦਰਸ਼ਨ ਕਰਨ ਦਾ ਮੌਲਿਕ ਅਧਿਕਾਰ ਮਿਲਿਆ ਹੈ, ਨਵੇਂ ਫੈਸਲੇ ਨਾਲ ਮੌਲਿਕ ਅਧਿਕਾਰਾਂ ਉੱਪਰ ਸਿੱਧਾ ਹਮਲਾ ਕੀਤਾ ਗਿਆ ਹੈ। ਪਿਛਲੇ ਸਮੇਂ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਲਏ ਗਏ ਵਿਦਿਆਰਥੀਆਂ ਵਿਰੋਧੀ ਫੈਸਲਿਆਂ ਖ਼ਿਲਾਫ਼ ਵਿਦਿਆਰਥੀਆਂ ਨੇ ਵਿਰੋਧ ਪ੍ਰਦਰਸ਼ਨ ਕਰਕੇ ਹੀ ਵਾਪਸ ਕਰਵਾਏ ਸਨ, ਹੁਣ ਵਿਦਿਆਰਥੀ ਆਪਣੇ ਇਹ ਹੱਕ ਤੋਂ ਹੀ ਮਹਿਰੂਦ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਸਬੰਧ ਵਿੱਚ ਲਏ ਗਏ ਆਪਹੁਦਰੇ ਫੈਸਲਿਆਂ ਨੇ ਸਿੱਖਿਆ ਦੇ ਇਸ ਮਹਾਨ ਕੇਂਦਰ ਦੀ ਸਾਖ਼ ਨੂੰ ਵੱਡੀ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਮੀਤ ਹੇਅਰ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਵਿੱਚ ਰੋਸ ਪ੍ਰਦਰਸ਼ਨ ਨਾ ਕਰਨ ਸਬੰਧੀ ਵਿਦਿਆਰਥੀਆਂ ਤੋਂ ਲਿਖਤੀ ਹਲਫ਼ਨਾਮਾ ਮੰਗਣ ਵਾਲਾ ਹਾਲ ਹੀ ਵਿੱਚ ਜਾਰੀ ਕੀਤਾ ਗਿਆ। ਹੁਕਮ ਨਾ ਸਿਰਫ਼ ਸੰਵਿਧਾਨ ਵਿੱਚ ਦਰਜ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਨੂੰ ਢਾਹ ਲਾਉਣ ਵਾਲਾ ਹੈ, ਸਗੋਂ ਲੋਕਤੰਤਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਭਾਵਨਾ ਦੀ ਵੀ ਪੂਰੀ ਤਰ੍ਹਾਂ ਉਲੰਘਣਾ ਹੈ।

ਮੀਤ ਹੇਅਰ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਯੂਨੀਵਰਸਿਟੀ ਕੌਂਸਲ ਦੀ ਸਾਲਾਨਾ ਚੋਣ ਨਾਲ ਵਿਦਿਆਰਥੀਆਂ ਨੂੰ ਲੋਕਤੰਤਰ ਹੀ ਪਹਿਲੀ ਕਲਾਸ ਪੜ੍ਹਾਈ ਜਾਂਦੀ ਹੈ, ਉੱਥੇ ਮੌਜੂਦਾ ਲਿਆ ਗਿਆ ਫੈਸਲਾ ਇਸ ਰਵਾਇਤ ਦਾ ਵਿਰੋਧਾਭਾਸ ਹੈ। ਪੰਜਾਬ ਯੂਨੀਵਰਸਿਟੀ ਨੇ ਦੇਸ਼ ਦੀ ਰਾਜਨੀਤੀ ਨੂੰ ਉੱਚ ਕੋਟੀ ਦੇ ਸਿਆਸਤਦਾਨ ਦਿੱਤੇ ਹਨ। ਪ੍ਰੰਤੂ ਮੌਜੂਦਾ ਫੈਸਲੇ ਨਾਲ ਇਸ ਸ਼ਾਨਦਾਰ ਰਵਾਇਤ ਨੂੰ ਵੱਡੀ ਢਾਅ ਲੱਗੇਗੀ।

# ਵਿੱਤ ਵਿਭਾਗ ਕੁਸ਼ਲਤਾ ਅਤੇ ਜਵਾਬਦੇਹੀ ਵਧਾਉਣ ਲਈ ਸਰਕਾਰ ਦੇ ਕੁਝ ਵਿਭਾਗਾਂ ਨੂੰ ਇਕਜੁੱਟ ਕਰਨ 'ਤੇ ਕਰ ਰਿਹੈ ਕੰਮ : ਚੀਮਾ



ਚੰਡੀਗੜ੍ਹ, 26 ਜੂਨ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਦੱਸਿਆ ਕਿ ਕਾਰਜ ਕੁਸ਼ਲਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ, ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਤੇਜ਼ ਕਰਨ ਅਤੇ ਉਪਲੱਬਧ ਸਰੋਤਾਂ ਦੀ ਢੁੱਕਵੀਂ ਵਰਤੋਂ ਕਰਨ ਲਈ ਸੂਬਾ ਸਰਕਾਰ ਦੇ ਵੱਖ-ਵੱਖ ਛੋਟੇ ਅਤੇ ਇੱਕ ਦੂਜੇ ਨਾਲ ਸਬੰਧਤ ਵਿਭਾਗਾਂ ਦੇ ਰਲੇਵੇਂ ਲਈ ਵਿੱਤ ਵਿਭਾਗ ਇੱਕ ਰਣਨੀਤਕ ਪਹਿਲਕਦਮੀ ਤਹਿਤ ਸਰਗਰਮੀ ਨਾਲ ਰੁੱਝਿਆ ਹੋਇਆ ਹੈ।

ਵਿੱਤ ਵਿਭਾਗ ਅਧੀਨ ਵੱਖ-ਵੱਖ ਡਾਇਰੈਕਟੋਰੇਟਾਂ ਦੇ ਰਲੇਵੇਂ ਲਈ ਪੰਜਾਬ ਕੈਬਨਿਟ ਵੱਲੋਂ ਕੀਤੇ ਗਏ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਮਹੱਤਵਪੂਰਨ ਵਾਧਾ ਕਰਨਾ ਅਤੇ ਖਰਚਿਆਂ ਵਿੱਚ ਕਟੌਤੀ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਰਣਨੀਤਕ ਪੁਨਰਗਠਨ ਨਾਲ ਸੂਬੇ ਨੂੰ ਲੱਗਭੱਗ 2.64 ਕਰੋੜ ਰੁਪਏ ਸਾਲਾਨਾ ਬਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਇਹ ਰਲੇਵੇਂ ਨਾ ਸਿਰਫ਼ ਕਾਰਜਾਂ ਨੂੰ ਸੁਚਾਰੂ ਬਣਾਉਣਗੇ ਸਗੋਂ, ਇਨ੍ਹਾਂ ਮਹੱਤਵਪੂਰਨ ਵਿਭਾਗਾਂ ਦੇ ਸਮੁੱਚੇ ਕੰਮਕਾਜ ਅਤੇ ਸਮਰੱਥਾ ਵਿੱਚ ਵੀ ਸੁਧਾਰ ਕਰਨਗੇ। ਉਨ੍ਹਾਂ ਕਿਹਾ ਕਿ ਇਹ ਰਲੇਵਾਂ ਇੱਕ ਵਧੇਰੇ ਚੁਸਤ ਅਤੇ ਵਿੱਤੀ ਤੌਰ 'ਤੇ ਜ਼ਿੰਮੇਵਾਰ ਪ੍ਰਸ਼ਾਸਨ ਦੀ ਸਥਾਪਤੀ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਵਿੱਤ ਮੰਤਰੀ ਚੀਮਾ ਨੇ ਅੱਗੇ ਕਿਹਾ ਕਿ ਵਿੱਤ ਵਿਭਾਗ ਸਰਕਾਰੀ ਕਾਰਜਾਂ ਨੂੰ ਸੁਚਾਰੂ ਬਣਾਉਣ, ਦੋਹਰ ਨੂੰ ਘਟਾਉਣ ਅਤੇ ਇੱਕ ਵਧੇਰੇ ਇਕਸੁਰ ਅਤੇ ਜਵਾਬਦੇਹ ਪ੍ਰਸ਼ਾਸਕੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਦੇ ਅਜਿਹੇ ਹੋਰ ਵਿਭਾਗਾਂ ਦੇ ਵਿਆਪਕ ਪੁਨਰਗਠਨ ਅਤੇ ਰਲੇਵੇਂ 'ਤੇ ਕੰਮ ਕਰ ਰਿਹਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਓਵਰਲੈਪਿੰਗ ਕਾਰਜਾਂ ਜਾਂ ਸਾਂਝੇ ਉਦੇਸ਼ਾਂ ਵਾਲੇ ਵਿਭਾਗਾਂ ਨੂੰ ਇਕੱਠਾ ਕਰਕੇ ਫੈਸਲੇ ਲੈਣ ਅਤੇ ਲਾਗੂ ਕਰਨ ਦੀ ਗਤੀ ਵਿੱਚ ਇੱਕ ਮਹੱਤਵਪੂਰਨ ਵਾਧਾ ਕਰਨ ਦਾ ਇਰਾਦਾ ਰੱਖਦੀ ਹੈ ਤਾਂ ਜੋ ਵਧੇਰੇ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਜਨਤਕ ਸੇਵਾਵਾਂ ਰਾਹੀਂ ਪੰਜਾਬ ਦੇ ਨਾਗਰਿਕਾਂ ਨੂੰ ਲਾਭ ਪਹੁੰਚਾਇਆ ਜਾ ਸਕੇ।

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਕੈਬਨਿਟ ਵੱਲੋਂ ਅੱਜ ਵਿੱਤ ਵਿਭਾਗ ਦੇ ਅਧੀਨ ਕਈ ਡਾਇਰੈਕਟੋਰੇਟਾਂ ਦੇ ਰਲੇਵੇਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਤਾਂ ਜੋ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਵਾਧੇ ਦੇ ਨਾਲ-ਨਾਲ ਲਾਗਤ ਨੂੰ ਘਟਾਇਆ ਜਾ ਸਕੇ। ਰਲੇਵੇਂ ਵਾਲੀਆਂ ਸੰਸਥਾਵਾਂ ਵਿੱਚ ਛੋਟੀਆਂ ਬੱਚਤਾਂ, ਬੈਂਕਿੰਗ ਅਤੇ ਲਾਟਰੀ ਡਾਇਰੈਕਟੋਰੇਟ; ਫਾਈਨੈਂਸ਼ੀਅਨਲ ਰਿਸੋਰਸਿਜ ਐਂਡ ਇਕਨਾਮਿਕ ਇੰਟੈਲੀਜੈਂਸ ਡਾਇਰੈਕਟੋਰੇਟ (ਡੀ.ਐਫ.ਆਰ.ਈ.ਆਈ) ਅਤੇ ਜਨਤਕ ਉੱਦਮ ਵਿਭਾਗ (ਡੀ.ਪੀ.ਈ.ਐਂਡ); ਅਤੇ ਖਜ਼ਾਨਾ ਅਤੇ ਲੇਖਾ ਡਾਇਰੈਕਟੋਰੇਟ, ਪੈਨਸ਼ਨ, ਅਤੇ ਐਨਪੀਐਸ ਸ਼ਾਮਿਲ ਹਨ।

# ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ ਨਿਗਰਾਨੀ ਲਈ ਪੰਜ ਫਲਾਇੰਗ ਸਕੁਐਡ ਟੀਮਾਂ ਗਠਿਤ

ਚੰਡੀਗੜ੍ਹ, 26 ਜੂਨ, (ਚ.ਨ.ਸ.) : ਮਾੜੀ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ/ਕਰਮਚਾਰੀਆਂ 'ਤੇ ਸ਼ਿਕੰਜਾ ਕੱਸਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਗੁਣਵੱਤਾ ਕੰਟਰੋਲ ਮੁਹਿੰਮ ਵਿੱਚ ਪਿੱਛੇ ਚੱਲ ਰਹੇ ਜ਼ਿਲ੍ਹਿਆਂ ਵਿਰੁੱਧ ਵਿਭਾਗੀ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ, ਜਿਸ ਤਹਿਤ ਜਵਾਬਦੇਹੀ ਤੈਅ ਕਰਨ ਅਤੇ ਹੋਰ ਸੁਧਾਰ ਨੂੰ ਯਕੀਨੀ ਬਣਾਉਣ ਲਈ ਹਫ਼ਤਾਵਾਰੀ ਸਮੀਖਿਆ ਵੀ ਕੀਤੀ ਜਾਵੇਗੀ।

ਖੁੱਡੀਆਂ ਨੇ ਖੇਤੀਬਾੜੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਦੇ ਨਾਲ ਅੱਜ ਇੱਥੇ ਵਿਭਾਗ ਦੇ ਚੱਲ ਰਹੇ ਪ੍ਰੋਜੈਕਟਾਂ, ਸਕੀਮਾਂ ਅਤੇ ਸਾਉਣੀ ਸੀਜ਼ਨ ਦੇ ਕਾਰਜਾਂ ਦਾ ਜਾਇਜ਼ਾ ਲਿਆ।

ਗੁਣਵੱਤਾ ਕੰਟਰੋਲ ਮੁਹਿੰਮ ਦੇ ਨਤੀਜਿਆਂ ਦੀ ਸਮੀਖਿਆ ਕਰਦਿਆਂ ਖੇਤੀਬਾੜੀ ਮੰਤਰੀ ਨੇ ਟੀਚਿਆਂ ਤੋਂ ਪੱਛੜਨ ਅਤੇ ਮਾੜੇ ਪ੍ਰਦਰਸ਼ਨ ਵਾਲੇ ਜ਼ਿਲ੍ਹਿਆਂ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਨੇ ਖੇਤੀਬਾੜੀ ਡਾਇਰੈਕਟਰ ਨੂੰ ਡਿਫਾਲਟਰ ਅਧਿਕਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕਰਨ ਅਤੇ ਖੇਤੀਬਾੜੀ ਸਮੱਗਰੀ ਦੀ ਸੈਂਪਲਿੰਗ ਪ੍ਰਕਿਰਿਆ ਦੀ ਹਫ਼ਤਾਵਾਰੀ ਸਮੀਖਿਆ ਨੂੰ ਯਕੀਨੀ ਬਣਾਉਣ ਦੇ ਹੁਕਮ ਦਿੱਤੇ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਗੁਣਵੱਤਾ ਕੰਟਰੋਲ ਸਬੰਧੀ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕਰੇਗੀ।

# ਭਗਵੰਤ ਮਾਨ ਸਰਕਾਰ ਅਤੇ ਅਨੰਨਿਆ ਬਿਰਲਾ ਫਾਊਂਡੇਸ਼ਨ ਨੇ ਨਸ਼ਿਆਂ ਵਿਰੁੱਧ ਜੰਗ ਵਿੱਚ ਤੇਜ਼ੀ ਲਿਆਉਣ ਲਈ ਮਿਲਾਇਆ ਹੱਥ

## ਡੈਟਾ ਇੰਟੈਲੀਜੈਂਸ ਅਤੇ ਟੈਕਨੀਕਲ ਸਪੋਰਟ ਯੂਨਿਟ ਸਥਾਪਤ ਕਰਨ ਲਈ ਸਮਝੌਤਾ ਸਹੀਬੱਧ



ਚੰਡੀਗੜ੍ਹ, 26 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮੌਕੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਇਤਿਹਾਸਕ ਕਦਮ ਚੁੱਕਦਿਆਂ ਡੇਟਾ ਇੰਟੈਲੀਜੈਂਸ ਅਤੇ ਟੈਕਨੀਕਲ ਸਪੋਰਟ ਯੂਨਿਟ ਸਥਾਪਤ ਕਰਨ ਵਾਸਤੇ ਸਮਝੌਤਾ ਸਹੀਬੱਧ ਕੀਤਾ ਹੈ।

ਇਹ ਸਮਝੌਤਾ ਪੰਜਾਬ ਸਰਕਾਰ ਅਤੇ ਡਾ. ਬੀ.ਆਰ. ਅੰਬੇਡਕਰ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਮੋਹਾਲੀ ਅਤੇ ਵਿਦਿਆਸਾਗਰ ਇੰਸਟੀਚਿਊਟ ਆਫ ਮੈਂਟਲ ਹੈਲਥ, ਅੰਮ੍ਰਿਤਸਰ ਦਰਮਿਆਨ ਅਨੰਨਿਆ ਬਿਰਲਾ ਫਾਊਂਡੇਸਨ ਦੇ ਸਹਿਯੋਗ ਨਾਲ ਸਹੀਬੱਧ ਕੀਤਾ ਗਿਆ ਹੈ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡੇਟਾ ਇੰਟੈਲੀਜੈਂਸ ਅਤੇ ਟੈਕਨੀਕਲ ਸਪੋਰਟ ਯੂਨਿਟ ਸਥਾਪਤ ਕਰਨ ਦੀ ਇਹ ਵਿਲੱਖਣ ਪਹਿਲਕਦਮੀ ਸੂਬੇ ਵਿੱਚ ਨਸ਼ਿਆਂ ਦੇ ਖਤਰੇ ਨਾਲ ਨਜਿੱਠਣ ਦੀ ਦਿਸ਼ਾ ਵੱਲ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਰੋਕਥਾਮ ਅਤੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਵਿਆਪਕ ਯਤਨਾਂ ਦਾ ਹਿੱਸਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਨੇ ਸੂਬੇ ਵਿੱਚ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਅਤੇ ਇਸ ਸਪਲਾਈ ਦੇ ਖਤਮ ਹੋਣ ਨਾਲ ਨਸ਼ਿਆਂ ਤੋਂ ਪ੍ਰਭਾਵਿਤ ਵਿਅਕਤੀਆਂ ਦਾ ਮੁੜ ਵਸੇਬਾ ਯਕੀਨੀ ਬਣਾਉਣਾ ਬੇਹੱਦ ਜਰੂਰੀ ਹੋ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਪੀੜਤਾਂ ਨੂੰ ਨਸ਼ਿਆਂ ਦੇ ਜਾਲ ਵਿੱਚੋਂ ਕੱਢਣ ਅਤੇ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਜਿਉਣ ਵਿੱਚ ਸਹਾਇਤਾ ਕਰਨ ਲਈ ਸਰਕਾਰ ਨਾ ਸਿਰਫ ਵੱਖ-ਵੱਖ ਸਹੂਲਤਾਂ ਨਾਲ ਲੈਸ ਮੁੜ ਵਸੇਬਾ ਕੇਂਦਰ ਸਥਾਪਤ ਕਰ ਰਹੀ ਹੈ, ਸਗੋਂ ਨਸ਼ਿਆਂ ਦੀ ਦੁਬਾਰਾ ਵਰਤੋਂ ਨੂੰ ਰੋਕਣ ਲਈ ਡਾਕਟਰੀ ਦੇਖਭਾਲ, ਸਿੱਖਿਆ ਅਤੇ ਰੁਜਗਾਰ ਦੇ ਮੌਕੇ ਵੀ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ ਵਿੱਚ ਡੇਟਾ ਇੰਟੈਲੀਜੈਂਸ ਅਤੇ ਟੈਕਨੀਕਲ ਸਪੋਰਟ ਯੂਨਿਟ ਸਥਾਪਤ ਕਰਕੇ ਮਨੋ-ਸਮਾਜਿਕ ਦੇਖਭਾਲ ਦਾ ਇੱਕ ਵਿਆਪਕ ਮਾਡਲ ਲਾਗੂ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਯੂਨਿਟ ਮੈਡੀਕਲ ਅਫਸਰਾਂ, ਮਨੋਵਿਗਿਆਨੀਆਂ, ਪੁਲਿਸ ਕਰਮਚਾਰੀਆਂ ਅਤੇ ਫਰੰਟਲਾਈਨ ਸਿਹਤ ਕਰਮਚਾਰੀਆਂ ਦੀ ਸਮਰੱਥਾ ਵਧਾ ਕੇ ਨਸ਼ਾ ਵਿਰੋਧੀ ਮੁਹਿੰਮ ਵਿੱਚ ਤਕਨੀਕੀ ਤੌਰ 'ਤੇ ਸਹਾਇਤਾ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯੂਨਿਟ ਮੁੜ ਵਸੇਬੇ ਸਬੰਧੀ ਚੁਣੌਤੀਆਂ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਵਿਕਸਤ ਕਰਨ, ਓ.ਓ.ਏ.ਟੀ. (ਆਊਟਪੇਸ਼ੈਂਟ ਓਪੀਓਇਡ ਅਸਿਸਟਡ ਟ੍ਰੀਟਮੈਂਟ) ਕਲੀਨਿਕਾਂ ਦੀ ਸੁਚੱਜੀ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ ਅਤੇ ਆਮ ਲੋਕਾਂ ਤੱਕ ਆਸਾਨ ਪਹੁੰਚ ਦੇ ਯਤਨਾਂ ਨੂੰ ਮਜਬੂਤ ਕਰਨ 'ਤੇ ਵੀ ਧਿਆਨ ਕੇਂਦਰਿਤ ਕਰੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਯੂਨਿਟ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ ਅਤੇ ਇਹ ਸੈਂਟਰਲਾਈਜ਼ਡ ਇੰਟੈਲੀਜੈਂਸ ਯੂਨਿਟ ਨਸ਼ਾ ਛੁਡਾਊ, ਮੁੜ ਵਸੇਬੇ ਅਤੇ ਓ.ਓ.ਏ.ਟੀ. ਮਰੀਜ਼ਾਂ ਬਾਰੇ ਠੋਸ ਡੇਟਾ ਪ੍ਰਦਾਨ ਕਰੇਗੀ, ਪ੍ਰਭਾਵਸ਼ਾਲੀ ਨੀਤੀਆਂ ਡਿਜ਼ਾਈਨ ਕਰਨ ਅਤੇ ਲਾਗੂ ਕਰਨ ਵਿੱਚ ਮੱਦਦ ਕਰੇਗੀ।

# ਮਿਡ-ਡੇਅ ਮੀਲ ਸਟਾਫ਼ ਨੂੰ ਮਿਲੇਗਾ 16 ਲੱਖ ਦਾ ਬੀਮਾ ਕਵਰ : ਬੈਂਸ



ਚੰਡੀਗੜ੍ਹ, 26 ਜੂਨ, (ਚ.ਨ.ਸ.) : ਇੱਕ ਹੋਰ ਅਹਿਮ ਪਹਿਲਕਦਮੀ ਕਰਦਿਆਂ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ ਕੇਨਰਾ ਬੈਂਕ ਨਾਲ ਭਾਈਵਾਲੀ ਜ਼ਰੀਏ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ 44,301 ਮਿਡ-ਡੇਅ ਮੀਲ ਕੁੱਕ-ਕਮ-ਹੈਲਪਰਾਂ ਨੂੰ 16 ਲੱਖ ਰੁਪਏ ਦਾ ਦੁਰਘਟਨਾ ਬੀਮਾ ਕਵਰ ਅਤੇ ਹੋਰ ਲਾਭ ਪ੍ਰਦਾਨ ਕਰਨ ਲਈ ਇੱਕ ਵਿਆਪਕ ਬੀਮਾ ਯੋਜਨਾ ਸ਼ੁਰੂ ਕੀਤੀ ਹੈ।

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਕੱਤਰ ਸਕੂਲ ਸਿੱਖਿਆ ਵਿਭਾਗ ਅਨਿੰਦਿਤਾ ਮਿੱਤਰਾ, ਆਈਏਐਸ ਦੀ ਮੌਜੂਦਗੀ ਵਿੱਚ ਅੱਜ ਇੱਥੇ ਡਾਇਰੈਕਟੋਰੇਟ ਆਫ਼ ਐਲੀਮੈਂਟਰੀ ਐਜੂਕੇਸ਼ਨ (ਮਿਡ-ਡੇਅ ਮੀਲ) ਅਤੇ ਕੇਨਰਾ ਬੈਂਕ ਚੰਡੀਗੜ੍ਹ ਦਰਮਿਆਨ ਇੱਕ ਸਮਝੌਤਾ (ਐਮਓਯੂ) ਸਹੀਬੱਧ ਕੀਤਾ ਗਿਆ। ਇਸ ਭਾਈਵਾਲੀ ਦਾ ਉਦੇਸ਼ ਕੁੱਕ-ਕਮ-ਹੈਲਪਰਾਂ ਨੂੰ ਵਿੱਤੀ ਸੁਰੱਖਿਆ ਅਤੇ ਹੋਰ ਲਾਭ ਪ੍ਰਦਾਨ ਕਰਨਾ ਹੈ।

ਇਸ ਬੀਮਾ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਹ ਕਵਰ ਵਿਆਪਕ ਲਾਭ ਪ੍ਰਦਾਨ ਕਰਦਾ ਹੈ, ਜਿਸ ਵਿੱਚ ਕੁਦਰਤੀ ਕਾਰਨਾਂ ਕਰਕੇ ਮੌਤ ਹੋਣ 'ਤੇ 1 ਲੱਖ ਰੁਪਏ ਦਾ ਮਿਆਦੀ ਬੀਮਾ, ਦੁਰਘਟਨਾ ਵਿੱਚ ਮੌਤ ਹੋਣ 'ਤੇ 16 ਲੱਖ ਰੁਪਏ ਅਤੇ 18 ਲੱਖ ਰੁਪਏ ਦਾ ਹਵਾਈ ਦੁਰਘਟਨਾ ਕਵਰ ਸ਼ਾਮਲ ਹੈ। ਇਸ ਤੋਂ ਇਲਾਵਾ ਇਹ ਯੋਜਨਾ ਜ਼ੀਰੋ ਬੈਲੇਂਸ ਦੀ ਸ਼ਰਤ ਤੋਂ ਬਿਨਾਂ ਮੁਸ਼ਕਲ ਰਹਿਤ ਬੈਂਕਿੰਗ, ਖਾਤਾ ਧਾਰਕਾਂ ਲਈ ਸੌਖ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਲਈ 10,000 ਰੁਪਏ ਤੱਕ ਦੀ ਤੁਰੰਤ ਓਵਰਡਰਾਫਟ ਦੀ ਸਹੂਲਤ ਜਾਂ ਪਿਛਲੇ ਮਹੀਨੇ ਦੀ ਕੁੱਲ ਤਨਖਾਹ ਦਾ 50 ਫੀਸਦੀ ਦੇਣ, ਵਰਗੇ ਲਾਭ ਵੀ ਪ੍ਰਦਾਨ ਕਰਦੀ ਹੈ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਯੋਜਨਾ ਇਨ੍ਹਾਂ ਕਰਮਚਾਰੀਆਂ ਦੀ ਭਲਾਈ ਨੂੰ ਯਕੀਨੀ ਬਣਾਏਗੀ ਤਾਂ ਜੋ ਉਹ ਸੂਬੇ ਦੀ ਸਿੱਖਿਆ ਪ੍ਰਣਾਲੀ ਦੇ ਸਮੱਰਥਨ ਪ੍ਰਤੀ ਆਪਣੀ ਮਹੱਤਵਪੂਰਨ ਭੂਮਿਕਾ 'ਤੇ ਹੋਰ ਧਿਆਨ ਕੇਂਦਰਿਤ ਕਰ ਸਕਣ। ਇਹ ਪਹਿਲਕਦਮੀ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਕੁੱਕ-ਕਮ-ਹੈਲਪਰਾਂ ਲਈ ਵਿੱਤੀ ਸਮਾਵੇਸ਼ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਸਿੱਧ ਹੋਵੇਗੀ।

# ਮਾਤਾ ਜਸਵੰਤ ਕੌਰ ਦੇ ਨਮਿੱਤ ਅੰਤਿਮ ਅਰਦਾਸ 29 ਜੂਨ ਦਿਨ ਐਤਵਾਰ ਨੂੰ



ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ) : ਗੁ.ਸ਼ਹੀਦ ਗੰਜ ਦੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਜਸਵੰਤ ਕੌਰ ਜੀ ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਅੱਜ ਉਹਨਾਂ ਦੇ ਗ੍ਰਹਿ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸੰਤ ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣ ਇਲਾਕੇ ਦੀ ਸੰਗਤ ਸਮੇਤ ਅਤੇ ਭਾਈ ਸੰਤੋਖ ਸਿੰਘ ਜੀ ਪੁਰਤਗਾਲ ਅਤੇ ਅਨੇਕਾਂ ਧਾਰਮਿਕ ਤੇ ਰਾਜਨੀਤਿਕ ਸ਼ਖਸੀਅਤਾਂ ਨੇ ਪਹੁੰਚ ਕੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸਿੰਘ ਸਾਹਿਬ ਨੇ ਦੱਸਿਆ ਮਾਤਾ ਜੀ ਬਹੁਤ ਨਿੱਘੀ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾਂ ਦੀ ਸਿਹਤ ਵੀ ਬਹੁਤ ਚੰਗੀ ਸੀ। ਆਈਆਂ ਹੋਈਆਂ ਸਾਰੀਆਂ ਸ਼ਖ਼ਸੀਅਤਾਂ ਨੇ ਕਿਹਾ ਪਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਨਾ ਬਣਨ ਦਾ ਬਲ ਬਖਸ਼ਣ। ਇਸ ਮੌਕੇ ਭਾਈ ਸੁਰਜੀਤ ਸਿੰਘ ਸਭਰਾਅ ਨੇ ਦੱਸਿਆ ਮਾਤਾ ਜਸਵੰਤ ਕੌਰ ਦੀ ਅੰਤਿਮ ਅਰਦਾਸ 29 ਜੂਨ ਦਿਨ ਐਤਵਾਰ ਸਮਾਂ 12 ਤੋਂ 2 ਵਜੇ ਦੁਪਿਹਰ ਗੁਰਦੁਆਰਾ ਦਮਦਮਾ ਸਾਹਿਬ, ਮਾਲ ਮੰਡੀ ,ਗੁਰੂ ਤੇਗ ਬਹਾਦਰ ਨਗਰ ,ਅੰਮ੍ਰਿਤਸਰ ਵਿਖੇ ਹੋਵੇਗੀ। ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ, ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਹਾਜ਼ਰੀ ਭਰਨਗੀਆਂ। ਇਸ ਮੌਕੇ ਸੂਚਨਾ ਅਧਿਕਾਰੀ ਜਤਿੰਦਰ ਪਾਲ ਸਿੰਘ ਵੀ ਨਾਲ ਸਨ।

# ਕੰਚਨ ਕੁਮਾਰੀ ਕਤਲ ਕੇਸ : ਦੋ ਨੌਜਵਾਨ ਅਜੇ ਵੀ ਫਰਾਰ, ਅੰਮ੍ਰਿਤਪਾਲ ਸਿੰਘ ਮਹਿਰੋਂ ਲਈ ਇੰਟਰਪੋਲ ਨੋਟਿਸ ਦਾ ਇੰਤਜ਼ਾਰ!

ਬਠਿੰਡਾ, 26 ਜੂਨ, (ਦੀਪਕ ਸ਼ਰਮਾ) : ਇੰਟਰਨੈੱਟ ਮੀਡੀਆ 'ਤੇ ਅਸ਼ਲੀਲ ਅਤੇ ਵਿਵਾਦਿਤ ਵੀਡੀਓ ਅਪਲੋਡ ਕਰਨ ਵਾਲੀ ਲੁਧਿਆਣਾ ਦੀ ਕੰਚਨ ਕੁਮਾਰੀ ਉਰਫ ਕਮਲ ਕੌਰ ਭਾਬੀ ਦੇ ਕਤਲ ਕੇਸ ਵਿੱਚ ਨਾਮਜ਼ਦ ਕੀਤੇ ਗਏ ਪੰਜ ਮੁਲਜ਼ਮਾਂ ਵਿੱਚੋਂ ਦੋ ਅਜੇ ਤੱਕ ਗ੍ਰਿਫ਼ਤਾਰ ਨਹੀਂ ਹੋ ਸਕੇ ਹਨ। ਇਨ੍ਹਾਂ ਦੋਹਾਂ ਮੁਲਜ਼ਮਾਂ ਨੇ ਇਸ ਕਤਲ ਕੇਸ ਦੇ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਦੇਸ਼ ਛੱਡ ਕੇ ਭੱਜਣ ਵਿੱਚ ਮੱਦਦ ਕੀਤੀ ਸੀ। ਹਾਲਾਂਕਿ, ਪੁਲਿਸ ਨੇ ਇੱਕ ਮੁਲਜ਼ਮ ਦੀ ਪਛਾਣ ਰਣਜੀਤ ਸਿੰਘ ਵਾਸੀ ਤਰਨਤਾਰਨ ਵਜੋਂ ਕੀਤੀ ਹੈ, ਜਦੋਂ ਕਿ ਪੰਜਵਾਂ ਮੁਲਜ਼ਮ ਅਜੇ ਅਣਪਛਾਤਾ ਹੈ, ਜਿਸ ਦੀ ਪਛਾਣ ਅਜੇ ਤੱਕ ਨਹੀਂ ਹੋ ਸਕੀ ਹੈ। ਇਸ ਵਿੱਚ ਭਾਵੇਂ ਬਠਿੰਡਾ ਪੁਲਿਸ ਛਾਪੇਮਾਰੀ ਅਤੇ ਕਾਨੂੰਨੀ ਪ੍ਰਕਿਰਿਆ ਅਪਣਾਉਣ ਦੀ ਗੱਲ ਕਰ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਪੁਲਿਸ ਦੇ ਹੱਥ ਖਾਲੀ ਹਨ। ਦੱਸ ਦੇਈਏ ਕਿ ਇਸ ਕਤਲ ਕੇਸ ਦਾ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਘਾੜਾ ਅੰਮ੍ਰਿਤਪਾਲ ਸਿੰਘ ਮਹਿਰੋਂ ਬੀਤੀ 10 ਜੂਨ ਨੂੰ ਦੇਸ਼ ਛੱਡ ਕੇ ਭੱਜ ਗਿਆ ਸੀ। ਬਠਿੰਡਾ ਪੁਲਿਸ ਨੇ ਇਸ ਕਤਲ ਕਾਂਡ ਤੋਂ ਬਾਅਦ ਮਹਿਰੋਂ ਨੂੰ ਦੇਸ਼ ਤੋਂ ਭੱਜਣ ਵਿੱਚ ਮੱਦਦ ਕਰਨ ਦੇ ਦੋਸ਼ ਵਿੱਚ ਪੰਜ ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਪੰਜਾਂ ਮੁਲਜ਼ਮਾਂ ਵਿੱਚੋਂ ਚਾਰ ਨਿਹੰਗ ਸਨ, ਪਰ ਪੰਜਵੇਂ ਮੁਲਜ਼ਮ ਦੀ ਪਛਾਣ ਅਜੇ ਵੀ ਰਹੱਸ ਬਣੀ ਹੋਈ ਹੈ। ਪੁਲਿਸ ਨੇ ਮਹਿਰੋਂ ਦੇ ਸਹਿਯੋਗੀ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨੂੰ ਕੰਚਨ ਕੁਮਾਰੀ ਦੀ ਲਾਸ਼ ਮਿਲਣ ਦੇ ਅਗਲੇ ਹੀ ਦਿਨ ਗ੍ਰਿਫ਼ਤਾਰ ਕਰ ਲਿਆ ਸੀ। ਤਰਨਤਾਰਨ ਦੇ ਰਹਿਣ ਵਾਲਾ ਇੱਕ ਹੋਰ ਮੁਲਜ਼ਮ ਰਣਜੀਤ ਸਿੰਘ ਵੀ ਨਿਹੰਗ ਹੈ।

ਇਸ ਸਬੰਧੀ ਐਸਐਸਪੀ ਅਮਨੀਤ ਕੌਂਡਲ ਨੇ ਕਿਹਾ ਕਿ ਜਾਂਚ ਤੋਂ ਪੁਸ਼ਟੀ ਹੋਈ ਹੈ ਕਿ ਜਦੋਂ ਅੰਮ੍ਰਿਤਪਾਲ ਸਿੰਘ ਵਿਦੇਸ਼ ਭੱਜਿਆ, ਉਸ ਦੌਰਾਨ ਪੰਜਵਾਂ ਮੁਲਜ਼ਮ ਰਣਜੀਤ ਸਿੰਘ ਉਸ ਦੇ ਨਾਲ ਨਹੀਂ ਸੀ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਮਹਿਰੋਂ ਕੋਲ ਯੂਏਈ ਦਾ ਟੂਰਿਸਟ ਵੀਜ਼ਾ ਸੀ ਅਤੇ ਉਹ ਅੰਮ੍ਰਿਤਸਰ ਤੋਂ ਜਹਾਜ਼ ਵਿੱਚ ਚੜ੍ਹਿਆ ਸੀ। ਉੱਥੇ ਹੀ ਰਣਜੀਤ ਸਿੰਘ ਦੇ ਖ਼ਿਲਾਫ਼ ਵੀ ਇੱਕ ਲੁੱਕ-ਆਊਟ ਸਰਕੂਲਰ (ਐਲਓਸੀ) ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਅਜਿਹਾ ਕੋਈ ਇਨਪੁਟ ਨਹੀਂ ਮਿਲਿਆ ਹੈ, ਜੋ ਇਹ ਸੰਕੇਤ ਦੇਵੇ ਕਿ ਉਹ ਭਾਰਤ ਤੋਂ ਬਾਹਰ ਗਿਆ ਹੈ। ਪੁਲਿਸ ਟੀਮਾਂ ਰਣਜੀਤ ਸਿੰਘ ਨੂੰ ਫੜਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ। ਐਸਐਸਪੀ ਨੇ ਕਿਹਾ ਕਿ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨੇ ਪੰਜਵੇਂ ਸਾਥੀ ਬਾਰੇ ਜਾਂਚ ਦੌਰਾਨ ਅਜੇ ਤੱਕ ਕੋਈ ਖੁਲਾਸਾ ਨਹੀਂ ਕੀਤਾ ਹੈ, ਜਿਸ ਨਾਲ ਉਸ ਦੀ ਅਸਲ ਲੋਕੇਸ਼ਨ ਦੀ ਜਾਣਕਾਰੀ ਮਿਲ ਸਕੇ। ਫਿਲਹਾਲ ਪੁਲਿਸ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਲਗਾਤਾਰ ਉਸ ਦੇ ਪਰਿਵਾਰਕ ਮੈਂਬਰਾਂ, ਸੰਪਰਕ ਵਾਲੇ ਲੋਕਾਂ ਤੋਂ ਪੁੱਛਗਿੱਛ ਕਰ ਰਹੀ ਹੈ ਅਤੇ ਉਸ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਐਸਐਸਪੀ ਅਮਨੀਤ ਕੌਂਡਲ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਨੇ 20 ਜੂਨ ਨੂੰ ਯੂਏਈ ਤੋਂ ਮਹਿਰੋਂ ਦੇ ਹਵਾਲਗੀ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਸਨ, ਜਦੋਂ ਪੰਜਾਬ ਪੁਲਿਸ ਦੇ ਬਿਊਰੋ ਆਫ ਇਨਵੈਸਟੀਗੇਸ਼ਨ (ਬੀਓਆਈ) ਨੂੰ ਇੱਕ ਪੱਤਰ ਭੇਜਿਆ ਗਿਆ ਸੀ। ਐਸਐਸਪੀ ਨੇ ਕਿਹਾ ਕਿ ਇਹ ਪੱਤਰ ਮਹਿਰੋਂ ਦੇ ਹਵਾਲਗੀ ਲਈ ਇੰਟਰਪੋਲ ਤੱਕ ਪਹੁੰਚਣ ਦੇ ਪ੍ਰੋਟੋਕੋਲ ਦਾ ਹਿੱਸਾ ਸੀ। ਸਾਨੂੰ ਅਜੇ ਤੱਕ ਇਹ ਪੁਸ਼ਟੀ ਨਹੀਂ ਮਿਲੀ ਹੈ ਕਿ ਇੰਟਰਪੋਲ ਨੇ ਕਤਲ ਦੇ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਦੇਸ਼ ਨਿਕਾਲੇ ਲਈ ਮੁਲਜ਼ਮ ਦਾ ਪਤਾ ਲਗਾਉਣ ਅਤੇ ਹਿਰਾਸਤ ਵਿੱਚ ਲੈਣ ਲਈ ਕੋਈ ਨੋਟਿਸ ਪ੍ਰਕਾਸ਼ਿਤ ਕੀਤਾ ਹੈ ਜਾਂ ਨਹੀਂ।

# ਮਾਝਾ-ਦੁਆਬਾ
ਆਸ ਪਾਸ

# ਡਿਪਟੀ ਕਮਿਸ਼ਨਰ ਨੇ ਹਲਕਾ ਅੰਮ੍ਰਿਤਸਰ ਪੂਰਬੀ ਦੇ ਕੰਮਾਂ ਬਾਰੇ ਕੀਤੀ ਅਧਿਕਾਰੀਆਂ ਨਾਲ ਮੀਟਿੰਗ

## ਚਾਲੀ ਖੂਹ ਵਿਖੇ ਖੇਡ ਕੋਰਟ ਅਤੇ ਪਾਰਕ ਦੀ ਉਸਾਰੀ ਕੀਤੀ ਜਾਵੇਗੀ : ਜੀਵਨ ਜੋਤ ਕੌਰ




ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ) : ਅੰਮ੍ਰਿਤਸਰ ਹਲਕਾ ਪੂਰਬੀ ਦੇ ਵਿਧਾਇਕਾ ਜੀਵਨ ਜੋਤ ਕੌਰ ਅਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੱਜ ਉਕਤ ਹਲਕੇ ਵਿੱਚ ਕਰਵਾਏ ਜਾ ਰਹੇ ਅਤੇ ਕਰਵਾਏ ਜਾਣ ਵਾਲੇ ਕੰਮਾਂ ਬਾਰੇ ਅੰਮ੍ਰਿਤਸਰ ਕਾਰਪੋਰੇਸ਼ਨ ਅਤੇ ਇੰਪਰੂਵਮੈਂਟ ਟਰਸਟ, ਪੰਚਾਇਤ ਵਿਭਾਗ, ਲੋਕ ਨਿਰਮਾਣ ਵਿਭਾਗ, ਪੰਜਾਬ ਮੰਡੀ ਬੋਰਡ, ਪੀ ਐਸ ਪੀ ਸੀ ਐਲ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸਥਾਰਤ ਮੀਟਿੰਗ ਕੀਤੀ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ, ਕਮਿਸ਼ਨਰ ਕਾਰਪੋਰੇਸ਼ਨ ਸ੍ਰੀ ਗੁਲਪ੍ਰੀਤ ਸਿੰਘ ਔਲਖ, ਡੀਡੀਪੀਓ ਸ੍ਰੀ ਸੰਦੀਪ ਮਲਹੋਤਰਾ, ਐਸ ਈ ਕਾਰਪੋਰੇਸ਼ਨ ਸ੍ਰੀ ਸੰਦੀਪ ਸਿੰਘ, ਈ ਓ ਨਗਰ ਸੁਧਾਰ ਟਰਸਟ ਸ਼੍ਰੀਮਤੀ ਸੁਦੇਸ਼ ਕੁਮਾਰੀ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ ਵਿਧਾਇਕਾ ਜੀਵਨ ਜੋਤ ਕੌਰ ਨੇ ਹਲਕੇ ਵਿੱਚ ਪੈਂਦੇ ਚਾਲੀ ਖੂਹ ਵਿਖੇ ਖੇਡ ਕੋਰਟ ਅਤੇ ਪਾਰਕ ਬਣਾਉਣ ਦੀ ਹਦਾਇਤ ਕੀਤੀ। ਉਹਨਾਂ ਵੱਲਾ ਫਲਾਈ ਓਵਰ ਤੇ ਲੱਗੀਆਂ ਲਾਈਟਾਂ ਚਾਲੂ ਕਰਨ ਅਤੇ ਵਾਰਡ ਨੰਬਰ 24 ਵਿੱਚ ਮੀਂਹ ਦਾ ਪਾਣੀ ਇਕੱਠਾ ਹੋਣ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਨ ਲਈ ਕਾਰਪੋਰੇਸ਼ਨ ਅਧਿਕਾਰੀਆਂ ਨੂੰ ਕਿਹਾ। ਉਹਨਾਂ ਹਲਕੇ ਵਿੱਚ ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਹਦਾਇਤ ਵੀ ਕੀਤੀ। ਵਿਧਾਇਕਾਂ ਨੇ ਬਲਾਕ ਵੇਰਕਾ ਵਿੱਚ ਇੱਕ ਸੇਵਾ ਕੇਂਦਰ ਅਤੇ ਪਟਵਾਰਖਾਨਾ ਵੀ ਲੋਕਾਂ ਦੀ ਲੋੜ ਲਈ ਤੁਰੰਤ ਖੋਲਣ ਦਾ ਤਜਵੀਜ਼ ਰੱਖੀ। ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਉਹਨਾਂ ਨੇ ਹਲਕੇ ਵਿੱਚ ਪੈਂਦੇ ਟਰਾਂਸਫਾਰਮਰ, ਬਿਜਲੀ ਦੀਆਂ ਲਟਕਦੀਆਂ ਤਾਰਾਂ, ਇੰਟਰਨੈਟ ਅਤੇ ਪ੍ਰਾਈਵੇਟ ਕੇਬਲ ਦੀਆਂ ਤਾਰਾਂ ਦਾ ਸੁਧਾਰ ਕਰਨ ਲਈ ਵੀ ਹਦਾਇਤ ਅਧਿਕਾਰੀਆਂ ਨੂੰ ਕੀਤੀ।

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਾਰੇ ਹੀ ਕੰਮਾਂ ਨੂੰ ਸਮਾਂ ਸੀਮਾ ਅੰਦਰ ਨਿਪਟਾਉਣ ਲਈ ਯੋਜਨਾ ਬੰਦੀ ਕਰਨ ਦੀ ਹਿਦਾਇਤ ਕਰਦੇ ਕਿਹਾ ਕਿ ਜੇਕਰ ਕਿਸੇ ਵਿਭਾਗ ਨੂੰ ਫੰਡਾਂ ਦੀ ਕੋਈ ਲੋੜ ਹੈ ਤਾਂ ਉਹ ਤੁਰੰਤ ਦੱਸੇ ਅਸੀਂ ਰੰਗਲਾ ਪੰਜਾਬ ਸਕੀਮ ਅਧੀਨ ਫੰਡ ਦਾ ਪ੍ਰਬੰਧ ਕਰਵਾ ਦਿਆਂਗੇ।

ਇਸ ਮੌਕੇ ਕਮਿਸ਼ਨਰ ਕਾਰਪੋਰੇਸ਼ਨ ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਕਾਰਪੋਰੇਸ਼ਨ ਵੱਲੋਂ ਚੱਲ ਰਹੇ ਕੰਮਾਂ ਦਾ ਵੇਰਵਾ ਦਿੰਦੇ ਹੋਏ ਕੰਮਾਂ ਨੂੰ ਸਮਾਂ ਸੀਮਾ ਦੇ ਅੰਦਰ ਨਿਪਟਾਉਣ ਦਾ ਭਰੋਸਾ ਦਿੱਤਾ। ਉਹਨਾਂ ਨੇ ਕਿਹਾ ਕਿ ਹਲਕੇ ਵਿੱਚ ਪਲਾਂਟੇਸ਼ਨ ਦਾ ਕੰਮ ਕਰਨ ਲਈ ਵੀ ਡਾਕਟਰ ਯੋਗੇਸ਼ ਦੀ ਅਗਵਾਈ ਹੇਠ ਨਵੀਂ ਟੀਮ ਭਰਤੀ ਕੀਤੀ ਜਾ ਰਹੀ ਹੈ।

## ਫਿਊਚਰ ਟਾਈਕੂਨ ਦਾ ਫਾਈਨਲ ਸਮਾਰੋਹ 30 ਨੂੰ : ਡੀ.ਸੀ.

ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵਲੋਂ ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਦਾਤਾ ਬਣਾਉਣ ਲਈ ਸ਼ੁਰੂ ਕੀਤਾ ਗਿਆ ਵਿਲੱਖਣ ਪ੍ਰੋਜੈਕਟ ਫਿਊਚਰ ਟਾਈਕੂਨ(ਭਵਿੱਖ ਦੇ ਕਾਰੋਬਾਰੀ) ਦਾ ਫਾਈਨਲ ਸਮਾਰੋਹ 30 ਜੂਨ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਦੱਸਣਯੋਗ ਹੈ ਕਿ ਫਿਊਚਰ ਟਾਈਕੂਨ ਅੰਮ੍ਰਿਤਸਰ ਜਿਲ੍ਹੇ ਦੀ ਇੱਕ ਵੱਖਰੀ ਪਹਿਲ ਹੈ, ਜੋ ਜਿਲ੍ਹੇ ਵਿੱਚ ਉੱਦਮੀ ਭਾਵਨਾ ਨੂੰ ਖੋਜਣ ਅਤੇ ਵਿਕਸਤ ਕਰਨ ਲਈ ਸਮਰਪਿਤ ਹੈ। ਜਿੱਥੇ ਚਾਹਵਾਨ ਕਾਰੋਬਾਰੀ ਸੋਚ ਵਾਲੇ ਨੌਜਵਾਨ ਆਪਣੇ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਉੱਦਮਾਂ ਵਿੱਚ ਬਦਲ ਸਕਦੇ ਹਨ। ਉਨਾਂ ਦੱਸਿਆ ਕਿ ਹਰੇਕ ਕੈਟਾਗਰੀ ਵਿੱਚ ਪਹਿਲੇ,ਦੂਜੇ ਅਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਪ੍ਰਾਰਥੀਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ।

# ਨਸ਼ਿਆਂ ਨੂੰ ਕਹੋ ਨਾਂਹ ਅਤੇ ਜੀਵਨ ਨੂੰ ਕਹੋ ਹਾਂ : ਸਿਵਲ ਸਰਜਨ




ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਵਿਸ਼ਵ ਨਸ਼ਾ ਵਿਰੋਧੀ ਦਿਵਸ ਦੇ ਅਵਸਰ ਤੇ ਦਫਤਰ ਸਿਵਲ ਸਰਜਨ ਵਿਖੇ ਨਸ਼ਾ ਵਿਰੋਧੀ ਜਾਗਰੂਕਤਾ ਪੋਸਟਰ ਰਲੀਜ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ, ਸਾਡੇ ਸਮਾਜ ਨੂੰ ਅੰਦਰੋਂ ਅੰਦਰੀ ਘੁੰਨ ਵਾਂਗ ਖਾਈ ਜਾ ਰਿਹਾ ਹੈ। ਨਸ਼ਾਂ ਜਿੱਥੇ ਮੱਨੁਖੀ ਸਿਹਤ ਦੇ ਵਿਗਾੜ ਦਾ ਕਾਰਣ ਬਣਦਾ ਹੈ ਉੱਥੇ ਨਾਲ ਹੀ ਸਮਾਜਿਕ ਰੁਕਾਵਟ ਵੀ ਪੈਦਾ ਕਰਦਾ ਹੈ। ਨਸ਼ੇ ਮੱਨੁਖੀ ਸ਼ਰੀਰ ਤੇ ਬਹੁਤ ਹੀ ਭਿਆਨਕ ਅਸਰ ਕਰਦੇ ਹਨ ਅਤੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਜਿਵੇ ਲਿਵਰ ਕੈਂਸਰ, ਮੂੰਹ/ ਗਲੇ ਦਾ ਕੈਂਸਰ ਆਦਿ ਦਾ ਕਾਰਣ ਬਣਦੇ ਹਨ।ਇਸ ਲਈ ਇਹ ਨਸ਼ੇ ਜਿਥੇ ਸਿਹਤ ਖਰਾਬ ਕਰਦੇ ਹਨ, ਉੱਥੇ ਨਾਲ ਹੀ ਸਮਾਜਿਕ, ਆਰਥਿਕ ਅਤੇ ਮਾਨਸਿਕ ਤੌਰ 'ਤੇ ਵੀ ਮੱਨੁਖ ਨੂੰ ਕਮਜ਼ੋਰ ਬਣਾ ਦਿੰਦੇ ਹਨ। ਇਸ ਤੋਂ ਇਲਾਵਾ ਸੰਨ ਫਾਉਂਡੇਸ਼ਨ ਵੱਲੋਂ ਸਿਹਤ ਵਿਭਾਗ ਨਾਲ ਮਿਲ ਕੇ ਨਸ਼ੇ ਕਰਨ ਵਾਲਿਆਂ ਲਈ ਕੌਂਸਲਿੰਗ, ਇਲਾਜ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਲਈ ਜੋ ਇਨਸਾਨ ਨਸ਼ੇ ਕਰਦਾ ਹੈ, ਉਸ ਨੂੰ ਸਰਕਾਰੀ ਨਸ਼ਾ ਛਡਾਊ ਕੇਂਦਰ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਦਾਖਲ ਕਰਵਾਇਆ ਜਾਵੇ ਅਤੇ ਇਲਾਜ ਤੋਂ ਬਾਅਦ ਵਿੱਚ ਉਸ ਦੇ ਮੁੜ ਵਸੇਬੇ ਲਈ ਉਸ ਨੂੰ ਸਰਕਾਰੀ ਮੁੜਵਸੇਬਾ ਕੇਂਦਰ ਅੰਮ੍ਰਿਤਸਰ ਸਰਕਾਰੀ ਸੈਂਟਰ ਵਿਖੇ ਜ਼ਰੂਰ ਦਾਖਲ ਕਰਵਾਇਆ ਜਾਵੇ, ਤਾਂ ਜੋ ਉਹ ਇਲਾਜ ਉਪੰਰਤ ਸਮਾਜ ਦਾ ਇੱਕ ਹਿੱਸਾ ਬਣ ਸਕਣ।ਇਸ ਅਵਸਰ 'ਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ ਗੁਰਮੀਤ ਕੌਰ, ਸਹਾਇਕ ਸਿਵਲ ਸਰਜਨ ਡਾ ਰਜਿੰਦਰਪਾਲ ਕੌਰ, ਜਿਲ੍ਹਾ ਟੀਕਾਕਰਣ ਅਫਸਰ ਡਾ ਭਾਰਤੀ ਧਵਨ, ਜ਼ਿਲ੍ਹਾ ਸਿਹਤ ਅਫਸਰ ਡਾ ਜਸਪਾਲ ਸਿੰਘ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਚਰਨਜੀਤ ਕੌਰ, ਡਾ ਮਨਮੀਤ ਕੌਰ , ਸਨ ਫਾਊਂਡੇਸ਼ਨ ਵੱਲੋਂ ਮੈਡਮ ਬਲਜੀਤ ਕੌਰ ਜੌਹਲ, ਕਮਲ ਭੱਲਾ, ਦਲਜੀਤ ਸਿੰਘ, ਸੰਜੀਵ ਕੁਮਾਰ, ਰਘੂ ਤਲਵਾੜ ਅਤੇ ਸਮੂਹ ਸਟਾਫ ਸ਼ਾਮਲ ਹੋਏ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਜ਼ਬੇਕਿਸਤਾਨ ਦੀ ਸਮਰਕੰਦ ਸਟੇਟ ਯੂਨੀਵਰਸਿਟੀ ਨਾਲ ਸਮਝੌਤੇ 'ਤੇ ਕੀਤੇ ਹਸਤਾਖ਼ਰ

## ਸਮਰਕੰਦ 'ਵਰਸਿਟੀ ਨਾਲ ਸਮਝੌਤੇ ਨਾਲ ਵਿਸ਼ਵ ਪੱਧਰੀ ਵਿੱਦਿਅਕ ਸਹਿਯੋਗ ਨੂੰ ਮਿਲੇਗਾ ਹੁਲਾਰਾ : ਵਾਈਸ ਚਾਂਸਲਰ

ਅੰਮ੍ਰਿਤਸਰ, 26 ਜੂਨ, (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਜ਼ਬੇਕਿਸਤਾਨ ਦੀ ਸਮਰਕੰਦ ਸਟੇਟ ਯੂਨੀਵਰਸਿਟੀ ਨਾਮਜ਼ਦ ਸ਼ਰੋਫ ਰਸ਼ੀਦੋਵ ਨਾਲ ਇੱਕ ਸਮਝੌਤਾ ਪੱਤਰ (ਐਮ.ਓ.ਯੂ.) 'ਤੇ ਹਸਤਾਖਰ ਕੀਤੇ ਹਨ, ਜੋ ਕਿ ਵਾਈਸ ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਦੀ ਅਗਵਾਈ ਵਿਚ ਵਿਸ਼ਵ ਪੱਧਰੀ ਵਿੱਦਿਅਕ ਅਤੇ ਖੋਜ ਸਹਿਯੋਗ ਨੂੰ ਮਜ਼ਬੂਤ ਕਰਨ ਵੱਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਮਹੱਤਵਪੂਰਨ ਕਦਮ ਹੈ।



ਇਹ ਸਮਝੌਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਰਜਿਸਟਰਾਰ ਪ੍ਰੋ. ਕੇ.ਐਸ. ਚਾਹਲ ਅਤੇ ਸਮਰਕੰਦ ਸਟੇਟ ਯੂਨੀਵਰਸਿਟੀ ਦੇ ਪ੍ਰੋ. ਡਾ. ਰੁਸਤਮ ਖਾਲਮੁਰਾਦੋਵ ਨੇ ਸਾਈਨ ਕੀਤਾ। ਇਸ ਵਿੱਚ ਸਿੱਖਿਆ, ਖੋਜ, ਸਿਖਲਾਈ, ਅਤੇ ਵਿਦਿਆਰਥੀ ਤਬਾਦਲੇ ਦੇ ਖੇਤਰਾਂ ਵਿੱਚ ਸਹਿਯੋਗ ਦਾ ਇੱਕ ਵਿਆਪਕ ਢਾਂਚਾ ਤੈਅ ਕੀਤਾ ਗਿਆ ਹੈ। ਇਸ ਸਾਂਝ ਦਾ ਮਕਸਦ ਸਾਂਝੀਆਂ ਪਹਿਲਕਦਮੀਆਂ ਅਤੇ ਮੋਬਿਲਟੀ ਪ੍ਰੋਗਰਾਮਾਂ ਰਾਹੀਂ ਵਿਸ਼ਵ ਪੱਧਰੀ ਸਿੱਖਣ ਦੇ ਅਨੁਭਵ ਅਤੇ ਅੰਤਰ-ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਨਾ ਹੈ।

ਸਮਝੌਤੇ 'ਤੇ ਹਸਤਾਖਰ ਸਮਾਰੋਹ ਮੌਕੇ ਸਮਰਕੰਦ ਸਟੇਟ ਯੂਨੀਵਰਸਿਟੀ ਦੇ ਰੈਕਟਰ ਖਾਲਮੁਰਾਦੋਵ ਰੁਸਤਮ ਇਬਰੋਗਿਮੋਵਿਚ, ਵਾਈਸ ਰੈਕਟਰ ਸੋਲੀਰ ਅਹਿਮਦਜੋਏ, ਵਾਈਸ ਰੈਕਟਰ ਅੰਤਰਰਾਸ਼ਟਰੀ ਸਹਿਯੋਗ ਏ. ਖਤੋਵ ਅਕਮੇਲ ਰੁਸਤਮੋਵਿਚ, ਅਤੇ ਵਾਈਸ ਰੈਕਟਰ ਅਕਾਦਮਿਕ ਮਾਮਲਿਆਂ ਉਮੁਦੁੱਲਾਏਵ ਸ਼ੁਖਰਤ ਵਦਾਇਦੁੱਲਾਏ ਵਿਚ ਦੀ ਔਨਲਾਈਨ ਮੌਜੂਦਗੀ ਵਿੱਚ ਹੋਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾ. ਪਲਵਿੰਦਰ ਸਿੰਘ, ਡੀਨ ਅਕਾਦਮਿਕ ਮਾਮਲੇ, ਪ੍ਰੋ. ਕੇ.ਐਸ. ਚਾਹਲ, ਰਜਿਸਟਰਾਰ, ਡਾ. ਐਚ.ਐਸ. ਸੈਣੀ, ਡੀਨ ਵਿਦਿਆਰਥੀ ਭਲਾਈ, ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਡਾਇਰੈਕਟਰ ਗਲੋਬਲ ਰੈਂਕਿੰਗ ਅਤੇ ਸਹਿਯੋਗ ਸੈੱਲ, ਡਾ. ਵੰਦਨਾ ਭੱਲਾ, ਡਾਇਰੈਕਟਰ ਖੋਜ ਅਤੇ ਹੋਰ ਅਧਿਕਾਰੀਆਂ ਨੇ ਇਸ ਮੌਕੇ ਸ਼ਿਰਕਤ ਕੀਤੀ।

ਵਾਈਸ ਚਾਂਸਲਰ ਪ੍ਰੋਫੈਸਰ ਡਾਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਸਮਝੌਤੇ ਦੇ ਤਹਿਤ, ਦੋਵੇਂ ਸੰਸਥਾਵਾਂ ਅੰਡਰਗਰੈਜੂਏਟ, ਪੋਸਟਗਰੈਜੂਏਟ, ਡਾਕਟੋਰਲ ਅਤੇ ਪੋਸਟ-ਡਾਕਟੋਰਲ ਪੱਧਰਾਂ 'ਤੇ ਫੈਕਲਟੀ ਅਤੇ ਵਿਦਿਆਰਥੀਆਂ ਲਈ ਤਬਾਦਲਾ ਪ੍ਰੋਗਰਾਮ ਸੁਖਾਲੇ ਕਰਨਗੀਆਂ। ਇਸ ਦੇ ਨਾਲ ਹੀ ਸਾਂਝੇ ਸੈਮੀਨਾਰ, ਵਰਕਸ਼ਾਪਾਂ, ਅਤੇ ਕਾਨਫਰੰਸਾਂ ਦਾ ਆਯੋਜਨ, ਅੰਤਰਰਾਸ਼ਟਰੀ ਏਜੰਸੀਆਂ ਦੁਆਰਾ ਫੰਡਿਡ ਸਾਂਝੀ ਖੋਜ ਪ੍ਰਸਤਾਵਾਂ ਅਤੇ ਸਿਖਲਾਈ ਮੋਡਿਊਲਾਂ ਦੇ ਵਿਕਾਸ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ।

ਇਸ ਮੌਕੇ 'ਤੇ ਬੋਲਦਿਆਂ ਪ੍ਰੋ. ਕਰਮਜੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਸਾਂਝੇਦਾਰੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉੱਚ ਸਿੱਖਿਆ ਵਿੱਚ ਅੰਤਰਰਾਸ਼ਟਰੀਕਰਨ ਨੂੰ ਉਤਸ਼ਾਹਿਤ ਕਰਨ ਦੇ ਵਿਜ਼ਨ ਦੀ ਕੁੰਜੀ ਹਨ। ਇਹ ਸਹਿਯੋਗ ਨਾ ਸਿਰਫ ਸਾਡੇ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਨਵੇਂ ਮੌਕੇ ਖੋਲ੍ਹੇਗਾ, ਸਗੋਂ ਗਿਆਨ ਦੇ ਆਦਾਨ-ਪ੍ਰਦਾਨ ਅਤੇ ਨਵੀਨਤਾ ਰਾਹੀਂ ਵਿਸ਼ਵ ਅਕਾਦਮਿਕ ਭਾਈਚਾਰੇ ਵਿੱਚ ਵੀ ਯੋਗਦਾਨ ਪਾਵੇਗਾ।

# ਜਿਨ੍ਹਾਂ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ਼ਾਮਲ ਨਹੀਂ ਕੀਤਾ, ਕਿ ਇਨ੍ਹਾਂ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੂਰ ਕਰਨ ਦੀ ਸਾਜਿਸ਼ ਤਾਂ ਨਹੀਂ : ਹਰਮਨਜੀਤ ਸਿੰਘ

ਅੰਮ੍ਰਿਤਸਰ, 26 ਜੂਨ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿਚ 34 ਮੈਂਬਰੀ ਕਮੇਟੀ ਦੇ ਗਠਨ ਵਿਚ ਜਿਨ੍ਹਾਂ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ਼ਾਮਲ ਨਹੀਂ ਕੀਤਾ ਗਿਆ, ਕਿ ਇਨ੍ਹਾਂ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੂਰ ਕਰਨ ਦੀ ਸਾਜਿਸ਼ ਤਾਂ ਨਹੀਂ ? ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਸਿੰਘ ਸਭਾ ਦੇ ਜਰਨਲ ਸਕੱਤਰ ਹਰਮਨਜੀਤ ਸਿੰਘ ਨੇ ਕਰਦਿਆ ਕਿਹਾ ਕਿ ਸਿੱਖਾਂ ਦੀ ਸਭ ਤੋਂ ਪੁਰਤਨ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਜੋ ਕਿ ਸੰਨ 1873 ਵਿਚ ਸਿੱਖੀ ਦੇ ਪ੍ਰਚਾਰ ਪਸਾਰ ਲਈ ਸਥਾਪਿਤ ਹੋਈ ਸੀ ਅਤੇ ਲਗਾਤਾਰ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ। ਸਿੱਖਾਂ ਦੀਆਂ ਪ੍ਰਮੁੱਖ ਸੰਸਥਾਵਾਂ ਜੋ ਕਿ ਸਿੱਖਾਂ ਦੀ ਨੁਮਾਇੰਦਗੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋ ਕੇ ਸਿੱਖੀ ਦੇ ਪ੍ਰਚਾਰ ਪਸਾਰ ਨਾਲ ਜੁੜੀਆਂ ਨੂੰ ਵਿਸਾਰਨਾ ਕਿਤੇ ਨਾ ਕਿਤੇ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੂਰ ਕਰਨ ਦੀ ਮਨਸ਼ਾ ਉਜਾਗਰ ਕਰ ਰਹੀ ਹੈ। ਹਰਮਨਜੀਤ ਸਿੰਘ ਨੇ ਕਿਹਾ ਕਿ ਇਸ 34 ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਜਿਆਦਾਤਰ ਹਾਂ ਵਿਚ ਜਾਂ ਮਿਲਾਉਣ ਵਾਲੇ ਹੀ ਨੁਮਾਇੰਦੇ ਸ਼ਾਮਲ ਕੀਤੇ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਹੋ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਸੂਝਵਾਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨਾਂਦੇੜ ਬੋਰਡ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਆਦਿ ਦੇ ਨੁਮਾਇੰਦਿਆਂ ਨੂੰ ਸ਼ਾਮਲ ਨਾ ਕਰਨ ਵਰਗੀ ਭੁਲ ਕਿਵੇਂ ਕੀਤੀ ਹੋਵੇਗੀ, ਜਾਂ ਫਿਰ ਇਹ ਮੰਨ ਕੇ ਸੰਤੁਸ਼ਟੀ ਕਰਨੀ ਪਵੇਗੀ, ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੂਰ ਕਰਨ ਲਈ ਇਸ ਤਰਾਂ ਕਰ ਰਹੀ ਹੈ। ਜੇਕਰ ਸ਼੍ਰੋਮਣੀ ਕਮੇਟੀ ਇਨ੍ਹਾਂ ਉਪਰੋਕਤ ਸੰਸਥਾਵਾਂ ਨੂੰ ਨਾਲ ਲੈ ਕੇ ਨਹੀਂ ਚੱਲਣਾ ਚਾਹੁੰਦੀ ਤਾਂ ਫਿਰ ਸ਼੍ਰੋਮਣੀ ਕਮੇਟੀ ਨੂੰ ਇਹ ਵੀ ਪ੍ਰਚਾਰਨ ਦੀ ਲੋੜ ਨਹੀਂ ਕਿ ਸ਼੍ਰੋਮਣੀ ਕਮੇਟੀ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਝੰਡੇ ਥੱਲੇ ਹਰੇਕ ਸਿੱਖ ਨੂੰ ਇਕੱਤਰ ਹੋਣਾ ਚਾਹੀਦਾ ਹੈ।



# ਪਿੰਡ ਉਗਰ ਔਲਖ ਵਿਖੇ ਚੜ੍ਹਦੀਕਲਾ ਮਜ਼ਦੂਰ ਟ੍ਰੇਡ ਯੂਨੀਅਨ ਪੰਜਾਬ ਦੀ ਮੀਟਿੰਗ



ਅੰਮ੍ਰਿਤਸਰ, 26 ਜੂਨ, (ਮਧੂ ਰਾਜਪੂਤ) : ਅੱਜ ਪਿੰਡ ਉਗਰ ਔਲਖ ਵਿਖੇ ਚੜ੍ਹਦੀਕਲਾ ਮਜ਼ਦੂਰ ਟ੍ਰੇਡ ਯੂਨੀਅਨ ਪੰਜਾਬ ਦੀ ਮੀਟਿੰਗ ਹੋਈ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਅਹੁਦੇਦਾਰ ਮੈਂਬਰ ਸਾਹਿਬਾਨ ਮਜ਼ਦੂਰ ਵਰਗ ਭਾਈਚਾਰੇ ਦਾ ਵੱਡਾ ਇਕੱਠ ਹੋਇਆ। ਇਹ ਮੀਟਿੰਗ ਨਸ਼ਿਆਂ ਖਿਲਾਫ ਕੀਤੀ ਗਈ, ਨਸ਼ੇ ਦੇ ਮੁੱਦੇ 'ਤੇ ਚੜ੍ਹਦੀਕਲਾ ਮਜ਼ਦੂਰ ਟ੍ਰੇਡ ਯੂਨੀਅਨ ਪੰਜਾਬ ਬਹੁਤ ਸ਼ਖਤੀ ਨਾਲ ਪੇਸ਼ ਹੁੰਦੀ ਹੈ। ਵੱਖ ਵੱਖ ਬੁਲਾਰਿਆਂ ਨੇ ਬੋਲਦਿਆਂ ਮਜ਼ਦੂਰ ਵਰਗ ਨੂੰ ਉਹਨਾਂ ਦੀਆਂ ਲੋੜਾਂ ਅਤੇ ਬਣਦੇ ਹੱਕਾਂ ਬਾਰੇ ਜਾਣੂੰ ਕਰਵਾਇਆ। ਪੰਜਾਬ ਪ੍ਰਧਾਨ ਨੇ ਸਰਕਾਰ ਨੂੰ ਘੇਰਦਿਆਂ ਹੋਇਆਂ ਦੋਸ਼ ਲਾਇਆ ਸਾਡੇ ਦਾ ਭਾਈਚਾਰੇ ਦਾ ਕੋਈ ਵੀ ਕੰਮ ਸਰਕਾਰ ਨੇ ਨਹੀਂ ਕੀਤਾ, ਸਰਕਾਰ ਬਣਨ ਤੋਂ ਪਹਿਲਾਂ ਕੇਜਰੀਵਾਲ ਸਾਹਿਬ ਨੇ ਬਿਆਨ ਦਿੱਤਾ ਸੀ ਕੀ ਡਿਪਟੀ ਸੀ ਐਮ ਏ ਸੀ ਭਾਈਚਾਰੇ ਦਾ ਹੋਵੇਗਾ।ਇੱਥੇ ਸਰਕਾਰ ਨੇ ਸਾਡੇ ਐਸੀ ਭਾਈਚਾਰੇ ਅਤੇ ਮਜ਼ਦੂਰ ਵਰਗ ਨੂੰ ਬਹੁਤ ਤਗੜੀ ਸੱਟ ਮਾਰੀ ਆ।ਆਉਣ ਵਾਲੇ ਸਮੇਂ ਵਿੱਚ ਇਹਦਾ ਹਰਜਾਨਾ ਆਪ ਸਰਕਾਰ ਨੂੰ ਭੁਗਤਣਾ ਹੋਊਗਾ। ਇਸ ਮੌਕੇ ਪੰਜਾਬ ਪ੍ਰਧਾਨ ਸਰਦਾਰ ਸੁਵਿੰਦਰ ਸਿੰਘ ਬੱਲ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਡਾਕਟਰ ਗੁਰਪ੍ਰੀਤ ਸਿੰਘ ਮਹਿਲਾਂ ਵਾਲਾ ਜ਼ਿਲ੍ਹਾ ਅੰਮ੍ਰਿਤਸਰ ਚੇਅਰਮੈਨ ਗਗਨਦੀਪ ਸਿੰਘ ਵਾਈਸ ਪ੍ਰੈਜੀਡੈਂਟ ਹਰਜਿੰਦਰ ਸਿੰਘ ਕਿਆਪੁਰਾ ਬਲਕਾਰ ਸਿੰਘ ਮਹਿਲਾਂ ਵਾਲਾ ਵਾਈਸ ਪ੍ਰੈਜੀਡੈਂਟ ਜੋਬਨ ਸਿੰਘ ਦਾਲਮ ਯੂਥ ਵਿੰਗ ਜ਼ਿਲ੍ਹਾ ਅੰਮ੍ਰਿਤਸਰ ਮਨੋਹਰ ਸਿੰਘ ਮੁਰਾਦਪੁਰਾ ਵਾਈਸ ਪ੍ਰੈਸੀਡੈਂਟ ਹਰਪਾਲ ਸਿੰਘ ਮੁਰਾਦਪੁਰਾ ਬਲਾਕ ਪ੍ਰਧਾਨ ਵੇਰਕਾ ਹਰਪਾਲ ਸਿੰਘ ਬਿੱਲੋ ਪ੍ਰਧਾਨ ਪਿੰਡ ਬੱਲ ਕਲਾ ਸਾਬ ਸਿੰਘ ਬੱਲ ਸਰਪੰਚ ਨਿਰਮਲ ਸਿੰਘ ਦਾਲਮ ਸਰਪੰਚ ਰਣਜੀਤ ਸਿੰਘ ਪਿੰਡ ਠੱਠੇ ਜ਼ਿਲ੍ਹਾ ਗੁਰਦਾਸਪੁਰ ਸੁਖਵਿੰਦਰ ਸਿੰਘ ਮਹਿਲਾਂ ਵਾਲਾ ਬਲਾਕ ਵਾਈਸ ਪ੍ਰਧਾਨ ਲਵ ਬੱਲ ਬੱਗੀ ਬੱਲ ਆਦਿ ਹਾਜ਼ਰ ਰਹੇ।

# ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਸਬੰਧੀ ਸੰਗਤਾਂ ਵਿੱਚ ਭਾਰੀ ਉਤਸ਼ਾਹ : ਭਾਈ ਅਭਿਆਸੀ



ਅੰਮ੍ਰਿਤਸਰ, 26 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ (ਅਲਾਹਾਬਾਦ), ਕਾਨ੍ਹਪੁਰ, ਉਨਾਵ ਅਤੇ ਲਖਨਊ ਵਿਖੇ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇਕੱਤਰਤਾਵਾਂ ਕਰਕੇ ਪ੍ਰਬੰਧਾਂ ਸਬੰਧੀ ਵਿਚਾਰਾਂ ਕੀਤੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਉੱਤਰ ਪ੍ਰਦੇਸ਼ ਗਏ ਭਾਈ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਨਵੰਬਰ 2025 'ਚ ਮਨਾਈ ਜਾ ਰਹੀ ਹੈ। ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਨਗਰ ਕੀਰਤਨ ਗੁਰਦੁਆਰਾ ਧੋਬੜੀ ਸਾਹਿਬ (ਅਸਾਮ) ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਣਾ ਹੈ। ਇਸ ਸਬੰਧ ਵਿਚ ਯੂਪੀ ਦੇ ਵੱਖ-ਵੱਖ ਸ਼ਹਿਰਾਂ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਇਕੱਤਰਤਾਵਾਂ ਕੀਤੀਆਂ ਗਈਆਂ, ਜਿਨ੍ਹਾਂ ਨਗਰ ਕੀਰਤਨ ਦੌਰਾਨ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਭਾਈ ਅਭਿਆਸੀ ਨੇ ਕਿਹਾ ਕਿ ਨਗਰ ਕੀਰਤਨ ਦੇ ਸਵਾਗਤ ਲਈ ਯੂਪੀ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ।ਉਨ੍ਹਾਂ ਸੰਗਤਾਂ ਨੂੰ ਨਗਰ ਕੀਰਤਨ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਇਨ੍ਹਾਂ ਇਕੱਤਰਤਾਵਾਂ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਨ੍ਹਪੁਰ ਦੇ ਪ੍ਰਧਾਨ ਹਰਵਿੰਦਰ ਸਿੰਘ ਲਾਰਡ, ਸਿੰਘ ਸਭਾ ਸੁਸਾਇਟੀ ਦੇ ਪ੍ਰਧਾਨ ਸ. ਕੁਲਦੀਪ ਸਿੰਘ, ਗੁਰਦੁਆਰਾ ਕੀਰਤਨਗੜ੍ਹ ਗੁਮਟੀ ਦੇ ਪ੍ਰਧਾਨ ਹਰਜੀਤ ਸਿੰਘ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪ੍ਰਯਾਗਰਾਜ (ਅਲਾਹਾਬਾਦ) ਦੇ ਪ੍ਰਧਾਨ ਸ. ਹਰਜਿੰਦਰ ਸਿੰਘ, ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਸ. ਬ੍ਰਿਜਪਾਲ ਸਿੰਘ, ਪ੍ਰਚਾਰਕ ਭਾਈ ਜਗਜੀਤ ਸਿੰਘ, ਭਾਈ ਵਰਿੰਦਰਪਾਲ ਸਿੰਘ ਅਤੇ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਸਰਕਾਰੀ ਆਈ.ਟੀ.ਆਈ. ਕੱਦ ਗਿੱਲ ਵਿਖੇ ਲਗਾਇਆ ਰੋਜ਼ਗਾਰ ਮੇਲਾ



ਤਰਨ ਤਾਰਨ, 26 ਜੂਨ, (ਪੁਸ਼ਪਿੰਦਰ ਬੰਟੀ/ਗੁਰਵਿੰਦਰ ਸਿੰਘ) : ਪੰਜਾਬ ਸਰਕਾਰ ਤਕਨੀਕੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ 'ਤੇ ਅੱਜ ਸਰਕਾਰੀ ਆਈ ਟੀ ਆਈ ਕੱਦ ਗਿੱਲ ਤਰਨ ਤਰਨ ਵਿੱਚ ਇੱਕ ਅਪਰੈਂਟਿਸ਼ਿਪ ਅਤੇ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਵਿੱਚ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਵੱਡੀਆਂ ਕੰਪਨੀਆਂ ਦੇ ਨੁਮਾਇਦਿਆਂ ਨੇ ਭਾਗ ਲੈ ਕੇ ਲੱਗਭੱਗ 74 ਬੱਚਿਆਂ ਦੀ ਚੋਣ ਕੀਤੀ ਗਈ। ਇਸ ਮੌਕੇ 'ਤੇ ਸੰਸਥਾ ਦੇ ਪ੍ਰਿੰਸੀਪਲ ਜਰਨੈਲ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਸਕਿਲ ਵਿੱਚ ਨਿਪੁੰਨ ਬੱਚਿਆਂ ਨੂੰ ਰੁਜ਼ਗਾਰ ਦੀ ਕੋਈ ਕਮੀ ਨਹੀਂ ਹੈ! ਸੰਸਥਾਵਾਂ ਵਿੱਚ ਜਿੱਥੇ ਬੱਚਿਆਂ ਨੂੰ ਵੱਖ-ਵੱਖ ਕੋਰਸ ਕਰਵਾਏ ਜਾਂਦੇ ਹਨ, ਉੱਥੇ ਹੀ ਪਾਸ ਆਊਟ ਬੱਚਿਆਂ ਨੂੰ ਵੱਖ-ਵੱਖ ਅਦਾਰਿਆਂ ਵਿੱਚ ਅਪਰੈਂਟਿਸ਼ਿਪ ਅਤੇ ਰੁਜ਼ਗਾਰ ਦੇਣ ਦੇ ਉਪਰਾਲੇ ਵੀ ਕੀਤੇ ਜਾਂਦੇ ਹਨ ਇਸ ਮੌਕੇ ਤੇ ਵਰਧਮਾਨ ਇੰਡਸਟਰੀ ਲੁਧਿਆਣਾ ਸਵਰਾਜ ਗਰੁੱਪ ਮੁਹਾਲੀ ਰਿਹਾਨਾ ਇੰਡਸਟਰੀ ਅੰਮ੍ਰਿਤਸਰ ਸੰਦੀਪ ਬਰਾਈਡਰ ਵਰਕਸ਼ਾਪ ਅੰਮ੍ਰਿਤਸਰ ਆਦਿ ਨੇ ਇਸ ਮੇਲੇ ਵਿੱਚ ਸ਼ਿਰਕਤ ਕਰਕੇ ਵੱਖ ਵੱਖ ਟ੍ਰੇਡਾ ਦੇ ਪਾਸ ਆਊਟ ਬੱਚਿਆਂ ਦੀ ਚੋਣ ਕੀਤੀ ਸਵਰਾਜ ਗਰੁੱਪ ਮੋਹਾਲੀ ਅਤੇ ਵਰਧਮਾਨ ਗਰੁੱਪ ਲੁਧਿਆਣਾ ਵਲੋਂ ਨੌਕਰੀ ਲਈ ਚੁਣੇ ਹੋਏ ਸਿਖਿਆਰਥੀਆਂ ਨੂੰ ਕੰਪਨੀਆਂ ਅਧਿਕਾਰੀਆਂ ਵਲੋਂ ਆਫਰ ਲੈਟਰ ਸੌਂਪਦੇ ਹੋਏ ਇਸ ਮੌਕੇ ਤੇ ਜਿਲੇ ਦੀਆਂ ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਆਈ ਟੀ ਆਈਜ ਤੋਂ ਪਾਸ ਆਊਟ ਸਿਖਿਆਰਥੀਆਂ ਨੇ ਹਿੱਸਾ ਲਿਆ ਇਸ ਮੌਕੇ ਤੇ ਸਟੇਜ ਸੈਕਟਰੀ ਸਰਦਾਰ ਰਘਬੀਰ ਸਿੰਘ ਅਨੰਦ ਸੁਪਰਡੈਂਟ ਵੱਲੋਂ ਨਿਭਾਈ ਗਈ ਇਸ ਮੌਕੇ ਤੇ ਵੱਖ ਵੱਖ ਆਈਟੀਆਈ ਦੇ ਸਟਾਫ ਤੋਂ ਇਲਾਵਾ ਕੱਦ ਗਿੱਲ ਦੇ ਸਟਾਫ ਸ਼੍ਰੀ ਜਤਿੰਦਰ ਕੁਮਾਰ ਦਫਤਰ ਇਨਚਾਰਜ ਸ੍ਰੀਮਤੀ ਨੀਰੂ ਬਾਲਾ ਸ਼੍ਰੀਮਤੀ ਆਰਤੀ ਸਿਮਰਨਜੀਤ ਕੌਰ ਅਮਨਦੀਪ ਕੌਰ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ

# ਸੀ. ਐਚ. ਸੀ. ਸਿੰਘੋਵਾਲ ਵਿਖੇ ਅੰਤਰ ਰਾਸ਼ਟਰੀ ਨਸ਼ਾ ਰੋਕਥਾਮ ਸਬੰਧੀ ਸੈਮੀਨਾਰ



ਦੀਨਾਨਗਰ, 26 ਜੂਨ, (ਡਾ.ਰਮੇਸ਼ ਸਰੰਗਲ) : ਸਾਡੇ ਸਮਾਜ ਵਿੱਚ ਕੈਂਸਰ ਦੀ ਬਿਮਾਰੀ ਵਾਂਗ ਫੈਲ ਕੇ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੇ ਨਸ਼ੀਲੇ ਪਦਾਰਥਾਂ ਦੇ ਸੇਵਨ ਅਤੇ ਉਹਨਾਂ ਦੀ ਗੈਰ ਕਾਨੂੰਨੀ ਤਸਕਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਜ ਕਮਿਊਨਿਟੀ ਸਿਹਤ ਕੇਂਦਰ ਸਿੰਘੋਵਾਲ, ਦੀਨਾਨਗਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਵਰਿੰਦਰ ਮੋਹਨ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਹਸਪਤਾਲ ਦੇ ਸਮੂਹ ਸਟਾਫ ਇਲਾਕੇ ਦੇ ਨੌਜਵਾਨਾਂ ਦੇ ਨਾਲ ਨਾਲ ਨਸ਼ੇ ਤੋਂ ਪੀੜਿਤ ਮਰੀਜ਼ਾਂ ਨੇ ਵੀ ਹਿੱਸਾ ਲਿਆ।

ਡਾ. ਰਾਣਾ ਨੇ ਦੱਸਿਆ ਕਿ ਨਸ਼ੇ ਦੀ ਦਲਦਲ ਵਿੱਚ ਫਸੇ ਬਹੁਤ ਸਾਰੇ ਮਰੀਜ਼ ਸੀ.ਐਚ.ਸੀ. ਸਿੰਘੋਵਾਲ ਵਿਖੇ ਹੋਮਿਓਪੈਥੀ ਦਵਾਈ ਨਾਲ ਨਸ਼ੇ ਤੋਂ ਤੌਬਾ ਕਰ ਚੁੱਕੇ ਹਨ। ਨਸ਼ੇ ਦੇ ਮਰੀਜ਼ਾਂ ਲਈ ਹੋਮਿਓਪੈਥੀ, ਆਯੁਰਵੈਦਿਕ, ਯੋਗ ਅਤੇ ਆਯੂਸ਼ ਚਕਿਤਸਾ ਪ੍ਰਣਾਲੀਆਂ ਬਹੁਤ ਮੱਦਦਗਾਰ ਸਾਬਤ ਹੋ ਰਹੀਆਂ ਹਨ। ਇਹ ਚਿਕਿਤਸਾ ਪ੍ਰਣਾਲੀਆਂ ਨਾ ਕੇਵਲ ਨਸ਼ਾ ਛੱਡਣ ਕਾਰਨ ਪੈਦਾ ਹੋਏ ਲੱਛਣ ਤੋਂ ਨਿਪਟਨ ਵਿੱਚ ਸਹਾਈ ਹਨ ਬਲਕਿ ਇਹ ਮਰੀਜ਼ ਦਾ ਮਨੋਬਲ ਵਧਾ ਕੇ ਉਸ ਵਿੱਚ ਜਿੰਦਗੀ ਨੂੰ ਚੰਗੇ ਤਰੀਕੇ ਨਾਲ ਜਿਉਣ ਦਾ ਜਜ਼ਬਾ ਵੀ ਪੈਦਾ ਕਰਦੀਆਂ ਹਨ। ਸਰੀਰ ਦੇ ਨਾਲ ਨਾਲ ਮਨ ਅਤੇ ਆਤਮਾ ਤੱਕ ਅਸਰ ਕਰਨ ਵਾਲੀਆਂ ਇਹਨਾਂ ਚਿਕਿਤਸਾ ਪ੍ਰਣਾਲੀਆਂ ਦੀ ਸੇਵਾ ਵੀ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਦਿੱਤੀ ਜਾ ਰਹੀ ਹੈ।

ਡਾ. ਰਾਣਾ ਨੇ ਆਏ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਨਸ਼ੇ ਨੂੰ ਖਤਮ ਕਰਨ ਲਈ ਹਰ ਸੰਭਵ ਪਰਿਆਸ ਕਰ ਰਹੀ ਹੈ। ਸਾਨੂੰ ਸਭ ਨੂੰ ਵੀ ਸਰਕਾਰ ਦੇ ਨਾਲ ਨਾਲ ਸਰਕਾਰੀ ਸੰਸਥਾਵਾਂ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਮਿਲ ਕੇ ਇਸ ਨਸ਼ੇ ਰੂਪੀ ਕੋਹੜ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਆਪਣੀ ਆਪਣੀ ਜਿੰਮੇਵਾਰੀ ਸਮਝਦੇ ਹੋਏ ਆਪਣੀ ਕਾਬਲੀਅਤ ਮੁਤਾਬਕ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ।

ਇਸ ਸੈਮੀਨਾਰ ਵਿੱਚ ਡਾ. ਮੋਹਿਤ ਕਾਟਲ, ਡਾ. ਜੋਤ ਪਾਲ, ਮੈਡਮ ਨਿਰਮਲ ਸਤਵੰਤੀ, ਓਟ ਕੌਂਸਲਰ ਮਨਿੰਦਰ ਸਿੰਘ, ਸਟਾਫ ਨਵਜੀਤ ਕੌਰ, ਦਾਨਿਸ਼ ਕੁਮਾਰ, ਸਟਾਫ ਨਰਸ ਵਰਿੰਦਰ ਕੌਰ, ਹਰਜੀਤ ਕੌਰ, ਲਖਵਿੰਦਰ ਕੌਰ, ਹੋਮਿਓਪੈਥੀ ਡਿਸਪੈਂਸਰੀ ਭਾਰਤ ਭੂਸ਼ਨ, ਸਾਹਿਬ ਸਿੰਘ, ਮਨਜੀਤ ਕੁਮਾਰ, ਅੰਸ਼ੁਲ, ਭੂਪੇਸ ਚੰਦਰ ਆਦਿ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਹਾਜ਼ਰ ਸਨ।

# ਕੇਂਦਰ ਐਮਰਜੈਂਸੀ ਦੌਰਾਨ ਜਾਰੀ ਕੀਤੇ ਪਾਣੀ ਵੰਡ ਆਰਡੀਨੈਂਸਾਂ 'ਤੇ ਮੁੜ ਵਿਚਾਰ ਕਰੇ : ਪ੍ਰੋ. ਖਿਆਲਾ

ਅੰਮ੍ਰਿਤਸਰ, 26 ਜੂਨ, (ਗੁਰਦਿਆਲ ਸਿੰਘ) : ਭਾਰਤੀ ਜਨਤਾ ਪਾਰਟੀ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ 1975 ਦੀ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੁਆਰਾ ਜਾਰੀ ਕੀਤੇ ਗਏ ਸਾਰੇ ਆਰਡੀਨੈਂਸਾਂ ਦੀ ਸਮੀਖਿਆ ਅਤੇ ਸੋਧ ਦੀ ਮੰਗ ਕੀਤੀ ਹੈ, ਜੋ ਕਿ ਸੰਵਿਧਾਨ ਦੀ ਮੂਲ ਭਾਵਨਾ ਅਤੇ ਸੰਘੀ ਢਾਂਚੇ ਦੇ ਵਿਰੁੱਧ ਸਨ। ਖ਼ਾਸ ਤੌਰ 'ਤੇ, ਉਨ੍ਹਾਂ ਨੇ 24 ਮਾਰਚ 1976 ਨੂੰ ਜਾਰੀ ਕੀਤੇ ਗਏ ਆਰਡੀਨੈਂਸ 'ਤੇ ਸਵਾਲ ਉਠਾਏ ਹਨ, ਜਿਸ ਦੇ ਤਹਿਤ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਅਨੁਚਿਤ ਅਤੇ ਗੈਰ-ਸੰਵਿਧਾਨਕ ਤਰੀਕੇ ਨਾਲ ਵੰਡਿਆ ਗਿਆ ਸੀ।



ਪ੍ਰੋ. ਖਿਆਲਾ ਨੇ ਕਿਹਾ ਕਿ ਇਹ ਆਰਡੀਨੈਂਸ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਵਿਵਾਦਪੂਰਨ ਮੁੱਦੇ - ਸਤਲੁਜ-ਯਮੁਨਾ ਲਿੰਕ - ਦੀ ਨੀਂਹ ਬਣ ਗਿਆ ਅਤੇ ਇਸ ਨਾਲ 1980 ਦੇ ਦਹਾਕੇ ਵਿੱਚ ਸ਼ੁਰੂ ਹੋਈ ਪੰਜਾਬ ਦੁਖਾਂਤ ਦਾ ਮੂਲ ਕਾਰਨ ਬਣਿਆ। ਉਨ੍ਹਾਂ ਕਿਹਾ ਕਿ ਪਾਣੀ ਦੇ ਅਧਿਕਾਰ 'ਰਾਜ ਦਾ ਵਿਸ਼ਾ' ਹੈ, ਜਿਸਨੂੰ ਭਾਰਤੀ ਸੰਵਿਧਾਨ ਦੇ ਸੱਤਵੇਂ ਅਨੁਸੂਚੀ ਅਤੇ ਧਾਰਾ 246 ਵਿੱਚ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਦੇ ਬਾਵਜੂਦ, ਕੇਂਦਰ ਦੀ ਤਤਕਾਲੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਪਾਣੀ ਦੇ ਅਧਿਕਾਰਾਂ 'ਤੇ ਕਬਜ਼ਾ ਕਰਨ ਲਈ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਦੀ ਦੁਰਵਰਤੋਂ ਕੀਤੀ।

ਪ੍ਰੋ. ਖਿਆਲਾ ਨੇ ਇਹ ਵੀ ਕਿਹਾ ਕਿ ਜਸਟਿਸ ਸੰਜੇ ਕ੍ਰਿਸ਼ਨ ਕੌਲ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ 14 ਦਸੰਬਰ 2020 ਨੂੰ ਐਮਰਜੈਂਸੀ ਨੂੰ 'ਦੇਸ਼ ਲਈ ਗੈਰ-ਜ਼ਰੂਰੀ' ਕਰਾਰ ਦਿੱਤਾ ਸੀ। ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀ ਹਾਲ ਹੀ ਵਿੱਚ ਐਮਰਜੈਂਸੀ ਦੀ ਸਖ਼ਤ ਆਲੋਚਨਾ ਕੀਤੀ ਹੈ।

# ਡਿਪਟੀ ਕਮਿਸ਼ਨਰ ਨੇ ਲਗਾਈ ਕਬੂਤਰਬਾਜ਼ੀ ਮੁਕਾਬਲਿਆਂ ਉੱਤੇ ਰੋਕ

ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਕਮ ਜ਼ਿਲਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਬੂਤਰਬਾਜ਼ੀ ਮੁਕਾਬਲੇ ਕਰਵਾਉਣ ਉੱਤੇ ਪੂਰਨ ਤੌਰ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 25 ਅਗਸਤ 2025 ਤੱਕ ਲਾਗੂ ਰਹਿਣਗੇ। ਜਾਰੀ ਕੀਤੇ ਹੁਕਮਾਂ ਵਿੱਚ ਉਹਨਾਂ ਨੇ ਦੱਸਿਆ ਕਿ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਹੋਏ ਪੱਤਰ ਅਨੁਸਾਰ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਨੂੰ ਇਸ ਸਬੰਧੀ ਸ਼ਿਕਾਇਤਾਂ ਆ ਰਹੀਆਂ ਸਨ ਕਿ ਕਬੂਤਰਬਾਜੀ ਮੁਕਾਬਲਿਆਂ ਦੌਰਾਨ ਪੀਸੀਏ ਐਕਟ 1960 ਦੇ ਸੈਕਸ਼ਨ ਤਿੰਨ ਅਤੇ 11 ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੇ ਮੁਕਾਬਲੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ ਹਨ। ਇਸ ਲਈ ਜਿਲ੍ਹੇ ਵਿੱਚ ਅਜਿਹੀਆਂ ਗਤੀਵਿਧੀਆਂ ਉੱਤੇ ਸੰਪੂਰਨ ਰੋਕ ਲਗਾਉਣ ਦੀ ਹੁਕਮ ਜਾਰੀ ਕਰ ਦਿੱਤੇ ਗਏ ਹਨ। ਉਨਾਂ ਕਿਹਾ ਕਿ ਇਹਨਾਂ ਗਤੀਵਿਧੀਆਂ ਨਾਲ ਸੰਬੰਧਿਤ ਵਿਅਕਤੀ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਜਥੇਦਾਰ ਗੜਗੱਜ ਨੇ ਕਰਤਾਰ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਕੀਤਾ ਦੁੱਖ ਸਾਂਝਾ

## ਅੰਮ੍ਰਿਤਸਰ ਪੁਲਿਸ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਦੇ ਖਿਲਾਫ਼ ਕਰੇ ਸਖਤ ਕਾਰਵਾਈ : ਜਥੇਦਾਰ ਗੜਗੱਜ



ਅੰਮ੍ਰਿਤਸਰ, 26 ਜੂਨ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨੀਂ ਭੇਤ ਭਰੇ ਹਾਲਾਤ ਵਿੱਚ ਚਲਾਣਾ ਕਰ ਗਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਵਜੋਂ ਸੇਵਾਵਾਂ ਨਿਭਾਅ ਰਹੇ ਸ. ਕਰਤਾਰ ਸਿੰਘ ਦੇ ਪਰਿਵਾਰ ਨਾਲ ਪਿੰਡ ਚੋਹਲਾ ਸਾਹਿਬ ਜ਼ਿਲ੍ਹਾ ਤਰਨ ਤਾਰਨ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਮੁਲਾਕਾਤ ਕੀਤੀ, ਤੇ ਦੁੱਖ ਸਾਂਝਾ ਕੀਤਾ। ਜਥੇਦਾਰ ਗੜਗੱਜ ਨੇ ਕਿਹਾ ਕਿ ਸ. ਕਰਤਾਰ ਸਿੰਘ ਸ਼ਹੀਦ ਪਰਿਵਾਰ ਵਿੱਚੋਂ ਸਨ, ਜਿਨ੍ਹਾਂ ਦੇ ਪਿਤਾ ਅਤੇ ਦੋ ਭਰਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਹਨ। ਉਨ੍ਹਾਂ ਕਿਹਾ ਕਿ ਕਰਤਾਰ ਸਿੰਘ ਪੰਥਕ ਭਾਵਨਾ ਵਾਲੇ ਸਿੰਘ ਸਨ, ਜਿਨ੍ਹਾਂ ਨੇ ਸਿੱਖ ਸੰਸਥਾ ਵੱਲੋਂ ਲੱਗੀਆਂ ਸੇਵਾਵਾਂ ਹਮੇਸ਼ਾ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈਆਂ। ਇਸ ਮੌਕੇ ਜਥੇਦਾਰ ਗੜਗੱਜ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜਥੇਦਾਰ ਗੜਗੱਜ ਨਾਲ ਮੁਲਾਕਾਤ ਦੌਰਾਨ ਸ. ਕਰਤਾਰ ਸਿੰਘ ਦੀਆਂ ਭੈਣਾਂ ਅਤੇ ਪਰਿਵਾਰਕ ਮੈਂਬਰਾਂ ਨੇ ਇਹ ਖ਼ਦਸ਼ਾ ਪ੍ਰਗਟਾਇਆ ਕਿ ਉਨ੍ਹਾਂ ਨੂੰ ਕਤਲ ਕਰਕੇ ਨਹਿਰ ਵਿੱਚ ਸੁੱਟਿਆ ਗਿਆ ਹੈ ਅਤੇ ਉਹ ਚੜ੍ਹਦੀ ਕਲਾ ਵਾਲੇ ਸਿੰਘ ਸਨ ਜੋ ਆਤਮ ਹੱਤਿਆ ਨਹੀਂ ਕਰ ਸਕਦੇ ਸਨ। ਪਰਿਵਾਰ ਨੇ ਇਹ ਵੀ ਦੱਸਿਆ ਕਿ ਪੁਲਿਸ ਵੱਲੋਂ ਸ. ਕਰਤਾਰ ਸਿੰਘ ਦਾ ਮੋਬਾਈਲ ਫ਼ੋਨ ਹੁਣ ਤੱਕ ਬਰਾਮਦ ਨਹੀਂ ਕੀਤਾ ਗਿਆ ਅਤੇ ਇਹ ਮੰਗ ਕੀਤੀ ਕਿ ਪੁਲਿਸ ਜਾਂਚ ਵਿੱਚ ਕਿਸੇ ਕਿਸਮ ਦੀ ਢਿਲਾਈ ਨਾ ਵਰਤੇ। ਇਸ ਸਬੰਧੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੰਮ੍ਰਿਤਸਰ ਪੁਲਿਸ ਨੂੰ ਇਸ ਮਾਮਲੇ ਵਿੱਚ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਸ. ਗੁਰਬਚਨ ਸਿੰਘ ਕਰਮੂਵਾਲਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੁਲਾਈ ਮਹੀਨੇ 'ਚ ਵੱਡੇ ਪੱਧਰ 'ਤੇ ਲਗਾਏ ਜਾਣਗੇ ਬੂਟੇ



ਲੁਧਿਆਣਾ, 26 ਜੂਨ (ਵਿਸ਼ਾਲ ਸ਼ਰਮਾ) : ਜ਼ਿਲ੍ਹੇ ਵਿੱਚ ਹਰਿਆਵਲ ਲਹਿਰ ਨੂੰ ਹੋਰ ਹੁਲਾਰਾ ਦੇਣ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਜੁਲਾਈ ਮਹੀਨੇ ਵਿੱਚ ਜ਼ਿਲ੍ਹੇ ਅੰਦਰ ਇੱਕ ਲੱਖ ਬੂਟੇ ਲਗਵਾਏਗਾ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਇਸ ਸਬੰਧ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜੁਲਾਈ ਮਹੀਨੇ ਤੋਂ ਵੱਡੇ ਪੱਧਰ 'ਤੇ ਬੂਟੇ ਲਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰਿਆਵਲ ਮੁਹਿੰਮ ਤਹਿਤ ਵੱਖ-ਵੱਖ ਵਿਭਾਗਾਂ ਅਤੇ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓ) ਨੂੰ ਇੱਕ ਲੱਖ ਤੋਂ ਵੱਧ ਬੂਟੇ ਲਗਾਉਣ ਦਾ ਟੀਚਾ ਦਿੱਤਾ ਗਿਆ ਹੈ ਜੋ ਸਾਰਿਆਂ ਦੇ ਸਹਿਯੋਗ ਨਾਲ ਸਰ ਕੀਤਾ ਜਾਵੇਗਾ। ਸਥਾਨਕ ਬੱਚਤ ਭਵਨ ਵਿਖੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੰਗਲਾਤ ਵਿਭਾਗ ਅਧੀਨ ਜ਼ਿਲ੍ਹੇ ਦੀਆਂ 14 ਨਰਸਰੀਆਂ ਵੱਲੋਂ ਫਲਦਾਰ, ਛਾਂਦਾਰ, ਸਜਾਵਟੀ ਆਦਿ ਕਿਸਮਾਂ ਦੇ ਬੂਟੇ ਮੁਹੱਈਆ ਕਰਵਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪਹਿਲਕਦਮੀ ਜ਼ਿਲ੍ਹੇ ਵਿੱਚ ਹਰਿਆਲੀ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਘਟੇ ਹਰਿਆਵਲ ਰਕਬੇ ਦੀ ਗੱਲ ਕਰਦਿਆਂ ਹਿਮਾਂਸ਼ੂ ਜੈਨ ਨੇ ਕਿਹਾ ਕਿ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਾਏ ਜਾਣ ਵਾਲੇ ਬੂਟਿਆਂ ਦੀ ਸਾਂਭ-ਸੰਭਾਲ ਬਹੁਤ ਲਾਜ਼ਮੀ ਹੈ ਜਿਸ ਪ੍ਰਤੀ ਸਾਰਿਆਂ ਨੂੰ ਗੰਭੀਰ ਹੋਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਇਹ ਵੀ ਦੱਸਿਆ ਕਿ ਇਹ ਪੌਦੇ ਲਗਾਉਣ ਦੀ ਮੁਹਿੰਮ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨਾਲ ਮੇਲ ਖਾਂਦੀ ਹੈ ਤਾਂ ਜੋ ਪੰਜਾਬ ਨੂੰ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਰੁੱਖ ਲਗਾਉਣ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਾਗਰਿਕਾਂ ਦੀ ਤੰਦਰੁਸਤੀ ਲਈ ਇੱਕ ਸਾਫ਼ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਨ ਜ਼ਰੂਰੀ ਹੈ। ਕਿਉਂਕਿ ਰੁੱਖ ਆਕਸੀਜਨ ਦਾ ਮੁੱਖ ਸਰੋਤ ਹਨ ਜੋ ਮਨੁੱਖੀ ਜੀਵਨ ਲਈ ਵੀ ਮਹੱਤਵਪੂਰਨ ਹਨ।

## ਨਸ਼ਾ ਤਸਕਰਾਂ ਦੀਆਂ ਗ਼ੈਰ-ਕਾਨੂੰਨੀ ਜਾਇਦਾਦਾਂ ਢਾਹੀਆਂ



ਲੁਧਿਆਣਾ, 26 ਜੂਨ (ਵਿਸ਼ਾਲ ਸ਼ਰਮਾ) : ਪੁਲਿਸ ਕਮਿਸ਼ਨਰੇਟ ਲੁਧਿਆਣਾ ਨੇ ਨਗਰ ਨਿਗਮ ਲੁਧਿਆਣਾ ਦੇ ਸਹਿਯੋਗ ਨਾਲ ਤਿੰਨ ਨਸ਼ਾ ਤਸਕਰਾਂ ਦੀਆਂ ਮਾਲਕੀ ਵਾਲੀਆਂ ਅਣ- ਅਧਿਕਾਰਤ ਜਾਇਦਾਦਾਂ ਢਾਹ ਦਿੱਤੀਆਂ ਜੋ ਕਈ ਮਾਮਲਿਆਂ ਦਾ ਸਾਹਮਣਾ ਕਰ ਰਹੇ ਸਨ। ਇਹ ਕਾਰਵਾਈ ਨਿਊ ਹਰੀਕ੍ਰਿਸ਼ਨ ਕਲੋਨੀ, ਇੰਦਰਾ ਮਾਰਕੀਟ ਅਤੇ ਟਰਾਂਸਪੋਰਟ ਨਗਰ ਵਿੱਚ ਉਨ੍ਹਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਹੈ। ਢਾਹੁਣ ਦੀ ਮੁਹਿੰਮ ਪੁਲਿਸ ਕਮਿਸ਼ਨਰੇਟ ਲੁਧਿਆਣਾ ਅਤੇ ਨਗਰ ਨਿਗਮ ਅਧਿਕਾਰੀਆਂ ਦੀ ਨਿਗਰਾਨੀ ਹੇਠ ਚਲਾਈ ਗਈ, ਜਿਸ ਵਿੱਚ ਕਾਨੂੰਨੀ ਪ੍ਰੋਟੋਕੋਲ ਦੀ ਪੂਰੀ ਪਾਲਣਾ ਨੂੰ ਯਕੀਨੀ ਬਣਾਇਆ ਗਿਆ ਅਤੇ ਜਨਤਕ ਵਿਵਸਥਾ ਬਣਾਈ ਰੱਖੀ ਗਈ। ਨਗਰ ਨਿਗਮ ਲੁਧਿਆਣਾ ਦੀ ਮਾਲਕੀ ਵਾਲੀ ਜ਼ਮੀਨ 'ਤੇ ਗੈਰ-ਕਾਨੂੰਨੀ ਤੌਰ 'ਤੇ ਬਣੀਆਂ ਜਾਇਦਾਦਾਂ ਸ਼ੇਖਰ, ਬਿਮਲਾ ਅਤੇ ਉਸਦੇ ਪੁੱਤਰ ਗੁਰਮੀਤ ਦੀਆਂ ਸਨ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਸ਼ੇਖਰ 'ਤੇ ਛੇ ਅਪਰਾਧਿਕ ਮਾਮਲੇ ਦਰਜ ਹਨ ਜਦੋਂ ਕਿ ਬਿਮਲਾ ਅਤੇ ਗੁਰਮੀਤ 'ਤੇ ਕ੍ਰਮਵਾਰ ਪੰਜ ਅਤੇ ਤਿੰਨ ਮਾਮਲੇ ਵੱਖ-ਵੱਖ ਥਾਣਿਆਂ ਵਿੱਚ ਦਰਜ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਨਸ਼ਾ ਤਸਕਰੀ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ 'ਤੇ ਜ਼ੋਰ ਦਿੰਦੇ ਹੋਏ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਸੀਂ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਅਤੇ ਆਪਣੇ ਨੌਜਵਾਨਾਂ ਦੀ ਰੱਖਿਆ ਲਈ ਵਚਨਬੱਧ ਹਾਂ। ਪੁਲਿਸ ਕਮਿਸ਼ਨਰ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਗੈਰ-ਕਾਨੂੰਨੀ ਕੰਮ ਛੱਡਣ ਦੀ ਤਾਕੀਦ ਕੀਤੀ।

## ਚੌਕੀ ਭੂੰਦੜੀ ਪੁਲਿਸ ਵੱਲੋਂ ਨਸ਼ੀਲੀਆਂ ਗੋਲ਼ੀਆਂ ਸਮੇਤ ਵਿਅਕਤੀ ਕਾਬੂ



ਜਗਰਾਓਂ, 26 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਅਤੇ ਥਾਣਾ ਸਿੱਧਵਾਂ ਬੇਟ ਦੇ ਇਨਚਾਰਜ ਇੰਸਪੈਕਟਰ ਹੀਰਾ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਚੌਕੀ ਭੂੰਦੜੀ ਦੇ ਇਨਚਾਰਜ ਏਐਸਆਈ ਦਲਜੀਤ ਸਿੰਘ ਦੀ ਅਗਵਾਈ ਵਿੱਚ ਏਐਸ ਆਈ ਮਨਜੀਤ ਸਿੰਘ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸੰਬੰਧ ਵਿੱਚ ਚੌਕ ਭੂੰਦੜੀ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੇ ਗਏ ਰਾਜੂ ਜੋ ਕਿ ਨਸ਼ੀਲੀਆਂ ਗੋਲੀਆਂ ਵੇਚਣ ਦਾ ਕੰਮ ਕਰਦਾ ਹੈ। ਜੋ ਅੱਜ ਵੀ ਮੇਨ ਭੂੰਦੜੀ ਹੰਬੜਾ ਰੋਡ ਪਰ ਦਾਨਾ ਮੰਡੀ ਕੋਲ ਬਣੀ ਪਾਣੀ ਵਾਲੀ ਟੈਂਕੀ ਪਿੰਡ ਭੂੰਦੜੀ ਪਾਸ ਖੜ੍ਹਾ ਨਸ਼ੀਲੀਆਂ ਗੋਲੀਆਂ ਵੇਚ ਰਿਹਾ ਹੈ। ਜੇਕਰ ਹੁਣੇ ਉਥੇ ਰੇਡ ਕੀਤੀ ਜਾਵੇ ਤਾਂ ਰਾਜੂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਏਐਸਆਈ ਮਨਜੀਤ ਸਿੰਘ ਵੱਲੋਂ ਮੁੱਖਬਰ ਦੀ ਭਰੋਸੇਯੋਗ ਇਤਲਾਹ ਪਰ ਮੇਨ ਜੀ.ਟੀ. ਰੋਡ ਭੂੰਦੜੀ ਹੰਬੜਾ ਦਾਣਾ ਮੰਡੀ ਕੋਲ ਬਣੀ ਪਾਣੀ ਵਾਲੀ ਟੈਂਕੀ ਪਿੰਡ ਭੂੰਦੜੀ ਰੇਡ ਕੀਤੀ ਤਾਂ ਰਾਜੂ ਨੂੰ ਕਾਬੂ ਕੀਤਾ ਗਿਆ, ਜਿਸ ਪਾਸੋਂ 20 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ।

## ਹਜ਼ਰਤ ਪੀਰ ਬਾਬਾ ਸੁਨੇਤਸ਼ਾਹ ਵਲੀ ਦੀ ਯਾਦ 'ਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ



ਲੁਧਿਆਣਾ, 26 ਜੂਨ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਵੈਲਫੇਅਰ ਸੋਸਾਇਟੀ ਵੱਲੋਂ ਜੈ ਹਜ਼ਰਤ ਪੀਰ ਬਾਬਾ ਸੁਨੇਤਸ਼ਾਹ ਵਲੀ ਜੀ ਦੀ ਮਿੱਠੀ ਯਾਦ ਵਿੱਚ ਸੁਸਾਇਟੀ ਦੇ ਪ੍ਰਧਾਨ ਸਤੀਸ਼ ਭਗਤ, ਸੀਨੀਅਰ ਮੀਤ ਪ੍ਰਧਾਨ ਸੂਰਜ ਕੁਮਾਰ ਅਤੇ ਸਮੂਹ ਪ੍ਰਬੰਧਕੀ ਕਮੇਟੀ ਦੀ ਅਗਵਾਈ ਹੇਠ ਜਵਾਹਰ ਨਗਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਾਬਕਾ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ ਆਸ਼ੂ ਨੇ ਕਿਹਾ ਕਿ ਸੱਚੇ ਮਨ ਨਾਲ ਹਜ਼ਰਤ ਪੀਰ ਬਾਬਾ ਸੁਨੇਤਸ਼ਾਹ ਵਲੀ ਜੀ ਦੀ ਯਾਦ ਵਿੱਚ ਸੇਵਾ ਕਰਨ 'ਤੇ ਹਰੇਕ ਮਨੁੱਖ ਦੀ ਮਨੋਕਾਮਨਾ ਪੂਰਨ ਹੁੰਦੀ ਹੈ। ਸੋ ਅੱਜ ਕੱਲ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਦੇ ਹੋਏ ਇਹੋ ਜਿਹੇ ਧਾਰਮਿਕ ਕੰਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸਤੀਸ਼ ਭਗਤ ਅਤੇ ਸੀਨੀਅਰ ਮੀਤ ਪ੍ਰਧਾਨ ਸੂਰਜ ਨੇ ਕਿਹਾ ਕਿ ਲੁਧਿਆਣਾ ਸ਼ਹਿਰ ਤੇ ਨਾਲ ਨਾਲ ਸਮੁੱਚੇ ਪੰਜਾਬ ਵਿੱਚ ਹਜ਼ਰਤ ਪੀਰ ਬਾਬਾ ਸੁਨੇਤਸ਼ਾਹ ਵਲੀ ਜੀ ਦੀ ਪੂਰਨ ਮਾਨਤਾ ਹੈ ਅਤੇ ਉਹਨਾਂ ਦੇ ਸ਼ਰਧਾਲੂਆਂ ਦੀ ਪੂਰਨ ਆਸਥਾ ਹੈ ਕਿ ਉਹਨਾਂ ਦੀ ਇੱਥੇ ਆਉਣ 'ਤੇ ਹਰੇਕ ਮਨੋਕਾਮਨਾ ਪੂਰੀ ਹੁੰਦੀ ਹੈ ਉਹਨਾਂ ਦੱਸਿਆ ਕਿ ਮਜ਼ਾਰ 'ਤੇ ਤਿੰਨ ਰੋਜ਼ਾ ਮੇਲਾ ਲਗਾਇਆ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਪਹਿਲੇ ਦਿਨ ਸ਼ੋਭਾ ਯਾਤਰਾ ਅਤੇ ਦੂਜੇ ਤੇ ਤੀਜੇ ਦਿਨ ਵਿਸ਼ਾਲ ਲੰਗਰ ਦੇ ਨਾਲ ਨਾਲ ਪੀਰ ਬਾਬਾ ਜੀ ਦੀ ਉਸਤਤ ਵਿੱਚ ਕਵਾਲ ਆਪਣੀ ਮਿੱਠੀ ਆਵਾਜ਼ ਵਿੱਚ ਕਵਾਲੀਆਂ ਪੇਸ਼ ਕਰਦੇ ਹਨ। ਇਸ ਮੌਕੇ ਉਕਤ ਆਗੂਆਂ ਦੇ ਇਲਾਵਾ ਸੁਸਾਇਟੀ ਦੇ ਚੇਅਰਮੈਨ ਬੋਧ ਰਾਜ, ਕੈਸ਼ੀਅਰ ਕਸ਼ਮੀਰ ਜੱਸਾ, ਸਲਾਹਕਾਰ ਦੀਪਕ ਕੁਮਾਰ, ਮੈਂਬਰ ਅਸ਼ੀਸ਼ ਕੁਮਾਰ, ਬੱਬੂ ਭਗਤ, ਪੱਪੂ ਭਗਤ, ਦੀਪਕ ਭਗਤ ਸਮੇਤ ਵਡੀ ਗਿਣਤੀ ਵਿਚ ਇਲਾਕਾ ਨਿਵਾਸੀ ਸ਼ਾਮਲ ਹੋਏ।

## 25 ਜੂਨ 1975 ਭਾਰਤੀ ਸਿਆਸਤ ਦੇ ਇਤਿਹਾਸ ਦਾ ਇੱਕ ਕਾਲਾ ਅਧਿਆਇ : ਰਜਨੀਸ਼ ਧੀਮਾਨ



ਲੁਧਿਆਣਾ, 26 ਜੂਨ (ਰਵਿੰਦਰ ਸਿੰਘ ਨਿੱਝਰ) : ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ 25 ਜੂਨ ਐਮਰਜੈਂਸੀ ਦਿਵਸ 'ਤੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਦਿਆਂ ਕਿਹਾ ਕਿ ਅੱਜ ਤੋਂ 50 ਸਾਲ ਪਹਿਲਾਂ ਦੇਸ਼ ਵਿੱਚ ਐਮਰਜੈਂਸੀ ਕੀਤੀ ਗਈ ਸੀ, ਜਿਸਨੂੰ ਭਾਰਤੀ ਰਾਜਨੀਤੀ ਦੇ ਇਤਿਹਾਸ ਦਾ ਇੱਕ ਕਾਲਾ ਅਧਿਆਇ ਵੀ ਕਿਹਾ ਜਾਂਦਾ ਹੈ। 25 ਜੂਨ 1975 ਦੀ ਅੱਧੀ ਰਾਤ ਨੂੰ ਐਮਰਜੈਂਸੀ ਐਲਾਨੀ ਗਈ ਸੀ, ਜੋ 21 ਮਾਰਚ 1977 ਤੱਕ ਜਾਰੀ ਰਹੀ। ਉਸ ਸਮੇਂ ਦੌਰਾਨ, ਤਤਕਾਲੀ ਰਾਸ਼ਟਰਪਤੀ ਫਖਰੂਦੀਨ ਅਲੀ ਅਹਿਮਦ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਦੀ ਸਿਫਾਰਸ਼ 'ਤੇ ਭਾਰਤੀ ਸੰਵਿਧਾਨ ਦੀ ਧਾਰਾ 352 ਦੇ ਤਹਿਤ ਦੇਸ਼ ਵਿੱਚ ਐਮਰਜੈਂਸੀ ਐਲਾਨੀ ਸੀ। ਇਹ ਸੁਤੰਤਰ ਭਾਰਤ ਦੇ ਇਤਿਹਾਸ ਦਾ ਸਭ ਤੋਂ ਵਿਵਾਦਪੂਰਨ ਦੌਰ ਸੀ। ਐਮਰਜੈਂਸੀ ਦੌਰਾਨ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਇਸਨੂੰ ਸੁਤੰਤਰ ਭਾਰਤ ਦਾ ਸਭ ਤੋਂ ਵਿਵਾਦਪੂਰਨ ਦੌਰ ਵੀ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ, ਆਮ ਆਦਮੀ ਦੇ ਮੌਲਿਕ ਅਧਿਕਾਰ ਖੋਹ ਲਏ ਗਏ ਸਨ। ਰਜਨੀਸ਼ ਧੀਮਾਨ ਨੇ ਕਿਹਾ ਕਿ ਸਰਕਾਰੀ ਮਸ਼ੀਨਰੀ ਵਿਰੋਧੀ ਧਿਰ ਦੇ ਅੰਦੋਲਨ ਨੂੰ ਕੁਚਲਣ ਵਿੱਚ ਲੱਗੀ ਹੋਈ ਸੀ। ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਅਰੁਣ ਜੇਤਲੀ ਸਮੇਤ ਵਿਰੋਧੀ ਧਿਰ ਦੇ ਸਾਰੇ ਵੱਡੇ ਆਗੂਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਸੰਜੇ ਗਾਂਧੀ ਦੀ ਮਨਮਾਨੀ ਸਾਰੀਆਂ ਹੱਦਾਂ ਪਾਰ ਕਰ ਗਈ ਸੀ। ਉਨ੍ਹਾਂ ਦੇ ਹੁਕਮਾਂ 'ਤੇ ਕਿੰਨੇ ਆਦਮੀਆਂ ਦੀ ਜ਼ਬਰਦਸਤੀ ਨਸਬੰਦੀ ਕੀਤੀ ਗਈ ਸੀ। ਜੈ ਪ੍ਰਕਾਸ਼ ਨਾਰਾਇਣ, ਮੋਰਾਰਜੀ ਦੇਸਾਈ ਸਮੇਤ ਕੁਝ ਆਗੂਆਂ ਦੀ ਅਗਵਾਈ ਹੇਠ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਸਨ। ਜੈ ਪ੍ਰਕਾਸ਼, ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਅਰੁਣ ਜੇਤਲੀ ਦੀ ਲੜਾਈ ਇੱਕ ਨਿਰਣਾਇਕ ਪੜਾਅ 'ਤੇ ਪਹੁੰਚ ਗਈ। ਇੰਦਰਾ ਨੂੰ ਗੱਦੀ ਛੱਡਣੀ ਪਈ। ਮੋਰਾਰਜੀ ਦੇਸਾਈ ਦੀ ਅਗਵਾਈ ਹੇਠ ਜਨਤਾ ਪਾਰਟੀ ਦਾ ਗਠਨ ਹੋਇਆ।1977 ਵਿੱਚ ਫਿਰ ਆਮ ਚੋਣਾਂ ਹੋਈਆਂ। 1977 ਦੀਆਂ ਚੋਣਾਂ ਵਿੱਚ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ। ਇੰਦਰਾ ਖੁਦ ਰਾਏਬਰੇਲੀ ਤੋਂ ਚੋਣ ਹਾਰ ਗਈ।

## ਸੰਜੀਵ ਅਰੋੜਾ ਨੂੰ ਵਧਾਈ ਅਤੇ ਵੋਟਰਾਂ ਦਾ ਧੰਨਵਾਦ : ਮਮਤਾ, ਮਨੀ



ਲੁਧਿਆਣਾ, 26 ਜੂਨ (ਰਵਿੰਦਰ ਸਿੰਘ ਨਿੱਝਰ) : ਨਗਰ ਨਿਗਮ ਲੁਧਿਆਣਾ ਦੇ ਵਾਰਡ ਨੰਬਰ 41 ਦੇ ਕੌਂਸਲਰ ਮਮਤਾ ਰਾਣੀ ਅਤੇ ਵਾਰਡ ਦੇ ਸੇਵਾਦਾਰ ਮਨੀ ਭਗਤ ਨੇ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਨੂੰ ਹਾਲ ਹੀ ਵਿੱਚ ਹੋਈਆਂ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀਆਂ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ ਹੈ। ਮਮਤਾ ਤੇ ਮਨੀ ਨੇ ਆਖਿਆ ਕਿ ਸ੍ਰੀ ਅਰੋੜਾ ਦੀ ਇਸ ਜਿੱਤ ਨੇ ਵਿਰੋਧੀਆਂ ਦੇ ਮੂੰਹ ਬੰਦ ਹੋ ਗਏ ਹਨ, ਜਿਹੜੇ ਕਿ ਇਹ ਕਹਿੰਦੇ ਸਨ, ਕਿ ਲੋਕ ਹੁਣ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਇੰਨੇ ਅੱਕੇ ਪਏ ਹਨ, ਕਿ ਉਸ ਦੇ ਖਿਲਾਫ ਵੋਟਾਂ ਰਾਹੀਂ ਭੜਾਸ ਕੱਢਣਗੇ। ਉਕਤ ਨੇਤਾਵਾਂ ਨੇ ਆਖਿਆ ਕਿ ਲੋਕਾਂ ਨੇ ਆਪਣੀ ਭੜਾਸ ਕਾਂਗਰਸ, ਭਾਜਪਾ ਅਤੇ ਅਕਾਲੀਆਂ ਖਿਲਾਫ ਕੱਢ ਦਿੱਤੀ ਹੈ ਕਿਉਂਕਿ ਲੋਕ ਜਾਣਦੇ ਹਨ ਕਿ ਇਹਨਾਂ ਨੇ ਵਾਰੋ ਵਾਰੀ ਜਦੋਂ ਵੀ ਪੰਜਾਬ ਤੇ ਰਾਜ ਕੀਤਾ ਹੈ ਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਘਾਣ ਹੀ ਕੀਤਾ ਹੈ। ਕਦੇ ਵੀ ਪੰਜਾਬ ਦੀ ਤਰੱਕੀ ਵੱਲ ਧਿਆਨ ਨਹੀਂ ਦਿੱਤਾ ਬਲਕਿ ਅਪਣੀਆਂ ਜਾਇਦਾਦਾਂ ਵਿੱਚ ਵਾਧਾ ਕਰਨ ਵੱਲ ਹੀ ਧਿਆਨ ਦਿੱਤਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੀ ਤਰੱਕੀ ਲਈ ਯਤਨਸ਼ੀਲ ਹੈ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪੰਜਾਬ ਨੂੰ ਵਿਕਾਸ ਦੇ ਸਿਖਰ ਤੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਅਤੇ ਆਮ ਲੋਕਾਂ ਲਈ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਵੱਲ ਉਚੇਚਾ ਧਿਆਨ ਦੇ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦਾ ਡੱਟ ਕੇ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਹੋ ਰਹੇ ਵਿਕਾਸ ਵਿੱਚ ਵਿਰੋਧੀ ਪਾਰਟੀਆਂ ਕਿਸੇ ਤਰ੍ਹਾਂ ਦੀ ਅੜਚਣ ਨਾ ਪਾ ਸਕਣ ਅਤੇ ਆਮ ਆਦਮੀ ਪਾਰਟੀ ਪੰਜਾਬ ਨੂੰ ਰੰਗਲਾ ਬਣਾਉਣ ਦਾ ਅਪਣਾ ਸੁਪਨਾ ਪੂਰਾ ਕਰ ਸਕੇ। ਉਨ੍ਹਾਂ ਅਰੋੜਾ ਦੀ ਜਿੱਤ ਲਈ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੇ ਵੋਟਰਾਂ ਦੀ ਵੀ ਧੰਨਵਾਦ ਕੀਤਾ ਹੈ।

## ਆਰ.ਸੀ.ਡੀ.ਐਲ. ਪ੍ਰਿੰਟਿੰਗ ਮੁਲਾਜ਼ਮਾਂ ਦੇ ਭ੍ਰਿਸ਼ਟਾਚਾਰ ਦਾ ਬੋਲਬਾਲਾ, ਸਰਕਾਰ ਬਣੀ ਮੂਕ ਦਰਸ਼ਕ




ਲੁਧਿਆਣਾ, 26 ਜੂਨ (ਵਿਸ਼ਾਲ ਸ਼ਰਮਾ) : ਚੰਡੀਗੜ੍ਹ ਸਥਿਤ ਆਰ.ਸੀ ਅਤੇ ਡੀ.ਐਲ ਪ੍ਰਿੰਟਿੰਗ ਦਾ ਕੰਮ ਦਸੰਬਰ 2024 ਤੋਂ ਬੰਦ ਚੱਲਿਆ ਆ ਰਿਹਾ ਹੈ। ਅਪ੍ਰੈਲ 2025 ਦੇ ਵਿੱਚ ਹਾਲਾਂਕਿ ਕੁਝ ਦਿਨਾਂ ਲਈ ਪ੍ਰਿੰਟਿੰਗ ਦਾ ਕੰਮ ਦੁਬਾਰਾ ਸ਼ੁਰੂ ਹੋਇਆ ਸੀ, ਪਰ ਫਿਰ ਉਸ ਤੋਂ ਬਾਅਦ ਆਰ.ਸੀ ਅਤੇ ਡੀ.ਐਲ ਪ੍ਰਿੰਟਿੰਗ ਦਾ ਕੰਮ ਨਾਮ ਮਾਤਰ ਚੱਲ ਰਿਹਾ ਹੈ। ਜਿਸ ਕਾਰਨ ਆਮ ਜਨਤਾ ਦੇ ਨਾਲ ਫਾਇਨਾਂਸ ਕੰਪਨੀਆਂ ਨੂੰ ਵੀ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ। ਇੱਥੇ ਤੁਹਾਨੂੰ ਇਹ ਦੱਸਣਾ ਜਰੂਰੀ ਹੈ ਕਿ ਪਹਿਲਾਂ ਆਰ.ਸੀ ਅਤੇ ਡੀ.ਐਲ ਦੀ ਪ੍ਰਿੰਟਿੰਗ ਦਾ ਕੰਮ ਪ੍ਰਾਈਵੇਟ ਏਜੰਸੀ ਕੋਲ ਸੀ, ਜਿਸ ਦਾ ਠੇਕਾ ਰੱਦ ਹੋਣ ਦੀ ਸੂਰਤ ਵਿੱਚ ਇਹ ਕੰਮ ਸਰਕਾਰੀ ਮੁਲਾਜ਼ਮਾਂ ਨੂੰ ਸੌਂਪ ਦਿੱਤਾ ਗਿਆ। ਆਪਣਾ ਨਾਮ ਛਾਪਣ ਦੀ ਸ਼ਰਤ 'ਤੇ ਕੁਝ ਆਵੇਦਕਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ 2500 ਤੋਂ ਲੈ ਕੇ 3000 ਰੁਪਏ ਤੱਕ ਰਿਸ਼ਵਤ ਦੇ ਕੇ ਚੰਡੀਗੜ੍ਹ ਤੋਂ ਆਰਸੀਆਂ ਡਿਸਪੈਚ ਕਰਵਾਈਆਂ ਹਨ। ਹੁਣ ਇੱਥੇ ਇਹ ਜ਼ਿਕਰਯੋਗ ਹੈ ਕਿ ਪ੍ਰਿੰਟਿੰਗ ਕਰਨ ਵਾਲੇ ਮੁਲਾਜ਼ਮ ਲੋਕਾਂ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਕਿਸ ਤਰ੍ਹਾਂ ਭਿਰਸ਼ਟਾਚਾਰ ਨੂੰ ਵਧਾ ਰਹੇ ਹਨ। ਹਾਲਾਂਕਿ ਲੁਧਿਆਣਾ ਆਰ.ਟੀ.ਓ ਦਫਤਰ ਦੇ ਕਲਰਕ ਫਾਈਲਾਂ ਨੂੰ ਬੜੀ ਤੇਜ਼ੀ ਨਾਲ ਵੈਰੀਫਾਈ ਕਰ ਰਹੇ ਹਨ। ਅਤੇ ਅਪਰੂਵਲ ਆਰ.ਟੀ.ਓ ਕੁਲਦੀਪ ਬਾਵਾ ਉਸੇ ਸਮੇਂ ਕਰ ਰਹੇ ਹਨ। ਮੁਲਾਜ਼ਮ ਅਤੇ ਆਰ.ਟੀ.ਓ ਦਫਤਰ ਲੁਧਿਆਣਾ ਤਾਂ ਆਪਣੇ ਕੰਮ ਨੂੰ ਬਾਖੂਬੀ ਕਰ ਰਹੇ ਹਨ। ਪਰ ਚੰਡੀਗੜ੍ਹ ਸਥਿਤ ਪ੍ਰਿੰਟਿੰਗ ਯੂਨਿਟ ਦੇ ਮੁਲਾਜ਼ਮ ਪੰਜਾਬ ਸਰਕਾਰ ਦੀ ਭਰਸ਼ਟਾਚਾਰ ਵਿਰੁੱਧ ਜ਼ੀਰੋ ਟੋਲਰੈਂਸ ਨੀਤੀ ਨੂੰ ਛਿੱਕੇ ਟੰਗ ਰਹੇ ਹਨ। ਇੱਥੇ ਹੁਣ ਇਹ ਦੇਖਣ ਯੋਗ ਹੋਵੇਗਾ ਕਿ ਪੰਜਾਬ ਸਰਕਾਰ ਉਹਨਾਂ ਮੁਲਾਜ਼ਮਾਂ ਉੱਪਰ ਕੀ ਕਾਰਵਾਈ ਕਰਦੀ ਹੈ, ਜਿਸ ਨਾਲ ਕੇ ਆਮ ਜਨਤਾ ਨੂੰ ਰਾਹਤ ਮਿਲ ਸਕੇ।

## ਰਾਸ਼ਟਰੀ ਪੁਰਸਕਾਰ ਜੇਤੂ ਅਤੇ ਪ੍ਰਸਿੱਧ ਈ.ਐਨ.ਟੀ. ਦੇ ਮਾਹਿਰ ਡਾ. ਮਨੀਸ਼ ਮੁੰਜਾਲ ਹੁਣ ਫੋਰਟਿਸ ਹਸਪਤਾਲ 'ਚ ਉਪਲਬਧ



ਲੁਧਿਆਣਾ, 26 ਜੂਨ (ਕਰਨੈਲ ਸਿੰਘ ਐੱਮ.ਏ.): ਫੋਰਟਿਸ ਹਸਪਤਾਲ, ਮਾਲ ਰੋਡ, ਲੁਧਿਆਣਾ ਨੂੰ ਮਾਣ ਹੈ ਕਿ ਡਾ: ਮਨੀਸ਼ ਮੁੰਜਾਲ, ਜੋ ਕਿ ਰਾਸ਼ਟਰੀ ਪੁਰਸਕਾਰ ਜੇਤੂ ਹਨ ਅਤੇ ਕੰਨ, ਨੱਕ ਅਤੇ ਗਲੇ ਦੇ ਇਲਾਜ, ਨੈਰੋਟੋਲੋਜੀ, ਸਿਰ ਅਤੇ ਸਕੱਲਬੇਸ ਸਰਜਰੀ ਦੇ ਮਸ਼ਹੂਰ ਮਾਹਿਰ ਹਨ। ਹੁਣ ਹਸਪਤਾਲ ਨਾਲ ਜੁੜ ਗਏ ਹਨ। ਉਨ੍ਹਾਂ ਦੀ ਮੱਦਦ ਨਾਲ ਹਸਪਤਾਲ ਦੀਆਂ ਇਲਾਜੀ ਸੇਵਾਵਾਂ ਅਤੇ ਅਕਾਦਮਿਕ ਮਿਆਰ ਹੋਰ ਉੱਚਾ ਹੋਵੇਗਾ। ਡਾ: ਮੁੰਜਾਲ ਉਹਨਾਂ ਮਾਹਿਰਾਂ ਵਿੱਚੋਂ ਹਨ ਜੋ ਉੱਚ ਜੋਖਮ ਅਤੇ ਜਟਿਲ ਕੰਨ, ਨੱਕ ਅਤੇ ਗਲ਼ੇ ਦੀਆਂ ਬਿਮਾਰੀਆਂ ਦੀ ਸਰਜਰੀ ਕਰਦੇ ਹਨ — ਜੋ ਅਕਸਰ ਹੋਰ ਡਾਕਟਰ ਨਹੀਂ ਕਰਦੇ। ਉਨ੍ਹਾਂ ਕੋਲ 35 ਸਾਲ ਤੋਂ ਵੱਧ ਦਾ ਤਜ਼ਰਬਾ ਹੈ। ਉਹ ਪਹਿਲਾਂ ਦਇਆਨੰਦ ਮੈਡੀਕਲ ਕਾਲਜ, ਲੁਧਿਆਣਾ ਵਿੱਚ ਪ੍ਰੋਫੈਸਰ ਅਤੇ ਵਿਭਾਗ ਮੁਖੀ ਰਹਿ ਚੁੱਕੇ ਹਨ ਅਤੇ ਕ੍ਰਿਸਚਨ ਮੈਡੀਕਲ ਕਾਲਜ ਵਿੱਚ ਲੈਕਚਰਰ ਰਹੇ ਹਨ। ਉਨ੍ਹਾਂ ਨੇ 350 ਤੋਂ ਵੱਧ ਲੇਖ ਲਿਖੇ ਹਨ, 20 ਤੋਂ ਵੱਧ ਅੰਤਰ ਰਾਸ਼ਟਰੀ ਗੋਲਡ ਮੈਡਲ ਜਿੱਤੇ ਹਨ ਅਤੇ 60 ਤੋਂ ਵੱਧ ਪੋਸਟ ਗ੍ਰੈਜੂਏਟ ਡਾਕਟਰ ਤਿਆਰ ਕੀਤੇ ਹਨ। ਉਨ੍ਹਾਂ ਦੀ ਸਰਜੀਕਲ ਮਾਹਰਤਾ ਵਿੱਚ ਸ਼ਾਮਲ ਹਨ: ਸਕੱਲਬੇਸ ਦੀ ਸਰਜਰੀ, ਕੋਕਲਿਅਰ ਇੰਪਲਾਂਟ, ਐਂਡੋਸਕੋ ਪਿਕ ਸਾਈਨਸ ਸਰਜਰੀ, ਆਵਾਜ਼ ਵਾਲੀ ਨਲੀ ਦੀ ਰੀਕੰਸਟਰਕਸ਼ਨ, ਅਤੇ ਸਿਰ-ਗਲ਼ੇ ਦੇ ਟਿਊਮਰ ਦੀ ਸਰਜਰੀ। ਉਹ ਭਾਰਤ ਭਰ ਵਿੱਚ ਆਪਣੇ ਉੱਚ ਦਰਜੇ ਦੇ ਨਤੀਜਿਆਂ ਲਈ ਜਾਣੇ ਜਾਂਦੇ ਹਨ।

## ਭਾਈ ਗੁਰਮੇਲ ਸਿੰਘ ਬਰਨਾਲਾ ਦੇ ਜੱਥੇ ਨੇ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਕੀਤਾ ਨਿਹਾਲ : ਬੈਨੀਪਾਲ



ਲੁਧਿਆਣਾ, 26 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਗੁਰਮੇਲ ਸਿੰਘ ਬਰਨਾਲਾ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਭਾਈ ਗੁਰਮੇਲ ਸਿੰਘ ਬਰਨਾਲਾ ਨੇ ਕਿਹਾ ਕਿ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਜਿੱਥੇ ਸਾਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ, ਉੱਥੇ ਨਾਲ ਹੀ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਸੰਦੇਸ਼ ਵੀ ਦੇਂਦੀ ਹੈ। ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜਜ਼ਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ।

ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਮਾਗਮ ਦੌਰਾਨ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਸੰਗਤਾਂ ਨੂੰ ਨਾਮ ਸਿਮਰਨ ਅਭਿਆਸ ਨਾਲ ਜੋੜਨ ਦੇ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਿਤੀ 27 ਜੂਨ ਤੋਂ 29 ਜੂਨ ਤੱਕ ਗੁਰਦੁਆਰਾ ਸਾਹਿਬ ਵਿਖੇ ਮਹਾਨ ਅਕੱਥ ਕਥਾ ਸਿਮਰਨ ਅਭਿਆਸ ਸਮਾਗਮ ਦਾ ਆਯੋਜਨ ਬੜੇ ਉਤਸਾਹ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲੇ ਸਵੇਰੇ ਸ਼ਾਮ ਤਿੰਨੋਂ ਦਿਨ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਸਿਮਰਨ ਅਭਿਆਸ ਕਰਵਾਉਣਗੇ।

## ਮਾਸਟਰ ਸੰਨੀ ਨੇ ਸੰਜੀਵ ਅਰੋੜਾ ਅਤੇ ਸਮੁੱਚੀ ਹਾਈ ਕਮਾਨ ਨੂੰ ਵਧਾਈ ਦਿੱਤੀ



ਲੁਧਿਆਣਾ, 26 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰ ਸੰਜੀਵ ਅਰੋੜਾ ਅਤੇ ਆਪ ਦੀ ਸਮੁੱਚੀ ਹਾਈ ਕਮਾਂਡ ਨੂੰ ਵਧਾਈ ਦਿੰਦਿਆਂ 58 ਨੰ.ਵਾਰਡ ਦੇ ਕੌਂਸਲਰ ਸਤਨਾਮ ਸਿੰਘ ਸੰਨੀ(ਮਾਸਟਰ) ਨੇ ਆਖਿਆ ਕਿ ਆਪ ਉਮੀਦਵਾਰ ਦੀ ਜਿੱਤ ਵਿਰੋਧੀਆਂ ਦੇ ਉਨ੍ਹਾਂ ਦਾਅਵਿਆਂ ਦੀ ਹਵਾ ਕੱਢਦੀ ਹੈ, ਜਿਸ ਵਿੱਚ ਕਿ ਉਹ ਕਹਿ ਰਹੇ ਹਨ ਕਿ 2027 ਵਿੱਚ ਸਾਡੀ ਸਰਕਾਰ ਬਣੇਗੀ। ਇਸ ਆਗੂ ਨੇ ਆਖਿਆ ਹੈ ਕਿ ਅਕਾਲੀ ਦਲ ਦੇ ਬਿਕਰਮ ਮਜੀਠੀਆ 'ਤੇ ਹੱਥ ਪਾਕੇ ਵਿਜੀਲੈਂਸ ਪੰਜਾਬ ਵਾਸੀਆਂ ਨਾਲ ਕੀਤੇ ਧੱਕੇਸ਼ਾਹੀ ਦਾ ਇਨਸਾਫ ਕੀਤਾ ਹੈ। ਇਨ੍ਹਾਂ ਵੋਟਾਂ ਦੇ ਨਤੀਜੇ ਲੋਕਾਂ ਦੇ ਦਿਲਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਪਹਿਲਾਂ ਦੀ ਤਰ੍ਹਾਂ ਹੀ ਪਿਆਰ, ਸਤਿਕਾਰ ਅਤੇ ਉਮੀਦਾਂ ਬਣਿਆਂ ਹੋਇਆਂ ਹੈ। ਉਹਨਾਂ ਕਿਹਾ ਕਿ ਪਿਛਲੇ ਕਾਰਜਕਾਲ ਵਿੱਚ ਆਮ ਆਦਮੀ ਪਾਰਟੀ ਨੇ ਕਈ ਸ਼ਲਾਘਾਯੋਗ ਕੰਮ ਕੀਤੇ ਹਨ, ਜਿਸ ਤਰ੍ਹਾਂ ਹਰ ਘਰ ਨੂੰ 600 ਯੂਨਿਟ ਤੱਕ ਬਿਜਲੀ ਮੁਫਤ ਦੇਣਾ ਮਿਆਦ ਪੂਰੀ ਕਰ ਚੁੱਕੇ ਟੋਲ ਟੈਕਸ ਬੰਦ ਕਰਵਾਉਣਾ ਜਦ ਕਿ ਪਿਛਲੀਆਂ ਸਰਕਾਰਾਂ ਟੋਲ ਟੈਕਸਾਂ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਟੋਲ ਟੈਕਸ ਚਲਦੇ ਰਹਿੰਦੇ ਸਨ। ਇੱਕ ਵਿਧਾਇਕ ਇੱਕ ਪੈਨਸਨ ਦਾ ਫਾਰਮੂਲਾ ਲਾਗੂ ਕਰਨਾ ਅਤੇ ਅਨੇਕਾਂ ਹੋਰ ਅਜਿਹੇ ਕੰਮ ਹਨ। ਜਿਨ੍ਹਾਂ ਦੇ ਕਰਨ ਕਰਕੇ ਆਮ ਆਦਮੀ ਪਾਰਟੀ ਦੀ ਸਾਖ ਅੰਦਰੋਂ ਅੰਦਰ ਮਜਬੂਤ ਹੋ ਰਹੀ ਹੈ। ਉਨ੍ਹਾਂ ਆਪਣੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾ ਦੇ ਇਲਾਕੇ ਵਿੱਚ 1800 ਤੋਂ ਵੱਧ ਵੋਟਾ ਪਵਾ ਕੇ ਹਲਕੇ ਵਿੱਚ ਆਮ ਆਦਮੀ ਪਾਰਟੀ ਦਾ ਆਧਾਰ ਵਧਾਇਆ ਹੈ।

## 401 ਦਿਨ ਚੱਲੇ ਕਿਸਾਨ ਅੰਦੋਲਨ-2 ਦੀ ਲੇਖਾ-ਜੋਖਾ ਕਮੇਟੀ ਵੱਲੋਂ 4 ਜੁਲਾਈ ਨੂੰ ਚੰਡੀਗੜ੍ਹ ਕਿਸਾਨ ਭਵਨ ਵਿਖੇ ਕੀਤੀ ਜਾਵੇਗੀ ਮੋਰਚੇ ਦੀ ਸਮੀਖਿਆ : ਹਰਦੋਝੰਡੇ, ਖੋਸਾ, ਕੋਟਬੁੱਢਾ



ਲੁਧਿਆਣਾ, 26 ਜੂਨ (ਰਵਿੰਦਰ ਸਿੰਘ ਨਿੱਝਰ) : ਐਮ ਐਸ ਪੀ ਖਰੀਦ ਗਰੰਟੀ ਕਾਨੂੰਨ, ਕਿਸਾਨਾਂ ਮਜ਼ਦੂਰਾਂ ਦੀ ਸੰਪੂਰਨ ਕਰਜ ਮਾਫੀ ਸਮੇਤ 12 ਮੰਗਾਂ ਤੇ ਤਿੰਨ ਬਾਰਡਰਾਂ ਤੇ 401 ਦਿਨਾਂ ਤੱਕ ਚੱਲੇ ਅੰਦੋਲਨ-2 ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਨੇ ਬਿਆਨ ਜਾਰੀ ਕੀਤਾ, ਦੱਸਿਆ ਕਿ ਸ਼ੁੱਕਰਵਾਰ, 4 ਜੁਲਾਈ 2025 ਨੂੰ ਸਵੇਰੇ 10 ਵਜੇ ਕਿਸਾਨ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਜਾਵੇਗੀ ਅਤੇ ਦੁਪਹਿਰ 2 ਵਜੇ ਪ੍ਰੈਸ ਕਾਨਫਰੰਸ ਹੋਵੇਗੀ। ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ 13 ਫਰਵਰੀ 2024 ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ-2 ਦਾ 19 ਮਾਰਚ 2025 ਨੂੰ ਦੁਖਦਾਈ ਅੰਤ ਹੋਇਆ! ਸ਼ੰਭੂ, ਖਨੌਰੀ ਅਤੇ ਰਤਨਪੁਰਾ ਰਾਜਸਥਾਨ ਬਾਰਡਰਾਂ 'ਤੇ 401 ਦਿਨਾਂ ਤੱਕ ਕਿਸਾਨ ਮਜ਼ਦੂਰ ਡਟੇ ਰਹੇ।

ਗਰਮੀ, ਸਰਦੀ, ਮੀਂਹ, ਹਨੇਰੀਆਂ ਆਪਣੇ ਪਿੰਡੇ ਤੇ ਹੰਡਾਈਆਂ, ਇਸ ਅੰਦੋਲਨ ਦੇ ਵਿੱਚ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ ਸਮੇਤ ਦੇਸ਼ ਦੇ ਕਿਸਾਨਾਂ ਮਜਦੂਰਾਂ ਨੇ ਆਪਣਾ ਯੋਗਦਾਨ ਪਾਇਆ! ਅੰਦੋਲਨ ਵਿੱਚ ਸੁਭਕਰਨ ਸਿੰਘ ਸਣੇ 46 ਕਿਸਾਨਾਂ ਨੇ ਆਪਣੀ ਜਾਨ ਗਵਾਈ, 5 ਕਿਸਾਨਾਂ ਦੀਆਂ ਅੱਖਾਂ ਗਈਆਂ, ਸੈਂਕੜੇ ਕਿਸਾਨ ਫੱਟੜ ਹੋਏ ਕਿਸਾਨਾਂ ਦੇ ਟਰੈਕਟਰਾਂ, ਗੱਡੀਆਂ ਅਤੇ ਹੋਰ ਸਮਾਨ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ। ਇਸ ਅੰਦੋਲਨ ਵਿੱਚ ਕਾਰ ਸੇਵਾ ਵਾਲੇ, ਕਲਾਕਾਰ, ਅਦਾਕਾਰ, ਫਿਲਮ ਨਿਰਮਾਤਾ, ਗੀਤਕਾਰ, ਸਮਾਜ ਸੇਵੀ ਸੰਸਥਾਵਾਂ, ਧਾਰਮਿਕ, ਰਾਜਨੀਤਿਕ ਸਖਸੀਅਤਾਂ ਆਮ ਲੋਕਾਂ ਨੇ ਲੰਗਰਾਂ, ਦੁੱਧ ਅਤੇ ਆਰਥਿਕ ਰੂਪ ਦੇ ਵਿੱਚ ਮੱਦਦ ਕੀਤੀ ਸੀ।

ਇਸ ਅੰਦੋਲਨ ਦੇ ਵਿੱਚ ਲੇਖਾ ਜੋਖਾ ਕਮੇਟੀ ਸਮੇਤ ਵੱਖ ਵੱਖ ਕਮੇਟੀਆਂ ਬਣੀਆਂ ਹੋਈਆਂ ਸੀ ਪਰ 26 ਨਵੰਬਰ 2024 ਤੋਂ ਬਾਅਦ ਮੋਰਚੇ ਦੇ ਹਾਲਾਤ ਬਦਲ ਗਏ ਸਨ। ਉਸ ਤੋਂ ਬਾਅਦ ਕੁਝ ਲੋਕਾਂ ਨੇ ਹੀ ਇਸ ਸਾਰੇ ਪ੍ਰਬੰਧ ਨੂੰ ਆਪਣੇ ਹੱਥਾਂ ਹੇਠ ਲੈ ਲਿਆ ਸੀ, ਜਿਸ ਕਰਕੇ ਬਹੁਤ ਸਾਰੇ ਸਵਾਲ ਖੜ੍ਹੇ ਹੋਏ ਇਨ੍ਹਾਂ ਸਾਰੇ ਸਵਾਲਾਂ ਨੂੰ ਤੱਥਾਂ ਸਹਿਤ ਰੱਖਣ ਲਈ ਸ਼ੁੱਕਰਵਾਰ, 4 ਜੁਲਾਈ, 2025 ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ 2 ਵਜੇ ਪ੍ਰੈਸ ਕਾਨਫਰੰਸ ਕੀਤੀ ਜਾਵੇਗੀ। ਸਾਰੇ ਪੱਤਰਕਾਰਾਂ ਵੀਰਾਂ ਨੂੰ ਬੇਨਤੀ ਹੈ ਕਿ ਇਸ ਪ੍ਰੈਸ ਕਾਨਫਰੰਸ ਵਿੱਚ ਪਹੁੰਚ ਕੇ ਕਿਸਾਨ ਅੰਦੋਲਨ -2 ਦੇ ਰਿਵਿਊ ਨੂੰ ਜਨਤਕ ਕਰਨ ਲਈ ਜਰੂਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ। 24 ਜੂਨ ਨੂੰ ਮੋਗਾ ਵਿਖੇ ਅਹਿਮ ਮੀਟਿੰਗ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ, ਅਤੇ ਕਿਸਾਨੀ ਤੇ ਧਾਰਮਿਕ ਪੰਥਕ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ। ਹਾਜ਼ਰ ਆਗੂ ਸਾਹਿਬਾਨ ਗੁਰਿੰਦਰ ਸਿੰਘ ਭੰਗੂ, ਲਖਵਿੰਦਰ ਸਿੰਘ ਸਿਰਸਾ ਹਰਿਆਣਾ, ਬਚਿੱਤਰ ਸਿੰਘ ਕੋਟਲਾ, ਗੁਰਸੇਵਕ ਸਿੰਘ ਫਿਰੋਜਪੁਰ, ਸਾਹਿਬ ਸਿੰਘ ਚਾਟੀਵਿੰਢ,ਅੰਗਰੇਜ ਸਿੰਘ ਹਰਿਆਣਾ ਸਤਨਾਮ ਸਿੰਘ ਤਰਨਤਾਰਨ, ਅੰਗਰੇਜ ਸਿੰਘ ਬੂਟੇ ਵਾਲਾ, ਫਤਿਹ ਸਿੰਘ, ਢੋਲਾ ਸਿੰਘ, ਜਗਜੀਤ ਸਿੰਘ ਸੋਹੀ ਨਾਨੋਵਾਲ ਆਦਿ ਆਗੂ ਹਾਜ਼ਰ ਸਨ।

## 10ਵਾਂ ਮੈਗਾ ਨੌਕਰੀ ਮੇਲਾ 1 ਜੁਲਾਈ ਨੂੰ




ਲੁਧਿਆਣਾ, 26 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ 1 ਜੁਲਾਈ ਨੂੰ ਸੀ.ਆਈ.ਸੀ.ਯੂ ਕੰਪਲੈਕਸ,ਫੋਕਲ ਪੁਆਇੰਟ ਲੁਧਿਆਣਾ ਵਿਖੇ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਆਯੋਜਿਤ ਕੀਤੇ ਜਾ ਰਹੇ 10ਵੇਂ ਮੈਗਾ ਨੌਕਰੀ ਮੇਲੇ ਵਿੱਚ ਸਰਗਰਮੀ ਨਾਲ ਹਿੱਸਾ ਲੈਣ। ਇਹ ਨੌਕਰੀ ਮੇਲਾ ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀ.ਆਈ.ਸੀ.ਯੂ) ਅਤੇ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ (ਡੀ.ਬੀ.ਈ.ਈ), ਲੁਧਿਆਣਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸਮਾਗਮ ਸੀ.ਆਈ.ਸੀ.ਯੂ ਅਤੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਪੰਜਾਬ ਵਿਚਕਾਰ ਦਸਤਖ਼ਤ ਕੀਤੇ ਗਏ ਸਮਝੌਤਾ ਪੱਤਰ (ਐਮ.ਓ.ਯੂ) ਦਾ ਇੱਕ ਮਹੱਤਵਪੂਰਨ ਨਤੀਜਾ ਹੈ। ਜਿਸ ਦਾ ਉਦੇਸ਼ ਅਗਲੇ ਦੋ ਸਾਲਾਂ ਵਿੱਚ 4,500 ਤੋਂ ਵੱਧ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਸਮਝੌਤਾ 17 ਸਤੰਬਰ, 2024 ਨੂੰ ਚੰਡੀਗੜ੍ਹ ਵਿੱਚ ਆਯੋਜਿਤ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਮੀਟਿੰਗ-2024 ਦੌਰਾਨ ਰਸਮੀ ਰੂਪ ਵਿੱਚ ਲਾਗੂ ਕੀਤਾ ਗਿਆ ਸੀ, ਜਿੱਥੇ ਉਦਯੋਗ ਦੇ ਨੇਤਾ ਅਤੇ ਨੀਤੀ ਨਿਰਮਾਤਾ ਨੌਜਵਾਨਾਂ ਦੇ ਰੁਜ਼ਗਾਰ ਅਤੇ ਹੁਨਰ ਵਿਕਾਸ ਲਈ ਸਹਿਯੋਗੀ ਰਣਨੀਤੀਆਂ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ ਸਨ। 30 ਤੋਂ ਵੱਧ ਪ੍ਰਸਿੱਧ ਕੰਪਨੀਆਂ ਕੰਪਿਊਟਰ ਆਪਰੇਟਰ, ਸਹਾਇਕ ਲੇਖਾਕਾਰ, ਦਫ਼ਤਰ ਸਹਾਇਕ, ਡਿਜੀਟਲ ਮਾਰਕੀਟਰ, ਵੈਲਡਰ, ਸੀ.ਐਨ.ਸੀ/ ਵੀ.ਐਮ.ਸੀ ਆਪਰੇਟਰ, ਡੀਜ਼ਲ ਮਕੈਨਿਕ, ਬਾਇਲਰ ਅਟੈਂਡੈਂਟ, ਉਤਪਾਦਨ ਸੁਪਰਵਾਈਜ਼ਰ,ਦਰਜ਼ੀ, ਡਿਜ਼ਾਈਨਰ, ਸੇਲਜ਼ ਐਗਜ਼ੀਕਿਊਟਿਵ, ਸਟੋਰ ਮੈਨੇਜਰ ਅਤੇ ਹੋਰ ਬਹੁਤ ਸਾਰੀਆਂ ਭੂਮਿਕਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਨਗੀਆਂ। ਇਹ ਮੇਲਾ 10ਵੀਂ, 12ਵੀਂ, ਆਈ.ਟੀ.ਆਈ, ਡਿਪਲੋਮਾ, ਗ੍ਰੈਜੂਏਟ,ਪੋਸਟ ਗ੍ਰੈਜੂਏਟ, ਬੀ.ਟੈਕ, ਐਮ.ਬੀ.ਏ ਤੱਕ ਦੀਆਂ ਯੋਗਤਾਵਾਂ ਵਾਲੇ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਉਮੀਦਵਾਰਾਂ ਲਈ ਖੁੱਲ੍ਹਾ ਹੈ। ਭਾਗੀਦਾਰਾਂ ਨੂੰ ਰਸਮੀ ਪਹਿਰਾਵੇ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਮੌਕੇ 'ਤੇ ਇੰਟਰਵਿਊ ਅਤੇ ਚੋਣ ਲਈ ਆਪਣੇ ਅੱਪਡੇਟ ਕੀਤੇ ਰੈਜ਼ਿਊਮ ਦੀਆਂ ਪੰਜ ਕਾਪੀਆਂ ਅਕਾਦਮਿਕ ਅਤੇ ਤਕਨੀਕੀ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਦੇ ਨਾਲ ਲਿਆਉਣੀਆਂ ਚਾਹੀਦੀਆਂ ਹਨ। ਨਿਊ ਸਵੈਨ ਗਰੁੱਪ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਅਤੇ ਸੀ.ਆਈ.ਸੀ.ਯੂ ਦੇ ਪ੍ਰਧਾਨ ਉਪਕਾਰ ਸਿੰਘ ਨੇ ਉਦਯੋਗ ਅਗਵਾਈ ਵਾਲੇ ਰੁਜ਼ਗਾਰ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਟਿਕਾਊ ਕਰੀਅਰ ਦੇ ਮੌਕਿਆਂ ਨਾਲ ਸਸ਼ਕਤ ਬਣਾਉਣ ਵਿੱਚ ਨੌਕਰੀ ਮੇਲੇ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਸਾਰੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਲਿੰਕ ਦੀ ਵਰਤੋਂ ਕਰਕੇ ਪਹਿਲਾਂ ਤੋਂ ਰਜਿਸਟਰ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ https://forms.gle/d3w1Xz54WegG3VF38 ਕਿਸੇ ਵੀ ਪੁੱਛਗਿੱਛ ਲਈ ਉਹ ਸੀ.ਆਈ.ਸੀ.ਯੂ ਨਾਲ 98144-73583 'ਤੇ ਸੰਪਰਕ ਕਰ ਸਕਦੇ ਹਨ ਜਾਂ 7740001682 'ਤੇ ਡੀ.ਬੀ.ਈ.ਈ. ਹੈਲਪਲਾਈਨ 'ਤੇ ਸੰਪਰਕ ਕਰ ਸਕਦੇ ਹਨ। ਹੋਰ ਸਹਾਇਤਾ chamber@cicuaindia.org 'ਤੇ ਈਮੇਲ ਰਾਹੀਂ ਉਪਲੱਬਧ ਹੈ।

## ਲਾਪਤਾ ਦੋ ਭੈਣਾਂ ਨੂੰ ਚੌਕੀ ਗਾਲਿਬ ਕਲਾਂ ਨੇ ਲੱਭ ਕੇ ਮਾਪਿਆਂ ਹਵਾਲੇ ਕੀਤਾ



ਜਗਰਾਓਂ, 26 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪਿਛਲੇ ਦਿਨ ਹੀ ਪਿੰਡ ਅਮਰਗੜ੍ਹ ਕਲੇਰ ਦੀਆਂ ਦੋ ਸਕੀਆਂ ਭੈਣਾਂ ਭੇਤਭਰੀ ਹਾਲਤ ਵਿੱਚ ਲਾਪਤਾ ਹੋ ਗਈਆਂ ਸਨ। ਏਐਸ ਆਈ ਤਰਸੇਮ ਸਿੰਘ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਲੜਕੀਆਂ ਨੂੰ ਲੱਭ ਕੇ ਉਹਨਾਂ ਦੇ ਪਰਿਵਾਰ ਦੇ ਹਵਾਲੇ ਕੀਤਾ ਗਿਆ। ਪਿਛਲੇ ਦਿਨੀਂ ਪਰਿਵਾਰ ਨੇ ਲੜਕੀਆਂ ਦੀ ਭਾਲ ਲਈ ਪੁਲਿਸ ਤੋਂ ਮੱਦਦ ਮੰਗੀ ਸੀ। ਏਐੱਸਆਈ ਤਰਸੇਮ ਸਿੰਘ ਨੇ ਦੱਸਿਆ ਕਿ ਲਾਪਤਾ ਲੜਕੀਆਂ 'ਚੋਂ ਵੱਡੀ ਭੈਣ ਸੀਟੀ ਯੂਨੀਵਰਸਿਟੀ ਚੌਕੀਮਾਨ ਵਿੱਚ ਬੀਸੀਏਸਾਲ ਦੂਜਾ ਦੀ ਵਿਦਿਆਰਥਣ ਹੈ, ਜਦੋਂ ਕਿ ਦੂਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਜਗਰਾਓਂ ਵਿੱਚ ਬਾਰ੍ਹਵੀਂ 'ਚ ਪੜ੍ਹਦੀ ਹੈ। ਪਰਿਵਾਰ ਅਨੁਸਾਰ ਦੋਵੇਂ 12 ਜੂਨ ਨੂੰ ਸਵੇਰੇ 9 ਵਜੇ ਘਰੋਂ ਪੜ੍ਹਨ ਲਈ ਗਈਆਂ, ਪਰ ਪਰਤੀਆਂ ਨਹੀਂ, ਜਦੋਂ ਪਰਿਵਾਰ ਨੇ ਯੂਨੀਵਰਸਿਟੀ ਅਤੇ ਸਕੂਲ ਵਿੱਚ ਪਤਾ ਕੀਤਾ ਤਾਂ ਖੁਲਾਸਾ ਹੋਇਆ ਕਿ ਉਹ ਦੋਵੇਂ ਉੱਥੇ ਨਹੀਂ ਪੁੱਜੀਆਂ। ਪਰਿਵਾਰ ਨੇ 12 ਦਿਨ ਤੋਂ ਉਨ੍ਹਾਂ ਦੀ ਭਾਲ ਕੀਤੀ, ਪਰ ਉਨ੍ਹਾਂ ਦੇ ਹੱਥ ਕੋਈ ਸੁਰਾਗ ਨਹੀਂ ਲੱਗ ਸਕਿਆ। ਏਐਸਆਈ ਤਰਸੇਮ ਸਿੰਘ ਵੱਲੋਂ ਕਿਹਾ ਗਿਆ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਅਤੇ ਜੇਕਰ ਕੋਈ ਵੀ ਅਜਿਹੀ ਗੱਲ ਹੁੰਦੀ ਹੈ ਤਾਂ ਪੁਲਿਸ ਨੂੰ ਜਰੂਰ ਸੂਚਿਤ ਕੀਤਾ ਜਾਵੇ ਤਾਂ ਜੋ ਪੁਲਿਸ ਅਜਿਹੇ ਗਲਤ ਅਨਸਰਾਂ ਨੂੰ ਕਾਬੂ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।

## ਵਿਜੀਲੈਂਸ ਰਾਹੀਂ ਮਜੀਠੀਆ ਨੂੰ ਦਬਾਉਣਾ ਸਰਕਾਰ ਦੀ ਬਦਲਾਊ ਨੀਤੀ ਦਾ ਸਬੂਤ : ਕਲੇਰ, ਗਰੇਵਾਲ



ਜਗਰਾਓਂ, 26 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅੰਮ੍ਰਿਤਸਰ ਕੋਠੀ 'ਚ ਵਿਜੀਲੈਂਸ ਟੀਮ ਵੱਲੋਂ ਸਵੇਰੇ ਤੜਕਸਾਰ ਕੀਤੀ ਗਈ ਰੇਡ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਜਗਰਾਓਂ ਤੋਂ ਇੰਚਾਰਜ ਐਸ ਆਰ ਕਲੇਰ ਵੱਲੋਂ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਉਹਨਾਂ ਆਖਿਆ ਕਿ ਵਿਜੀਲੈਂਸ ਵੱਲੋਂ ਕੀਤੀ ਗਈ ਰੇਡ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਕਰਵਾਈ ਗਈ ਹੈ ਕਿਉਂਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਸਮੇਂ-ਸਮੇਂ 'ਤੇ ਸੂਬਾ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕੀਤਾ ਜਾਂਦਾ ਹੈ। ਇਸ ਮੌਕੇ ਭਾਈ ਗਰੇਵਾਲ ਨੇ ਕਿਹਾ ਕਿ ਲੋਕਤੰਤਰ 'ਚ ਚੋਣ ਪ੍ਰਕਿਰਿਆ ਰਾਹੀਂ ਐਮਐਲਏ ਬਣੇ ਬੀਬਾ ਗਨੀਵ ਕੌਰ ਨਾਲ ਉਨ੍ਹਾਂ ਦੇ ਘਰ 'ਚ ਵਿਜੀਲੈਂਸ ਅਧਿਕਾਰੀਆਂ ਦਾ ਵਿਵਹਾਰ ਨਿੰਦਣਯੋਗ ਹੈ। ਕਿਸੇ ਐਮ ਐਲ ਏ ਜਾਂ ਸਾਬਕਾ ਮੰਤਰੀ ਨੂੰ ਕਿਸੇ ਵੀ ਮਾਮਲੇ 'ਚ ਤਫਤੀਸ਼ ਲਈ ਵਿਜੀਲੈਂਸ ਨੋਟਸ ਕਰ ਸਕਦਾ ਪੁੱਛਗਿੱਛ ਲਈ ਧਾੜਵੀ ਬਣ ਕੇ ਘਰ ਘੇਰ ਲੈਣਾ ਕਿੱਥੋਂ ਦਾ ਲੋਕਤੰਤਰ ਹੈ। ਸੂਬਾ ਸਰਕਾਰ ਦੀ ਬਦਲਾਲਊ ਨੀਤੀ ਦੀ ਨਿਖੇਧੀ ਕਰਦੇ ਹਾਂ ।

## ਡਾ. ਕੋਟਨਿਸ ਐਕੂਪੰਕਚਰ ਹਸਪਤਾਲ ਵਿਖੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ



ਲੁਧਿਆਣਾ, 26 ਜੂਨ (ਰਵਿੰਦਰ ਸਿੰਘ ਨਿੱਝਰ) : ਅੱਜ ਡਾ. ਕੋਟਨਿਸ ਐਕੂਪੰਕਚਰ ਹਸਪਤਾਲ, ਸਲੇਮ ਟਾਬਰੀ ਦੁਆਰਾ ਚਲਾਏ ਜਾ ਰਹੇ ਸੀ.ਪੀ.ਐਲ.ਆਈ. ਅਤੇ ਪ੍ਰੋਜੈਕਟ (ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸਕਤੀਕਰਨ ਮੰਤਰਾਲੇ ਦੁਆਰਾ ਸਪਾਂਸਰ ਕੀਤਾ ਗਿਆ) ਦੁਆਰਾ ਅੰਤਰਰਾਸਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਇਲਾਕਾ ਨਿਵਾਸੀਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਸਹੁੰ ਚੁੱਕ ਸਮਾਗਮ ਅਤੇ ਜਾਗਰੂਕਤਾ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਹ ਪ੍ਰੋਗਰਾਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਇੰਦਰਜੀਤ ਕੌਰ ਅਤੇ ਹਸਪਤਾਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਪਰਮਜੀਤ ਕੌਰ (ਐਡਮਿਨ ਅਫਸਰ, ਐਮਈ ਵਿਭਾਗ, ਹਲਵਾਰਾ) ਅਤੇ ਜਸਵੰਤ ਸਿੰਘ ਛਾਪਾ (ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਲੁਧਿਆਣਾ) ਮੁੱਖ ਮਹਿਮਾਨ ਵਜੋਂ ਸਾਮਲ ਹੋਏ।

ਇਸ ਦੌਰਾਨ, ਉਹ ਜਮੀਨੀ ਪੱਧਰ 'ਤੇ ਗਏ ਅਤੇ ਨਸ਼ਿਆਂ ਕਾਰਨ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਬਾਰੇ ਚਰਚਾ ਕੀਤੀ। ਇਸ ਦੌਰਾਨ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਬਹੁਤ ਆਸਾਨੀ ਨਾਲ ਨਸੇ ਦੀ ਲਤ ਦਾ ਸ਼ਿਕਾਰ ਹੋ ਰਹੀ ਹੈ ਅਤੇ ਇਸ ਨੂੰ ਰੋਕਣ ਲਈ ਸਮਾਜ ਵਿੱਚ ਨਸ਼ੇ ਵਿਰੁੱਧ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਇਸ ਬਾਰੇ ਗੈਰ-ਰਸਮੀ ਢੰਗ ਨਾਲ ਗੱਲ ਕਰਨ ਦੀ ਲੋੜ ਹੈ। ਇਸ ਤੋਂ ਬਾਅਦ, ਡਾ. ਰਘੁਵੀਰ ਸਿੰਘ, ਸ੍ਰੀ ਸੁਸੀਲ ਸੂਦ (ਪ੍ਰਸਿੱਧ ਸਮਾਜ ਸੇਵਕ) ਅਤੇ ਸ੍ਰੀਮਤੀ ਲਲਿਤਾ ਅਰੋੜਾ (ਮਾਰਸਲ ਆਰਟਸ ਮਾਹਿਰ) ਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਸਹੁੰ ਚੁਕਾਈ।

ਇਸ ਮੌਕੇ ਬੱਚਿਆਂ ਵੱਲੋਂ ਗਿੱਧਾ ਅਤੇ ਮਾਰਸਲ ਆਰਟਸ ਦੇ ਹੁਨਰ ਵੀ ਪੇਸ ਕੀਤੇ ਗਏ। ਪ੍ਰੋਗਰਾਮ ਵਿੱਚ, ਬੱਚਿਆਂ ਨੂੰ ਸਰਟੀਫਿਕੇਟ, ਟੀ-ਸਰਟਾਂ ਅਤੇ ਮੈਡਲ ਦੇ ਕੇ ਆਪਣੇ-ਆਪਣੇ ਖੇਤਰਾਂ ਵਿੱਚ ਨਸ਼ਾ ਮੁਕਤ ਭਾਰਤ ਦੀ ਮੁਹਿੰਮ ਨੂੰ ਫੈਲਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ, ਨਸੇ ਦੇ ਪੀੜਤਾਂ ਨੇ ਆਪਣੀ ਔਖੀ ਘੜੀ ਸੁਣਾਈ ਅਤੇ ਸਾਰਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਸੁਖਦੇਵ ਸਲੇਮਪੁਰੀ, ਰੇਸਮ ਸਿੰਘ ਨੱਤ, ਗਗਨਦੀਪ (ਏਰੀਆ ਕੋਆਰਡੀਨੇਟਰ), ਮਨੀਸਾ (ਸੈਂਟਰ ਇੰਚਾਰਜ), ਮਹੇਸ, ਵੈਸਾਲੀ, ਮੀਨੂੰ, ਅਮਨ, ਗੀਤੂ ਆਦਿ ਵੀ ਹਾਜ਼ਰ ਸਨ।

# ਸ੍ਰੀ ਹੇਮਕੁੰਟ ਸਾਹਿਬ ਸਰੋਵਰ 'ਚ ਨਹਾ ਰਹੇ ਇੱਕ ਸ਼ਰਧਾਲੂ 'ਤੇ ਨਿਹੰਗਾਂ ਨੇ ਕੀਤਾ ਗੰਡਾਸੇ ਨਾਲ ਹਮਲਾ

ਗੋਪੇਸ਼ਵਰ (ਚਮੋਲੀ), 26 ਜੂਨ (ਚ.ਨ.ਸ.): ਹੇਮਕੁੰਟ ਸਾਹਿਬ 'ਚ ਦਰਸ਼ਨ ਕਰਨ ਆਏ ਪੰਜਾਬ ਦੇ 12 ਮੈਂਬਰੀ ਨੂੰ ਸਰੋਵਰ 'ਚ ਨਹਾ ਰਹੇ ਸਨ। ਇਸ ਦੌਰਾਨ ਉੱਥੇ ਪੁੱਜੇ ਨਿਹੰਗਾਂ ਦੇ ਜੱਥੇ ਨੇ ਇਕ ਸ਼ਰਧਾਲੂ ਨੂੰ ਸਰੋਵਰ ਤੋਂ ਬਾਹਰ ਤਲਵਾਰ ਅਤੇ ਗੰਡਾਸੇ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਸ਼ਰਧਾਲੂ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ 'ਤੇ ਪੁਲਿਸ ਮੌਕੇ



'ਤੇ ਪਹੁੰਚੀ ਪਰ ਨਿਹੰਗਾਂ ਦੇ ਤਲਵਾਰ ਅਤੇ ਗੰਡਾਸੇ ਲਹਿਰਾਉਣ ਕਾਰਨ ਉਨ੍ਹਾਂ ਦੀ ਇਕ ਨਾ ਚੱਲੀ। ਨਿਹੰਗਾਂ ਨੇ ਲਗਭਗ ਦੋ ਘੰਟਿਆਂ ਤੱਕ ਉੱਥੇ ਹੰਗਾਮਾ ਕੀਤਾ ਅਤੇ ਸ਼ਰਧਾਲੂਆਂ ਨੂੰ ਨਿਯਮਾਂ ਦਾ ਪਾਠ ਪੜ੍ਹਾਉਂਦੇ ਹੋਏ ਡਾਂਟਦੇ ਰਹੇ। ਇਸ 'ਤੇ ਨਿਹੰਗਾਂ ਦੇ ਜੱਥੇ ਨੇ ਕੇਸ ਖੋਲ੍ਹ ਕੇ ਹੇਮਕੁੰਟ ਸਾਹਿਬ ਸਰੋਵਰ 'ਚ ਨਹਾ ਰਹੇ ਇਕ ਸ਼ਰਧਾਲੂ 'ਤੇ ਗੰਡਾਸੇ ਨਾਲ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਨਿਸ਼ਾਨ ਸਾਹਿਬ ਨੇੜੇ ਖੜ੍ਹੇ ਇਕ ਵਿਅਕਤੀ 'ਤੇ ਵੀ ਤਲਵਾਰ ਨਾਲ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਨਿਹੰਗਾਂ ਨੇ ਦੋ ਘੰਟਿਆਂ ਤੱਕ ਹੇਮਕੁੰਟ ਸਾਹਿਬ 'ਚ ਹੰਗਾਮਾ ਕੀਤਾ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਉਹ ਭੱਜ ਗਏ। ਪੁਲਿਸ ਨੇ ਹੇਮਕੁੰਟ ਸਾਹਿਬ ਦੇ ਬੇਸ ਕੈਂਪ ਘਾਂਘਰੀਆ 'ਚ ਨਾਕਾਬੰਦੀ ਕਰ ਕੇ ਚਾਰ ਨਿਹੰਗਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੇਮਕੁੰਟ ਸਾਹਿਬ ਪੁੱਜੇ ਸ਼ਰਧਾਲੂ ਬੁੱਧਵਾਰ ਬੁਲਾਇਆ ਤੇ ਕੇਸ ਖੋਲ੍ਹ ਕੇ ਨਹਾਉਣ 'ਤੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਵਿਵਾਦ ਵਧਿਆ ਤਾਂ ਨਿਹੰਗਾਂ ਨੇ ਗੰਡਾਸੇ ਨਾਲ ਉਸ 'ਤੇ ਹਮਲਾ ਕਰ ਦਿੱਤਾ। ਇਸ ਨਾਲ ਉੱਥੇ ਹਫੜਾ-ਦਫੜੀ ਮਚ ਗਈ। ਨਿਹੰਗਾਂ ਨੇ ਗੰਡਾਸੇ ਨਾਲ ਸ਼ਰਧਾਲੂ ਦੇ ਮੱਥੇ ਅਤੇ ਹੱਥ 'ਤੇ ਵਾਰ ਕੀਤਾ ਜਿਸ ਨਾਲ ਉਹ ਲਹੂ-ਲੁਹਾਨ ਹੋ ਗਿਆ। ਇਸ ਦੌਰਾਨ ਨਿਸ਼ਾਨ ਸਾਹਿਬ ਨੇੜੇ ਜੁੱਤੀ ਪਾ ਕੇ ਆਉਣ ਵਾਲੇ ਇਕ ਸ਼ਰਧਾਲੂ 'ਤੇ ਨਿਹੰਗਾਂ ਦਾ ਜੱਥਾ ਟੁੱਟ ਪਿਆ। ਨਿਹੰਗਾਂ ਨੇ ਬਜ਼ੁਰਗ ਸ਼ਰਧਾਲੂ ਨਾਲ ਵੀ ਹੱਥੋਪਾਈ ਕੀਤੀ। ਜਦੋਂ ਇਕ ਸ਼ਰਧਾਲੂ ਨੇ ਇਸ ਦਾ ਵਿਰੋਧ ਕੀਤਾ ਤਾਂ ਨਿਹੰਗ ਨੇ ਉਸ 'ਤੇ ਪੁਲਿਸ ਨੇ ਹੇਮਕੁੰਟ ਸਾਹਿਬ ਦੇ ਬੇਸ ਕੈਂਪ ਘਾਂਘਰੀਆ ਤੋਂ ਪਹਿਲਾਂ ਨਾਕਾਬੰਦੀ ਕਰ ਦਿੱਤੀ। ਇਸ ਦੌਰਾਨ ਇੱਥੇ ਆਏ ਚਾਰ ਨਿਹੰਗਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਦੂਜੇ ਪਾਸੇ ਜ਼ਖ਼ਮੀ ਸ਼ਰਧਾਲੂ ਪੰਜਾਬ ਦੇ ਬਲਵੰਤ ਸਿੰਘ ਨੂੰ ਇਲਾਜ ਤੋਂ ਬਾਅਦ ਗੋਬਿੰਦ ਘਾਟ ਲਿਆਂਦਾ ਹੈ। ਬਲਵੰਤ ਸਿੰਘ ਤੇ ਇਕ ਹੋਰ ਜ਼ਖ਼ਮੀ ਸ਼ਰਧਾਲੂ ਨੇ ਪੁਲਿਸ ਨੂੰ ਹਮਲੇ ਬਾਰੇ ਸ਼ਿਕਾਇਤ ਦਿੱਤੀ ਹੈ। ਪੁਲਿਸ ਅਧਿਕਾਰੀ ਸਰਵੇਸ਼ ਪੰਵਾਰ ਨੇ ਦੱਸਿਆ ਕਿ ਹੇਮਕੁੰਟ ਸਾਹਿਬ 'ਚ ਹੋਈ ਕੁੱਟਮਾਰ ਦੀ ਘਟਨਾ ਸਬੰਧੀ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਗਾਜ਼ਾ 'ਚ ਹਮਾਸ ਦਾ ਮੁੜ ਹਮਲਾ, ਸੱਤ ਇਜ਼ਰਾਈਲੀ ਫ਼ੌਜੀਆਂ ਦੀ ਮੌਤ

ਯੇਰੂਸ਼ਲਮ, 26 ਜੂਨ (ਚ.ਨ.ਸ.): ਗਾਜ਼ਾ ਪੱਟੀ ਦੇ ਖਾਨ ਯੂਨਿਸ ਸ਼ਹਿਰ 'ਚ ਬੀਤੇ ਦਿਨੀਂ ਇਜ਼ਰਾਈਲ ਦੇ ਇਕ ਬਖ਼ਤਰਬੰਦ ਵਾਹਨ 'ਚ ਧਮਾਕਾ ਹੋਣ



ਦਾ ਮਾਮਲਾ ਸਾਹਮਣੇ ਆਇਆ, ਜਿਸ 'ਚ ਸੱਤ ਇਜ਼ਰਾਈਲੀ ਫੌਜੀਆਂ ਦੀ ਮੌਤ ਹੋ ਗਈ। ਇਕ ਇਜ਼ਰਾਈਲੀ ਫ਼ੌਜੀ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਗਾਜ਼ਾ 'ਚ ਇਜ਼ਰਾਈਲੀ ਫ਼ੌਜ ਲਈ ਇਹ ਸਭ ਤੋਂ ਖ਼ਤਰਨਾਕ ਘਟਨਾਵਾਂ 'ਚੋਂ ਇਕ ਦੱਸੀ ਜਾ ਰਹੀ ਹੈ, ਜਦਕਿ ਹਮਾਸ ਨੇ ਦਾਅਵਾ ਕੀਤਾ ਕਿ ਉਸ ਦੇ ਮਿਜ਼ਾਈਲ ਹਮਲੇ 'ਚ ਫ਼ੌਜੀਆਂ ਦੀ ਜਾਨ ਗਈ। ਜ਼ਿਕਰਯੋਗ ਹੈ ਕਿ ਸੱਤ ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਹੁਣ ਤੱਕ 860 ਇਜ਼ਰਾਈਲੀ ਫ਼ੌਜੀਆਂ ਦੀ ਮੌਤ ਹੋਈ ਹੈ, ਜਿਨ੍ਹਾਂ 'ਚੋਂ 400 ਤੋਂ ਵੱਧ ਦੀ ਗਾਜ਼ਾ 'ਚ ਲੜਾਈ ਦੌਰਾਨ ਜਾਨ ਗਈ। ਇਜ਼ਰਾਈਲੀ ਫ਼ੌਜ ਅਨੁਸਾਰ ਖਾਨ ਯੂਨਿਸ 'ਚ ਮੰਗਲਵਾਰ ਨੂੰ ਹੀ ਗੋਲੀਬਾਰੀ ਦੀ ਵੀ ਇਕ ਘਟਨਾ ਹੋਈ, ਜਿਸ 'ਚ ਇਕ ਫ਼ੌਜੀ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਿਆ, ਜਦਕਿ ਹਮਾਸ ਦੀ ਫੌਜੀ ਸ਼ਾਖਾ ਅਲ-ਕਾਸਿਮ ਬ੍ਰਿਗੇਡ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਕਿਹਾ ਕਿ ਉਸ ਨੇ ਦੱਖਣੀ ਗਾਜ਼ਾ 'ਚ ਇਕ ਰਿਹਾਇਸ਼ੀ ਇਮਾਰਤ ਦੇ ਅੰਦਰ ਲੁਕੇ ਇਜ਼ਰਾਈਲੀ ਫ਼ੌਜੀਆਂ 'ਤੇ ਘਾਤ ਲਗਾ ਕੇ ਹਮਲਾ ਕੀਤਾ। ਹਮਾਸ ਨੇ ਦਾਅਵਾ ਕੀਤਾ ਕਿ ਖਾਨ ਯੂਨਿਸ 'ਚ ਇਕ ਯਾਸੀਨ 105 ਮਿਜ਼ਾਈਲ ਅਤੇ ਇਕ ਹੋਰ ਮਿਜ਼ਾਈਲ ਦੀ ਲਪੇਟ 'ਚ ਆਉਣ ਨਾਲ ਕੁਝ ਫ਼ੌਜੀਆਂ ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ ਜਦਕਿ ਇਮਾਰਤ ਨੂੰ ਮਸ਼ੀਨਗੰਨ ਨਾਲ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਕੀ ਇਹ ਦੋਵੇਂ ਘਟਨਾਵਾਂ ਇਕ ਹੀ ਹਨ। ਇਹ ਘਟਨਾਵਾਂ ਅਜਿਹੇ ਸਮੇਂ 'ਚ ਹੋਈਆਂ ਹਨ ਜਦ ਗਾਜ਼ਾ 'ਚ ਲਗਭਗ 20 ਮਹੀਨਿਆਂ ਤੋਂ ਹਮਾਸ ਵਿਰੁੱਧ ਚਲਾਈ ਜਾ ਰਹੀ ਇਜ਼ਰਾਈਲ ਦੀ ਮੁਹਿੰਮ 'ਚ ਫਲਸਤੀਨੀਆਂ ਦੀ ਮੌਤ ਦਾ ਅੰਕੜਾ 56 ਹਜ਼ਾਰ ਦੇ ਪਾਰ ਪਹੁੰਚ ਗਿਆ ਹੈ।

# ਹੁਣ 2 ਵਾਰ ਹੋਵੇਗੀ 10ਵੀਂ ਬੋਰਡ ਦੀ ਪ੍ਰੀਖਿਆ

ਨਵੀਂ ਦਿੱਲੀ, 26 ਜੂਨ (ਚ.ਨ.ਸ.): ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਦੀ ਵਰ੍ਹਾ 2026 ਤੋਂ ਦਸਵੀਂ ਕਲਾਸ ਦੀ ਬੋਰਡ ਪ੍ਰੀਖਿਆ ਸਾਲ ਵਿਚ ਦੋ ਵਾਰੀ ਲੈਣ ਦਾ ਫੈਸਲਾ ਕੀਤਾ ਗਿਆ ਹੈ। ਪਹਿਲੀ ਪ੍ਰੀਖਿਆ ਫਰਵਰੀ-ਮਾਰਚ 'ਚ ਹੋਵੇਗੀ ਅਤੇ ਦੂਜੀ ਪ੍ਰੀਖਿਆ ਮਈ 'ਚ ਹੋਵੇਗੀ। ਪਹਿਲੀ ਪ੍ਰੀਖਿਆ ਮੁੱਖ ਪ੍ਰੀਖਿਆ ਹੋਵੇਗੀ ਅਤੇ ਦੂਜੀ ਪ੍ਰੀਖਿਆ ਸੁਧਾਰ ਪ੍ਰੀਖਿਆ ਦੇ ਨਾਂ ਨਾਲ ਜਾਣੀ ਜਾਵੇਗੀ। ਦੋਹਾਂ ਬੋਰਡ ਪ੍ਰੀਖਿਆਵਾਂ 'ਚ ਵਿਸ਼ਿਆਂ ਨੂੰ ਬਦਲਣ ਦੀ ਇਜਾਜ਼ਤ ਨਹੀਂ ਹੋਵੇਗੀ। ਮੈਰਿਟ ਸਰਟੀਫਿਕੇਟ ਦੂਜੀ ਪ੍ਰੀਖਿਆ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ। ਪ੍ਰੀਖਿਆ ਦੀ ਕਾਪੀ ਦੀ ਫੋਟੋਕਾਪੀ 'ਤੇ ਦੁਬਾਰਾ ਮੁਲਾਂਕਣ ਦੀ ਸਹੂਲਤ ਵੀ ਦੂਜੀ ਪ੍ਰੀਖਿਆ ਦੇ ਬਾਅਦ ਹੀ ਉਪਲੱਬਧ ਹੋਵੇਗੀ। ਬੋਰਡ ਦੀ ਦੋ ਵਾਰੀ ਪ੍ਰੀਖਿਆ ਕਰਨ ਦੀ ਸਹੂਲਤ ਵਿਕਲਪਿਕ ਤੌਰ 'ਤੇ ਸ਼ੁਰੂ ਕੀਤੀ ਜਾਵੇਗੀ। ਇਹ ਜ਼ਰੂਰੀ ਨਹੀਂ ਕਿ ਵਿਦਿਆਰਥੀ ਦੋਨੋਂ ਵਾਰ ਬੋਰਡ ਪ੍ਰੀਖਿਆ 'ਚ ਹਿੱਸਾ ਲੈਣ, ਪਹਿਲੀ ਪ੍ਰੀਖਿਆ ਮੁੱਖ ਪ੍ਰੀਖਿਆ ਹੋਵੇਗੀ। ਵਿਦਿਆਰਥੀ ਦੂਜੀ ਪ੍ਰੀਖਿਆ ਸੁਧਾਰ ਲਈ ਦੇ ਸਕਦੇ ਹਨ। ਕੌਮੀ ਸੁਰੱਖਿਆ ਨੀਤੀ 2020 ਤਹਿਤ ਬੋਰਡ ਪ੍ਰੀਖਿਆਵਾਂ ਦੀ ਪ੍ਰਣਾਲੀ 'ਚ ਇਹ ਬਦਲਾਅ ਕੀਤਾ ਗਿਆ ਹੈ। ਇਹ ਬਦਲਾਅ ਸਿੱਖਿਆ ਨੂੰ ਘੱਟ ਤਣਾਅ ਵਾਲਾ ਤੇ ਵਧੇਰੇ ਸਮਾਵੇਸ਼ੀ ਬਣਾਉਣ ਦੀ ਦਿਸ਼ਾ 'ਚ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਪ੍ਰੀਖਿਆਵਾਂ ਨੂੰ ਵਧੇਰੇ ਲਚਕੀਲਾ, ਵਿਦਿਆਰਥੀ-ਕੇਂਦਰਿਤ 'ਤੇ ਦੋ ਮੌਕਿਆਂ ਦੀ ਵਿਵਸਥਾ ਤਹਿਤ ਡਿਜ਼ਾਈਨ ਕੀਤਾ ਗਿਆ ਹੈ। ਬੋਰਡ ਪ੍ਰੀਖਿਆਵਾਂ ਨੂੰ ਇਸ ਤਰ੍ਹਾਂ ਵਿਕਸਤ ਕੀਤਾ ਗਿਆ ਹੈ ਕਿ ਉਹ ਸਿਰਫ਼ ਰਟਣ ਬਜਾਏ ਵਿਦਿਆਰਥੀਆਂ ਦੀਆਂ ਮੂਲ ਯੋਗਤਾਵਾਂ ਦਾ ਮੁਲਾਂਕਣ ਕਰ ਸਕਣ।

# 700 ਵਿਦਿਆਰਥੀਆਂ ਤੋਂ ਕਰੋੜਾਂ ਰੁਪਏ ਠੱਗਣ ਵਾਲਾ ਟਰੈਵਲ ਏਜੰਟ ਮਿਸ਼ਰਾ ਰਿਮਾਂਡ 'ਤੇ

ਜਲੰਧਰ, 26 ਜੂਨ (ਚ.ਨ.ਸ.): ਕੈਨੇਡਾ ਦੇ ਕਾਲਜਾਂ 'ਚ ਦਾਖ਼ਲੇ ਦੇ ਨਾਂ 'ਤੇ ਤਕਰੀਬਨ 700 ਵਿਦਿਆਰਥੀਆਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਤੋਂ ਬਾਅਦ ਫ਼ਰਾਰ ਟਰੈਵਲ ਏਜੰਟ ਨੂੰ ਬੁੱਧਵਾਰ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਜਲੰਧਰ ਦੇ ਥਾਣਾ ਨੰਬਰ-6 ਦੀ ਪੁਲਿਸ ਉਸ ਨੂੰ ਜਲੰਧਰ ਲੈ ਆਈ। ਇੱਥੇ ਅਦਾਲਤ ਨੇ ਉਸ ਨੂੰ ਸੱਤ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਇਸ ਸਬੰਧੀ ਏਡੀਸੀਪੀ ਹਰਿੰਦਰ ਸਿੰਘ ਗਿੱਲ, ਏਸੀਪੀ ਰੂਪਦੀਪ ਕੌਰ ਤੇ ਇੰਸਪੈਕਟਰ ਅਜੈਬ ਸਿੰਘ ਨੇ ਦੱਸਿਆ ਕਿ ਮਿਸ਼ਰਾ ਖ਼ਿਲਾਫ਼ ਦੋਸ਼ ਸੀ ਕਿ ਉਹ ਕੈਨੇਡਾ ਦੇ ਕਾਲਜਾਂ ਦੇ ਜਾਅਲੀ ਆਫਰ ਲੈਟਰ ਤਿਆਰ ਕਰਕੇ ਵਿਦਿਆਰਥੀਆਂ ਤੋਂ ਕਰੋੜਾਂ ਰੁਪਏ ਠੱਗ ਚੁੱਕਾ ਹੈ। ਥਾਣਾ ਨੰਬਰ ਛੇ 'ਚ ਮਾਮਲਾ ਦਰਜ ਕੀਤਾ ਸੀ। ਕੇਸ ਦਰਜ ਹੋਣ ਤੋਂ ਬਾਅਦ ਉਹ ਕੈਨੇਡਾ ਭੱਜ ਗਿਆ ਸੀ। ਉਸ ਖ਼ਿਲਾਫ਼ ਐੱਲਓਸੀ ਜਾਰੀ ਕੀਤਾ ਗਿਆ ਸੀ। ਬੁੱਧਵਾਰ ਨੂੰ ਜਦੋਂ ਉਹ ਕੈਨੇਡਾ ਤੋਂ ਆ ਕੇ ਦਿੱਲੀ ਦੇ ਇੰਦਿਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਉਤਰਿਆ ਤਾਂ ਏਅਰਪੋਰਟ ਅਥਾਰਟੀ ਦੀ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

# ਗਲਤ ਰਿਸ਼ਤਾ ਕਰਵਾਉਣ ਦੀ ਰੰਜਿਸ਼ ਕਾਰਨ ਔਰਤ ਦੇ ਮੂੰਹ 'ਤੇ ਮਲੀ ਕਾਲਖ

ਤਰਨਤਾਰਨ, 26 ਜੂਨ (ਚ.ਨ.ਸ.): ਤਰਨਤਾਰਨ ਜ਼ਿਲ੍ਹੇ ਦੇ ਪਿੰਡ ਢੋਟੀਆਂ ਵਿਖੇ ਗਲਤ ਰਿਸ਼ਤਾ ਕਰਵਾਉਣ ਦੀ ਰੰਜਿਸ਼ ਦੇ ਚੱਲਦਿਆਂ ਕਥਿਤ ਤੌਰ 'ਤੇ ਔਰਤ ਦੇ ਮੂੰਹ ਉੱਪਰ ਕਾਲਖ ਮਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ। ਇਲਾਕੇ ਨਾਲ ਸਬੰਧਤ ਪੁਲਿਸ ਚੌਕੀ ਵੱਲੋਂ ਵੀਡੀਓ ਦੇ ਆਧਾਰ 'ਤੇ ਮਹਿਲਾ ਨਾਲ ਤਾਲਮੇਲ ਕਰਕੇ ਬਿਆਨ ਦਰਜ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਪੀੜਤ ਮਹਿਲਾ ਦਾ ਕਹਿਣਾ ਹੈ ਕਿ ਉਸਨੇ ਆਪਣੇ ਪਿੰਡ ਦੇ ਲੜਕੇ ਦਾ ਰਿਸ਼ਤਾ ਉਸਦੀ ਮਾਸੀ ਦੀ ਲੜਕੀ ਨੇ ਕਰਵਾਇਆ ਸੀ। ਉਹ ਵਿਚ ਸ਼ਾਮਿਲ ਹੋਣ ਕਰਕੇ ਉਸਦੇ ਘਰ ਵੀ ਵੇਖਾ ਵਿਖਾਈ ਕਰਵਾਈ ਗਈ ਅਤੇ ਫਿਰ ਦੋਵਾਂ ਧਿਰਾਂ ਨੇ ਠਾਕੇ ਦੀ ਰਸਮ ਵੀ ਅਦਾ ਕਰ ਦਿੱਤੀ। ਕੁੜੀ ਵਾਲੇ ਲੜਕੇ ਦਾ ਘਰ-ਬਾਰ ਵੀ ਵੇਖਣ ਲਈ ਗਏ। ਇਕ ਮਹੀਨੇ 'ਚ ਰਿਸ਼ਤੇ ਦੀ ਕਾਰਵਾਈ ਹੋਈ ਅਤੇ ਫਿਰ ਇਨ੍ਹਾਂ ਨੇ ਵਿਆਹ ਵੀ ਕਰ ਦਿੱਤਾ। ਪਰ ਅਗਲੇ ਦਿਨ ਹੀ ਲੜਕੀ ਨੂੰ ਵਾਪਸ ਲੈ ਆਏ। ਮਾਮਲਾ ਲੜਕੇ ਵਾਲਿਆਂ ਨੇ ਉਸਦੇ ਵੀ ਧਿਆਨ ਵਿਚ ਲਿਆਂਦਾ। ਜਦੋਂਕਿ ਅਗਲੇ ਦਿਨ ਲੜਕੀ ਵਾਲਿਆਂ ਨੇ ਉਸ ਨੂੰ ਘਰੋਂ ਖੜ੍ਹਿਆ ਅਤੇ ਜ਼ਬਰਦਸਤੀ ਉਸਦੇ ਮੂੰਹ 'ਤੇ ਕਾਲਖ ਮਲ ਕੇ ਬੇਇੱਜ਼ਤ ਕਰ ਦਿੱਤਾ। ਉਸਨੇ ਦੋਸ਼ ਲਗਾਇਆ ਉਸਦੇ ਮੂੰਹ 'ਤੇ ਕਾਲਖ ਮਲਣ ਵਾਲਿਆਂ ਨੇ ਹੀ ਵੀਡੀਓ ਬਣਾਈ ਹੈ। ਉਸਨੇ ਕਿਹਾ ਕਿ ਉਸ ਨੂੰ ਪੰਚਾਇਤ ਵੱਲੋਂ ਸੱਦੇ ਜਾਣ ਦੀ ਗੱਲ ਕਹਿ ਕੇ ਘਰੋਂ ਲਿਜਾਇਆ ਗਿਆ ਸੀ ਅਤੇ ਉਸਦੇ ਚਿਹਰੇ 'ਤੇ ਸ਼ਰੇਆਮ ਕਾਲਖ ਮਲ ਦਿੱਤੀ। ਉਸਨੇ ਇਹ ਵੀ ਦੋਸ਼ ਲਗਾਇਆ ਕਿ ਉਸ ਵੱਲੋਂ ਸ਼ਿਕਾਇਤ ਦਿੱਤੇ ਜਾਣ ਦੇ ਬਾਵਜੂਦ ਕਾਰਵਾਈ ਨਹੀਂ ਹੋ ਰਹੀ। ਨਾ ਹੀ ਪੰਚਾਇਤ ਨੇ ਉਸਦੀ ਕੋਈ ਸਾਰ ਲਈ ਹੈ। ਦੂਜੇ ਪਾਸੇ ਵਿਆਹ ਵਾਲੀ ਲੜਕੀ ਨੇ ਵੀ ਮੀਡੀਆ ਅੱਗੇ ਖੁਲਾਸਾ ਕੀਤਾ ਕਿ ਜਿਸ ਲੜਕੇ ਨਾਲ ਉਸਦਾ ਰਿਸ਼ਤਾ ਕਰਵਾਇਆ, ਉਹ ਪਹਿਲਾਂ ਵਿਆਹਿਆ ਸੀ ਅਤੇ ਨਸ਼ਾ ਵੀ ਕਰਦਾ ਹੈ। ਉਸਨੇ ਕਿਹਾ ਕਿ ਉਕਤ ਔਰਤ ਨੇ ਉਸਦੇ ਤੇ ਉਸਦੇ ਪਰਿਵਾਰ ਨਾਲ ਧੋਖਾ ਕੀਤਾ ਹੈ। ਵਾਇਰਲ ਹੋ ਰਹੀ ਉਕਤ ਵੀਡੀਓ ਸਬੰਧੀ ਜਦੋਂ ਇਲਾਕੇ ਨਾਲ ਸਬੰਧਤ ਚੌਕੀ ਨੌਸ਼ਹਿਰਾ ਪਨੂੰਆਂ ਦੇ ਇੰਚਾਰਜ ਬਲਵਿੰਦਰ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਕੋਈ ਸ਼ਿਕਾਇਤ ਉਨ੍ਹਾਂ ਦੇ ਕੋਲ ਨਹੀਂ ਆਈ ਹੈ। ਫਿਰ ਵੀ ਵੀਡੀਓ ਦੇ ਆਧਾਰ 'ਤੇ ਚੌਕੀ ਤੋਂ ਥਾਣੇਦਾਰ ਨੂੰ ਮਹਿਲਾ ਦੇ ਕੋਲ ਬਿਆਨ ਦਰਜ ਕਰਨ ਲਈ ਭੇਜਿਆ ਸੀ। ਪਰ ਅਜੇ ਤੱਕ ਔਰਤ ਵੱਲੋਂ ਪੁਲਿਸ ਨੂੰ ਕੋਈ ਬਿਆਨ ਦਰਜ ਨਹੀਂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜੋ ਵੀ ਬਿਆਨ ਮਹਿਲਾ ਦੇਵੇਗੀ। ਉਸ ਮੁਤਾਬਕ ਕਾਰਵਾਈ ਕਰ ਦਿੱਤੀ ਜਾਵੇਗੀ।

# ਇਜ਼ਰਾਈਲ ਤੇ ਈਰਾਨ ਜੰਗਬੰਦੀ ਹੋਣ ਨਾਲ ਕੱਚੇ ਤੇਲ ਦੀਆਂ ਕੀਮਤਾਂ ਘਟਣ ਨਾਲ ਲੋਕਾਂ ਨੂੰ ਮਿਲੇਗੀ ਰਾਹਤ

ਮੂਣਕ, 26 ਜੂਨ (ਚ.ਨ.ਸ.): ਇਜ਼ਰਾਈਲ ਤੇ ਈਰਾਨ 'ਚ ਜੰਗਬੰਦੀ ਹੋਣ ਨਾਲ ਜਿੱਥੇ ਭਾਰਤ ਸਮੇਤ ਪੂਰੀ ਦੁਨੀਆ ਨੇ ਰਾਹਤ ਮਹਿਸੂਸ ਕੀਤੀ ਹੈ ਉੱਥੇ ਮਾਨਵਤਾ ਦਾ ਵੱਡਾ ਪੱਧਰ 'ਤੇ ਘਾਣ ਹੋਣ ਤੋਂ ਬਚਾਅ ਹੋ ਗਿਆ ਹੈ। ਜੰਗਬੰਦੀ ਲਾਗੂ ਹੋਣ ਦੇ ਨਾਲ ਹੀ ਕੱਚੇ ਤੇਲ ਦੀਆਂ ਕੀਮਤਾਂ ਘਟਣ ਨਾਲ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲੇਗੀ। ਇਸ ਤੋਂ ਇਲਾਵਾ ਬਾਸਮਤੀ ਚੌਲਾਂ ਦੇ ਬਰਾਮਦਕਾਰਾਂ ਨੇ ਵੀ ਰਾਹਤ ਮਹਿਸੂਸ ਕੀਤੀ ਹੈ ਕਿਉਂਕਿ ਬਾਸਮਤੀ ਚੌਲਾਂ ਦੇ ਬਰਾਮਦਕਾਰਾਂ ਦੇ ਹਜ਼ਾਰਾਂ ਕਰੋੜ ਰੁਪਏ ਦਾ ਚੌਲ ਵੱਖ-ਵੱਖ ਬੰਦਰਗਾਹਾਂ 'ਤੇ ਅਟਕ ਗਿਆ ਸੀ, ਜਿਸ ਨਾਲ ਬਾਸਮਤੀ ਝੋਨੇ ਦਾ ਕੰਮ ਕਰਨ ਵਾਲੇ ਸੈਂਲਾਂ ਪਲਾਂਟ ਮਾਲਕਾਂ ਵੱਲੋਂ ਵੇਚੇ ਗਏ ਚੌਲਾਂ ਦੀ ਅਦਾਇਗੀ ਨੂੰ ਲੈ ਕੇ ਹੜਕੰਪ ਮਚ ਗਿਆ ਸੀ ਅਤੇ ਬਾਜ਼ਾਰ ਵਿੱਚ ਬਾਸਮਤੀ ਚੌਲਾਂ

## ☛ਬਾਸਮਤੀ ਚੌਲਾਂ ਦੇ ਭਾਅ ਵਧਣੇ ਸ਼ੁਰੂ



ਦੇ ਭਾਅ ਘਟਣੇ ਸ਼ੁਰੂ ਹੋ ਗਏ ਸਨ। ਜਿਸ ਦਾ ਅਸਰ ਆਉਣ ਵਾਲੇ ਝੋਨੇ ਦੇ ਸੀਜ਼ਨ 'ਚ ਕਿਸਾਨਾਂ 'ਤੇ ਪੈਣਾ ਸੀ। ਇਜ਼ਰਾਈਲ ਤੇ ਈਰਾਨ ਦੀ ਲੜਾਈ ਉਪਰੰਤ ਕਿਸਾਨ ਦੁਬਿਧਾ 'ਚ ਸਨ ਕਿ ਬਾਸਮਤੀ ਝੋਨੇ ਦੀ ਬਿਜਾਈ ਕਰਨ ਜਾਂ ਨਾ ਕਰਨ ਹੁਣ ਦੋਵੇਂ ਦੇਸ਼ਾਂ 'ਚ ਜੰਗਬੰਦੀ ਹੋਣ ਕਾਰਨ ਪਹਿਲਾਂ ਵਾਲੀ ਸਥਿਤੀ ਆਉਣ ਕਾਰਨ ਕਿਸਾਨਾਂ ਦੀ ਇਹ ਦੁਬਿਧਾ ਖ਼ਤਮ ਹੋ ਗਈ ਹੈ। ਈਰਾਨ ਭਾਰਤੀ ਬਾਸਮਤੀ ਦਾ ਸਾਊਦੀ ਅਰਬ ਤੋਂ ਬਾਅਦ ਦੂਜਾ ਵੱਡਾ ਦਰਾਮਦਕਾਰ ਦੇਸ਼ ਹੋਣ ਕਾਰਨ ਬਾਸਮਤੀ ਚੌਲਾਂ ਦੇ ਭਾਅ ਈਰਾਨ ਦੀ ਮੰਗ 'ਤੇ ਨਿਰਭਰ ਕਰਦੇ ਹਨ। ਇਜ਼ਰਾਈਲ ਤੇ ਈਰਾਨ ਦੇ ਭਾਰਤ ਨਾਲ ਚੰਗੇ ਸਬੰਧ ਹੋਣ ਕਾਰਨ ਕੂਟਨੀਤੀ ਪੱਧਰ 'ਤੇ ਵੀ ਭਾਰਤ ਨੇ ਰਾਹਤ ਮਹਿਸੂਸ ਕੀਤੀ ਹੈ। ਇਜ਼ਰਾਈਲ ਤੇ ਈਰਾਨ ਦੀ ਲੜਾਈ ਲੰਮੀ ਚੱਲਣ 'ਤੇ ਸਮੁੰਦਰੀ ਰਸਤੇ ਹਾਰਮੁਜ਼ ਦੇ ਬੰਦ ਹੋਣ ਦੇ ਖ਼ਦਸ਼ੇ ਨਾਲ ਕੱਚੇ ਤੇਲ ਦੀ ਕੀਮਤ ਵਧਣ ਕਾਰਨ 'ਤੇ ਰਸਾਇਣਿਕ ਖਾਦਾਂ ਵਗੈਰਾ ਦੇ ਭਾਅ ਵੀ ਵਧਣੇ ਸ਼ੁਰੂ ਹੋ ਗਏ ਸਨ। ਜੰਗਬੰਦੀ ਲਾਗੂ ਹੋਣ 'ਤੇ ਰੁਪਏ ਦੀ ਕੀਮਤ ਡਾਲਰ ਮੁਕਾਬਲੇ 75 ਮਜ਼ਬੂਤ ਹੋ ਗਈ ਅਤੇ ਸ਼ੇਅਰ ਬਾਜ਼ਾਰ 'ਚ ਵੀ ਤੇਜ਼ੀ ਵੇਖੀ ਗਈ ਸੋ ਭਾਰਤ ਦੀ ਅਰਥ ਵਿਵਸਥਾ ਨੂੰ ਵੀ ਹਾਂ ਪੱਖੀ ਹੁੰਗਾਰਾ ਮਿਲੇਗਾ।

# ਹਿਮਾਚਲ ਪ੍ਰਦੇਸ਼ 'ਚ ਬੱਦਲ ਫਟਣ ਕਾਰਨ 2 ਮੌਤਾਂ, 20 ਦੇ ਵਹਿ ਜਾਣ ਦਾ ਖਦਸ਼ਾ

ਸ਼ਿਮਲਾ, 26 ਜੂਨ (ਚ.ਨ.ਸ): ਸੋਸ਼ਲ ਮੀਡੀਆ 'ਤੇ ਘੁੰਮ ਰਹੇ ਵੀਡੀਓ ਹੜ੍ਹ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ, ਫੁਟੇਜ ਵਿੱਚ ਗੱਡੀਆਂ ਨੂੰ ਚਿੱਕੜ ਵਾਲੇ ਪਾਣੀ ਤੇ ਮਲਬੇ ਵਿੱਚ ਵਹਿ ਜਾਂਦੇ ਦਿਖਾਇਆ ਗਿਆ ਹੈ। ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਵਿੱਚ ਬੱਦਲ ਫਟਣ ਅਚਾਨਕ ਹੜ੍ਹ ਤੇ ਭਾਰੀ ਬਾਰਿਸ਼ ਨੇ ਤਬਾਹੀ ਮਚਾ ਦਿੱਤੀ, ਜਿਸ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਤੇ 20 ਦੇ ਵਹਿ ਜਾਣ ਦਾ ਖਦਸ਼ਾ ਹੈ। ਕਾਂਗੜਾ ਜ਼ਿਲ੍ਹੇ ਦੇ ਮਨੂਨੀ ਖੱਡ 'ਤੇ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਜਦੋਂ ਕਿ ਖਾਨਿਆਰਾ ਮਨੂਨੀ ਖੱਡ ਵਿੱਚ ਪਾਣੀ ਦੇ ਪੱਧਰ ਵਿੱਚ ਵਾਧੇ ਕਾਰਨ ਇੰਦਿਰਾ ਪ੍ਰਿਯਦਰਸ਼ਨੀ ਪਣ-ਬਿਜਲੀ ਪ੍ਰੋਜੈਕਟ ਸਾਈਟ ਦੇ ਨੇੜੇ ਇੱਕ ਲੇਬਰ ਕਲੋਨੀ ਵਿੱਚ ਤਾਇਨਾਤ ਲਗਭਗ 15-20 ਮਜ਼ਦੂਰਾਂ ਦੇ ਵਹਿ ਜਾਣ ਦਾ ਖਦਸ਼ਾ ਹੈ। ਅਧਿਕਾਰੀਆਂ ਦੇ ਅਨੁਸਾਰ, ਮਜ਼ਦੂਰ ਪ੍ਰੋਜੈਕਟ ਸਾਈਟ ਦੇ ਨੇੜੇ ਅਸਥਾਈ ਆਸਰਾ-ਘਰਾਂ ਵਿੱਚ ਆਰਾਮ ਕਰ ਰਹੇ ਸਨ, ਜਿੱਥੇ ਮੀਂਹ ਕਾਰਨ ਕੰਮ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਸੀ, ਜਦੋਂ ਮਨੂਨੀ ਖੱਡ ਅਤੇ ਨੇੜਲੇ ਨਾਲਿਆਂ ਤੋਂ ਹੜ੍ਹ ਦਾ ਪਾਣੀ ਇਸ ਵੱਲ ਮੁੜ ਗਿਆ ਅਤੇ ਉਨ੍ਹਾਂ ਨੂੰ ਵਹਾ ਕੇ ਲੈ ਗਿਆ। ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਸਥਾਨਕ ਪ੍ਰਸ਼ਾਸਨ, ਗ੍ਰਾਮ ਪੰਚਾਇਤ ਅਤੇ ਮਾਲ ਵਿਭਾਗ ਦੀਆਂ ਟੀਮਾਂ ਖੋਜ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਮੌਕੇ 'ਤੇ ਪਹੁੰਚ ਗਈਆਂ ਹਨ। ਇਸ ਦੌਰਾਨ, ਕੁੱਲੂ ਜ਼ਿਲ੍ਹੇ ਵਿੱਚ ਕਈ ਥਾਵਾਂ 'ਤੇ ਬੱਦਲ ਫਟਣ ਕਾਰਨ ਅਚਾਨਕ ਹੜ੍ਹ ਆਉਣ ਕਾਰਨ ਤਿੰਨ ਲੋਕਾਂ ਦੇ ਵਹਿ ਜਾਣ ਦੀ ਖ਼ਬਰ ਹੈ, ਜਿਸ ਕਾਰਨ ਘਰਾਂ, ਸੜਕਾਂ, ਸਕੂਲੀ ਇਮਾਰਤਾਂ ਅਤੇ ਛੋਟੇ ਪੁਲਾਂ ਨੂੰ ਵਿਆਪਕ ਨੁਕਸਾਨ ਪਹੁੰਚਿਆ। ਸੈਂਜ ਦੇ ਜੀਵਾ ਨਾਲਾ ਅਤੇ ਰੇਹਲਾ ਬਿਹਾਲ ਦੇ ਨਾਲ-ਨਾਲ ਗੜਸਾ ਖੇਤਰ ਦੇ ਸ਼ਿਲਾਗੜ੍ਹ ਤੋਂ ਬੱਦਲ ਫਟਣ ਦੀਆਂ ਘਟਨਾਵਾਂ ਦੀ ਰਿਪੋਰਟ ਕੀਤੀ ਗਈ ਹੈ, ਜਿਸ ਕਾਰਨ ਸਥਾਨਕ ਅਧਿਕਾਰੀਆਂ ਨੇ ਨੇੜਲੇ ਖੇਤਰਾਂ ਲਈ ਅਲਰਟ ਜਾਰੀ ਕੀਤੇ ਹਨ। ਭਾਰੀ ਮੀਂਹ ਕਾਰਨ ਨਦੀਆਂ ਅਤੇ ਨਾਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਜਿਸ ਨਾਲ ਜ਼ਿਲ੍ਹੇ ਭਰ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ।

# ਰਿਊਣਾ ਨੀਵਾਂ ਦੇ 15 ਪਰਿਵਾਰ ਕਾਂਗਰਸ ਤੇ ਆਪ ਛੱਡ ਕੇ ਭਾਜਪਾ 'ਚ ਸ਼ਾਮਲ



ਮੰਡੀ ਗੋਬਿੰਦਗੜ੍ਹ, 26 ਜੂਨ (ਸੂਦ): ਭਾਰਤੀ ਜਨਤਾ ਪਾਰਟੀ ਮੰਡਲ ਮੂਲੇਪੁਰ ਦੇ ਪ੍ਰਧਾਨ ਸੁਭਾਸ਼ ਪੰਡਤ ਦੀ ਮਿਹਨਤ ਸਦਕਾ ਅਤੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਹੇਠ ਪਿੰਡ ਰਿਉਣਾ ਨੀਵਾਂ ਦੇ 15 ਪਰਿਵਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਕੁਲਦੀਪ ਬਾਵਾ, ਸਿਮਰਜੀਤ ਬਾਵਾ, ਬਲਿਹਾਰ ਸਿੰਘ, ਅਮਰੀਕ ਸਿੰਘ, ਈਸਰ ਸਿੰਘ, ਜਗਤਾਰ ਸਿੰਘ, ਮੱਘਰ ਸਿੰਘ, ਬਲਦੇਵ ਸਿੰਘ, ਸੁੱਖੀ ਸ਼ਰਮਾ, ਕਾਲਾ ਸਿੰਘ, ਗੁਰਿੰਦਰ ਸਿੰਘ, ਪਰਮਿੰਦਰ ਸਿੰਘ, ਜੀਵਨ ਸਿੰਘ, ਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ, ਹਰਮੀਤ ਸਿੰਘ, ਬਲਦੇਵ ਦਾਸ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ ਡਾ. ਹਰਕੇਵਲ ਸਿੰਘ, ਸਾਬਕਾ ਸਰਪੰਚ ਸੁਖਦੇਵ ਸਿੰਘ, ਜਸਵਿੰਦਰ ਸਿੰਘ ਝਿੰਜਰ, ਰਾਮ ਜੀਤ ਜੋਸ਼ੀ, ਮੇਵਾ ਸਿੰਘ ਨੰਬਰਦਾਰ ਅਤੇ ਸੁਸ਼ੀਲ ਕੁਮਾਰ ਆਦਿ ਹਾਜ਼ਰ ਸਨ। ਉਨ੍ਹਾਂ ਭਾਜਪਾ ਦੀ ਮਜ਼ਬੂਤੀ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਸ੍ਰੀ ਭੱਟੀ ਨੇ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਸਨਮਾਨ ਕਰਦੇ ਹੋਏ ਉਨ੍ਹਾਂ ਨੂੰ ਪਾਰਟੀ ਵਿਚ ਬਣਦਾ ਸਨਮਾਨ ਦੇਣ ਦਾ ਭਰੋਸਾ ਦਿੱਤਾ।

# ਨਸ਼ਾ ਤਸਕਰਾਂ ਨੇ ਨਸ਼ੇ ਵੇਚ ਕੇ ਕਾਲੀ ਕਮਾਈ ਨਾਲ ਜਿਹੜੇ ਘਰ ਬਣਾਏ ਉਨ੍ਹਾਂ 'ਤੇ ਚਲਾਏ ਜਾ ਰਹੇ ਨੇ ਬੁਲਡੋਜ਼ਰ: ਗੈਰੀ ਬੜਿੰਗ

ਅਮਲੋਹ, 26 ਜੂਨ (ਜਸਵੰਤ ਸਿੰਘ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਮਲੋਹ ਸ਼ਹਿਰ ਦੇ ਵਾਰਡ ਨੰਬਰ 11 ਵਿਖੇ ਆਪ ਦੇ ਸੀਨੀਅਰ ਆਗੂ ਪਾਲੀ ਅਰੋੜਾ ਅਤੇ ਵਾਰਡ ਇੰਚਾਰਜ ਪੂਨਮ ਅਰੋੜਾ ਦੀ ਅਗਵਾਈ ਵਿੱਚ ਸਮਾਗਮ ਕੀਤਾ ਗਿਆ, ਜਿਸ ਵਿਚ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਸ਼ਿਰਕਤ ਕੀਤੀ। ਉਹਨਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਨਸ਼ਾ ਤਸਕਰਾਂ 'ਤੇ ਵੱਡੀਆਂ ਕਾਰਵਾਈਆਂ ਹੋਈਆਂ ਹਨ ਅਤੇ ਕਾਲੀ ਕਮਾਈ ਨਾਲ ਜਿਹੜੇ ਘਰ ਬਣਾਏ ਉਨ੍ਹਾਂ 'ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੀਆਂ ਕਾਰਵਾਈਆਂ




ਜਾਰੀ ਰਹਿਣਗੀਆਂ। ਉਹਨਾਂ ਲੋਕਾਂ ਨੂੰ ਵੀ ਇਸ ਮੁਹਿੰਮ ਵਿਚ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਜਲਦ ਹੀ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਸ਼ਹਿਰ ਵਾਸੀਆਂ ਨੂੰ ਸਹੁੰ ਵੀ ਚੁਕਵਾਈ। ਆਪ ਆਗੂ ਪਾਲੀ ਅਰੋੜਾ ਨੇ ਵਿਧਾਇਕ ਗੈਰੀ ਬੜਿੰਗ ਸਮੇਤ ਸੀਨੀਅਰ ਲੀਡਰਸ਼ਿਪ ਅਤੇ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਆਪ ਦੇ ਸੀਨੀਅਰ ਆਗੂ ਸ਼ਿੰਗਾਰਾ ਸਿੰਘ ਸਲਾਣਾ, ਹਲਕਾ ਕੋਆਰਡੀਨੇਟਰ ਇਕਬਾਲ ਸਿੰਘ ਰਾਏ, ਮਨਿੰਦਰ ਸਿੰਘ ਭੱਟੋ, ਵਾਰਡ ਇੰਚਾਰਜ ਪੂਨਮ ਅਰੋੜਾ, ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਵਿੱਕੀ ਮਿੱਤਲ, ਮੀਤ ਪ੍ਰਧਾਨ ਜਗਤਾਰ ਸਿੰਘ, ਈਓ ਬਲਜਿੰਦਰ ਸਿੰਘ, ਰਣਜੀਤ ਸਿੰਘ ਪਨਾਗ, ਕੌਂਸਲਰ ਅਤੁੱਲ ਲੁਟਾਵਾ, ਰੌਂਪੀ ਧੰਮੀ, ਕੌਂਸਲਰ ਲਵਪ੍ਰੀਤ ਸਿੰਘ ਲਵੀ, ਸ੍ਰੀ ਸੀਤਲਾ ਮਾਤਾ ਮੰਦਰ ਕਮੇਟੀ ਦੇ ਚੇਅਰਮੈਨ ਵਿਨੇ ਪੁਰੀ ਤੇ ਭਗਵਾਨ ਦਾਸ ਮਾਜਰੀ ਆਦਿ ਨੇ ਵਿਚਾਰ ਪੇਸ਼ ਕੀਤੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ

ਮੰਡੀ ਗੋਬਿੰਦਗੜ੍ਹ, 26 ਜੂਨ (ਸੂਦ): ਪਿੰਡ ਜਲਵੇੜੀ ਗਹਿਲਾ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਨਗਰ ਨਿਵਾਸੀ ਅਤੇ ਨੌਜਵਾਨ ਸਭਾ ਦੇ ਸਹਿਯੋਗ ਨਾਲ ਦੋ ਰੋਜ਼ਾ ਗੁਰਮਤਿ ਸਮਾਗਮ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਜਤਿੰਦਰ ਸਿੰਘ ਨੇ ਦੱਸਿਆ ਕਿ ਦੋ ਰੋਜ਼ਾ ਧਾਰਮਿਕ ਸਮਾਗਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਚਾਰ ਕੀਤਾ ਗਿਆ ਅਤੇ ਮਹਾਨ ਢਾਡੀ ਜੱਥਾ ਹਰ ਨਰਾਇਣ ਸਿੰਘ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਅਤੇ ਭਾਈ ਮਤੀ ਦਾਸ ਦੀ ਮਹਾਨ ਸ਼ਹਾਦਤ ਅੱਗੇ ਹਰ ਇਕ ਦਾ ਸੀਸ ਝੁਕਦਾ ਹੈ ਕਿਉਂਕਿ ਉਹਨਾਂ ਮਹਾਨ ਸ਼ਹੀਦਾਂ ਨੇ ਮਨੁੱਖੀ ਹੱਕਾਂ ਲਈ ਉਸ ਸਮੇਂ ਦੇ



ਹੁਕਮਰਾਨਾ ਅੱਗੇ ਈਨ ਨਹੀਂ ਮੰਨੀ ਸਗੋਂ ਚੜ੍ਹਦੀਕਲਾ ਵਿੱਚ ਰਹਿ ਕੇ ਜਬਰ ਅਤੇ ਜ਼ੁਲਮ ਦਾ ਟਾਕਰਾ ਕੀਤਾ। ਉਨ੍ਹਾਂ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਜਾਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਨਾਲ ਸੰਪਰਕ ਕਰਕੇ ਵੱਧ ਤੋਂ ਵੱਧ ਗੁਰਮਤਿ ਸਮਾਗਮ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਨੂੰ ਮੁਫ਼ਤ ਲਿਟਰੇਚਰ ਵੰਡਿਆ ਗਿਆ ਅਤੇ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਪੰਚ ਦਮਨਜੋਤ ਸਿੰਘ, ਸਤਨਾਮ ਸਿੰਘ, ਪ੍ਰਧਾਨ ਸਰਬਜੀਤ ਸਿੰਘ, ਬਿਕਰਮਜੀਤ ਸਿੰਘ, ਜਥੇਦਾਰ ਨਰਿੰਦਰ ਸਿੰਘ, ਅਮਨਦੀਪ ਸਿੰਘ, ਨਿਸ਼ਾਨ ਸਿੰਘ, ਜਗਦੀਸ਼ ਸਿੰਘ, ਦਲਜੀਤ ਸਿੰਘ, ਬਲਜਿੰਦਰ ਸਿੰਘ, ਮਨਦੀਪ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ, ਯਾਦਾ ਵਿਰਕ, ਬਲਵਿੰਦਰ ਸਿੰਘ ਸਹਾਰਨ, ਮਨਜੀਤ ਸਿੰਘ ਮਾਨ ਖਾਨਪੁਰ, ਜਗਜੀਤ ਸਿੰਘ ਫਾਟਕ ਮਾਜਰੀ, ਅਮਨਦੀਪ ਸਿੰਘ ਫਾਟਕ ਮਾਜਰੀ, ਬਲਵਿੰਦਰ ਸਿੰਘ ਅਰਾਈਮਾਜਰਾ, ਕਰਨਵੀਰ ਸਿੰਘ ਅਰਾਈਮਾਜਰਾ, ਹਰਜੀਤ ਸਿੰਘ, ਸੁਰਿੰਦਰ ਸਿੰਘ ਪੰਚ, ਜਗਤਾਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਏ.ਡੀ.ਸੀ. ਵੱਲੋਂ ਜ਼ਿਲ੍ਹਾ ਪੱਧਰੀ ਆਧਾਰ ਨਿਗਰਾਨ ਕਮੇਟੀ ਦੀ ਸਮੀਖਿਆ ਮੀਟਿੰਗ



ਫ਼ਿਰੋਜ਼ਪੁਰ, 26 ਜੂਨ (ਤਿਵਾੜੀ): ਵਧੀਕ ਡਿਪਟੀ ਕਮਿਸ਼ਨਰ (ਜ) ਦਮਨਜੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਆਧਾਰ ਨਿਗਰਾਨ ਕਮੇਟੀ ਦੀ ਸਮੀਖਿਆ ਮੀਟਿੰਗ ਕੀਤੀ ਗਈ। ਜਿਸ 'ਚ ਅਧਾਰ ਇਨਰੋਲਮੈਂਟ ਤੇ ਅਪਡੇਟ ਦੀ ਦਰ ਨੂੰ ਵਧਾਉਣ ਲਈ ਕਮੇਟੀ ਮੈਂਬਰਾਂ ਨੂੰ ਢੁੱਕਵੀਂ ਕਾਰਵਾਈ ਕੀਤੇ ਜਾਣ ਦੀ ਹਦਾਇਤ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵੀ ਆਧਾਰ ਦੀ ਇੰਨਰੋਲਮੈਂਟ ਕਰਵਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤੇ ਜਾਣ 'ਤੇ ਜ਼ੋਰ ਦਿੱਤਾ ਜਾਵੇ। ਇਸ ਦੇ ਨਾਲ ਉਨ੍ਹਾਂ ਅਧਿਕਾਰੀਆਂ ਨੂੰ ਇਹ ਨਿਰਦੇਸ਼ ਦਿੱਤੇ ਕਿ 5 ਸਾਲ ਤੇ 15 ਸਾਲ ਦੀ ਉਮਰ ਪੂਰੀ ਹੋਣ 'ਤੇ ਲਾਜ਼ਮੀ ਬਾਇਓ-ਮੈਟ੍ਰਿਕ ਅਪਡੇਟ ਕਰਵਾਉਣੀ ਯਕੀਨੀ ਬਣਾਈ ਜਾਵੇ। ਮੀਟਿੰਗ ਦੌਰਾਨ ਉਨ੍ਹਾਂ ਸਿੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਅਧਾਰ ਕਾਰਡ ਬਣਾਉਣ ਤੇ ਅਪਡੇਟ ਕਰਨ ਲਈ ਵਿਸ਼ੇਸ਼ ਕੈਂਪ ਲਗਾਉਣ ਦੀ ਹਦਾਇਤ ਕੀਤੀ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੀਟਿੰਗ ਦੌਰਾਨ ਹਾਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਧਾਰ ਕੈਂਪ ਲਗਾਉਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਨਿਰਦੇਸ਼ ਵੀ ਦਿੱਤੇ ਗਏ ਕਿ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨਾਂ ਦੇ ਆਧਾਰ ਕਾਰਡ ਤੇ ਅਪਡੇਸ਼ਨ ਵੀ ਜ਼ਰੂਰ ਕਰਵਾਈ ਜਾਵੇ। ਇਸ ਦੌਰਾਨ ਉਨਾਂ 10 ਸਾਲ ਦੇ ਅੰਦਰ-ਅੰਦਰ ਆਧਾਰ ਕਾਰਡ ਅਪਡੇਟ ਸਬੰਧੀ ਵੀ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਤੇ ਜ਼ਿਲ੍ਹੇ ਵਿੱਚ ਆਧਾਰ ਕਿੱਟ ਸਬੰਧੀ ਵੀ ਜਾਣਕਾਰੀ ਪ੍ਰਾਪਤ ਕੀਤੀ ਤੇ ਆਧਾਰ ਕਿੱਟ ਦੇ ਚਾਲੂ ਹਾਲਤ ਦੇ ਵੇਰਵਿਆਂ ਸਬੰਧੀ ਸਬੰਧਤ ਅਧਿਕਾਰੀਆਂ ਤੋਂ ਰਿਪੋਰਟ ਵੀ ਮੰਗੀ। ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਸਰਕਾਰੀ ਸਹੂਲਤਾਂ ਦਾ ਨਿਰਵਿਘਨ ਲਾਭ ਉਠਾਉਣ, ਮੀਟਿੰਗ ਵਿੱਚ ਡੀਐਸਪੀ ਬਚਨ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਐੱਸ.ਐੱਸ.ਪੀ. ਦੀ ਅਗਵਾਈ ਹੇਠ ਅਬੋਹਰ ਦੇ ਪੰਜਪੀਰ ਨਗਰ 'ਚ ਛਾਪੇਮਾਰੀ

ਫ਼ਾਜ਼ਿਲਕਾ, 26 ਜੂਨ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਜੰਗ ਵਿੱਚ ਫ਼ਾਜ਼ਿਲਕਾ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ। ਗੌਰਵ ਯਾਦਵ ਆਈ.ਪੀ.ਐਸ, ਡੀ.ਜੀ.ਪੀ. ਪੰਜਾਬ ਤੇ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ, ਡੀ. ਆਈ. ਜੀ. ਫਿਰੋਜ਼ਪੁਰ ਰੇਂਜ ਦੀਆਂ ਹਦਾਇਤਾਂ ਅਧੀਨ ਗੁਰਮੀਤ ਸਿੰਘ ਪੀ.ਪੀ.ਐਸ, ਐਸ.ਐਸ.ਪੀ. ਫ਼ਾਜ਼ਿਲਕਾ ਦੀ ਅਗਵਾਈ ਹੇਠ ਸਬ ਡਵੀਜ਼ਨ ਅਬੋਹਰ ਵਿੱਚ ਨਸ਼ਾ ਤਸਕਰਾਂ ਵਿਰੁੱਧ ਵੱਡੇ ਪੱਧਰ 'ਤੇ 'ਕੋਰਡਨ ਐਂਡ ਸਰਚ ਓਪਰੇਸ਼ਨ' (ਕਾਸੋ) ਚਲਾਇਆ ਗਿਆ। ਇਸ ਵਿਸ਼ੇਸ਼ ਮੁਹਿੰਮ ਦੇ ਤਹਿਤ ਫ਼ਾਜ਼ਿਲਕਾ ਪੁਲਿਸ ਨੇ ਐਸ.ਐਸ.ਪੀ. ਫ਼ਾਜ਼ਿਲਕਾ ਦੀ ਅਗਵਾਈ ਹੇਠ ਅਬੋਹਰ ਦੇ ਪੰਜਪੀਰ ਨਗਰ ਵਿਚ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ



ਵਿੱਚ ਡੀ.ਐਸ.ਪੀ ਸਬ ਡਵੀਜ਼ਨ ਅਬੋਹਰ, ਮੁੱਖ ਅਫ਼ਸਰ ਥਾਣਾ ਸਿਟੀ 1 ਤੇ 2 ਅਬੋਹਰ ਤੇ ਇੰਚਾਰਜ ਸੀ. ਆਈ. ਏ -2 ਫ਼ਾਜ਼ਿਲਕਾ ਤੇ 100 ਤੋਂ ਵੱਧ ਪੁਲਿਸ ਮੁਲਾਜ਼ਮ ਸ਼ਾਮਲ ਰਹੇ। ਨਸ਼ਾ ਤਸਕਰਾਂ ਦੇ ਘਰਾਂ ਤੇ ਠਿਕਾਣਿਆਂ ਦੀ ਗਹਿਰੀ ਤਲਾਸ਼ੀ ਲੈ ਕੇ ਨਸ਼ਿਆਂ ਦੀ ਚੋਰੀ-ਛੁਪੇ ਹੋ ਰਹੀ ਸਪਲਾਈ ਚੇਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਹ ਕਾਰਵਾਈ ਨਸ਼ਾ ਮੁਕਤ ਪੰਜਾਬ ਵੱਲ ਇਕ ਮਹੱਤਵ ਪੂਰਨ ਕਦਮ ਹੈ। ਗੁਰਮੀਤ ਸਿੰਘ ਐਸ.ਐਸ.ਪੀ ਫ਼ਾਜ਼ਿਲਕਾ ਨੇ ਦੱਸਿਆ ਕਿ ਇਹ ਮੁਹਿੰਮ ਪੰਜਾਬ ਸਰਕਾਰ ਤੇ ਮਾਨਯੋਗ ਡੀ. ਜੀ. ਪੀ. ਪੰਜਾਬ ਦੀ ਅਗਵਾਈ ਹੇਠ 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਸੀ। ਜਿਸ ਤੋਂ ਲੈ ਕੇ ਹੁਣ ਤੱਕ ਇਸ ਨੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਭਾਰੀ ਝਟਕਾ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸੰਘਰਸ਼ ਹੁਣ ਰੁਕਣ ਵਾਲਾ ਨਹੀਂ। ਹਰ ਨਸ਼ਾ ਤਸਕਰ ਪੁਲਿਸ ਦੀ ਰਡਾਰ 'ਤੇ ਹੈ। ਨਸ਼ਾ ਮੁਕਤ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਜਿਹੀਆਂ ਕਾਰਵਾਈਆਂ ਨਿਰੰਤਰ ਚੱਲਦੀਆਂ ਰਹਿਣਗੀਆਂ। ਕਿਸੇ ਵੀ ਨਸ਼ਾ ਤਸਕਰ ਨੂੰ ਨਹੀਂ ਬਖ਼ਸ਼ਿਆ ਜਾਵੇਗਾ।

# ਰਾਕੇਸ਼ ਨਾਗਪਾਲ ਨੂੰ ਅਖਿਲ ਭਾਰਤੀ ਗ੍ਰਾਹਕ ਪੰਚਾਇਤ 'ਚ ਮਿਲੀਆਂ ਦੋ ਮਹੱਤਵਪੂਰਨ ਜ਼ਿੰਮੇਵਾਰੀਆਂ

ਫ਼ਾਜ਼ਿਲਕਾ, 26 ਜੂਨ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜ਼ਿਲ੍ਹਾ ਪ੍ਰੈਸ ਕਲੱਬ ਫ਼ਾਜ਼ਿਲਕਾ ਦੇ ਚੇਅਰਮੈਨ ਰਾਕੇਸ਼ ਨਾਗਪਾਲ ਨੂੰ ਉਪਭੋਗਤਾ ਅਧਿਕਾਰਾਂ ਦੀ ਰੱਖਿਆ ਅਤੇ ਸਮਾਜਿਕ ਸਰਗਰਮੀਆਂ ਵਿੱਚ ਉਨ੍ਹਾਂ ਦੀ ਲਗਾਤਾਰ ਭੂਮਿਕਾ ਦੇ ਆਧਾਰ 'ਤੇ ਅਖਿਲ ਭਾਰਤੀ ਗ੍ਰਾਹਕ ਪੰਚਾਇਤ ਵੱਲੋਂ ਦੋ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੂੰ ਅਖਿਲ ਭਾਰਤੀ ਗ੍ਰਾਹਕ ਪੰਚਾਇਤ ਪੰਜਾਬ ਦਾ ਉਪ-ਪ੍ਰਧਾਨ ਅਤੇ ਜ਼ਿਲ੍ਹਾ ਫ਼ਾਜ਼ਿਲਕਾ ਦੇ ਜ਼ਿਲ੍ਹਾ ਪ੍ਰਧਾਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਮਿਲੀ ਹੈ। ਇਸ ਨਿਯੁਕਤੀ ਨੂੰ ਰਾਕੇਸ਼ ਨਾਗਪਾਲ ਦੀ ਨਿਰਪੱਖ ਪੱਤਰਕਾਰਤਾ, ਸਮਾਜਿਕ ਯੋਗਦਾਨ ਅਤੇ ਉਪਭੋਗਤਾ ਹਿੱਤਾਂ ਲਈ ਉਨ੍ਹਾਂ ਦੇ ਸਮਰਪਿਤ ਸੰਘਰਸ਼ ਦਾ ਸਨਮਾਨ ਮੰਨਿਆ ਜਾ ਰਿਹਾ ਹੈ। ਇਹ ਪ੍ਰਾਪਤੀ ਨਾ



ਸਿਰਫ਼ ਉਨ੍ਹਾਂ ਦੀ ਨਿੱਜੀ ਸਫ਼ਲਤਾ ਦਾ ਪ੍ਰਤੀਕ ਹੈ, ਸਗੋਂ ਸਮੁੱਚੇ ਫ਼ਾਜ਼ਿਲਕਾ ਖੇਤਰ ਲਈ ਮਾਣ ਵਾਲੀ ਗੱਲ ਹੈ। ਜਿਵੇਂ ਹੀ ਇਹ ਖ਼ਬਰ ਫ਼ਾਜ਼ਿਲਕਾ 'ਚ ਪਹੁੰਚੀ, ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਪਈ। ਉਨ੍ਹਾਂ ਦੇ ਸ਼ੁਭਚਿੰਤਕਾਂ, ਦੋਸਤਾਂ, ਸਮਾਜ ਸੇਵੀਆਂ, ਜ਼ਿਲ੍ਹਾ ਪ੍ਰੈਸ ਕਲੱਬ ਦੀ ਪੂਰੀ ਟੀਮ ਅਤੇ ਸਰਹੱਦ ਕੇਸਰੀ ਪਰਿਵਾਰ ਵੱਲੋਂ ਉਨ੍ਹਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਗਈ।

# ਆਟੋ ਚਾਲਕਾਂ ਦਾ ਹੋਇਆ ਏਕਾ, ਯੂਨੀਅਨ ਹੋਈ ਮਜ਼ਬੂਤ




ਭੋਗਪੁਰ, 26 ਜੂਨ (ਅਮਰਜੀਤ ਸਿੰਘ ਸੈਣੀ): ਭੋਗਪੁਰ ਨਾਲ ਲੱਗਦੇ ਅੱਡੇ ਬੁਲੋਵਾਲ ਆਟੋ ਰਿਕਸ਼ਾ ਮਾਲਿਕ ਸ਼ਹੀਦ ਭਗਤ ਸਿੰਘ ਆਟੋ ਯੂਨੀਅਨ ਰਜਿ. ਭੋਗਪੁਰ ਵਿੱਚ ਸ਼ਾਮਲ ਹੋ ਗਏ ਹਨ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਟੋ ਯੂਨੀਅਨ ਦੇ ਪ੍ਰਧਾਨ ਬਾਬਾ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਯੂਨੀਅਨ ਦੀਆਂ ਸ਼ਹਿਰ ਵਿੱਚ ਕਾਫੀ ਆਟੋ ਰਿਕਸ਼ਾ ਚੱਲ ਰਹੀਆਂ ਹਨ ਅਤੇ ਅਸੀਂ ਸਾਰੇ ਕਨੂੰਨ ਅਨੁਸਾਰ ਚਲਦੇ ਹਾਂ ਕੋਈ ਵੀ ਆਟੋ ਚਾਲਕ ਆਪਣੀ ਮਨਮਰਜ਼ੀ ਨਹੀਂ ਕਰਦਾ ਹੈ ।ਉਹਨਾਂ ਦੱਸਿਆ ਕਿ 15-20 ਸਾਲ ਤੋਂ ਆਟੋ ਚਾਲਕ ਇਸੇ ਅੱਡੇ ਤੋਂ ਹੀ ਆਪਣੀ ਵਾਰੀ ਅਨੁਸਾਰ ਸਵਾਰੀਆਂ ਚੁੱਕਦੇ ਹਨ ਅਤੇ ਪਿਆਰ ਭਾਵਨਾ ਦੇ ਨਾਲ ਰਹਿੰਦੇ ਹਨ ਅਤੇ ਬੁਲੋਵਾਲ ਅੱਡੇ +ਤੇ ਡੀਜ਼ਲ ਆਟੋ ਵੀ ਚਲਦੇ ਹਨ, ਉਹ ਵੀ ਅੱਜ ਇਸ ਯੂਨੀਅਨ ਨਾਲ ਸਹਿਮਤ ਹੋ ਗਏ ਹਨ ਅਤੇ ਸਾਰੇ ਪ੍ਰਸ਼ਾਸਨ ਦੀ ਸਹਿਮਤੀ ਨਾਲ ਹੀ ਚਲਦੇ ਹਨ ।ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਟਰਾਂਸਪੋਰਟ ਚਲਦਾ ਆ ਰਿਹਾ ਤੇ ਕਦੇ ਵੀ ਡਰਾਈਵਰ ਵੀਰਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਈ ਹੈ ਅਤੇ ਅੱਜ ਬੁੱਲੋਵਾਲ ਅੱਡੇ ਵਾਲੇ ਵੀ ਯੂਨੀਅਨ ਵਿੱਚ ਸ਼ਾਮਿਲ ਹੋ ਗਏ ਹਨ ਤੇ ਹੁਣ ਯੂਨੀਅਨ ਹੋਰ ਵੀ ਮਜ਼ਬੂਤ ਹੋਵੇਗੀ।

# ਹੈਰੋਇਨ, 32 ਬੋਰ ਪਿਸਤੌਲ ਤੇ ਦੋ ਜ਼ਿੰਦਾ ਕਾਰਤੂਸਾਂ ਸਮੇਤ ਨੌਜਵਾਨ ਕਾਬੂ

ਚੌਕ ਮਹਿਤਾ, 26 ਜੂਨ (ਬਲਜਿੰਦਰ ਸਿੰਘ ਰੰਧਾਵਾ): ਪੁਲਿਸ ਥਾਣਾ ਮਹਿਤਾ ਚੌਕ ਦੀ ਪੁਲਿਸ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਇੱਕ ਕਥਿਤ ਦੋਸ਼ੀ ਨੂੰ 262 ਗਰਾਮ ਹੈਰੋਇਨ, ਇੱਕ 32 ਬੋਰ ਪਿਸਟਲ ਅਤੇ ਦੋ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਥਾਣਾ ਮੁਖੀ ਸ੍ਰ ਹਰਪਾਲ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ




ਉਨਾਂ ਦੀ ਪੁਲਿਸ ਪਾਰਟੀ ਵੱਲੋਂ ਗੁਰਦੁਆਰਾ ਚੇਲੇਆਣਾ ਸਾਹਿਬ ਪਿੰਡ ਮਹਿਸਮਪੁਰ ਖੁਰਦ ਦੇ ਨੇੜੇ ਡਰੇਨ ਦੇ ਪੁਲ 'ਤੇ ਨਾਕਾ ਲਗਾਇਆ ਹੋਇਆ ਸੀ ਤਾਂ ਇੱਕ ਨੌਜਵਾਨ ਨੂੰ ਬਿਨਾਂ ਨੰਬਰੀ ਮੋਟਰਸਾਈਕਲ 'ਤੇ ਆਉਂਦਿਆਂ ਦੇਖ ਕੇ ਜਦ ਰੋਕਣ ਲਈ ਇਸ਼ਾਰਾ ਕੀਤਾ ਤਾਂ ਉਸਨੇ ਮੋਟਰਸਾਈਕਲ ਨੂੰ ਵਾਪਸ ਮੋੜ ਕੇ ਭਜਾਉਣ ਦੀ ਕੋਸ਼ਿਸ਼ ਕੀਤੀ। ਪਰ ਪੁਲਿਸ ਕਰਮਚਾਰੀਆਂ ਨੇ ਉਸ ਨੂੰ ਫੜ ਲਿਆ ।ਜਦ ਉਸ ਨੌਜਵਾਨ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਕੋਲੋਂ ਖੱਬੀ ਡੱਬ ਵਿੱਚ ਇੱਕ 32 ਬੋਰ ਦਾ ਪਿਸਟਲ ਬਰਾਮਦ ਹੋਇਆ, ਜਿਸ ਵਿੱਚ ਦੋ ਜ਼ਿੰਦਾ ਰੌਂਦ ਭਰੇ ਹੋਏ ਸਨ। ਇਸ ਤੋਂ ਇਲਾਵਾ ਜਦੋਂ ਉਸਦੇ ਮੋਟਰਸਾਈਕਲ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੀ ਹੈਡਲਾਈਟ ਵਿੱਚੋਂ ਇੱਕ ਮੋਮੀ ਲਿਫਾਫੇ ਵਿੱਚ ਪੈਕਟ ਬਣਾ ਕੇ ਰੱਖੀ ਗਈ ਹੈਰੋਇਨ ਬਰਾਮਦ ਕੀਤੀ ਗਈ, ਜਿਸ ਦਾ ਕੰਪਿਊਟਰ ਕੰਡੇ 'ਤੇ ਵਜਨ ਕੀਤਾ ਤਾਂ ਉਹ 262 ਗਰਾਮ ਹੋਇਆ। ਦੋਸ਼ੀ ਦੀ ਪਛਾਣ ਸੋਨੀ ਸਿੰਘ ਉਰਫ ਸੋਨੂੰ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਤਨੇਲ ਥਾਣਾ ਮੱਤੇਵਾਲ ਵਜੋਂ ਹੋਈ। ਥਾਣਾ ਮੁਖੀ ਸ੍ਰ. ਹਰਪਾਲ ਸਿੰਘ ਨੇ ਦੱਸਿਆ ਕਿ ਦੋਸ਼ੀ ਖਿਲਾਫ 21 ਸੀ 25-61 -85 ਐਨ ਡੀ ਪੀ ਐਸ ਐਕਟ ਅਤੇ 25-54- 59 ਅਸਲਾ ਐਕਟ ਦੇ ਤਹਿਤ ਮੁਕੱਦਮਾ ਨੰਬਰ 70 ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਪੰਜਾਬ ਐਂਡ ਸਿੰਧ ਬੈਂਕ ਦੇ ਸਥਾਪਨਾ ਦਿਵਸ ਮੌਕੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਵਾਟਰ ਕੂਲਰ ਕੀਤਾ ਭੇਟ

ਫਤਹਿਗੜ੍ਹ ਸਾਹਿਬ, 26 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼ਹੀਦਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸੰਗਤਾਂ ਦੀ ਸੇਵਾ ਲਈ ਪੰਜਾਬ ਐਂਡ ਸਿੰਧ ਬੈਂਕ ਫਤਿਹਗੜ੍ਹ ਸਾਹਿਬ ਵੱਲੋਂ ਬੈਂਕ ਦੇ 118ਵੇਂ ਸਥਾਪਨਾ ਦਿਵਸ ਮੌਕੇ ਬਰਾਂਚ ਦੇ ਸੀਨੀਅਰ ਮੈਨੇਜਰ ਜਪਨੀਤ



ਸਿੰਘ, ਆਫਿਸਰ ਕਸ਼ਿਸ਼ ਬਾਂਸਲ, ਹਾਊਸ ਕੀਪਰ ਸਤਨਾਮ ਸਿੰਘ ਅਤੇ ਗੁਰਮੀਤ ਸਿੰਘ ਵਲੋਂ ਠੰਡੇ ਪਾਣੀ ਦੀ ਸੇਵਾ ਲਈ ਇੱਕ ਕੂਲਰ ਭੇਟ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜਾਬ ਐਂਡ ਸੀਨੀਅਰ ਬੈਂਕ ਦੇ ਅਧਿਕਾਰੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਨੇ ਕਿਹਾ ਕਿ ਪੰਜਾਬ ਐਂਡ ਸਿੰਧ ਬੈਂਕ ਦਾ ਸਿੱਖਾਂ ਨਾਲ ਗਹਿਰਾ ਸਬੰਧ ਹੈ। ਉਨ੍ਹਾਂ ਕਿਹਾ ਕਿ ਇਸ ਬੈਂਕ ਦੀ ਸਥਾਪਨਾ ਸਿਫਤੀ ਦੇ ਘਰ ਅੰਮ੍ਰਿਤਸਰ ਦੀ ਪਾਵਨ ਧਰਤੀ ਤੋਂ ਹੋਈ ਸੀ ਅਤੇ ਇਸ ਦੇ 118 ਸਾਲਾ ਸਥਾਪਨਾ ਦਿਵਸ 'ਤੇ ਬੈਂਕ ਅਧਿਕਾਰੀਆਂ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਸੰਗਤਾਂ ਦੀ ਸਹੂਲਤ ਲਈ ਇਕ ਵਾਟਰ ਕੂਲਰ ਭੇਟ ਕੀਤਾ ਹੈ। ਇਸੇ ਦੌਰਾਨ ਪੰਜਾਬ ਐਂਡ ਸਿੰਧ ਬੈਂਕ ਦੇ ਬਰਾਂਚ ਦੇ ਸੀਨੀਅਰ ਮੈਨੇਜਰ ਜਪਨੀਤ ਸਿੰਘ ਨੇ ਕਿਹਾ ਕਿ ਬੈਂਕ ਨੂੰ ਸ਼ੁਰੂ ਤੋਂ ਹੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾਂਦਾ ਆ ਰਿਹਾ ਹੈ ਤੇ ਸ਼ੁਰੂਆਤੀ ਦੌਰ ਵਿੱਚ ਵੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਕੰਪਲੈਕਸ ਵਿੱਚ ਹੀ ਬੈਂਕ ਖੋਲ੍ਹਿਆ ਗਿਆ ਸੀ ਤੇ ਹੁਣ ਵੀ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਸੰਗਤਾਂ ਨੂੰ ਆਪਣੀਆਂ ਸੇਵਾਵਾਂ ਅਰਪਿਤ ਕਰ ਰਿਹਾ।

# ਡੀ.ਐੱਸ.ਪੀ. ਵਜੋਂ ਪੇਸ਼ ਹੋਣ ਵਾਲਾ ਵਿਅਕਤੀ 11.46 ਲੱਖ ਦੀ ਧੋਖਾਧੜੀ ਲਈ ਗ੍ਰਿਫ਼ਤਾਰ

ਕਰਨਾਲ, 26 ਜੂਨ (ਚ.ਨ.ਸ): ਪਾਣੀਪਤ ਪੁਲਿਸ ਨੇ ਇੱਕ ਵਿਅਕਤੀ ਨੂੰ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐੱਸਪੀ) ਵਜੋਂ ਪੇਸ਼ ਕਰਨ ਤੇ ਪੰਜਾਬ ਯੂਨੀਵਰਸਿਟੀ ਵਿੱਚ ਸੁਰੱਖਿਆ ਸੇਵਾਵਾਂ ਲਈ ਟੈਂਡਰ ਦਾ ਵਾਅਦਾ ਕਰਕੇ ਇੱਕ ਸਥਾਨਕ ਸੁਰੱਖਿਆ ਏਜੰਸੀ ਦੇ ਸੰਚਾਲਕ ਨਾਲ 11.46 ਲੱਖ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀ ਨੇ ਇਹ ਵੀ ਝੂਠਾ ਦਾਅਵਾ ਕੀਤਾ ਕਿ ਉਸਦੀ ਪਤਨੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਅਧਿਕਾਰੀ ਵਜੋਂ ਕੰਮ ਕਰਦੀ ਹੈ। ਪੁਲਿਸ ਸੁਪਰਡੈਂਟ (ਐੱਸਪੀ) ਭੂਪੇਂਦਰ ਸਿੰਘ ਨੇ ਬੁੱਧਵਾਰ ਨੂੰ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਪਾਣੀਪਤ ਦੇ 8 ਮਰਲਾ ਇਲਾਕੇ ਦੇ ਨਿਵਾਸੀ ਸੁਮਿਤ ਆਹੂਜਾ ਵਜੋਂ ਹੋਈ ਹੈ। ਪੁਲਿਸ ਦੇ ਅਨੁਸਾਰ ਆਹੂਜਾ ਨੇ ਪੰਚਕੂਲਾ ਵਿੱਚ ਜਾਂਚ ਬਿਊਰੋ ਵਿੱਚ ਡੀ.ਐੱਸ.ਪੀ. ਵਜੋਂ ਪੇਸ਼ ਕੀਤਾ ਤੇ ਆਪਣੀ ਪਤਨੀ ਤਨਵੀਰ ਸੰਧੂ ਨੂੰ ਹਾਈ ਕੋਰਟ ਦੀ ਅਧਿਕਾਰੀ ਵਜੋਂ ਪੇਸ਼ ਕੀਤਾ। ਦੋਵਾਂ ਨੇ ਕਥਿਤ ਤੌਰ 'ਤੇ ਦੱਤਾ ਕਲੋਨੀ ਦੇ ਨਿਵਾਸੀ ਅਤੇ ਮਾਡਲ ਟਾਊਨ ਵਿੱਚ ਏਵੀ ਸੁਰੱਖਿਆ ਸੇਵਾ ਦੇ ਮਾਲਕ ਅਮਿਤ ਸ਼ਰਮਾ ਨੂੰ ਯਕੀਨ ਦਿਵਾਉਣ ਲਈ ਇਨ੍ਹਾਂ ਝੂਠੀਆਂ ਪਛਾਣਾਂ ਦੀ ਵਰਤੋਂ ਕੀਤੀ ਕਿ ਉਹ ਪੈਸੇ ਦੇ ਬਦਲੇ ਯੂਨੀਵਰਸਿਟੀ ਦਾ ਟੈਂਡਰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਨ। ਡੀ.ਐੱਸ.ਪੀ. ਸਤੀਸ਼ ਵਤਸ ਨੇ ਕਿਹਾ ਕਿ ਇਹ ਮਾਮਲਾ ਸ਼ਰਮਾ ਦੀ ਸ਼ਿਕਾਇਤ ਤੋਂ ਬਾਅਦ ਦਰਜ ਕੀਤਾ ਗਿਆ ਸੀ, ਜਿਸ ਨੇ ਦੋਸ਼ ਲਗਾਇਆ ਸੀ ਕਿ ਪੰਜਾਬ ਯੂਨੀਵਰਸਿਟੀ ਦਾ ਠੇਕਾ ਹਾਸਲ ਕਰਨ ਦੇ ਬਹਾਨੇ ਉਸ ਨਾਲ ਧੋਖਾ ਕੀਤਾ ਗਿਆ ਹੈ। ਸੀਆਈਏ-2 ਦੇ ਇੰਚਾਰਜ ਇੰਸਪੈਕਟਰ ਫੂਲ ਕੁਮਾਰ ਨੇ ਜਾਂਚ ਦੀ ਅਗਵਾਈ ਕੀਤੀ ਤੇ ਆਹੂਜਾ ਨੂੰ ਉਸ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ। ਸ਼ੁਰੂਆਤੀ ਪੁੱਛਗਿੱਛ ਦੌਰਾਨ ਆਹੂਜਾ ਨੇ ਡੀ.ਐੱਸ.ਪੀ. ਹੋਣ ਅਤੇ ਸ਼ਰਮਾ ਨਾਲ ਧੋਖਾ ਕਰਨ ਦੀ ਗੱਲ ਕਬੂਲ ਕੀਤੀ। ਪੁਲਿਸ ਨੂੰ ਇਹ ਵੀ ਪਤਾ ਲੱਗਾ ਕਿ ਆਹੂਜਾ ਦਾ ਨਾਮ ਕਰਨਾਲ ਦੇ ਰਾਮ ਨਗਰ ਪੁਲਿਸ ਸਟੇਸ਼ਨ ਵਿੱਚ ਇੱਕ ਹੋਰ ਧੋਖਾਧੜੀ ਦੇ ਮਾਮਲੇ ਵਿੱਚ ਹੈ, ਜਿੱਥੇ ਉਸ ਨੇ ਵਿਦੇਸ਼ ਯਾਤਰਾ ਦੀ ਸਹੂਲਤ ਦੇਣ ਦੀ ਆੜ ਵਿੱਚ ਇੱਕ ਨੌਜਵਾਨ ਨਾਲ ਕਥਿਤ ਤੌਰ 'ਤੇ 12 ਲੱਖ ਦੀ ਠੱਗੀ ਮਾਰੀ ਸੀ।

# ਬਲਜੀਤ ਸਿੰਘ ਖ਼ਾਲਸਾ ਦੀਨਾਨਗਰ ਸੰਗਠਨ ਇੰਚਾਰਜ ਨਿਯੁਕਤ



ਗੁਰਦਾਸਪੁਰ, 26 ਜੂਨ (ਜਸਵਿੰਦਰ ਸਿੰਘ): ਬਲਜੀਤ ਸਿੰਘ ਖ਼ਾਲਸਾ ਹਲਕਾ ਦੀਨਾਨਗਰ ਸੰਗਠਨ ਇੰਚਾਰਜ ਤੇ ਜ਼ਿਲ੍ਹਾ ਸਕੱਤਰ ਤੇ ਚੇਅਰਮੈਨ ਮਾਰਕੀਟ ਕਮੇਟੀ ਮੰਡੀ ਬੋਰਡ ਦੀਨਾਨਗਰ ਤੇ ਸਰਪੰਚ ਪੁਰਾਣਾਸਾਲਾ ਨੂੰ ਪਾਰਟੀ ਵੱਲੋਂ ਸੰਗਠਨ ਇੰਚਾਰਜ ਨਿਯੁਕਤ ਕਰਨ 'ਤੇ ਬਹੁਤ-ਬਹੁਤ ਮੁਬਾਰਕਾਂ ਦਿੱਤੀਆਂ ਤੇ ਹਲਕਾ ਦੀਨਾਨਗਰ ਪਾਰਟੀ ਨੂੰ ਮਜ਼ਬੂਤ ਕਰਨ ਬੂਥ ਲੈਵਲ ਤੋਂ ਲੈ ਕੇ ਬਲਾਕ ਤੱਕ ਪਿੰਡ ਪਿੰਡ ਬੂਥ ਕਮੇਟੀਆਂ ਬਣਾ ਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਵਿਚ ਆਪਣਾ ਰੋਲ ਅਦਾ ਕਰਨਗੇ ਤੇ ਹਲਕਾ ਦੀਨਾਨਗਰ ਦਾ ਸੰਗਠਨ ਪੰਜਾਬ ਦਾ ਸਭ ਤੋਂ ਮਜ਼ਬੂਤ ਸੰਗਠਨ ਬਣਾਵਾਂਗੇ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਹਰੇਕ ਪਿੰਡ-ਪਿੰਡ ਪਹੁੰਚ ਕੇ ਪਾਰਟੀ ਦੇ ਜੁਝਾਰੂ ਵਰਕਰ, ਵਲੰਟੀਅਰਾਂ, ਅਹੁਦੇਦਾਰਾਂ ਨਾਲ ਸਿੱਧਾ ਰਾਬਤਾ ਕਰਕੇ ਪਾਰਟੀ ਦੀ ਵਿਚਾਰਧਾਰਾ ਤੇ ਭਗਵੰਤ ਸਿੰਘ ਮਾਨ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ। ਮੈਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਪੰਜਾਬ ਇੰਚਾਰਜ, ਪੰਜਾਬ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕੀਤਾ।

# ਕਮਲ ਕੌਰ ਭਾਬੀ ਕਤਲ ਮਾਮਲੇ 'ਚ ਦੋ ਹਫਤੇ ਬਾਅਦ ਵੀ ਪੁਲਿਸ ਦੇ ਹੱਥ ਖਾਲੀ

ਬਠਿੰਡਾ, 26 ਜੂਨ (ਚ.ਨ.ਸ): ਬਠਿੰਡਾ ਦੇ ਐੱਸ.ਐੱਸ.ਪੀ. ਨੇ ਕਿਹਾ ਕਿ ਪੰਜਾਬ ਪੁਲਿਸ ਨੂੰ ਅਜੇ ਤੱਕ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਕੀ ਇੰਟਰਪੋਲ ਨੇ ਕਤਲ ਕੇਸ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਮੁਲਜ਼ਮਾਂ ਨੂੰ ਲੱਭਣ ਤੇ ਹਿਰਾਸਤ ਵਿੱਚ ਲੈਣ ਲਈ ਨੋਟਿਸ ਪ੍ਰਕਾਸ਼ਿਤ ਕੀਤਾ ਹੈ। ਲੁਧਿਆਣਾ ਦੀ ਮਹਿਲਾ ਸੋਸ਼ਲ ਮੀਡੀਆ ਪ੍ਰਭਾਵਕ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਸੜੀ ਹੋਈ ਲਾਸ਼ ਬਠਿੰਡਾ ਵਿੱਚ ਮਿਲਣ ਤੋਂ ਦੋ ਹਫ਼ਤੇ ਬਾਅਦ ਵੀ ਇਸ ਮਾਮਲੇ ਨਾਲ ਸਬੰਧਤ ਦੋ ਮੁਲਜ਼ਮਾਂ ਦਾ ਪਤਾ ਅਜੇ ਵੀ ਪੁਲਿਸ ਨੂੰ ਨਹੀਂ ਲੱਗਿਆ ਹੈ। ਜਾਂਚਕਰਤਾਵਾਂ ਨੇ ਬੁੱਧਵਾਰ ਨੂੰ ਕਿਹਾ ਕਿ ਕਥਿਤ ਨਿਸ਼ਾਨਾ ਸਾਧਕ ਹੱਤਿਆ ਦਾ ਮੁੱਖ ਦੋਸ਼ੀ ਤੇ ਸਾਜਿਸ਼ਕਰਤਾ, ਅੰਮ੍ਰਿਤਪਾਲ ਸਿੰਘ ਮਹਿਰੋਂ ਇੱਕ ਧਾਰਮਿਕ ਚੌਕਸੀ 10 ਜੂਨ ਨੂੰ ਆਪਣਾ ਨਿਹੰਗ ਪਹਿਰਾਵਾ ਪਹਿਨੇ ਬਿਨਾਂ ਦੇਸ਼ ਛੱਡ ਕੇ ਭੱਜ ਗਿਆ ਸੀ। ਬਠਿੰਡਾ ਪੁਲਿਸ ਨੇ ਕਤਲ ਵਿੱਚ ਪੰਜ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ ਤੇ ਜੁਰਮ ਤੋਂ ਬਾਅਦ ਮਹਿਰੋਂ ਨੂੰ ਦੇਸ਼ ਛੱਡ ਕੇ ਭੱਜਣ ਵਿੱਚ ਸਹਾਇਤਾ ਕੀਤੀ ਹੈ। ਜਾਂਚਕਰਤਾਵਾਂ ਨੇ ਕਿਹਾ ਕਿ ਪੰਜ ਮੁਲਜ਼ਮਾਂ ਵਿੱਚੋਂ ਚਾਰ ਨਿਹੰਗ ਸਨ ਪਰ ਪੰਜਵੇਂ ਮੁਲਜ਼ਮ ਦੀ ਪਛਾਣ ਅਜੇ ਵੀ ਇੱਕ ਰਹੱਸ ਹੈ। ਪੁਲਿਸ ਨੇ ਮਹਿਰੋਂ ਦੇ ਸਹਿਯੋਗੀ ਜਸਪ੍ਰੀਤ ਸਿੰਘ ਤੇ ਨਿਮਰਤਜੀਤ ਸਿੰਘ, ਦੋਵੇਂ ਨਿਹੰਗਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਮਹਿਰੋਂ ਯੂਏਈ ਵਿੱਚ ਲੁਕਿਆ ਹੋਇਆ ਹੈ। ਇੱਕ ਹੋਰ ਦੋਸ਼ੀ ਰਣਜੀਤ ਸਿੰਘ, ਜੋ ਕਿ ਤਰਨਤਾਰਨ ਦਾ ਇੱਕ ਨਿਹੰਗ ਹੈ, ਵੀ ਫਰਾਰ ਹੈ, ਜਦੋਂ ਕਿ ਪੁਲਿਸ ਨੂੰ ਅਜੇ ਵੀ ਉਸਦੇ ਸਾਥੀ ਬਾਰੇ ਕੋਈ ਜਾਣਕਾਰੀ ਨਹੀਂ ਹੈ। ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਅਮਨੀਤ ਕੌਂਡਲ ਨੇ ਕਿਹਾ ਕਿ ਇੱਕ ਜਾਂਚ ਨੇ ਪੁਸ਼ਟੀ ਕੀਤੀ ਹੈ ਕਿ ਜਦੋਂ ਮਹਿਰੋਂ ਦੇਸ਼ ਤੋਂ ਬਾਹਰ ਗਿਆ ਸੀ ਤਾਂ ਉਸ ਸਮੇਂ ਰਣਜੀਤ ਦੇ ਨਾਲ ਨਹੀਂ ਸੀ। ਯਾਤਰਾ ਡੇਟਾ ਕਹਿੰਦਾ ਹੈ ਕਿ ਮਹਿਰੋਂ ਕੋਲ ਯੂਏਈ ਦਾ ਯਾਤਰਾ ਵੀਜ਼ਾ ਸੀ ਤੇ ਉਹ ਅੰਮ੍ਰਿਤਸਰ ਤੋਂ ਉਡਾਣ ਵਿੱਚ ਸਵਾਰ ਹੋਇਆ ਸੀ, ਜਿੱਥੇ ਉਸਨੇ ਆਪਣਾ ਰਵਾਇਤੀ ਨਿਹੰਗ ਪਹਿਰਾਵਾ ਨਹੀਂ ਪਾਇਆ ਹੋਇਆ ਸੀ। ਰਣਜੀਤ ਵਿਰੁੱਧ ਇੱਕ ਲੁੱਕ-ਆਊਟ ਸਰਕੂਲਰ (ਐੱਲਓਸੀ) ਜਾਰੀ ਕੀਤਾ ਗਿਆ ਸੀ ਤੇ ਅਜਿਹਾ ਕੋਈ ਇਨਪੁੱਟ ਨਹੀਂ ਹੈ ਜੋ ਦਰਸਾਉਂਦਾ ਹੈ ਕਿ ਉਹ ਭਾਰਤ ਛੱਡ ਗਿਆ ਹੈ। ਸਾਡੀਆਂ ਟੀਮਾਂ ਰਣਜੀਤ ਨੂੰ ਫੜਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ।

# ਵਧੀਕ ਮੁੱਖ ਚੋਣ ਅਫ਼ਸਰ ਹਰੀਸ਼ ਨਈਅਰ ਵੱਲੋਂ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ

ਗੁਰਦਾਸਪੁਰ, 26 ਜੂਨ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਮਾਣਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ ਹਰੀਸ਼ ਨਈਅਰ, ਆਈ.ਏ.ਐੱਸ. ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬਲਾਕ-ਬੀ ਵਿਖੇ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ, ਮਨਜਿੰਦਰ ਸਿੰਘ ਬਾਜਵਾ ਚੋਣ ਤਹਿਸੀਲਦਾਰ ਤੋਂ ਇਲਾਵਾ ਨੋਡਲ ਅਫ਼ਸਰ ਈ.ਵੀ.ਐੱਮਜ਼ ਗਗਨਦੀਪ ਸਿੰਘ ਹੋਰ ਅਧਿਕਾਰੀ ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦੇ ਨਿਰੀਖਣ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ ਨੇ ਵੇਅਰ ਹਾਊਸ ਦੀ ਲਾਗ-ਬੁੱਕ ਚੈੱਕ ਕਰਨ ਦੇ ਨਾਲ ਸਟਾਕ ਰਜਿਸਟਰ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਵੇਅਰਹਾਊਸ ਵਿੱਚ ਲਗਾਏ ਅੱਗ ਬੁਝਾਊ ਯੰਤਰਾਂ ਤੇ ਹੋਰ ਪ੍ਰਬੰਧਾਂ ਦੀ ਜਾਂਚ ਵੀ ਕੀਤੀ। ਉਨ੍ਹਾਂ ਕਿਹਾ ਕਿ ਵੇਅਰ ਹਾਊਸ ਵਿੱਚ ਵੋਟਿੰਗ ਮਸ਼ੀਨਾਂ ਦੇ ਰੱਖ-ਰਖਾਅ ਵਿੱਚ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ। ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਵੇਅਰਹਾਊਸ ਦੇ ਪ੍ਰਬੰਧਾਂ ਬਾਰੇ ਆਪਣੀ ਸੰਤੁਸ਼ਟੀ ਜ਼ਾਹਿਰ ਕੀਤੀ ਤੇ ਚੋਣ ਪ੍ਰਣਾਲੀ ਸਬੰਧੀ ਪ੍ਰਸ਼ਾਸਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਤੋਂ ਬਾਅਦ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ ਹਰੀਸ਼ ਨਈਅਰ, ਆਈ.ਏ.ਐੱਸ. ਵੱਲੋਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ।




# ਸਰਕਾਰ ਨੇ ਡੇਅਰੀ ਫਾਰਮਿੰਗ ਨੂੰ ਵੱਡਾ ਹੁਲਾਰਾ ਦਿੰਦਿਆਂ 30 ਹਜ਼ਾਰ ਤੋਂ ਵੱਧ ਦੁਧਾਰੂ ਪਸ਼ੂਆਂ ਦਾ ਕੀਤਾ ਬੀਮਾ: ਵਿਧਾਇਕ ਰੰਧਾਵਾ

☛1056 ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ 7 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਵੰਡੀ



ਡੇਰਾ ਬਾਬਾ ਨਾਨਕ, 26 ਜੂਨ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੂਬੇ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ ਨੇ ਡੇਅਰੀ ਫਾਰਮਿੰਗ ਖੇਤਰ ਨੂੰ ਹੁਲਾਰਾ ਦਿੰਦਿਆਂ ਡੇਅਰੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਅਹਿਮ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨ ਵਾਸਤੇ ਮਹਿਜ਼ ਇੱਕ ਸਾਲ ਦੌਰਾਨ ਸੂਬੇ ਭਰ ਵਿੱਚ 30,598 ਦੁਧਾਰੂ ਪਸ਼ੂਆਂ ਦਾ ਬੀਮਾ ਕਰਵਾ ਕੇ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਕੌਮੀ ਪਸ਼ੂ-ਧਨ ਮਿਸ਼ਨ ਦੀ ਜ਼ੋਖ਼ਮ ਪ੍ਰਬੰਧਨ ਤੇ ਪਸ਼ੂ-ਧਨ ਬੀਮਾ ਯੋਜਨਾ ਵੱਧ ਤੋਂ ਵੱਧ 70,000 ਰੁਪਏ ਪ੍ਰਤੀ ਪਸ਼ੂ ਕਲੇਮ ਸੀਮਾ ਦੇ ਨਾਲ ਜਨਰਲ ਵਰਗ ਦੇ ਕਿਸਾਨਾਂ ਲਈ 1120 ਰੁਪਏ ਤੇ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦੇ ਕਿਸਾਨਾਂ ਲਈ 672 ਰੁਪਏ ਦੀਆਂ ਸਾਲਾਨਾ ਪ੍ਰੀਮੀਅਮ ਦਰਾਂ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦਿਆਂ ਹੁਣ ਤੱਕ 1056 ਕਿਸਾਨਾਂ ਨੂੰ 7.39 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ 2 ਤੋਂ 20 ਪਸ਼ੂਆਂ ਵਾਲੇ ਡੇਅਰੀ ਯੂਨਿਟ ਸਥਾਪਤ ਕਰਨ ਲਈ 204 ਕਿਸਾਨਾਂ ਨੂੰ 3 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ 9150 ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਬਣਾਉਣ ਲਈ ਡੇਅਰੀ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਕਾਂ ਨੂੰ ਬੀਮਾ ਯੋਜਨਾ ਦੇ ਲਾਭਾਂ, ਕਲੇਮ ਪ੍ਰਕਿਰਿਆਵਾਂ ਤੇ ਪਸ਼ੂ ਸਿਹਤ ਪ੍ਰਬੰਧਨ ਬਾਰੇ ਸਿੱਖਿਅਤ ਕਰਨ ਲਈ 47 ਸੂਬਾਈ ਤੇ ਜ਼ਿਲ੍ਹਾ ਪੱਧਰੀ ਸੈਮੀਨਾਰ ਤੇ ਕੈਂਪ ਲਗਾਏ ਗਏ ਜਿਸ ਨਾਲ ਭਾਗੀਦਾਰੀ ਤੇ ਵਿਸ਼ਵਾਸ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਡੇਅਰੀ ਫਾਰਮਿੰਗ ਨਾਲ ਜੁੜ ਕੇ ਸਰਕਾਰ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਦਲਜੀਤ ਸਿੰਘ ਲੱਕੀ ਫਤਹਿਗੜ੍ਹ ਚੂੜੀਆਂ ਦੇ ਸੰਗਠਨ ਇੰਚਾਰਜ ਨਿਯੁਕਤ: ਸ਼ਰਮਾ



ਫਤਹਿਗੜ੍ਹ ਚੂੜੀਆਂ, 26 ਜੂਨ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਸਨੀਕ ਤੇ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਲੋਕ ਸਭਾ ਇੰਚਾਰਜ ਰਾਜੀਵ ਸ਼ਰਮਾ ਨੇ ਸਭ ਤੋਂ ਪਹਿਲਾਂ ਦਲਜੀਤ ਸਿੰਘ ਲੱਕੀ ਨੂੰ ਹਲਕਾ ਫਤਹਿਗੜ੍ਹ ਚੂੜੀਆਂ ਦੇ ਸੰਗਠਨ ਇੰਚਾਰਜ ਨਿਯੁਕਤ ਹੋਣ 'ਤੇ ਆਪਣੇ ਤੇ ਆਪਣੀ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਇਸ ਨਿਯੁਕਤੀ 'ਤੇ ਵਧਾਈ ਦਿੱਤੀ। ਗੱਲਬਾਤ ਦੌਰਾਨ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਇਹ ਨਿਯੁਕਤੀਆਂ ਕੀਤੀਆਂ ਹਨ, ਉਨ੍ਹਾਂ ਵਿੱਚ ਹਲਕਾ ਫਤਹਿਗੜ੍ਹ ਚੂੜੀਆਂ ਤੋਂ ਦਲਜੀਤ ਸਿੰਘ ਲੱਕੀ ਨੂੰ ਵੱਡੀ ਜ਼ਿੰਮੇਵਾਰੀ ਦੇ ਕੇ ਨਿਵਾਜਿਆ ਹੈ। ਦਲਜੀਤ ਸਿੰਘ ਲੱਕੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਪਾਰਟੀ ਵੱਲੋਂ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਮੈਂ ਤਨਦੇਹੀ ਤੇ ਇਮਾਨਦਾਰੀ ਦੇ ਨਾਲ ਨਿਭਾਵਾਂਗਾ ਤੇ ਹਲਕਾ ਫਤਹਿਗੜ੍ਹ ਚੂੜੀਆਂ ਦੇ ਪਾਰਟੀ ਦੇ ਸਾਰੇ ਹੀ ਅਹੁਦੇਦਾਰਾਂ ਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਾਂਗਾ ਤੇ ਪਾਰਟੀ ਦੀ ਹੋਰ ਮਜ਼ਬੂਤੀ ਦੇ ਲਈ ਦਿਨ ਰਾਤ ਮਿਹਨਤ ਕਰਾਂਗਾ। ਚੇਅਰਮੈਨ ਰਾਜੀਵ ਸ਼ਰਮਾ ਤੇ ਦਲਜੀਤ ਸਿੰਘ ਲੱਕੀ ਨੇ ਇਸ ਮਿਲੀ ਜ਼ਿੰਮੇਵਾਰੀ 'ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਅਮਨ ਅਰੋੜਾ ਤੇ ਸਾਰੀ ਹੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਤੇ ਵਿਸ਼ਵਾਸ ਦਿਵਾਉਂਦੇ ਹਾਂ ਕਿ ਹਲਕਾ ਫਤਹਿਗੜ੍ਹ ਚੂੜੀਆਂ ਦੇ ਅੰਦਰ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

# ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਨਾਲ ਚੱਟਾਨ ਵਾਂਗ ਖੜ੍ਹਾ: ਲੱਧਾ ਮੁੰਡਾ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 26 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬੀਤੇ ਦਿਨੀਂ ਮਾਝੇ ਦੇ ਨਿਧੜਕ ਜਰਨੈਲ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਾਨੂੰਨ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਉਨ੍ਹਾਂ ਦੀ ਰਿਹਾਇਸ਼ ਤੋਂ ਵਿਜੀਲੈਂਸ ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਪੰਜਾਬ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਜਤਿੰਦਰ ਸਿੰਘ ਲੱਧਾ ਮੁੰਡਾ ਨੇ ਕਿਹਾ ਕਿ ਪੰਜਾਬ ਸਰਕਾਰ ਵਿਜੀਲੈਂਸ 'ਤੇ ਦਬਾਅ ਬਣਾ ਕੇ ਉਨ੍ਹਾਂ 'ਤੇ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਪਰ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਡੱਟ ਕੇ ਖੜ੍ਹਾ ਹੈ ਤੇ ਮਜੀਠੀਆ ਨਾਲ ਵਿਜੀਲੈਂਸ ਵਿਭਾਗ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁੱਧ ਕਾਨੂੰਨੀ ਲੜਾਈ ਰਾਹੀਂ ਢੁੱਕਵਾਂ ਜਵਾਬ ਦੇਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਵਿਰੁੱਧ ਬਿਕਰਮ ਮਜੀਠੀਆ ਹਮੇਸ਼ਾ ਆਵਾਜ਼ ਉਠਾਉਂਦੇ ਰਹੇ ਹਨ। ਜਿਸ ਕਰਕੇ ਸਰਕਾਰ ਉਨ੍ਹਾਂ ਦੀ ਆਵਾਜ਼ ਨੂੰ ਹਮੇਸ਼ਾ ਦਬਾਉਣ ਦੀ ਚਾਲਾਂ ਚੱਲਦੀ ਆ ਰਹੀ ਹੈ।

# ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ ਨੇ ਭਾਈ ਬਲਵਿੰਦਰ ਸਿੰਘ ਨੂੰ ਹੈੱਡ ਗ੍ਰੰਥੀ ਕੀਤਾ ਨਿਯੁਕਤ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ 26 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਮੌਜੂਦਾ ਮੁਖੀ ਦਸ਼ਮੇਸ਼ ਤਰਨਾ ਦਲ ਦੇ ਰਹਿਨੁਮਾਈ ਹੇਠ ਪਿੰਡ ਚੌਣੇ ਜ਼ਿਲ੍ਹਾ ਗੁਰਦਾਸਪੁਰ ਦੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਬਲਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਨਿਯੁਕਤੀ ਸਮੇਂ ਮੌਜੂਦਾ ਜਥੇਦਾਰ ਬਾਬਾ ਹਰਪਾਲ ਸਿੰਘ ਗੰਗਾਨਗਰ ਰਾਜਸਥਾਨ ਵਾਲੇ ਜਥੇਦਾਰ ਬਾਬਾ ਅਮਰ ਸਿੰਘ ਅਨੂਪਗੜ੍ਹ ਰਾਜਸਥਾਨ ਜਥੇਦਾਰ ਬਾਬਾ ਰਵੇਲ ਸਿੰਘ ਘੋੜਿਆਂ ਦੇ ਜਥੇਦਾਰ ਉਨ੍ਹਾਂ ਦੇ ਸਪੁੱਤਰ ਬਾਬਾ ਗੁਰਦਿੱਤ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਰਤਨ ਸਿੰਘ ਫੌਜੀ, ਭਾਈ ਕਰਤਾਰ ਸਿੰਘ ਸੂਬੇਦਾਰ ਮੇਜਰ, ਬਾਬਾ ਬਲਜੀਤ ਸਿੰਘ, ਭਾਈ ਮੰਗਲ ਸਿੰਘ, ਬਾਬਾ ਬੋਤਾ ਸਿੰਘ, ਭਾਈ ਦਰਸ਼ਨ ਸਿੰਘ ਠੇਕੇਦਾਰ, ਭਾਈ ਜੋਗਾ ਸਿੰਘ ਮੈਂਬਰ, ਮਾਸਟਰ ਵਰਿੰਦਰ ਸਿੰਘ, ਜਥੇਦਾਰ ਬਾਬਾ ਜੁਗਰਾਜ ਸਿੰਘ, ਬਾਬਾ ਜੋਬਨਜੀਤ ਸਿੰਘ, ਸਾਬਕਾ ਸਰਪੰਚ ਕੁਲਵੰਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਬਲਵੰਤ ਸਿੰਘ ਆਦਿ ਹਾਜ਼ਰ ਸਨ।

# ਨਸ਼ਿਆਂ ਦੇ ਖ਼ਿਲਾਫ਼ ਮਾਨ ਸਰਕਾਰ ਦੀ ਜੰਗ ਜਾਰੀ: ਵਿਧਾਇਕ ਕਲਸੀ



ਬਟਾਲਾ, 26 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਮਾਨ ਸਰਕਾਰ ਦੀ ਜੰਗ ਜਾਰੀ ਹੈ ਤੇ ਨਸ਼ੇ ਦੀ ਤਸਕਰੀ ਨਾਲ ਜੁੜਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੇ 116ਵੇਂ ਦਿਨ ਪੂਰੇ ਕੀਤੇ ਹਨ, ਇਹ ਜੰਗ ਨਿਰੰਤਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ, ਅਫੀਮ ਤੇ ਡਰੱਗ ਮਨੀ ਬ੍ਰਾਮਦ ਕੀਤੀ ਜਾ ਰਹੀ ਹੈ। ਇਸ ਦੇ ਨਾਲ 116 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 19,185 ਹੋ ਗਈ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ, ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਨਸ਼ਨ (ਈਡੀਪੀ), ਲਾਗੂ ਕੀਤੀ ਗਈ ਹੈ ਤੇ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾ ਕੇ ਉਨ੍ਹਾਂ ਦਾ ਇਲਾਜ ਕਰਵਾਇਆ ਜ ਰਿਹਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਅੱਜ ਸਾਨੂੰ 'ਨਸ਼ਾ-ਮੁਕਤ ਭਾਰਤ ਅਭਿਆਨ' ਤਹਿਤ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਰਲ ਕੇ ਸਮਾਜਿਕ ਬੁਰਾਈ ਨਸ਼ੇ ਨੂੰ ਖਤਮ ਕਰਨ ਲਈ ਅੱਗੇ ਆਈਏ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੀ ਸ਼ਕਤੀ ਹੁੰਦੇ ਹਨ ਤੇ ਨੌਜਵਾਨਾਂ ਦੀ ਸ਼ਕਤੀ ਦਾ ਸਮਾਜ ਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਵੱਧ ਤੋਂ ਵੱਧ ਨੌਜਵਾਨ 'ਨਸ਼ਾ-ਮੁਕਤ ਭਾਰਤ ਅਭਿਆਨ' ਵਿੱਚ ਸ਼ਾਮਲ ਹੋਣ। ਇਸ ਲਈ ਆਓ, ਸਾਰੇ ਮਿਲ ਕੇ ਆਪਣੇ ਹਲਕੇ, ਜ਼ਿਲ੍ਹੇ, ਸੂਬੇ ਅਤੇ ਦੇਸ਼ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ ਇਰਾਦਾ ਕਰੀਏ।

# ਸਰਕਾਰੀ ਆਈ.ਟੀ.ਆਈ. ਵਿਖੇ ਲਗਾਇਆ ਰੋਜ਼ਗਾਰ ਮੇਲਾ



ਤਰਨਤਾਰਨ, 26 ਜੂਨ (ਪੁਸ਼ਪਿੰਦਰ ਬੰਟੀ/ਗੁਰਵਿੰਦਰ ਸਿੰਘ): ਪੰਜਾਬ ਸਰਕਾਰ ਤਕਨੀਕੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ 'ਤੇ ਅੱਜ ਸਰਕਾਰੀ ਆਈ.ਟੀ.ਆਈ. ਕੱਦ ਗਿੱਲ ਤਰਨ ਤਰਨ ਵਿੱਚ ਇੱਕ ਅਪਰੈਂਟਿਸ਼ਪ ਤੇ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਵਿੱਚ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਵੱਡੀਆਂ ਕੰਪਨੀਆਂ ਦੇ ਨੁਮਾਇੰਦਿਆਂ ਨੇ ਭਾਗ ਲੈ ਕੇ ਲਗਭਗ 74 ਬੱਚਿਆਂ ਦੀ ਚੋਣ ਕੀਤੀ ਗਈ। ਇਸ ਮੌਕੇ 'ਤੇ ਸੰਸਥਾ ਦੇ ਪ੍ਰਿੰਸੀਪਲ ਜਰਨੈਲ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਸਕਿਲ ਵਿੱਚ ਨਿਪੁੰਨ ਬੱਚਿਆਂ ਨੂੰ ਰੁਜ਼ਗਾਰ ਦੀ ਕੋਈ ਕਮੀ ਨਹੀਂ ਹੈ। ਸੰਸਥਾਵਾਂ ਵਿੱਚ ਜਿਥੇ ਬੱਚਿਆਂ ਨੂੰ ਵੱਖ-ਵੱਖ ਕੋਰਸ ਕਰਵਾਏ ਜਾਂਦੇ ਹਨ, ਉਥੇ ਹੀ ਪਾਸ ਆਊਟ ਬੱਚਿਆਂ ਨੂੰ ਵੱਖ-ਵੱਖ ਅਦਾਰਿਆਂ ਵਿੱਚ ਅਪਰੈਂਟਿਸ਼ਪ ਤੇ ਰੁਜ਼ਗਾਰ ਦੇਣ ਦੇ ਉਪਰਾਲੇ ਵੀ ਕੀਤੇ ਜਾਂਦੇ ਹਨ। ਇਸ ਮੌਕੇ 'ਤੇ ਵਰਧਮਾਨ ਇੰਡਸਟਰੀ ਲੁਧਿਆਣਾ ਸਵਰਾਜ ਗਰੁੱਪ ਮੋਹਾਲੀ ਰਿਹਾਨਾ ਇੰਡਸਟਰੀ ਅੰਮ੍ਰਿਤਸਰ ਸੰਦੀਪ ਬਰਾਈਡਰ ਵਰਕਸ਼ਾਪ ਅੰਮ੍ਰਿਤਸਰ ਆਦਿ ਨੇ ਇਸ ਮੇਲੇ ਵਿੱਚ ਸ਼ਿਰਕਤ ਕਰਕੇ ਵੱਖ-ਵੱਖ ਟ੍ਰੇਡਾਂ ਦੇ ਪਾਸ ਆਊਟ ਬੱਚਿਆਂ ਦੀ ਚੋਣ ਕੀਤੀ। ਸਵਰਾਜ ਗਰੁੱਪ ਮੋਹਾਲੀ ਤੇ ਵਰਧਮਾਨ ਗਰੁੱਪ ਲੁਧਿਆਣਾ ਵੱਲੋਂ ਨੌਕਰੀ ਲਈ ਚੁਣੇ ਹੋਏ ਸਿਖਿਆਰਥੀਆਂ ਨੂੰ ਕੰਪਨੀਆਂ ਅਧਿਕਾਰੀਆਂ ਵੱਲੋਂ ਆਫਰ ਲੈਟਰ ਸੌਂਪਦੇ ਹੋਏ, ਇਸ ਮੌਕੇ 'ਤੇ ਜ਼ਿਲ੍ਹੇ ਦੀਆਂ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਆਈ.ਟੀ.ਆਈਜ਼ ਤੋਂ ਪਾਸ ਆਊਟ ਸਿਖਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਸਟੇਜ ਸੈਕਟਰੀ ਰਘਬੀਰ ਸਿੰਘ ਅਨੰਦ ਸੁਪਰਡੈਂਟ ਵੱਲੋਂ ਨਿਭਾਈ ਗਈ। ਇਸ ਮੌਕੇ 'ਤੇ ਵੱਖ-ਵੱਖ ਆਈ.ਟੀ.ਆਈ. ਦੇ ਸਟਾਫ ਤੋਂ ਇਲਾਵਾ ਕੱਦ ਗਿੱਲ ਦੇ ਸਟਾਫ ਜਤਿੰਦਰ ਕੁਮਾਰ ਦਫਤਰ ਇੰਚਾਰਜ ਨੀਰੂ ਬਾਲਾ ਆਰਤੀ ਸਿਮਰਨਜੀਤ ਕੌਰ ਅਮਨਦੀਪ ਕੌਰ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਚਿਲਡਰਨ ਹੋਮ ਦਾ ਦੌਰਾ

☛ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ



ਗੁਰਦਾਸਪੁਰ/ਕਾਹਨੂੰਵਾਨ, 26 ਜੂਨ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸ਼ਾਮ ਚਿਲਡਰਨ ਹੋਮ (ਲੜਕੇ) ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਚਿਲਡਰਨ ਹੋਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਨਾਲ ਹੀ ਬੱਚਿਆਂ ਦੇ ਕਮਰਿਆਂ, ਰਸੋਈ, ਸਟੱਡੀ ਰੂਮ, ਕਾਮਨ ਰੂਮ ਆਦਿ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਚਿਲਡਰਨ ਹੋਮ ਵਿਖੇ ਰਹਿ ਰਹੇ ਸਹਿਵਾਸੀ ਬੱਚਿਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਕੋਲੋਂ ਫੀਡਬੈਕ ਲਈ। ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਦੇ ਨਾਲ ਚਿਲਡਰਨ ਹੋਮ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚਿਲਡਰਨ ਹੋਮ ਦੀ ਮੁਰੰਮਤ ਤੇ ਸਿਵਲ ਵਰਕ ਦੇ ਜੋ ਵੀ ਬਕਾਇਆ ਕੰਮ ਹਨ ਉਨ੍ਹਾਂ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਬੱਚਿਆਂ ਦਾ ਰੈਗੂਲਰ ਮੈਡੀਕਲ ਚੈਕਅੱਪ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਰ 15 ਦਿਨਾਂ ਬਾਅਦ ਚਿਲਡਰਨ ਹੋਮ ਦੇ ਪਾਣੀ ਦੀ ਟੈਸਟਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਕੂਲ ਤੋਂ ਬਾਅਦ ਚਿਲਡਰਨ ਹੋਮ ਵਿਖੇ ਵੀ ਪੜ੍ਹਾਇਆ ਜਾਵੇ ਤੇ ਬੱਚਿਆਂ ਦੀ ਕਰੀਅਰ ਕਾਊਂਸਲਿੰਗ ਵੀ ਕੀਤੀ ਜਾਵੇ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਚਿਲਡਰਨ ਹੋਮ ਵਿਖੇ ਰਹਿ ਰਹੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾਂ ਚਿਲਡਰਨ ਹੋਮ ਦੇ ਸਹਿਵਾਸੀ ਬੱਚਿਆਂ ਨੂੰ ਕਿਹਾ ਕਿ ਉਹ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਕਿਉਂਕਿ ਉਨ੍ਹਾਂ ਦੀ ਹੁਣ ਕੀਤੀ ਮਿਹਨਤ ਸਾਰੀ ਉਮਰ ਉਨ੍ਹਾਂ ਦੇ ਕੰਮ ਆਵੇਗੀ। ਉਨ੍ਹਾਂ ਚਿਲਡਰਨ ਹੋਮ ਦੇ ਬੱਚਿਆਂ ਨੂੰ ਕਿਹਾ ਕਿ ਕਿਸੇ ਵੀ ਜ਼ਰੂਰਤ ਲਈ ਉਹ ਉਨ੍ਹਾਂ ਨਾਲ ਸਿੱਧਾ ਰਾਬਤਾ ਵੀ ਕਰ ਸਕਦੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ, ਚਿਲਡਰਨ ਹੋਮ ਦੀ ਸੰਚਾਲਕ ਸੰਦੀਪ ਕੌਰ, ਡੀ.ਸੀ.ਪੀ.ਓ. ਸੁਨੀਲ ਜੋਸ਼ੀ, ਮਨੋਰੋਗ ਮਾਹਿਰ ਡਾ. ਮਾਇਤਰੀ, ਬਾਲ ਭਲਾਈ ਕਮੇਟੀ ਦੇ ਨੁਮਾਇੰਦੇ ਸੁੱਚਾ ਸਿੰਘ ਮੁਲਤਾਨੀ, ਉਡਾਨ ਸੰਸਥਾ ਵੱਲੋਂ ਬਲਜੀਤ ਸਿੰਘ ਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ. ਭਾਸਕਰ ਸ਼ਰਮਾ ਚਿਲਡਰਨ ਹੋਮ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

# ਵਿਧਾਇਕ ਕਟਾਰੀਆ ਵੱਲੋਂ ਟੱਕ ਲਗਾ ਕੇ ਵਿਕਾਸ ਦੇ ਕੰਮ ਸ਼ੁਰੂ

ਜ਼ੀਰਾ, 26 ਜੂਨ (ਦੀਪਕ ਭਾਰਗੋ): ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤੇ ਵਿਕਾਸ ਕਾਰਜ ਵੀ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ, ਇਸੇ ਤਰ੍ਹਾਂ ਜ਼ੀਰਾ ਨਗਰ ਕੌਂਸਲ ਵੱਲੋਂ ਜ਼ੀਰਾ ਸ਼ਹਿਰ ਦੇ ਵਿਕਾਸ ਕਾਰਜ ਲਈ 70 ਲੱਖ ਦੇ ਕੰਮ ਸ਼ੁਰੂ ਕੀਤੇ ਗਏ, ਜਿਨ੍ਹਾਂ ਦਾ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਅੱਜ ਸਵੇਰੇ ਟੱਕ ਲਗਾਇਆ ਗਿਆ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਦੇ ਵਿਕਾਸ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰੰਗਲਾ ਪੰਜਾਬ ਬਣਾਉਣ ਲਈ ਪੰਜ ਕਰੋੜ ਦੀ ਗ੍ਰਾਂਟਾਂ ਹਰ ਇੱਕ ਹਲਕੇ ਨੂੰ ਦਿੱਤੀ ਜਾਵੇਗੀ, ਜਿਸ ਨਾਲ ਅਚਨਚੇਤ ਆਉਣ ਵਾਲੇ ਛੋਟੇ-ਵੱਡੇ ਕੰਮ ਕਰਵਾਏ ਜਾ ਸਕਣ। ਇਸ ਸਾਰੇ ਪ੍ਰੋਗਰਾਮ ਦੀ ਰੂਪਰੇਖਾ ਨਗਰ ਕੌਂਸਲ ਦੇ ਪ੍ਰਧਾਨ ਸਰਬਜੀਤ ਕੌਰ ਤੇ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਜੱਜ ਵੱਲੋਂ ਕੀਤੀ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਜੱਜ ਵੱਲੋਂ ਕਿਹਾ ਗਿਆ ਕਿ ਵਿਰੋਧੀਆਂ ਵੱਲੋਂ ਤਾਂ ਗੱਲਾਂ ਕੀਤੀਆਂ ਹੀ ਜਾਣੀਆਂ ਹਨ ਪਰ ਮੈਨੂੰ ਸਹਿਯੋਗ ਸ਼ਹਿਰ ਵਾਸੀਆਂ ਦਾ ਚਾਹੀਦਾ ਹੈ ਤਾਂ ਜੋ ਮੈਂ ਸ਼ਹਿਰ ਨੂੰ ਸਾਫ ਸੁਥਰਾ ਤੇ ਇੱਕ ਨੰਬਰ ਬਣਾ ਕੇ ਰੱਖ ਸਕਾ। ਇਸ ਮੌਕੇ ਸਾਰੇ ਨਗਰ ਪਾਰਸ਼ਦ ਅਲੱਗ-ਅਲੱਗ ਵਾਰਡਾਂ ਦੇ ਹਾਜ਼ਰ ਰਹੇ ਤੇ ਸ਼ਹਿਰ ਦੀਆਂ ਸਮਾਜਿਕ ਧਾਰਮਿਕ ਸੰਸਥਾਵਾਂ ਤੋਂ ਇਲਾਵਾ ਦੁਕਾਨਦਾਰ ਵੀ ਹਾਜ਼ਰ ਰਹੇ। ਇਸ ਮੌਕੇ ਚੰਦ ਸਿੰਘ ਗਿੱਲ ਪਲੈਨਿੰਗ ਬੋਰਡ ਦੇ ਚੇਅਰਮੈਨ, ਮਾਰਕੀਟ ਕਮੇਟੀ ਚੇਅਰਮੈਨ ਇਕਬਾਲ ਸਿੰਘ, ਜਸਪਾਲ ਸਿੰਘ ਵਿਰਕ ਸੰਗਠਨ ਇੰਚਾਰਜ, ਪ੍ਰਿੰਸੀਪਲ ਰਕੇਸ਼ ਸ਼ਰਮਾ, ਪ੍ਰਧਾਨ ਟਰੱਕ ਯੂਨੀਅਨ ਗੁਰਪ੍ਰੀਤ ਸਿੰਘ ਗੋਪੀ, ਧਰਮਪਾਲ ਚੁੱਘ ਸਾਬਕਾ ਪ੍ਰਧਾਨ ਨਗਰ ਕੌਂਸਲ ਜ਼ੀਰਾ, ਗੁਲਸ਼ਨ ਸਿੰਘ ਐੱਮ.ਸੀ., ਸਨੀ ਐੱਮ.ਸੀ., ਬਲਵੀਰ ਸਿੰਘ ਐੱਮ.ਸੀ., ਗਿੰਨੀ ਸ਼ਰਮਾ ਐੱਮ.ਸੀ., ਭੁਪਿੰਦਰ ਸਿੰਘ ਮਨੀ ਐੱਮ.ਸੀ. ਲੱਖਾ ਸਿੰਘ ਐੱਮ.ਸੀ., ਸਰਪੰਚ ਦਲਜੀਤ ਸਿੰਘ ਅਵਾਨ, ਬਲਾਕ ਪ੍ਰਧਾਨ ਹਰ ਭਗਵਾਨ ਸਿੰਘ ਭੋਲਾ, ਸਰਪੰਚ ਰਾਮ ਸਿੰਘ ਗਿੱਲ ਲੋਂਗੋਦੇਵਾ, ਸਰਪੰਚ ਦਲਜੀਤ ਸਿੰਘ ਝਤਰਾ, ਸਰਪੰਚ ਤੀਰਥ ਸਿੰਘ ਫੇਰੋਕੇ, ਸਰਪੰਚ ਮਨਪ੍ਰੀਤ ਸੇਖਵਾਂ, ਦਰਬਾਰਾ ਸਿੰਘ ਪੀ.ਐੱਸ.ਓ., ਲੱਕੀ ਸ਼ਰਮਾ, ਕੁਲਦੀਪ ਸਿੱਧੂ, ਸੰਦੀਪ ਸ਼ਰਮਾ, ਬਲਜਿੰਦਰ ਸਿੰਘ ਗਿੱਲ, ਨੋਨੀ ਚੋਪੜਾ, ਤਰਸੇਮ ਲਾਲ ਜਨੇਜਾ, ਬਬਲੂ ਟਰੱਕ ਯੂਨੀਅਨ ਪ੍ਰਧਾਨ, ਅੰਗਰੇਜ ਸਿੰਘ, ਪ੍ਰਧਾਨ ਜਸਵਿੰਦਰ ਭਾਟੀਆ, ਅਨਿਲ ਬਜਾਜ, ਸਮਾਜ ਸੇਵੀ ਜਰਨੈਲ ਸਿੰਘ ਭੁੱਲਰ, ਬਲਤੇਜ ਸਿੰਘ ਗਿੱਲ, ਅਮਨਦੀਪ ਦਰਗਨ ਨਗਰ ਕੌਂਸਲ ਜ਼ੀਰਾ, ਡਾ. ਸੁਸ਼ੀਲ ਪਾਠਕ, ਵਿਜੇ ਧਵਨ, ਸਰਬਜੀਤ ਸ਼ਰਮਾ, ਤਰਸੇਮ ਲਾਲ ਚਿੜੀ ਤੋਂ ਇਲਾਵਾ ਸਾਈਂ ਮੰਦਰ ਕਮੇਟੀ ਦੇ ਮੈਂਬਰ ਤੇ ਕੀਰਤਨ ਮੰਡਲੀ ਦੀਆਂ ਬੀਬੀਆਂ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਰਹੇ।



# ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੀ ਗੁਰਦਾਸਪੁਰ ਇਕਾਈ ਵੱਲੋਂ ਮੀਟਿੰਗ



ਗੁਰਦਾਸਪੁਰ, 26 ਜੂਨ (ਸੰਧੂ/ਬਸਰਾ): ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੀ ਜ਼ਿਲ੍ਹਾ ਇਕਾਈ ਗੁਰਦਾਸਪੁਰ ਦੀ ਇੱਕ ਅਹਿਮ ਮੀਟਿੰਗ ਗੁਰੂ ਨਾਨਕ ਪਾਰਕ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਹੋਈ, ਜਿਸ ਵਿਚ ਕੰਪਿਊਟਰ ਅਧਿਆਪਕਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦੇ ਲਈ ਤਿੱਖਾ ਸੰਘਰਸ਼ ਕਰਨ ਦੇ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਬਠਿੰਡਾ ਜ਼ਿਲ੍ਹੇ ਤੋਂ ਸਟੇਟ ਆਗੂ ਜੋਨੀ ਸਿੰਗਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੰਪਿਊਟਰ ਅਧਿਆਪਕ ਆਗੂ ਜ਼ਿਲ੍ਹਾ ਕਨਵੀਨਰ ਇੰਦਰਜੀਤ ਸਿੰਘ, ਤਰਸੇਮ ਸਿੰਘ, ਕੁਲਦੀਪ ਸਿੰਘ ਤੇ ਸੂਬਾ ਕਮੇਟੀ ਮੈਂਬਰ ਕਰਮਜੀਤ ਪੁਰੀ ਤੇ ਗਗਨਦੀਪ ਸਿੰਘ ਆਦਿ ਆਗੂਆਂ ਨੇ ਦੱਸਿਆ ਕਿ 20 ਸਾਲਾਂ ਦੀ ਸਰਵਿਸ ਪੂਰੀ ਹੋਣ ਦੇ ਬਾਵਜੂਦ 6640 ਕੰਪਿਊਟਰ ਅਧਿਆਪਕ ਅੱਜ ਵੀ ਆਪਣੇ ਜਾਇਜ਼ ਹੱਕਾਂ ਤੋਂ ਵਾਂਝੇ ਹਨ। ਕੰਪਿਊਟਰ ਅਧਿਆਪਕ ਪਿਛਲੇ ਲੰਬੇ ਸਮੇਂ ਤੋਂ ਆਪ ਸੁਪਰੀਮੋ ਕੇਜਰੀਵਾਲ ਵੱਲੋਂ ਚੋਣ ਮੈਨੀਫੈਸਟੋ ਵਿੱਚ ਕੀਤੇ ਐਲਾਨ 15 ਸਤੰਬਰ 2022 ਨੂੰ ਸਿੱਖਿਆ ਮੰਤਰੀ ਵੱਲੋਂ ਕੀਤੇ ਅਧਿਕਾਰਤ ਐਲਾਨ ਲਾਗੂ ਕਰਵਾਉਣ ਦੀ ਲੜਾਈ ਲੜ ਰਹੇ ਹਨ ਪਰ ਅੱਜ ਤੱਕ ਨਾ ਤਾਂ ਕੰਪਿਊਟਰ ਅਧਿਆਪਕਾਂ ਤੇ ਬਾਕੀ ਮੁਲਾਜ਼ਮਾਂ ਵਾਂਗ ਪੰਜਾਬ ਸਿਵਲ ਸਰਵਿਸ ਰੂਲਜ਼ ਲਾਗੂ ਕੀਤੇ ਗਏ ਹਨ, ਨਾ ਛੇਵਾਂ ਪੇਅ ਕਮਿਸ਼ਨ ਲਾਗੂ ਕੀਤਾ ਗਿਆ ਹੈ ਤੇ ਨਾ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ 106 ਕੰਪਿਊਟਰ ਅਧਿਆਪਕਾਂ ਦੇ ਪਰਿਵਾਰਾਂ ਨੂੰ ਕੋਈ ਵਿੱਤੀ ਲਾਭ ਦਿੱਤਾ ਗਿਆ ਹੈ। ਸਰਕਾਰ ਦੇ ਇਸ ਅੜੀਅਲ ਤੇ ਬੇਰੁਖੀ ਵਾਲੇ ਰਵੱਈਏ ਕਰਕੇ ਸੰਘਰਸ਼ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ। ਜਿਸ ਵਿਚ ਸੂਬੇ ਭਰ ਦੇ ਕੰਪਿਊਟਰ ਅਧਿਆਪਕ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਦੇ ਹੋਏ ਆਪਣੇ ਹੱਕਾਂ ਦੇ ਲਈ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਸਪੱਸ਼ਟ ਕਿਹਾ ਕਿ ਜੇਕਰ ਸਮਾਂ ਰਹਿੰਦੇ ਕੰਪਿਊਟਰ ਅਧਿਆਪਕਾਂ ਦੇ ਹੱਕ ਬਹਾਲ ਨਾ ਕੀਤੇ ਗਏ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰ ਦੇਣਗੇ, ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਤੇ ਸਬੰਧਤ ਵਿਭਾਗ ਦੀ ਹੋਵੇਗੀ। ਇਸ ਮੀਟਿੰਗ ਵਿੱਚ ਮਨਦੀਪ ਸਿੰਘ ਤੂਰ, ਅਨਿਲ ਕੁਮਾਰ, ਨਵਜੋਧ ਸਿੰਘ, ਲਖਬੀਰ ਸਿੰਘ, ਗੁਰਪ੍ਰੀਤ ਕੌਰ, ਮਨਦੀਪ ਕੌਰ, ਰੁਪਿੰਦਰ ਕੌਰ, ਰੰਜਨ, ਪ੍ਰਦੀਪ ਕੁਮਾਰ, ਅਸ਼ੋਕ ਕੁਮਾਰ, ਰਾਕੇਸ਼ ਕੁਮਾਰ, ਅਤੁਲ ਕੁਮਾਰ, ਪ੍ਰਿਤਪਾਲ ਸਿੰਘ, ਇਛਪਾਲ, ਗੌਰਵ ਆਦਿ ਕੰਪਿਊਟਰ ਅਧਿਆਪਕ ਮੌਜੂਦ ਸਨ।

# ਪਾਤਸ਼ਾਹੀ ਨੌਵੀਂ ਗੁ. ਬਾਬਾ ਬਕਾਲਾ ਸਾਹਿਬ ਵਿਖੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਚੌਕ ਮਹਿਤਾ, 26 ਜੂਨ (ਬਲਜਿੰਦਰ ਸਿੰਘ ਰੰਧਾਵਾ): ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ ਗੁਰਦਆਰਾ ਬਾਬਾ ਬਕਾਲਾ ਸਾਹਿਬ ਵਿਖੇ ਲੰਗਰ ਦੇ ਸੇਵਾਦਾਰ ਤੇ ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ, ਜਿਸ ਵਿੱਚ ਕੋਲਡ ਡਰਿੰਕ ਲੱਸੀ ਜਲ ਜ਼ੀਰਾ ਨਿਊਟਰੀ ਬਰੈੱਡ ਕੜਾਹ ਪ੍ਰਸ਼ਾਦ ਤੇ ਕਈ ਪ੍ਰਕਾਰ ਦੇ ਠੰਡੇ-ਮਿੱਠੇ ਜਲ ਦੇ ਲੰਗਰ ਲਗਾਏ ਗਏ। ਗੁਰਦਆਰਾ ਸਾਹਿਬ ਦਰਸ਼ਨ ਕਰਨ ਆਈ ਸੰਗਤ ਨੇ ਬੜੀ ਸ਼ਰਧਾ ਦੇ ਨਾਲ ਛਬੀਲ ਦੇ ਲੰਗਰ ਛਕੇ। ਇਸ ਮੌਕੇ 'ਤੇ ਸੇਵਾਦਾਰ ਸੁੱਖ ਢਿੱਲੋਂ ਤਰਸੇਮ ਸਿੰਘ ਰੰਧਾਵਾ ਜੱਗਾ ਬੋਲੋਵਾਲ ਗੁਰਪ੍ਰੀਤ ਵਡਾਲਾ ਜੋਬਨ ਭੁੱਲਰ ਗੋਪੀ ਰਈਆ ਮਨਪ੍ਰੀਤ ਬਾਬਾ ਬਕਾਲਾ ਕੇਸਰ ਫੇਰੂਮਾਨ ਸ਼ੇਰਾ ਲੱਖੂਵਾਲ ਗੋਪੀ ਬੱਲ ਆਦਿ ਸੰਗਤ ਸੇਵਾ ਕਰਕੇ ਹਾਜ਼ਰੀ ਭਰੀ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਚਲਾਏਗਾ ਵਿਸ਼ੇਸ਼ ਨਸ਼ਾ ਮੁਕਤੀ ਅਭਿਆਨ: ਏ.ਡੀ.ਸੀ.




ਸ਼ਹੀਦ ਭਗਤ ਸਿੰਘ ਨਗਰ, 26 ਜੂਨ (ਸੁਖਦੇਵ ਸਿੰਘ ਉੜਾਪੜ): ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਵੱਖ-ਵੱਖ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇ.ਵਿ.) ਅਵਨੀਤ ਕੌਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਕਿਹਾ ਕਿ ਨਸ਼ਾ ਮੁਕਤ ਅਭਿਆਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿਚੋਂ ਨਸ਼ੇ ਦੀ ਬੁਰਾਈ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਬਚ ਕੇ ਆਪਣਾ ਚੰਗਾ ਭਵਿੱਖ ਬਣਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਬੁਰਾਈ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਸਮਾਜਿਕ ਬੁਰਾਈ ਹੈ ਤੇ ਇਸ ਬੁਰਾਈ ਦੇ ਖ਼ਾਤਮੇ ਲਈ ਸਮਾਜ ਦੇ ਹਰੇਕ ਵਰਗ ਦਾ ਸਹਿਯੋਗ ਲਿਆ ਜਾਵੇ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦੇਸ਼ ਨੂੰ ਨਸ਼ਾ ਮੁਕਤ ਕਰਨ ਲਈ ਸਹੁੰ ਚੁਕਾਈ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਕੌਮ ਦੀ ਊਰਜਾ ਤੇ ਸ਼ਕਤੀ ਹੁੰਦੇ ਹਨ। ਸਮਾਜ ਤੇ ਦੇਸ਼ ਦੇ ਵਿਕਾਸ ਵਿੱਚ ਨੌਜਵਾਨਾਂ ਦੀ ਸ਼ਕਤੀ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਨੌਜਵਾਨਾਂ ਦੀ ਵੱਧ ਤੋਂ ਵੱਧ ਗਿਣਤੀ ਨਸ਼ਾ ਮੁਕਤ ਭਾਰਤ ਮੁਹਿੰਮ ਸ਼ਾਮਲ ਹੋਵੇ, ਦੇਸ਼ ਦੀ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ, ਅਸੀਂ ਨਸ਼ਾ ਮੁਕਤ ਭਾਰਤ ਅਭਿਆਨ ਦੇ ਤਹਿਤ ਇਕਜੁੱਟ ਹੋ ਕੇ ਪ੍ਰਣ ਲੈਂਦੇ ਹਾਂ ਕਿ ਆਪਣੇ ਭਾਈਚਾਰੇ, ਪਰਿਵਾਰ ਤੇ ਦੋਸਤਾਂ ਨੂੰ ਨਸ਼ਾ ਮੁਕਤ ਕਰਨ ਦੇ ਨਾਲ-ਨਾਲ, ਖੁਦ ਵੀ ਨਸ਼ ਮੁਕਤ ਹੋਵਾਂਗੇ ਕਿਉਂਕਿ ਤਬਦੀਲੀ ਦੀ ਸ਼ੁਰੂਆਤ ਆਪਣੇ ਆਪ ਤੋਂ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਭ ਮਿਲ ਕੇ ਦ੍ਰਿੜ੍ਹਤਾ ਨਾਲ ਫੈਸਲਾ ਕਰੀਏ ਤੇ ਪ੍ਰਣ ਲਈਏ ਕਿ ਅਸੀਂ ਆਪਣਾ ਜ਼ਿਲ੍ਹਾ ਤੇ ਪੰਜਾਬ ਰਾਜ ਨੂੰ ਨਸ਼ਾ ਮੁਕਤ ਕਰਕੇ ਰਹਾਂਗੇ ਤੇ ਆਪਣੇ ਦੇਸ਼ ਨੂੰ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

# ਸਾਡੀ ਸਰਕਾਰ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਵਚਨਬੱਧ: ਡਾ. ਜਵੰਧਾ



ਸੰਗਰੂਰ 26 ਜੂਨ (ਹਰਕੰਵਲ ਸਿੰਘ ਹੈਪੀ) ਪੰਜਾਬ ਇੰਫੋਟੈਕ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਬੀਤੇ ਦਿਨੀਂ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਨੌਜਵਾਨ ਕਿਸੇ ਵੀ ਰਾਜ ਦਾ ਭਵਿੱਖ ਹੁੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਸਹੀ ਦਿਸ਼ਾ, ਸਿੱਖਿਆ ਅਤੇ ਰੋਜ਼ਗਾਰ ਦੇ ਮੌਕੇ ਦਿੱਤੇ ਜਾਣ, ਤਾਂ ਪੰਜਾਬ ਦੁਬਾਰਾ ਉੱਚੀਆਂ ਚੋਟੀਆਂ ਨੂੰ ਛੂਹ ਸਕਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਤਾਕਤ ਨਿਰਮਾਣਕਾਰੀ ਕਾਰਜਾਂ ਵਿੱਚ ਲਗਣੀ ਚਾਹੀਦੀ ਹੈ, ਨਾ ਕਿ ਨਸ਼ਿਆਂ ਜਾਂ ਵਿਰਥੇ ਕੰਮਾਂ ਵਿੱਚ।ਡਾ. ਜਵੰਧਾ ਨੇ ਕਿਹਾ ਕਿ ਅੱਜ ਦਾ ਨੌਜਵਾਨ ਬੇਹੱਦ ਹੋਸ਼ਿਆਰ, ਉਤਸ਼ਾਹੀਤ ਤੇ ਸਮਰਥ ਹੈ, ਪਰ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ ਦੀ ਲੋੜ ਹੈ। "ਸਾਨੂੰ ਇਨੋਵੇਸ਼ਨ, ਸਟਾਰਟਅਪਸ, ਡਿਜੀਟਲ ਸਿੱਖਿਆ ਅਤੇ ਤਕਨਾਲੋਜੀ ਨਾਲ ਨੌਜਵਾਨਾਂ ਨੂੰ ਜੋੜਣਾ ਪਵੇਗਾ ਤਾਂ ਜੋ ਉਹ ਆਪਣਾ ਤੇ ਪੰਜਾਬ ਦਾ ਵਿਕਾਸ ਕਰ ਸਕਣ।ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, ਨੌਜਵਾਨਾਂ ਲਈ ਵਿਸ਼ੇਸ਼ ਰਣਨੀਤੀਆਂ ਤਿਆਰ ਕਰ ਰਹੀ ਹੈ। ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲ ਚੁੱਕੀਆਂ ਹਨ ਤੇ ਹੋਰ ਵੀ ਨਵੇਂ ਭਰਤੀ ਪ੍ਰੋਗਰਾਮ ਜਾਰੀ ਹਨ। ਪੰਜਾਬ ਸਰਕਾਰ ਵੱਲੋਂ ਸਕਿਲ ਡਿਵੈਲਪਮੈਂਟ, ਰੋਜ਼ਗਾਰ ਮੇਲੇ, ਉਦਯਮਿਤਾ ਉਤਸ਼ਾਹਨ ਅਤੇ ਨਵੀਨਤਮ ਸਿੱਖਿਆ ਪ੍ਰਣਾਲੀ ਰਾਹੀਂ ਨੌਜਵਾਨਾਂ ਨੂੰ ਅੱਗੇ ਲਿਆਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ।ਡਾ. ਜਵੰਧਾ ਨੇ ਕਿਹਾ ਕਿ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਨੌਜਵਾਨਾਂ ਲਈ ਮੋਟੀਵੇਸ਼ਨਲ ਸੈਮੀਨਾਰ, ਕਰੀਅਰ ਗਾਈਡੈਂਸ ਅਤੇ ਇੰਡਸਟਰੀ ਲੰ ?ਕਿਜ ਵਾਲੇ ਪ੍ਰੋਗਰਾਮ ਚਲਾਏ ਜਾਣਗੇ। ਉਨ੍ਹਾਂ ਆਖਿਆ, "ਜਦੋਂ ਨੌਜਵਾਨ ਉਤਸ਼ਾਹੀਤ ਹੁੰਦੇ ਹਨ, ਉਹ ਨਵੇਂ ਰਾਹ ਬਣਾਉਂਦੇ ਹਨ। ਅਸੀਂ ਉਨ੍ਹਾਂ ਨੂੰ ਆਤਮਨਿਰਭਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।ਉਨ੍ਹਾਂ ਅਖੀਰ ਵਿੱਚ ਕਿਹਾ, "ਸਰਕਾਰ ਦੇ ਯਤਨਾਂ ਅਤੇ ਨੌਜਵਾਨਾਂ ਦੀ ਲਗਨ ਨਾਲ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੁਬਾਰਾ ਵਿਸ਼ਵ ਮੰਚ 'ਤੇ ਆਪਣਾ ਡੰਕਾ ਵਜਾਏਗਾ। ਨੌਜਵਾਨਾਂ ਦੀ ਸਫਲਤਾ ਹੀ ਪੰਜਾਬ ਦੀ ਸਫਲਤਾ ਹੈ।

# ਸਾਡੇ ਜਾਨ- ਮਾਲ ਦੀ ਰਾਖੀ ਕਰੇ ਪ੍ਰਸ਼ਾਸਨ : ਪ੍ਰਧਾਨ ਜੀਤ ਹਰਜੀਤ

ਸੰਗਰੂਰ, 26 ਜੂਨ (ਹਰਕੰਵਲ ਸਿੰਘ ਹੈਪੀ) ਪਿਛਲੇ ਦਿਨੀਂ ਸ਼ਹਿਰ ਦੀ ਰਾਮ ਬਸਤੀ 'ਚੋਂ ਰਾਤ ਵੇਲੇ ਕੈਮਰਿਆਂ ਵਿੱਚ ਕੈਦ ਹੋਈਆਂ ਚੋਰਾਂ ਦੀਆਂ ਵੀਡੀਓਜ਼ ਵਾਇਰਲ ਮਗਰੋਂ ਸ਼ਹਿਰ ਵਾਸੀ ਚਿੰਤਾ ਵਿੱਚ ਹਨ। ਸ਼ਹਿਰ ਵਸਨੀਕਾਂ ਨੂੰ ਡਰ ਹੈ ਕਿ ਜਿਸ ਤਰੀਕੇ ਨਾਲ ਰਾਤ ਵਕਤ ਤਕਰੀਬਨ ਛੇ ਸ਼ਰਾਰਤੀਆਂ ਦਾ ਗਿਰੋਹ ਚੋਰੀਆਂ ਲਈ ਘੁੰਮ ਰਿਹਾ ਹੈ ਉਹ ਕੋਈ ਵੱਡੀ ਵਾਰਦਾਤ ਨੂੰ ਵੀ ਕਰ ਸਕਦੇ ਹਨ। ਇਸ ਕਰਕੇ ਹੀ ਸ਼ਹਿਰ ਦੇ ਹਰੇੜੀ ਰੋਡ ਕਾਰੋਬਾਰੀਆਂ ਦੀ ਸੰਸਥਾ 'ਦੁਕਾਨਦਾਰ ਐਸੋਸੀਏਸ਼ਨ' ਵੱਲੋਂ ਬੀਤੇ ਕੱਲ੍ਹ ਇੱਕ ਮੀਟਿੰਗ ਥਾਣਾ ਸਿਟੀ 1 ਦੇ ਮੁਖੀ ਅਵਤਾਰ ਸਿੰਘ ਅਤੇ ਥਾਣੇਦਾਰ ਕੁਲਵਿੰਦਰ ਕੌਰ ਸਮੇਤ ਪੁਲਿਸ ਪਾਰਟੀ ਨਾਲ ਕੀਤੀ ਗਈ। ਸੰਸਥਾ ਦੇ ਪ੍ਰਧਾਨ ਜੀਤ ਹਰਜੀਤ ਵੱਲੋਂ ਪੁਲਿਸ ਨੂੰ ਪਿਛਲੇ ਦਿਨੀਂ ਹੋਈਆਂ ਘਟਨਾਵਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਸ਼ਹਿਰ ਅੰਦਰ ਸਰਗਰਮ ਚੋਰਾਂ ਤੋਂ ਜਾਨ ਮਾਲ ਦੀ ਰਾਖੀ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ ਗਈ। ਮੀਟਿੰਗ ਦੌਰਾਨ ਥਾਣਾ ਮੁਖੀ ਅਵਤਾਰ ਸਿੰਘ ਹੋਰਾਂ ਨੇ ਭਰੋਸਾ ਦਿੱਤਾ ਕਿ ਅੱਜ ਰਾਤ ਤੋਂ ਹੀ ਰਾਤ ਸਮੇਂ ਪੁਲਿਸ ਪਾਰਟੀ ਵੱਲੋਂ ਕੀਤੀ ਜਾਂਦੀ ਗਸ਼ਤ ਵਿੱਚ ਵਾਧਾ ਕਰ ਦਿੱਤਾ ਜਾਵੇਗਾ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਐਨਾ ਹੀ ਨਹੀਂ ਉਹਨਾਂ ਨੇ ਮੀਟਿੰਗ ਵਿੱਚ ਮੌਜੂਦ ਤਕਰੀਬਨ ਸੌ ਦੁਕਾਨਦਾਰਾਂ ਅਤੇ ਨੇੜੇ ਰਹਿਣ ਵਾਲਿਆਂ ਨੂੰ ਭਰੋਸਾ ਵੀ ਦਿਵਾਇਆ ਕਿ ਪੁਲਿਸ ਪਾਰਟੀ ਹਰ ਸਹਿਯੋਗ ਲਈ ਤਿਆਰ ਹੈ ਕਿਉਂਕਿ ਸ਼ਹਿਰ ਦੀ ਸੁਰੱਖਿਆ ਸਾਡੀ ਜ਼ਿੰਮੇਵਾਰੀ ਹੈ ਅਤੇ ਅਸੀਂ ਇਸ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਾਂ। ਇਸ ਮੌਕੇ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਨਵਦੀਪ ਕੌਰ ਸਿੱਧੂ ਜਿਲ੍ਹਾ ਸਕੱਤਰ ਆਮ ਆਦਮੀ ਪਾਰਟੀ, ਸੈਕਟਰੀ ਨਵਜੋਤ ਗਰਗ, ਸ੍ਰਪ੍ਰਸਤ ਕੁਲਦੀਪ ਕੁਮਾਰ, ਮੈਂਬਰ ਵਿਸ਼ਾਲ ਕੁਮਾਰ, ਸ਼ੇਰ ਪਾਲ, ਦਵਿੰਦਰ ਸਿੰਘ, ਤੇਜਿੰਦਰ ਸਿੰਘ,ਹੈਪੀ,ਚੈਰੀ, ਰਾਸ਼ਿਦ ਖਾਂ, ਸੁਖਵਿੰਦਰ ਸੁੱਖੀ, ਰਣਜੀਤ ਸਿੰਘ,ਰਾਜੂ, ਕੁਲਦੀਪ ਸਿੰਘ, ਲਤੀਫ਼ ਖਾਂ,ਆਦਿ ਹਾਜ਼ਰ ਸਨ।

# 22 ਸਾਲਾ ਤੋ ਹਰ ਸਾਲ ਯਾਤਰਾ ਅਤੇ ਟੂਰ ਕਰਵਾਉਦੇ ਹਨ ਗੁਰਜੰਟ ਸਿੰਘ ਸੋਨਾ



ਬਰਨਾਲਾ, 26 ਜੂਨ (ਹਿਮਾਂਸ਼ੂ ਗਰਗ)- ਗੁਰਦੁਆਰਾ ਬ੍ਰਹਮ ਗਿਆਨੀ ਬਾਬਾ ਨਾਮਦੇਵ ਜੀ ਬਰਨਾਲਾ ਤੋ ਬੱਸਾ ਹਰ ਸਾਲ ਯਾਤਰਾ ਕਰਵਾਉਣ ਵਾਲੇ ਗੁਰਜੰਟ ਸਿੰਘ ਸੋਨਾ ਸੰਗਤਾ ਨੂੰ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰੇ ਕਰਵਾਏ ਜਾਂਦੇ ਹਨ। ਇਹ ਯਾਤਰਾ ਲੱਗਭਗ ਗੁਰਜੰਟ ਸਿੰਘ ਸੋਨਾ 22 ਸਾਲਾ ਤੋ ਹਰ ਸਾਲ ਯਾਤਰਾ ਅਤੇ ਟੂਰ ਸੰਗਤਾ ਨੂੰ ਕਰਵਾਉਦੇ ਆ ਰਹੇ ਹਨ ਇਸ ਵਾਰ ਵੀ ਯਾਤਰਾ ਗੁਰਦੁਆਰਾ ਬਾਬਾ ਨਾਮਦੇਵ ਜੀ ਬਰਨਾਲਾ ਤੋ 50 ਸੰਗਤਾ ਦਾ ਜਥਾ ਲੈ ਕੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰੇ ਕਰਵਾਏ ਗਏ। ਗੁ: ਬਾਬਾ ਨਾਮਦੇਵ ਬਰਨਾਲਾ ਤੋਂ ਚੱਲਕੇ ਗੁਰਦੁਆਰਾ ਨਾਢਾ ਸਾਹਿਬ, ਚੰਡੀਗੜ੍ਹ ਅਤੇ ਸੋਲਨ ਹਿਮਾਚਲ ਪ੍ਰਦੇਸ਼ ਪਹੁੰਚ ਕੇ ਮੋਹਨ ਸਕਤੀ ਨੈਸ਼ਨਲ ਹੈਰੀਟੇਜ ਪਾਰਕ ਸੋਲਨ ,ਰੀਬਾ ਵਾਟਰ ਫੋਲ ਗੁਰਦੁਆਰਾ ਸਿੰਘ ਸਭਾ ਸੋਲਨ ਨਾਇਟ ਅਤੇ ਸਿਮਲਾ ਤਾਰਾ ਦੇਵੀ ਮੰਦਰ ਸ਼ਿਮਲਾ ਦੀਆਂ ਵਾਦੀਆਂ ਦੀ ਸੈਰ ਸਾਰਾ ਦਿਨ ਹਸੀਨ ਵਾਦੀਆਂ ਦੀ ਸੈਰ, ਪਹਾੜਾਂ ਦੇ ਦਿਲਚਸਪ ਨਜ਼ਾਰੇ, ਝਰਨਿਆਂ ਦੇ ਕਣ ਕਣ ਵਗਦੇ ਪਾਣੀ ਦੇ ਨਜ਼ਾਰੇ, ਠੰਡੇ ਮੌਸਮ ਦਾ ਅਨੰਦ ਮਾਨਿਆ। ਮਾਲ ਰੋਡ ਯਾਕੂ ਟੈਂਪਲ ਲੱਕੜ ਮਾਰਕਿਟ ਤੋ ਗੁਰਦੁਆਰਾ ਭਗਤ ਨਾਮਦੇਵ ਜੀ ਸ਼ਿਮਲਾ ਤੋ ਗੁਰਦੁਆਰਾ ਸਿੰਘ ਸਭਾ ਸਿਮਲਾ ਨਾਇਟ ਅਤੇ ਪਿੰਜੋਰ ਗਾਰਡਨ ਤੋ ਵਾਪਿਸ਼ ਦਰਸ਼ਨ ਕਰ ਕੇ 50 ਸੰਗਤਾਂ ਦਾ ਜਥਾ ਵਾਪਿਸ ਆਇਆ। ਇਸ ਮੌਕੇ ਯਾਤਰਾ ਇੰਚਾਰਜ ਗੁਰਜੰਟ ਸਿੰਘ ਸੋਨਾ ਨੇ ਦੱਸਿਆ ਕਿ ਹਰ ਸਾਲ ਲਗਭਗ 22 ਸਾਲਾ ਤੋ ਸੰਗਤਾ ਨੂੰ ਯਾਤਰਾ ਕਰਵਾਈ ਜਾਂਦੀ ਹੈ ਜਿਵੇ ਕਿ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਉਤਰਾਖੰਡ ਗੁਰਦੁਆਰਾ ਮਨੀਕਰਨ ਸਾਹਿਬ ਗੁਰਦੁਆਰਾ ਘੁਮਾਣ ਸਾਹਿਬ ਸ੍ਰੀ ਦਰਬਾਰ ਸਾਹਿਬ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਹੋਰ ਵੀ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰੇ ਕਰਵਾਏ ਜਾਂਦੇ ਹਨ। ਇਸ ਮੌਕੇ ਸੰਗਤਾ ਗੁਰਜੰਟ ਸਿੰਘ ਸੋਨਾ ਹਰਕੀਰਤ ਸਿੰਘ ਨੂੰ ਛਿੰਦਰ ਕੌਰ ਕਿਰਨਜੀਤ ਕੌਰ ਗਗਨਦੀਪ ਸਿੰਘ ਬੇਦੀ ਕਮਲਜੀਤ ਕੌਰ ਕਰਨੈਲ ਸਿੰਘ ਰਾਏਕੋਟ ਜਗਦੀਪ ਸਿੰਘ ਰਾਏਕੋਟ ਭਰਭੂਰ ਸਿੰਘ ਬੇਦੀ ਹਰਜਸਵੀਰ ਸਿੰਘ ਬਲਦੇਵ ਸਿੰਘ ਪਾਲ ਸਿੰਘ ਪਰਮਿੰਦਰ ਸਿੰਘ ਗੁਰਪ੍ਰਤਾਪ ਸਿੰਘ ਬਲਵੀਰ ਸਿੰਘ ਕਰਮਜੀਤ ਸਿੰਘ ਪ੍ਰਭਜੋਤ ਸਿੰਘ ਆਦਿ ਸੰਗਤਾ ਹਾਜਰ ਸਨ।

# ਹਰੀਆਂ ਸਬਜ਼ੀਆਂ ਦੇ ਭਾਅ ਚੜ੍ਹੇ ਅਸਮਾਨੀ ਲੋਕਾਂ ਦੀ ਜੇਬ 'ਤੇ ਪੈ ਰਿਹੈ ਡਾਕਾ



ਤਪਾ ਮੰਡੀ,26 ਜੂਨ (ਭੂਸ਼ਨ ਘੜੈਲਾ)- ਕੇਂਦਰ ਦੀ ਮੋਦੀ ਸਰਕਾਰ ਨੇ ਜਿੱਥੇ ਤੇਲ ਅਤੇ ਹੋਰ ਖਾਣ ਪੀਣ ਵਾਲੀ ਚੀਜ਼ਾਂ ਦੇ ਰੇਟਾਂ ਚ ਅਥਾਹ ਵਾਧਾ ਕਰਨ ਕਰਕੇ ਜਨਤਾ ਦਾ ਕਚੂਮਰ ਕੱਢ ਕੇ ਰੱਖ ਦਿੱਤਾ ਹੈ,ਉੱਥੇ ਦਿਨ-ਬ-ਦਿਨ ਹਰੀਆਂ ਸਬਜੀਆਂ ਦੇ ਭਾਵ ਵੀ ਅਸਮਾਨ ਨੂੰ ਛੂਹ ਰਹੇ ਹਨ! ਜਿਸ ਕਰਕੇ ਲੋਕਾਂ ਦੀ ਰਸੋਈ ਠੰਡੀ ਹੋਣ ਲੱਗ ਪਈ ਹੈ ਕਿਉਂਕਿ ਸਬਜ਼ੀਆਂ ਦੇ ਰੇਟਾਂ ਵਿੱਚ ਇੰਨੀ ਮਹਿੰਗਾਈ ਆ ਗਈ ਹੈ ਜਿਸ ਨੂੰ ਖਰੀਦਣਾ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ !ਇਸ ਸੰਬੰਧੀ ਸਹਿਰ ਦੇ ਸਮਾਜਸੇਵੀ ਤੇ ਸਟੇਟ ਅਵਾਰਡੀ ਪਵਨ ਕੁਮਾਰ ਬਤਾਰਾ ਅਤੇ ਸਮਾਜਸੇਵੀ ਧਰਮਪਾਲ ਸ਼ਰਮਾ ਐਮ.ਸੀ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਪੂਰੇ ਦੇਸ ਅੰਦਰ ਵੱਧ ਰਹੀ ਦਿਨੋ-ਦਿਨ ਮਹਿੰਗਾਈ ਨੂੰ ਰੋਕਣ 'ਚ ਅਸਫਲ ਰਹੀ ਹੈ, ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ ਕੀਤੇ ਕੇਂਦਰ ਸਰਕਾਰ ਵੱਲੋਂ ਅਥਾਹ ਵਾਧੇ ਨੂੰ ਲੈ ਕੇ ਜਿੱਥੇ ਲੋਕਾਂ 'ਚ ਰੋਸ ਹੈ! ਉੱਥੇ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਪੈਟਰੋਲ ਅਤੇ ਡੀਜਲ ਤੇ ਜੋ ਵੈਟ ਲੱਗਿਆ ਹੈ ਉਸ ਵੈਟ ਨੂੰ ਘੱਟ ਕਰਿਆ ਜਾਵੇ ਤਾ ਜੋ ਸੂਬੇ ਦੀ ਜਨਤਾ ਨੂੰ ਕੁਝ ਰਾਹਤ ਮਿਲ ਸਕੇ !ਉਹਨਾਂ ਕਿਹਾ ਕਿ ਸਬਜੀਆਂ ਦੇ ਰੇਟ ਹਰ ਰੋਜ਼ ਵਧਨ ਕਰਕੇ ਲੋਕਾਂ ਨੂੰ ਹਰੀਆਂ ਸਬਜੀਆਂ ਤੋਂ ਦੂਰ ਰਹਿਣਾ ਪੈ ਰਿਹਾ ਹੈ ਉਨਾਂ ਕਿਹਾ ਕਿ ਇੱਕ ਤਾ ਲੋਕਾਂ ਦੇ ਵਪਾਰ ਠੱਪ ਹੋ ਕੇ ਰਹਿ ਗਏ ਹਨ,ਦੂਜਾ ਤੇਲ ਅਤੇ ਸਬਜੀਆਂ ਦੇ ਰੇਟਾਂ ਚ ਆਈ ਤੇਜੀ ਨੇ ਲੋਕਾਂ ਦੇ ਨੱਕ 'ਚ ਦਮ ਕਰਕੇ ਰੱਖਿਆ ਹੋਇਆ ਹੈ! ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਜਨਤਾ ਨੂੰ ਰਾਹਤ ਦਿਵਾਉਣ ਲਈ ਮਹਿੰਗਾਈ ਤੇ ਨੱਥ ਪਾਉਣ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ !ਦੱਸਣਯੋਗ ਹੈ ਕਿ ਖੇਤਰ ਅੰਦਰ ਮਟਰ 120 ਰੁ ਕਿੱਲੋ,ਟਮਾਟਰ 50 ਰੁ ਕਿੱਲੋ,ਗਵਾਰਾ ਫਲੀ 1000 ਤੋਂ 150 ਰੁ ਕਿੱਲੋ,ਖੀਰਾ 40 ਰੁ ਕਿੱਲੋ,ਕੱਦੂ 50 ਰੁ ਕਿੱਲੋ,ਤੋਰੀ 40-50 ਰੁ ਪ੍ਰਤੀ ਕਿਲੋ,ਚੋਲਾ ਫਲੀ 60 ਰੁ ਕਿਲੋ ਆਦਿ ਮਿਲ ਰਿਹਾਂ ਹੈ !ਜਿਸ ਕਰਕੇ ਲੋਕਾਂ ਦੀ ਜੇਬ ਤੇ ਡਾਕਾ ਪੈ ਰਿਹਾ ਹੈ! ਉਨਾਂ ਸਰਕਾਰ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਵੱਧ ਰਹੀ ਮਹਿੰਗਾਈ ਨੂੰ ਰੋਕਿਆ ਜਾਵੇ।

# ਪੀ.ਐਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ ਛੇਵੀਂ ਜਮਾਤ 'ਚ ਦਾਖਲਾ ਸ਼ੁਰੂ

ਬਰਨਾਲਾ, 26 ਜੂਨ (ਹਿਮਾਂਸ਼ੂ ਗਰਗ)- ਪੀ.ਐਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ 'ਚ (ਸੈਸ਼ਨ 2026-27) ਵਿੱਚ ਦਾਖਲਾ ਲੈਣ ਲਈ ਆਨਲਾਈਨ ਫਾਰਮ ਭਰਨੇ ਸ਼ੁਰੂ ਹੋ ਚੁੱਕੇ ਹਨ। ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਬੁਲਾਰੇ ਨੇ ਦੱਸਿਆ ਕਿ ਕੋਈ ਵੀ ਉਮੀਦਵਾਰ ਜੋ ਜ਼ਿਲ੍ਹਾ ਬਰਨਾਲਾ ਦਾ/ਦੀ ਪੱਕਾ ਵਸਨੀਕ ਹੈ ਅਤੇ ਇਸ ਸਮੇਂ ਬਰਨਾਲਾ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਪੰਜਵੀਂ ਜਮਾਤ(2025-26) ਵਿੱਚ ਪੜ੍ਹ ਰਿਹਾ/ਰਹੀ ਹੈ ਅਤੇ ਜਨਮ ਮਿਤੀ ਦੀ ਹੱਦ ਮਿਤੀ 01 ਮਈ 2014 ਤੋਂ 31 ਜੁਲਾਈ 2016 ਤੱਕ ਹੈ, ਉਹ ਫਾਰਮ ਭਰ ਸਕਦਾ ਹੈ। ਛੇਵੀਂ ਜਮਾਤ ਸੈਸ਼ਨ 2026-27 ਵਿੱਚ ਦਾਖਲਾ ਲੈਣ ਲਈ ਪ੍ਰੀਖਿਆ ਮਿਤੀ 31 ਦਸੰਬਰ, 2025 (ਸ਼ਨੀਵਾਰ) ਨੂੰ ਹੋਵੇਗੀ। ਵਿਭਾਗ ਦੀ ਵੈਬਸਾਈਟ ਤੇ ਫਾਰਮ ਭਰਨ ਦੀ ਮਿਤੀ 29 ਜੁਲਾਈ 2025 ਤੱਕ ਹੈ। ਵਧੇਰੇ ਜਾਣਕਾਰੀ ਲਈ ਹੈਲਪ ਡੈਸਕ ਨੰਬਰ 9417663087 'ਤੇ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਸੰਪਰਕ ਕਰੋ।

# ਵਪਾਰ ਮਹਾਸੰਘ ਦੀ ਮੀਟਿੰਗ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਤੇ ਹੋਇਆ ਵਿਚਾਰ-ਵਟਾਂਦਰਾ



ਬਰਨਾਲਾ, 26 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਵਪਾਰ ਮਹਾਸੰਘ ਬਰਨਾਲਾ ਦੀ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਬਰਨਾਲਾ ਵਿਖੇ ਪ੍ਰਧਾਨ ਲਲਿਤ ਮਹਾਜਨ ਗਰਗ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਬੋਲਦਿਆਂ ਪ੍ਰਧਾਨ ਲਲਿਤ ਮਹਾਜਨ, ਵਿੱਕੀ ਰਾਜਾ ਅਤੇ ਵਿਸ਼ਨੂੰ ਸਨਪਾਰਕ ਹੋਟਲ ਵਾਲਿਆਂ ਨੇ ਕਿਹਾ ਕਿ ਵਪਾਰੀ ਵਰਗ ਸਰਕਾਰ ਨੂੰ ਸਭ ਤੋਂ ਵੱਧ ਟੈਕਸ ਦਿੰਦਾ ਹੈ ਪ੍ਰੰਤੂ ਕਿਸੇ ਵਪਾਰੀ ਤੇ ਮੁਸੀਬਤ ਆਉਣ ਤੇ ਸਰਕਾਰ ਵੱਲੋਂ ਕੋਈ ਰਾਹਤ ਨਹੀਂ ਦਿੱਤੀ ਜਾਂਦੀ। ਵਪਾਰੀਆਂ ਨੂੰ ਕੁਦਰਤੀ ਅਤੇ ਮਨੁੱਖੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਕਿ ਕਰੋਨਾ ਸਮੇਂ ਲਾਕਡਾਉਨ ਤੋਂ ਲੈ ਕੇ ਹੁਣ ਤੱਕ ਵਪਾਰੀ ਵਰਗ ਸੰਭਲ ਨਹੀਂ ਸਕਿਆ ਪ੍ਰੰਤੂ ਵਪਾਰੀਆਂ ਨੂੰ ਸਰਕਾਰ ਨੇ ਕੋਈ ਰਾਹਤ ਨਹੀਂ ਦਿੱਤੀ। ਇਸ ਤਰ੍ਹਾਂ ਪੰਜਾਬ ਅੰਦਰ ਹੋ ਰਹੀਆਂ ਚੋਰੀਆਂ ਨਾਲ ਵਪਾਰੀਆਂ ਨੂੰ ਬਹੁਤ ਨੁਕਸਾਨ ਝੱਲਣਾ ਪੈਂਦਾ ਹੈ। ਮੀਟਿੰਗ ਦੌਰਾਨ ਮੰਗ ਕੀਤੀ ਗਈ ਕਿ ਜੇਕਰ ਕਿਸੇ ਵਪਾਰੀ ਨੂੰ ਚੋਰੀ ਜਾਂ ਲੁੱਟ ਖੋਹ ਨਾਲ ਕੋਈ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਚੋਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਨਾਲ ਵਪਾਰੀਆਂ ਦੇ ਹੋਏ ਨੁਕਸਾਨ ਦੀ ਭਰਪਾਈ ਵੀ ਕਰੇ। ਇਸ ਦੌਰਾਨ ਵਪਾਰ ਮਹਾਸੰਘ ਦੇ ਆਗੂਆਂ ਕਮਲ ਗੁਪਤਾ ਬੱਬੂ ,ਨੀਟੀ ਬਬਲਾ ਅਤੇ ਪੀ ਡੀ ਪਿੰਟਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਨਲਾਈਨ ਸਮਾਨ ਖMਰੀਦਣ ਦੀ ਬਜਾਏ ਬਾਜ਼ਾਰ ਚੋਂ ਹੀ ਪ੍ਰਚੂਨ ਵਪਾਰੀਆਂ ਤੋਂ ਸਮਾਨ ਖMਰੀਦਣ। ਇਹ ਛੋਟਾ ਵਪਾਰੀ ਹੀ ਹੈ ਜਿਹੜਾ ਕਿ ਲੋੜ ਪੈਣ ਤੇ ਤੁਹਾਡੇ ਨਾਲ ਖੜ੍ਹਦਾ ਹੈ। ਸਾਂਝੇ ਸਮਾਜਿਕ ਅਤੇ ਧਾਰਮਿਕ ਪ੍ਰੋਗਰਾਮਾਂ ਲਈ ਦਾਨ ਦੀਆਂ ਪਰਚੀਆਂ ਆਮ ਵਪਾਰੀ ਹੀ ਕਟਵਾਉਂਦੇ ਹਨ ਤਾਂ ਸਮਾਨ ਆਨਲਾਈਨ ਕਿਉਂ ਮੰਗਵਾਇਆ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਜ਼ਰੂਰੀ ਸਮਾਨ ਆਨਲਾਈਨ ਦੀ ਬਜਾਏ ਬਾਜ਼ਾਰ ਚੋਂ ਹੀ ਖMਰੀਦਣ। ਇਸ ਮੌਕੇ ਅਨੇਕਾਂ ਹੋਰ ਮੈਂਬਰ ਵੀ ਹਾਜ਼ਰ ਸਨ

# ਐਸ .ਐਚ. ਓ ਤਪਾ ਨੇ ਸੜਕ ਤੇ ਖੜ੍ਹੀਆਂ ਰੇਹੜੀਆਂ ਵਾਲਿਆਂ ਨੂੰ ਕੀਤੀ ਤਾੜਨਾ



ਤਪਾ ਮੰਡੀ 25 ਜੂਨ (ਭੂਸ਼ਨ ਘੜੈਲਾ)-ਟਰੈਫਿਕ ਵਿੱਚ ਵਿਘਨ ਪਾਉਣ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਇਸ ਸਬੰਧੀ ਗੱਲਬਾਤ ਕਰਦਿਆਂ ਹੋਇਆਂ ਥਾਣਾ ਇੰਚਾਰਜ ਸ਼ਰੀਫ ਖਾਨ ਨੇ ਅੰਦਰਲੇ ਬੱਸ ਸਟੈਂਡ ਤੇ ਮੋਟਰਸਾਈਕਲਾਂ ਦੇ ਚਲਾਨ ਕੱਟਣ ਤੋਂ ਬਾਅਦ ਰੇਹੜੀਆਂ ਵਾਲਿਆਂ ਨੂੰ ਤਾੜਨਾ ਕਰਦਿਆਂ ਹੋਇਆਂ ਕਿਹਾ ਕਿ ਕਿਸੇ ਵੀ ਵਿਅਕਤੀ ਦੀ ਰੇਹੜੀ ਸੜਕ ਤੇ ਵਿਖਾਈ ਨਹੀਂ ਦੇਣੀ ਚਾਹੀਦੀ ਕਿਉਂਕਿ ਲਿੰਕ ਸੜਕ ਹੋਣ ਕਾਰਨ ਕਾਫੀ ਆਵਾਜਾਈ ਰਹਿੰਦੀ ਹੈ ਅਤੇ ਕਿਸੇ ਵੇਲੇ ਵੀ ਹਾਦਸਾ ਵਾਪਰ ਸਕਦਾ ਹੈ ਉਹਨਾਂ ਰੇਹੜੀ ਵਾਲਿਆਂ ਨੂੰ ਤਾੜਨਾ ਕਰਦਿਆਂ ਹੋਇਆਂ ਕਿਹਾ ਕਿ ਇਸ ਤੋਂ ਬਾਅਦ ਆਪਣੀਆਂ ਰੇਹੜੀਆਂ ਸੜਕ ਤੋਂ ਕਾਫੀ ਪਿੱਛੇ ਛੱਡ ਕੇ ਲਗਾਈਆਂ ਜਾਣ ਤਾਂ ਜੋ ਕਿਸੇ ਆਉਂਦੇ ਜਾਂਦੇ ਰਾਹਗੀਰ ਦਾ ਨੁਕਸਾਨ ਨਾ ਹੋ ਸਕੇ ਉਹਨਾਂ ਕਿਹਾ ਕਿ ਜਿਹੜੇ ਮੋਟਰਸਾਈਕਲ ਸਕੂਟਰ ਬਗੈਰ ਨੰਬਰੀ ਹਨ ਉਹਨਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਸ਼ਹਿਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਭੰਗ ਨਹੀਂ ਹੋਣ ਦਿੱਤਾ ਜਾਵੇਗਾ ਇਸ ਮੌਕੇ ਪੁਲਿਸ ਦੇ ਮੁਲਾਜ਼ਮ ਹਾਜ਼ਰ ਸਨ ।

# ਮਗਨਰੇਗਾ ਮੁਲਾਜ਼ਮਾਂ ਵਲੋਂ ਤਨਖਾਹਾਂ ਨਾ ਮਿਲਣ ਕਰਕੇ ਕਲਮਛੋੜ ਹੜਤਾਲ ਸ਼ੁਰੂ

ਬਰਨਾਲਾ, 26 ਜੂਨ (ਹਿਮਾਂਸ਼ੂ ਗਰਗ)- ਮਗਨਰੇਗਾ ਕਰਮਚਾਰੀ ਯੂਨੀਅਨ (ਪੰਜਾਬ) ਬਲਾਕ ਬਰਨਾਲਾ ਦੇ ਸਮੂਹ ਕਰਮਚਾਰੀਆਂ ਨੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਕੱਟੂ ਅਤੇ ਬਲਾਕ ਪ੍ਰਧਾਨ ਗਗਨਦੀਪ ਸਿੰਘ ਸਿੱਧੂ ਨੇ ਬੀ.ਡੀ.ਪੀ.ਓ ਬਰਨਾਲਾ ਦੇ ਨਾਮ ਤੇ ਅਕਾਊਟੈਂਟ ਵਿਜੈ ਕੁਮਾਰ ਨੂੰ ਮੰਗਾਂ ਸੰਬੰਧੀ ਮੰਗ ਪੱਤਰ ਦਿੱਤਾ। ਇਸ ਮੌਕੇ ਉਹਨਾਂ ਕਿਹਾ ਕਿ ਮਗਨਰੇਗਾ ਮੁਲਾਜ਼ਮਾਂ ਦੀ ਤਿੰਨ ਮਹੀਨੇ ਦੀ ਬਕਾਇਆ ਤਨਖ਼ਾਹ ਨਾ ਮਿਲਣ ਕਾਰਨ ਚੌਥਾ ਮਹੀਨਾ ਵੀ ਬੀਤ ਚੁੱਕਾ ਹੈ ਜਿਸ ਕਰਕੇ ਪ੍ਰਸ਼ਾਸ਼ਨ ਤੋ ਦੁੱਖੀ ਹੋ ਕੇ ਅੱਜ ਸਾਰੇ ਹੀ ਪੰਜਾਬ ਵਿੱਚ ਕਲਮਛੋੜ ਹੜਤਾਲ ਕਰਕੇ ਕੰਮ ਮੁਕੰਮਲ ਬੰਦ ਕਰ ਦਿੱਤੇ ਗਏ ਹਨ। ਇਸੇ ਦੌਰਾਨ ਬਲਾਕ ਬਰਨਾਲਾ ਵਿੱਚ ਵੀ ਕਰਮਚਾਰੀਆਂ ਵੱਲੋ ਕਲਮਛੋੜ ਹੜਤਾਲ ਸ਼ੁਰੂ ਕੀਤੀ ਗਈ ਹੈ। ਉਹਨਾਂ ਕਿਹਾ ਕਿ ਤਨਖਾਹਾਂ ਤਾਂ ਪਹਿਲਾਂ ਹੀ ਤਿੰਨ ਮਹੀਨੇ ਤੋਂ ਬਕਾਇਆ ਪਈਆਂ ਹਨ, ਜੇਕਰ ਤਿੰਨ ਮਹੀਨੇ ਵਿੱਚ ਨਵਾਂ ਸਿਸਟਮ ਲਾਗੂ ਨਹੀਂ ਹੋ ਸਕਿਆ ਤਾਂ ਭਵਿੱਖ ਵਿੱਚ ਕਿੰਨਾ ਸਮਾਂ ਲੱਗੇਗਾ ਇਸ ਦਾ ਕੋਈ ਪਤਾ ਨਹੀਂ। ਇਸ ਲਈ ਮਗਨਰੇਗਾ ਕਰਮਚਾਰੀਆਂ ਦੀ ਤਿੰਨ ਮਹੀਨੇ ਦੀ ਬਕਾਇਆ ਤਨਖ਼ਾਹ ਸਲਾਨਾ 10% ਇੰਕਰੀਮੈਂਟ ਲਗਾ ਕੇ ਬਿਨਾਂ ਕਿਸੇ ਦੇਰੀ ਤੋਂ ਜਾਰੀ ਕੀਤੀਆਂ ਜਾਣ। ਇਸ ਮੌਕੇ ਪਰਮਿੰਦਰ ਸਿੰਘ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ, ਬਲਕਰਨ ਸਿੰਘ, ਦਿਲਪ੍ਰੀਤ ਸਿੰਘ, ਗੁਰਜੀਤ ਸਿੰਘ, ਨਰਿੰਦਰ ਕੌਰ ਮਗਨਰੇਗਾ ਕਰਮਚਾਰੀ ਹਾਜ਼ਰ ਸਨ।

# ਧੂਰੀ ਵਿਕਾਸ ਮੰਚ ਵੱਲੋਂ ਸਿਹਤ ਜਾਂਚ ਕੈਂਪ ਲਗਾਉਣ ਦਾ ਫੈਸਲਾ



ਧੂਰੀ, 26 ਜੂਨ (ਚੜ੍ਹਦੀ ਕਲਾ ਬਿਊਰੋ) - ਲੰਘੀ ਸ਼ਾਮ ਧੂਰੀ ਵਿਕਾਸ ਮੰਚ ਦੀ ਕੋਰ ਕਮੇਟੀ ਦੀ ਚੇਅਰਮੈਨ ਜਗਸੀਰ ਸਿੰਘ 'ਜੱਗੀ ਢੀਂਡਸਾ' ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਸਰਬ ਸੰਮਤੀ ਨਾਲ ਅਗਲੇ ਦਿਨਾਂ 'ਚ ਵਾਤਾਵਰਣ ਦੀ ਸ਼ੁੱਧਤਾ ਅਤੇ ਆਲੇ ਦੁਆਲੇ ਨੂੰ ਹਰਾ ਭਰਾ ਬਣਾਉਣ ਦੇ ਉਦੇਸ਼ ਨਾਲ ਬੂਟੇ ਲਗਾਉਣ ਅਤੇ ਜੁਲਾਈ ਮਹੀਨੇ ਮੁਫਤ ਸਿਹਤ ਜਾਂਚ ਕੈਂਪ ਲਗਾਇਆ ਦਾ ਫੈਸਲਾ ਕੀਤਾ ਗਿਆ। ਮੰਚ ਦੇ ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ ਅਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਰ ਕਮੇਟੀ ਦੀ ਮੀਟਿੰਗ ਵਿੱਚ ਉਪਰੋਕਤ ਫੈਸਲੇ ਤੋਂ ਇਲਾਵਾ ਲੋਕਾਂ 'ਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ , ਆਪਣੇ ਆਲੇ ਦੁਆਲੇ ਨੂੰ ਹਰਾ-ਭਰਾ ਬਣਾਉਣ ਲਈ ਉਤਸ਼ਾਹਿਤ ਕਰਨ ਅਤੇ ਜੁਲਾਈ ਮਹੀਨੇ ਵਿੱਚ ਮੁਫਤ ਸਿਹਤ ਜਾਂਚ ਕੈਂਪ ਲਗਾਉਣ ਦਾ ਵੀ ਫੈਸਲਾ ਕੀਤਾ ਗਿਆ। ਕੈਂਪ ਵਿੱਚ ਆਮ ਲੋਕਾਂ ਦੀ ਮੁਫਤ ਸਿਹਤ ਜਾਂਚ ਕੀਤੀ ਜਾਵੇਗੀ ਅਤੇ ਜਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਿਹਤ ਜਾਂਚ ਕੈਂਪ ਦੀ ਤਾਰੀਖ ਅਤੇ ਥਾਂ ਬਾਰੇ ਜਾਣਕਾਰੀ ਜਲਦੀ ਸਾਂਝੀ ਕੀਤੀ ਜਾਵੇਗੀ ਅਤੇ ਮੀਟਿੰਗ ਦੌਰਾਨ ਕਈ ਹੋਰ ਲਾਭਦਾਇਕ ਯੋਜਨਾਵਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।,ਇਸ ਮੌਕੇ ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਸੁਰਿੰਦਰਪਾਲ ਸਿੰਘ ਨੀਟਾ, ਅਭਿਨਵ ਗੋਇਲ, ਸੰਜੀਵ ਗੋਇਲ ਮਿੰਟੂ, ਮੋਹਿਤ ਜਿੰਦਲ ਆਦਿ ਵੀ ਹਾਜਰ ਸਨ।

# ਮਾਨਸੂਨ ਸਿਰ 'ਤੇ ਢਿੱਲਵਾਂ ਡਰੇਨ ਸਫ਼ਾਈ ਦੀ ਉਡੀਕ 'ਚ



ਤਪਾ ਮੰਡੀ 26 ਜੂਨ (ਭੂਸ਼ਨ ਘੜੈਲਾ)-ਮਾਨਸੂਨ ਸਿਰ ਤੇ ਆ ਗਿਆ ਹੈ ਬਾਰਿਸ਼ ਕਿਸੇ ਵੀ ਸਮੇਂ ਦਸਤਕ ਦੇ ਸਕਦੀ ਹੈ, ਪ੍ਰੰਤੂ ਸ਼ਹਿਰ ਦੇ ਨੇੜੇ ਦੇ ਬਰਸਾਤੀ ਡਰੇਨ ਹਾਲੇ ਤੱਕ ਸਫਾਈ ਹੋਣ ਦੀ ਉਡੀਕ ਵਿਚ ਹਨ। ਅਜਿਹੇ ਵਿਚ ਗੰਦਗੀ ਨਾਲ ਭਰੇ ਡਰੇਨ ਬਾਰਿਸ਼ ਦੌਰਾਨ ਪਾਣੀ ਨਾਲ ਓਵਰਫਲੋ ਹੋਣ ਦੀ ਸਥਿਤੀ ਵਿਚ ਹਨ ਹੈਰਾਨੀ ਦੀ ਗੱਲ ਇਹ ਹੈ ।ਪ੍ਰੰਤੂ ਪ੍ਰਬੰਧ ਕੇਵਲ ਬੰਦ ਕਮਰਿਆਂ ਅਤੇ ਫਾਈਲਾਂ ਤੱਕ ਹੀ ਸੀਮਤ ਨਜ਼ਰ ਆ ਰਹੇ ਹਨ। ਫੰਡਾਂ ਦੀ ਘਾਟ ਵੀ ਕਿਤੇ ਨਾ ਕਿਤੇ ਸੰਭਾਵੀ ਹੜਾਂ ਨਾਲ ਨਜਿੱਠਣ ਦੇ ਲਈ ਪ੍ਰਬੰਧਾਂ ਨੂੰ ਪੂਰਾ ਕਰਨ ਵਿਚ ਅੜਿੱਕਾ ਬਣ ਰਹੇ ਹਨ। ਜੇਕਰ ਛੇਤੀ ਇਨ੍ਹਾਂ ਡਰੇਨਾ ਦੀ ਸਫਾਈ ਦਾ ਕੰਮ ਮੁਕੰਮਲ ਨਾ ਕੀਤਾ ਗਿਆ ਤਾਂ ਕਿਸਾਨਾਂ ਦੀ ਫਸਲਾਂ ਦੀ ਬਰਬਾਦੀ ਦੇ ਨਾਲ ਹੀ ਅਤੇ ਇਲਾਕੇ ਵਿਚ ਵੀ ਪਾਣੀ ਦੀ ਮਾਰ ਝੱਲਣੀ ਪੈ ਸਕਦੀ ਹੈ। ਸ਼ਹਿਰ ਤਪਾ ਤੋਂ ਕੁਝ ਕਿਲੋਮੀਟਰ ਦੂਰ ਪਿੰਡ ਢਿੱਲਵਾਂ, ਘੁੰਨਸ, ਤਪਾ ਤੋਂ ਜੇਠੂਕੇ ਵੱਲ ਜਾਂਦੀ ਡਰੇਨ ਦੇ ਹਾਲਾਤ ਬੇਹੱਦ ਬਦਤਰ ਬਣੇ ਹੋਏ ਹਨ, ਜਿੱਥੇ ਪਿੰਡ ਦੇ ਪੁੱਲ ਦੇ ਨੇੜੇ ਡਰੇਨ ਵਿਚ ਕਈ ਕਿਲੋਮੀਟਰ ਦੀ ਦੂਰੀ ਤੱਕ ਜਲ ਬੂਟੀ ਉੱਗੀ ਹੋਈ ਹੈ। ਇਸ ਡਰੇਨ ਵਿਚ ਡਿੱਗੇ ਦਰਖਤ ਵੀ ਹਾਲੇ ਤੱਕ ਡਰੇਨ ਵਿਚ ਪਾਣੀ ਨੂੰ ਰੋਕ ਰਹੇ ਹਨ। ਡਰੇਨ ਦੇ ਹਾਲਾਤ ਅਜਿਹੇ ਹਨ ਕਿ ਇਥੋਂ ਪਾਣੀ ਕਾਫੀ ਮੁਸ਼ਕਲ ਨਾਲ ਲੰਘ ਰਿਹਾ ਹੈ। ਕਿਸਾਨ ਗੁਰਪ੍ਰੀਤ ਸਿੰਘ,ਦਰਸ਼ਨ ਸਿੰਘ, ਲਾਭ ਸਿੰਘ, ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਡਰੇਨ ਦੀ ਸਫਾਈ ਹਾਲੇ ਤੱਕ ਨਹੀਂ ਹੋਈ ਹੈ। ਡਰੇਨ ਵਿਚ ਉੱਗੀ ਬੂਟੀ, ਡਿੱਗੇ ਹੋਏ ਦਰਖਤ, ਘਾਹ ਫੂਸ ਪਾਣੀ ਦੀ ਨਿਕਾਸੀ ਨੂੰ ਪ੍ਰਭਾਵਿਤ ਕਰ ਰਹੇ ਹਨ। ਕਈ ਵਾਰ ਵਿਭਾਗ ਦੇ ਅਧਿਕਾਰੀਆਂ ਨੂੰ ਜਾਣੂ ਕਰਵਾ ਚੁੱਕੇ ਹਾਂ, ਪ੍ਰੰਤੂ ਕਿਸੇ ਨੇ ਹਾਲੇ ਤੱਕ ਸਾਰ ਨਹੀਂ ਲਈ ਹੈ। ਉਨ੍ਹਾਂ ਕਿਹਾ ਮਾਨਸੂਨ ਦਾ ਸੀਜਨ ਆ ਗਿਆ ਹੈ। ਬਾਰਿਸ਼ ਦਾ ਅਲਰਟ ਜਾਰੀ ਹੋ ਚੁੱਕਾ ਹੈ, ਪ੍ਰੰਤੂ ਹਾਲੇ ਤੱਕ ਵਿਭਾਗ ਨੇ ਇਸ ਡਰੇਨ ਦੀ ਸਫਾਈ ਵੱਲ ਧਿਆਨ ਨਹੀ ਦਿੱਤਾ। ਣ ਵੀ ਜੇਕਰ ਇਕ ਤੇਜ਼ ਬਾਰਿਸ਼ ਹੋਈ ਤਾਂ ਆਸਪਾਸ ਦੇ ਖੇਤਾਂ ਨੂੰ ਪਾਣੀ ਦੀ ਮਾਰ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪਿੰਡ ਘੁੰਨਸ, ਤਪਾ ਸਮੇਤ ਹੋਰਨਾਂ ਪਿੰਡਾਂ ਨੂੰ ਨੁਕਸਾਨ ਤੋਂ ਬਚਾਉਣ ਦੇ ਲਈ ਡਰੇਨ ਵਿਭਾਗ ਛੇਤੀ ਇਸਦੀ ਸਫਾਈ ਕਰਵਾਏ। ਡਰੇਨਾ ਅਤੇ ਬਰਸਾਤੀ ਨਾਲਿਆਂ ਦੀ ਸਫਾਈ ਕੀਤੀ ਜਾਣੀ ਚਾਹੀਦੀ , ਪ੍ਰੰਤੂ ਇਸਦੇ ਬਾਵਜੂਦ ਹਾਲੇ ਤੱਕ ਵਿਭਾਗ ਵਲੋਂ ਪੁਖਤਾ ਪ੍ਰਬੰਧ ਸ਼ੁਰੂ ਨਹੀਂ ਕੀਤੇ ਗਏ। ਇਸਦਾ ਖਮਿਆਜਾ ਆਉਣ ਵਾਲੇ ਦਿਨਾਂ ਵਿਚ ਕਿਸਾਨਾਂ ਨੂੰ ਭੁਗਤਣਾ ਪੈ ਸਕਦਾ ਹੈ। ਮਾਨਸੂਨ ਦੇ ਸੀਜਨ ਦੇ ਮੱਦੇਨਜ਼ਰ ਛੇਤੀ ਡਰੇਨਾ ਦੀ ਸਫਾਈ ਕਰਵਾਈ ਜਾਣੀ ਚਾਹੀਦੀ ਹੈ, ਤਾਂ ਜੋ ਬਰਸਾਤੀ ਨਾਲੇ ਓਵਰਫਲੋ ਹੋਣ ਤੋਂ ਬਚ ਸਕਣ।

# ਸੰਤ ਬਾਬਾ ਲੌਂਗਪੁਰੀ ਬ੍ਰਿਲੀਐਂਟ ਸਕੂਲ ਵਿਖੇ ਵਰਕਸ਼ਾਪ



ਬਰਨਾਲਾ, 26 ਜੂਨ (ਹਿਮਾਂਸ਼ੂ ਗਰਗ)- ਸੰਤ ਬਾਬਾ ਚਰਨਪੁਰੀ ਜੀ ਅਤੇ ਐਮ.ਡੀ.ਸ਼੍ਰੀਮਤੀ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਚੱਲ ਰਹੀ ਪ੍ਰਸਿੱਧ ਸੰਸਥਾ ਸੰਤ ਬਾਬਾ ਲੌਂਗਪੁਰੀ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿਖੇ ਸਕੂਲ ਵਿਚ ਸੀਨੀਅਰ ਕੋਆਰਡੀਨੇਟਰ ਮੈਡਮ ਰਣਵੀਰ ਕੌਰ ਦੀ ਅਗਵਾਈ ਹੇਠ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਅਧਿਆਪਕ ਸਾਹਿਬਾਨਾਂ ਨੂੰ ਕਲਾਸ ਰੂਮ ਮਨੇਜਮੈਂਟ ਤੇ ਅਧਿਆਪਕ ਵਿਦਿਆਰਥੀ ਸੰਬੰਧਾਂ ਤੇ ਅਧਿਆਪਕ ्रਣਨੀਤੀਆਂ ਤੇ ਚਰਚਾਂ ਹੋਈ ਤੇ ਤਰਕ ਆਧਾਰਿਤ ਅਧਿਆਪਕ ਜੁਗਤੀਆਂ ਦੀ ਗਹਿਰਾਈ ਨਾਲ ਵਿਆਖਿਆ ਕੀਤੀ ਗਈ ਇਸ ਮੌਕੇ ਸਕੂਲ ਦੇ ਸਰਪ੍ਰਸਤ ਬਾਬਾ ਚਰਨਪੁਰੀ ਜੀ , ਮੈਨੇਜਿੰਗ ਡਾਇਰੈਕਟਰ ਮੈਡਮ ਕਰਮਜੀਤ ਕੌਰ ਦੇਵਾ ਜੀ ਤੇ ਸਮੂਹ ਅਧਿਆਪਕ ਸਾਮਿਲ ਸਨ

# ਕਾਰਗੁਜ਼ਾਰੀ ਦਰਜਾ ਸੂਚਕ ਅੰਕ ਵਿੱਚ ਜ਼ਿਲ੍ਹਾ ਬਰਨਾਲਾ ਦੇਸ਼ ਭਰ ਵਿੱਚੋਂ ਮੋਹਰੀ

ਬਰਨਾਲਾ, 26 ਜੂਨ (ਬਘੇਲ ਸਿੰਘ ਧਾਲੀਵਾਲ)-ਭਾਰਤ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ (ਸਿੱਖਿਆ ਮੰਤਰਾਲੇ) ਵਲੋਂ ਜਾਰੀ ਪਰਫਾਰਮੈਂਸ ਗਰੇਡਿੰਗ ਇੰਡੈਕਸ ਰਿਪੋਰਟ (2023-24) ਵਿੱਚ ਜ਼ਿਲ੍ਹਾ ਬਰਨਾਲਾ ਨੇ 600 ਵਿੱਚੋਂ 424 ਅੰਕ ਪ੍ਰਾਪਤ ਕਰਕੇ ਦੇਸ਼ ਭਰ ਵਿੱਚ ਮੋਹਰੀ ਸਥਾਨ ਹਾਸਲ ਕੀਤਾ ਹੈ। ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਆਈ ਏ ਐੱਸ ਨੇ ਸਿੱਖਿਆ ਵਿਭਾਗ ਬਰਨਾਲਾ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ। ਓਨ੍ਹਾਂ ਦੱਸਿਆ ਕਿ ਇਸ ਸਰਵੇਖਣ ਤਹਿਤ ਵੱਖ ਵੱਖ 6 ਮਾਪਦੰਡ ਰੱਖੇ ਗਏ ਸਨ ਜਿਨ੍ਹਾਂ ਵਿੱਚ ਲਰਨਿੰਗ ਆਊਟਕਮ, ਪ੍ਰਭਾਵਸ਼ਾਲੀ ਕਲਾਸਰੂਮ, ਬੁਨਿਆਦੀ ਢਾਂਚਾ, ਸਕੂਲ ਸੇਫਟੀ, ਡਿਜੀਟਲ ਲਾਰਨਿੰਗ, ਗਵਰਨੈਂਸ ਪ੍ਰੋਸੈੱਸ ਆਦਿ ਸ਼ਾਮਲ ਹਨ। ਇਨ੍ਹਾਂ ਮਾਪਦੰਡਾਂ ਤਹਿਤ ਸਰਵੇਖਣ ਦੌਰਾਨ ਸਕੂਲਾਂ ਦੇ ਬੁਨਿਆਦੀ ਢਾਂਚੇ ਤੋਂ ਲੈ ਕੇ ਪੜ੍ਹਾਉਣ ਦੇ ਤਰੀਕਿਆਂ ਤੱਕ ਦੇਖੇ ਗਏ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੁਨੀਤਇੰਦਰ ਸਿੰਘ ਨੇ ਦੱਸਿਆ ਕਿ ਆਊਟਕਮ ਮਾਪਦੰਡ 'ਚੋਂ ਜ਼ਿਲ੍ਹੇ ਨੇ 290 ਵਿਚੋਂ 197, ਈ ਸੀ ਟੀ 'ਚੋਂ 90 'ਚੋਂ 74, ਤੀਜੇ ਮਾਪਦੰਡ 'ਚੋਂ 51 'ਚੋਂ 36, ਚੌਥੇ ਮਾਪਦੰਡ 'ਚੋਂ 35 ਵਿਚੋਂ 20, ਪੰਜਵੇਂ ਮਾਪਦੰਡ ਵਿਚ 50 ਵਿਚੋਂ 34 ਅਤੇ ਗਵਰਨੈਂਸ ਪ੍ਰੋਸੈੱਸ ਵਿਚੋਂ 84 'ਚੋਂ 63 ਅੰਕ ਹਾਸਲ ਕੀਤਾ ਹੈ ਅਤੇ ਕੁੱਲ 424 ਅੰਕ ਹਾਸਲ ਕੀਤੇ ਹਨ। ਇਹ ਗਰੇਡਿੰਗ (ਉੱਤਮ 2) ਸ਼੍ਰੇਣੀ ਅਧੀਨ ਹੋਈ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਮੈਡਮ ਇੰਦੂ ਸਿਮਕ ਨੇ ਦੱਸਿਆ ਕਿ ਸਾਲ 2023-24 ਦੀ ਮੁਲਾਂਕਣ ਰਿਪੋਰਟ ਅਨੁਸਾਰ ਬਰਨਾਲਾ ਨੇ ਸਿੱਖਣ ਦੇ ਨਤੀਜਿਆਂ ਵਿੱਚ ਪਿਛਲੇ ਸਾਲ ਨਾਲੋਂ 4 ਅੰਕਾਂ ਦਾ ਵਾਧਾ ਹਾਸਲ ਕੀਤਾ ਹੈ। ਇਸੇ ਤਰ੍ਹਾਂ ਬਾਕੀ ਮਾਪਦੰਡਾਂ ਵਿਚ ਵੀ ਸੁਧਾਰ ਹੋਇਆ ਹੈ।

# ਦਿਹਾੜੀਦਾਰ ਔਰਤਾਂ ਤੇ ਮੂੰਗੀ ਚੋਰੀ ਕਰਨ ਦਾ ਲਾਇਆ ਦੋਸ਼



ਤਪਾ ਮੰਡੀ 26 ਜੂਨ (ਭੂਸ਼ਨ ਘੜੈਲਾ) -ਸਥਾਨਕ ਸ਼ਹਿਰ ਦੀ ਅਨਾਜ ਮੰਡੀ ਵਿੱਚ ਮੂੰਗੀ ਦੀ ਖਰੀਦ ਦਾ ਕੰਮ ਜ਼ੋਰਾ ਸ਼ੋਰਾਂ ਤੇ ਚੱਲ ਰਿਹਾ ਹੈ ਇਸ ਮੰਡੀ ਵਿੱਚ ਦੂਰ-ਦੁਰਾਡੇ ਅਤੇ ਨੇੜਲੇ ਪਿੰਡਾਂ ਦੇ ਕਿਸਾਨ ਹਰ ਰੋਜ਼ ਮੂੰਗੀ ਦੀ ਫ਼ਸਲ ਵੇਚਣ ਲਈ ਆਉਂਦੇ ਹਨ। ਮੰਡੀ ਵਿੱਚ ਲੇਬਰ ਦਾ ਕੰਮ ਕਰਦੇ ਹੋਏ ਮਜ਼ਦੂਰਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਲੇਬਰ ਦੇ ਕੰਮ ਦੇ ਨਾਲ ਨਾਲ ਮੂੰਗੀ ਦੇ ਝਾਰ ਦੀ ਖਰੀਦ ਕੀਤੀ ਗਈ ਸੀ ਜਿਸ ਨੂੰ ਇਕੱਠਾ ਕਰਕੇ ਇੱਕ ਵੱਡਾ ਢੇਰ ਬਣਾਕੇ ਰੱਖਿਆ ਗਿਆ ਸੀ। ਉਸ ਦੀ ਸਫਾਈ ਕਰਨੀ ਬਾਕੀ ਸੀ। ਇਸ ਮੌਕੇ ਮਜ਼ਦੂਰ ਸਤੀਸ਼ ਕੁਮਾਰ ਪੁੱਤਰ ਮੰਗਤ ਰਾਮ ਨੇ ਦੱਸਿਆ ਕਿ ਮੈਂ ਥਾਣਾ ਸਿਟੀ ਤਪਾ ਨੂੰ ਲਿਖੀ ਦਰਸਖਤ ਦਿੱਤੀ ਹੈ ਕਿ ਅੱਜ ਕੁਝ ਔਰਤਾਂ ਵੱਲੋਂ ਸਾਡੀ ਮੂੰਗੀ ਚੌਰੀ ਕਰ ਲਈ ਗਈ ਹੈ ਜਿਸ ਦੀ ਵੀਡੀਓ ਮੇਰੇ ਪਾਸ ਹੈ ਉਸ ਨੇ ਦੱਸਿਆ ਕਿ ਚੋਰੀ ਹੋਈ ਮੂੰਗੀ 40-45 ਹਜ਼ਾਰ ਰੁਪਏ ਦੇ ਲੱਗਭਗ ਹੈ । ਉਨ੍ਹਾਂ ਕਿਹਾ ਇਹ ਮੂੰਗੀ ਚੋਰ ਔਰਤਾਂ ਮੋਚੀ ਬਰਾਦਰੀ ਦੀਆਂ ਹਨ ਜ਼ੋ ਹਰ ਰੋਜ਼ ਅੱਧੀ ਰਾਤ ਤੱਕ ਤੇ ਉੱਧਰੋਂ ਸਵੇਰੇ ਢਾਈ - ਤਿੰਨ ਵਜੇ ਬਜ਼ਾਰਾਂ,ਗਲੀਆਂ, ਸੁੰਨੀਆਂ ਥਾਵਾਂ ਤੇ ਤੁਰੀਆਂ ਫਿਰਦੀਆਂ ਹਨ ਤੇ ਕੀਮਤੀ ਸਮਾਨ ਪਿਆ ਦੇਖ ਕੇ ਚੋਰੀ ਕਰ ਲੈਂਦੀਆਂ ਹਨ। ਇੱਥੋਂ ਤੱਕ ਕੀ ਦੁਕਾਨਾਂ ਮੂਹਰੇ ਪਏ ਲੋਹੇ ,ਲੱਕੜ ਦੇ ਫੱਟੇ ਤੱਕ ਨਹੀਂ ਛੱਡਦੀਆਂ। ਇਹ ਪੀੜਤ ਮਜ਼ਦੂਰਾਂ ਨੇ ਪੁਲਿਸ ਤੋਂ ਮੋਚੀ ਬਰਾਦਰੀ ਦੀਆਂ ਔਰਤਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ ਇੰਨਾ ਸਾਡੀ ਮੂੰਗੀ ਚੋਰੀ ਕੀਤੀ ਹੈ। ਇਸ ਮੌਕੇ ਤੇ ਸੰਜੇ ਕੁਮਾਰ,ਅਕਾਸ਼ ਕੁਮਾਰ,ਪਾਲਾ ਰਾਮ, ਟਿੰਕੂ, ਪ੍ਰਵੀਨ ਕੁਮਾਰ,ਮੰਗਤ ਰਾਮ, ਸੁਖਦੇਵ ਰਾਮ, ਰਾਜੂ ਰਾਮ, ਬਬਲੀ ਰਾਮ, ਪਵਨ ਕੁਮਾਰ ਆਦਿ ਸਮੇਤ ਸਨ।

# ਪੰਜਾਬ ਐਂਡ ਸਿੰਧ ਬੈਂਕ ਨੇ ਮ੍ਰਿਤਕ ਦੇ ਵਾਰਿਸਾਂ ਨੂੰ ਚੈੱਕ ਸੌਂਪਿਆ




ਬਰਨਾਲਾ, 26 ਜੂਨ (ਅਮਨਦੀਪ ਸਿੰਘ)- ਪੰਜਾਬ ਐਂਡ ਸਿੰਧ ਬੈਂਕ ਅਨਾਜ ਮੰਡੀ ਬਰਨਾਲਾ ਵਲੋਂ ਪ੍ਰਧਾਨ ਮੰਤਰੀ ਸੁਰੱਖਿਆ ਯੋਜਨਾ ਬੀਮਾ ਤਹਿਤ 2 ਲੱਖ ਰੁਪਏ ਦਾ ਚੈੱਕ ਖਾਤਾਧਾਰਕ ਦੇ ਵਾਰਿਸਾਂ ਨੂੰ ਸੌਂਪਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਐਂਡ ਸਿੰਧ ਬੈਂਕ ਅਨਾਜ ਮੰਡੀ ਬਰਨਾਲਾ ਦੇ ਮੈਨੇਜਰ ਜੋਨਲ ਮੈਨੇਜਰ ਅਮਿਤ ਨਾਗਰ, ਬ੍ਰਾਂਚ ਮੈਨੇਜਰ ਵਿਜੇਂਦਰ ਸਿੰਘ ਨੇ ਦਸਿਆ ਕਿ ਸਾਡੀ ਅਨਾਜ ਮੰਡੀ ਬਰਨਾਲਾ ਬ੍ਰਾਂਚ ਵਿਚ ਲਾਲੀ ਰਾਮ ਦਾ ਅਕਾਊਂਟ ਖੁੱਲਿMਹਆ ਹੋਇਆ ਸੀ, ਅਕਾਊਂਟ ਦੇ ਨਾਲ-ਨਾਲ ਉਨ੍ਹਾਂ ਦਾ 20 ਰੁਪਏ ਵਿਚ ਪ੍ਰਧਾਨ ਮੰਤਰੀ ਸੁਰੱਖਿਆ ਯੋਜਨਾ ਵਾਲਾ ਬੀਮਾ ਕਰਵਾਇਆ ਹੋਇਆ ਸੀ। ਲਾਲੀ ਰਾਮ ਦੀ ਅਚਾਨਕ ਮੌਤ ਹੋ ਜਾਣ ਤੋਂ ਬਾਅਦ ਬ੍ਰਾਂਚ ਵਲੋਂ ਉਨ੍ਹਾਂ ਦੇ ਵਾਰਿਸ ਨਾਲ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਦੇ ਪੁੱਤਰ ਆਸ਼ੂ ਨੂੰ ਬ੍ਰਾਂਚ ਵਿਚ ਬੁਲਾ ਕੇ 2 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਮੌਜੂਦ ਜੋਨਲ ਮੈਨੇਜਰ ਅਮਿਤ ਨਾਗਰ, ਬ੍ਰਾਂਚ ਮੈਨੇਜਰ ਵਿਜੇਂਦਰ ਸਿੰਘ ਨੇ ਖਾਤਾਧਾਰਕ ਲਾਲੀ ਰਾਮ ਦੇ ਪੁੱਤਰ ਆਸ਼ੂ ਨੂੰ ਚੈੱਕ ਸੌਂਪ ਦਿੱਤਾ। ਇਸ ਮੌਕੇ ਬ੍ਰਾਂਚ ਮੈਨੇਜਰ ਵਿਜੇਂਦਰ ਸਿੰਘ ਨੇ ਦਸਿਆ ਕਿ 436 ਰੁਪਏ ਅਤੇ 20 ਰੁਪਏ ਕੁੱਲ 456 ਰੁਪਏ ਦੇ ਬੀਮੇ ਹਰ ਵਿਅਕਤੀ ਨੂੰ ਕਰਵਾਉਂਣੇ ਚਾਹੀਦੇ ਹਨ, ਜਿੰਨਾਂ ਦਾ 4 ਲੱਖ ਰੁਪਏ ਦਾ ਫਾਇਦਾ ਹੁੰਦਾ ਹੈ। ਇਸ ਮੌਕੇ ਪੰਜਾਬ ਐਂਡ ਸਿੰਧ ਬੈਂਕ ਅਨਾਜ ਮੰਡੀ ਬ੍ਰਾਂਚ ਬਰਨਾਲਾ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਮੀਟਿੰਗ ਰਹੀ ਬੇਸਿੱਟਾ, ਮੁਲਾਜ਼ਮਾਂ ਵੱਲੋਂ ਤਿੱਖੇ ਸੰਘਰਸ਼ ਦੀ ਚੇਤਾਵਨੀ



ਬਰਨਾਲਾ, 26 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ 10 ਜੂਨ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਨੂੰ ਬਰਕਰਾਰ ਰੱਖਦਿਆਂ ਸਟੇਟ ਬਾਡੀ ਦੇ ਉਲੀਕੇ ਪ੍ਰੋਗਰਾਮ ਤਹਿਤ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ 26 ਜੂਨ ਦੇ ਰੋਸ ਮਾਰਚ ਦੇ ਦਬਾਅ ਹੇਠ ਅੱਜ ਲੋਕਲ ਬਾਡੀ ਮੰਤਰੀ ਡਾ ਰਵਜੋਤ ਸਿੰਘ , ਮਹਿਕਮੇ ਦੇ ਮੁੱਖ ਕਾਰਜਕਾਰੀ ਅਫ਼ਸਰ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਸੈਕਟਰ 35 1 ਚੰਡੀਗੜ੍ਹ ਵਿਖੇ ਆਊਟਸੋਰਸ ਵਰਕਰਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ ਗਈ। ਮੰਤਰੀ ਡਾ ਰਵਜੋਤ ਸਿੰਘ ਵੱਲੋਂ ਮੀਟਿੰਗ ਦੌਰਾਨ ਕਿਹਾ ਗਿਆ ਕਿ ਇਹ ਜੋ ਸੀਵਰੇਜ਼ ਬੋਰਡ ਦੇ ਕੱਚੇ ਕਾਮਿਆਂ ਦੀਆਂ ਮਹਿਕਮੇ ਵਿਚ ਮਰਜ਼ ਕਰਕੇ ਰੈਗੂਲਰ ਕਰਨਾ ਅਤੇ 1948 ਐਕਟ ਤਹਿਤ ਮੁਲਾਜ਼ਮਾਂ ਦੀ ਗੁਜ਼ਾਰੇ ਜੋਗੀ ਤਨਖਾਹ ਇਹ ਮੰਗਾਂ ਜੋ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਜੋ ਸਬ ਕਮੇਟੀ ਬਣਾਈ ਹੈ ਉਸ ਮੀਟਿੰਗ ਵਿੱਚ ਇਨ੍ਹਾਂ ਮੰਗਾਂ ਨੂੰ ਵਿਚਾਰਿਆ ਜਾਵੇਗਾ ਕਿਹਾ ਗਿਆ ਕਿ ਜਲਦੀ ਹੀ ਜਥੇਬੰਦੀ ਨਾਲ ਸਬ ਕਮੇਟੀ ਦੀ ਮੀਟਿੰਗ ਕਰਵਾਈ ਜਾਵੇਗੀ ਉਧਰ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਵੱਲੋਂ ਕਿਹਾ ਗਿਆ ਕਿ ਮੰਤਰੀ ਸਾਹਿਬ ਨਾਲ ਮੀਟਿੰਗ ਬਿਲਕੁਲ ਹੀ ਬੇਸਿੱਟਾ ਰਹੀ ਕਿਉਂਕਿ ਇੱਕ ਨਾਰਮਲ ਗੱਲ ਦੱਸਣ ਲਈ ਕਿ ਜਲਦੀ ਹੀ ਤੁਹਾਡੀ ਮੀਟਿੰਗ ਸਬ ਕਮੇਟੀ ਦੇ ਨਾਲ ਕਰਵਾਈ ਜਾਵੇਗੀ ਸਾਡਾ ਸਰਕਾਰ ਵੱਲੋਂ ਹਫਤੇ ਬਾਅਦ ਵੀਹ ਪੱਚੀ ਹਜ਼ਾਰ ਦਾ ਗੇੜਾ ਚੰਡੀਗੜ੍ਹ ਵਿਖੇ ਲਵਾਇਆ ਜਾਦਾ ਹੈ ਪਰ ਸਰਕਾਰ ਵੱਲੋਂ ਸਾਡਾ ਕੋਈ ਠੋਸ ਹੱਲ ਨਹੀਂ ਕੀਤਾ ਜਾਂਦਾ ।ਇਸ ਤੋਂ ਬਾਅਦ ਜਥੇਬੰਦੀ ਵੱਲੋਂ ਮਿਉਂਸੀਪਲ ਭਵਨ ਚੰਡੀਗੜ੍ਹ ਦਫ਼ਤਰ ਅੱਗੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਅਤੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਗਿਆ ।ਜਥੇਬੰਦੀ ਵੱਲੋਂ 4 ਜੁਲਾਈ ਨੂੰ ਸੰਗਰੂਰ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ ਅਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਹਲਕੇ ਧੂਰੀ ਵਿਖੇ ਵੀ ਝੰਡਾ ਮਾਰਚ ਕੀਤਾ ਜਾਵੇਗਾ । ਜੇਕਰ ਇਸ ਤੋਂ ਬਾਅਦ ਵੀ ਸੀਵਰੇਜ਼ ਕਾਮਿਆਂ ਦੀ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਇਸ ਤੋਂ ਵੀ ਤਿੱਖਾ ਸੰਘਰਸ਼ ਜਥੇਬੰਦੀ ਵੱਲੋਂ ਵਿੱਢਿਆ ਜਾਵੇਗਾ ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ, ਮੀਤ ਪ੍ਰਧਾਨ ਅਮਿਤ ਕੁਮਾਰ ਸਮਾਣਾ , ਜਨਰਲ ਸਕੱਤਰ ਜਗਵੀਰ ਸਿੰਘ ਸਹਾਇਕ ਸਕੱਤਰ ਮਿਲਖਾ ਸਿੰਘ ਬਰਨਾਲਾ, ਪ੍ਰੈੱਸ ਸਕੱਤਰ ਨਰਿੰਦਰ ਕੁਮਾਰ ਸ਼ਰਮਾ ਕਲਵਿੰਦਰ ਸਿੰਘ ਬੀਰਾ ਸਿੰਘ ਬਰੇਟਾ ਸੂਬਾ ਕਮੇਟੀ ਮੈਂਬਰ ਸੁਖਜੀਵਨ ਸਿੰਘ ਸਰਦੂਲਗੜ੍ਹ ਗੋਗੀ ਭੀਖੀ ਜਗਸੀਰ ਸਿੰਘ ਰਾਜੇਸ਼ ਕੁਮਾਰ ਵਿਜੇ ਕੁਮਾਰ ਸੰਜੂ ਕੁਮਾਰ ਜਗਤਾਰ ਸਿੰਘ ਅਵਤਾਰ ਸਿੰਘ ਵਿਨੋਦ ਕੁਮਾਰ ਬਰਨਾਲਾ, ਗੁਰਜੰਟ ਸਿੰਘ ਉਗਰਾਹਾਂ ਆਦਿ ਹਾਜ਼ਰ ਸਨ

## ਸ਼ਿਵਮ ਕਾਲਜ ਦਾ ਨਤੀਜਾ ਸੌ ਰਿਹਾ ਫ਼ੀਸਦੀ



ਲਹਿਰਾਗਾਗਾ, 26 ਜੂਨ (ਰਮੇਸ਼ਵਰ ਸ਼ਰਮਾ/ ਸੁਖਵਿੰਦਰ ਸ਼ਰਮਾ): ਸ਼ਿਵਮ ਕਾਲਜ ਆਫ਼ ਐਜੂਕੇਸ਼ਨ, ਘੋਰਬ ਕਲਾਂ ਦੇ ਐਮ.ਐਡ.ਸੈਸ਼ਨ 2024-26 ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਦਾ ਨਤੀਜਾ 100 ਫ਼ੀਸਦੀ ਰਿਹਾ। ਕਾਲਜ ਦੇ ਚੇਅਰਮੈਨ ਅਨਿਲ ਗਰਗ ਨੇ ਕਿਹਾ ਕਿ ਇਹ ਕਾਲਜ ਅਤੇ ਵਿਦਿਆਰਥੀਆਂ ਦੇ ਮਾਪਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਸਾਲ ਵੀ ਸਾਰੇ ਵਿਦਿਆਰਥੀ ਬਹੁਤ ਵਧੀਆਂ ਅੰਕ ਪ੍ਰਾਪਤ ਕਰਕੇ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ।ਗੁਰਵਿੰਦਰ ਕੌਰ ਸਪੁੱਤਰੀ ਪ੍ਰਤਾਪ ਸਿੰਘ ਨੇ 8.48 ਗ੍ਰੇਡ ਪ੍ਰਾਪਤ ਕਰ ਕੇ ਪਹਿਲਾ ਸਥਾਨ ਹਾਸਿਲ ਕੀਤਾ , ਦੂਜੇ ਦਰਜੇ ਤੇ 12 ਅਤੇ ਤੀਜੇ ਦਰਜੇ ਤੇ 9 ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ। ਇਸ ਮੌਕੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਹੁਲ ਗਰਗ, ਪ੍ਰਿੰਸੀਪਲ ਰਮਨਦੀਪ ਕੌਰ ਤੇ ਸਮੂਹ ਸਟਾਫ਼ ਦੁਆਰਾ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਤੇ ਵਿਦਿਆਰਥੀਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਲਈ ਉਚੇਰੀ ਸਿੱਖਿਆ ਦਾ ਪ੍ਰਬੰਧ ਕਰਦੇ ਰਹਾਂਗੇ। ਆਖਿਰ ਵਿੱਚ ਉਨਾ ਨੇ ਕਿਹਾ ਕਿ ਇਹ ਸ਼ਾਨਦਾਰ ਨਤੀਜਾ ਸ਼ਿਵਮ ਕਾਲਜ ਦੇ ਮਿਹਨਤੀ ਸਟਾਫ਼ ਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਸਦਕਾ ਪ੍ਰਾਪਤ ਹੋਇਆ।

# ਪੁਲਿਸ ਨੇ 100 ਦੇ ਕਰੀਬ ਮਾਮਲਿਆਂ 'ਚ ਫੜੀ ਨਸ਼ੇ ਦੀ ਵੱਡੀ ਖੇਪ ਕੀਤੀ ਨਸ਼ਟ



ਬਠਿੰਡਾ, 26 ਜੂਨ (ਦੀਪਕ ਸ਼ਰਮਾ):ਜ਼ਿਲ੍ਹਾ ਪੁਲਿਸ ਨੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪਿਛਲੇ ਕੁਝ ਸਮੇਂ ਵਿੱਚ ਤਸਕਰਾਂ ਤੋਂ ਫੜੀ ਗਈ ਨਸ਼ੇ ਦੀ ਖੇਪ ਨੂੰ ਅੱਗ ਲਗਾ ਕੇ ਨਸ਼ਟ ਕਰ ਦਿੱਤਾ ਹੈ। ਇਸ ਦੌਰਾਨ ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਅਤੇ ਐਸਐਸਪੀ ਬਠਿੰਡਾ ਅਮਨੀਤ ਕੌਂਡਲ ਦੀ ਨਿਗਰਾਨੀ ਹੇਠ ਪੂਰੀ ਮੁਹਿੰਮ ਨੂੰ ਅਮਲ ਵਿੱਚ ਲਿਆਂਦਾ ਗਿਆ। ਇਸ ਦੌਰਾਨ ਐਸਪੀ (ਡਿਟੈਕਟਿਵ) ਅਤੇ ਡੀਐਸਪੀ (ਡਿਟੈਕਟਿਵ) ਵੀ ਹਾਜ਼ਰ ਰਹੇ। ਬਠਿੰਡਾ ਪੁਲਿਸ ਦੇ ਡਰੱਗ ਡਿਸਪੋਜ਼ਲ ਸੈੱਲ ਨੇ ਨਸ਼ਿਆਂ ਵਿਰੁੱਧ ਚੱਲ ਰਹੀ ਜ਼ੀਰੋ ਟਾਲਰੈਂਸ ਨੀਤੀ ਤਹਿਤ ਇਸ ਕਾਰਵਾਈ ਨੂੰ ਅੰਜਾਮ ਦਿੱਤਾ। ਇਸ ਦੌਰਾਨ ਐਨਡੀਪੀਐਸ ਐਕਟ ਤਹਿਤ 99 ਵੱਖ-ਵੱਖ ਮਾਮਲਿਆਂ ਵਿੱਚ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚੋਂ 2.030 ਕਿਲੋਗ੍ਰਾਮ ਹੈਰੋਇਨ, 571.502 ਕਿਲੋਗ੍ਰਾਮ ਚੂਰਾ ਪੋਸਤ, 69054 ਨਸ਼ੀਲੀਆਂ ਗੋਲੀਆਂ, 1000 ਕੈਪਸੂਲ, 14.900 ਕਿਲੋਗ੍ਰਾਮ ਗਾਂਜਾ ਅਤੇ 4 ਕਿਲੋਗ੍ਰਾਮ ਹਰੇ ਨਸ਼ੀਲੇ ਪੌਦਿਆਂ ਨੂੰ ਭੱਠੀ ਵਿੱਚ ਪਾ ਕੇ ਨਸ਼ਟ ਕਰ ਦਿੱਤਾ ਗਿਆ। ਉਕਤ ਨਸ਼ਾ ਕੋਰਟ ਵਿੱਚ ਦਾਇਰ ਕੇਸ ਦੀ ਪ੍ਰਾਪਰਟੀ ਦੇ ਫੈਸਲੇ ਤੋਂ ਬਾਅਦ ਨਸ਼ਟ ਕੀਤਾ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਬਠਿੰਡਾ ਪੁਲਿਸ ਵੱਲੋਂ ਨਸ਼ੇ ਨੂੰ ਰੋਕਣ ਲਈ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਅਧੀਨ 99 ਮਾਮਲਿਆਂ ਵਿੱਚ ਫੜੇ ਗਏ ਨਸ਼ੇ ਜਿਸ ਵਿੱਚ ਹੈਰੋਇਨ, ਆਈਸ ਡਰੱਗਜ਼ ਸਮੇਤ ਗਾਂਜਾ ਅਤੇ ਹੋਰ ਨਸ਼ੇ ਦੀ ਖੇਪ ਸ਼ਾਮਲ ਸੀ। ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਡਰੱਗਜ਼ ਡਿਸਪੋਜ਼ਲ ਇਨਸਿਨਰੇਟਰ ਸੈਂਟਰ ਵਿੱਚ ਨਸ਼ੇ ਨੂੰ ਨਸ਼ਟ ਕੀਤਾ ਗਿਆ ਹੈ। ਪੁਲਿਸ ਨੇ ਸਾਰਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਜਾਨਲੇਵਾ ਨਸ਼ਿਆਂ ਦਾ ਵਪਾਰ ਕਰਨ ਵਾਲੇ ਅਤੇ ਸੇਵਨ ਕਰਨ ਵਾਲਿਆਂ ਬਾਰੇ ਜਾਣਕਾਰੀ ਦੇਣ, ਪੁਲਿਸ ਉਨ੍ਹਾਂ 'ਤੇ ਤੁਰੰਤ ਸਖ਼ਤ ਕਾਰਵਾਈ ਕਰੇਗੀ। ਐਸਐਸਪੀ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਪੁਲਿਸ ਨਸ਼ੇ ਦੇ ਕਾਰੋਬਾਰ 'ਤੇ ਅੰਕੁਸ਼ ਲਗਾਉਣ ਲਈ ਨਸ਼ੇੜੀਆਂ ਦੀ ਧਰਪਕੜ ਕਰਦੀ ਰਹੇਗੀ।ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਨਸ਼ਾ ਮੁਕਤੀ ਮਿਸ਼ਨ ਤਹਿਤ ਵਿਆਪਕ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਨਸ਼ਾ ਤਸਕਰੀ ਅਤੇ ਹੋਰ ਗੰਭੀਰ ਅਪਰਾਧਾਂ ਤਹਿਤ 15 ਮਾਮਲੇ ਦਰਜ ਕੀਤੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਬਠਿੰਡਾ ਪੁਲਿਸ ਨੇ ਨਸ਼ਿਆਂ ਵਿਰੁੱਧ ਜੰਗ ਤਹਿਤ ਕਾਰਵਾਈ ਕਰਦੇ ਹੋਏ 1 ਮਾਰਚ 2025 ਤੋਂ ਹੁਣ ਤੱਕ 634 ਮਾਮਲੇ ਦਰਜ ਕਰਕੇ 986 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਸ ਵਿੱਚ 19 ਵੱਡੇ ਤਸਕਰ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਨਸ਼ਾ ਤਸਕਰਾਂ ਦੀ ਕਰੀਬ 9 ਕਰੋੜ 71 ਲੱਖ ਦੀ ਸੰਪਤੀ ਫਰੀਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਨਸ਼ੇ ਦੀ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੁਲਿਸ ਦਾ ਸਹਿਯੋਗ ਕਰੋ।ਜੇਕਰ ਤੁਹਾਡੇ ਇਲਾਕੇ ਵਿੱਚ ਜਾਂ ਉਸ ਦੇ ਆਸ-ਪਾਸ ਕੋਈ ਵੀ ਵਿਅਕਤੀ ਗੈਰ-ਕਾਨੂੰਨੀ ਢੰਗ ਨਾਲ ਨਸ਼ੇ ਦਾ ਕਾਰੋਬਾਰ ਕਰ ਰਿਹਾ ਹੈ, ਤਾਂ ਤੁਸੀਂ ਪੰਜਾਬ ਸਰਕਾਰ ਦੇ ਨਸ਼ਾ ਵਿਰੋਧੀ ਹੈਲਪਲਾਈਨ ਨੰਬਰ 97791-00200 ਜਾਂ ਬਠਿੰਡਾ ਪੁਲਿਸ ਦੇ ਨਸ਼ਾ ਵਿਰੋਧੀ ਹੈਲਪਲਾਈਨ ਨੰਬਰ 91155-02252 'ਤੇ ਜਾਣਕਾਰੀ ਸਾਂਝੀ ਕਰ ਸਕਦੇ ਹੋ। ਲੋਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।

## ਨਸ਼ੇ ਖ਼ਿਲਾਫ਼ ਪੰਜਾਬ ਸਰਕਾਰ ਦੀ ਸਖ਼ਤ ਕਾਰਵਾਈ: ਦੋ ਮੈਡੀਕਲ ਸਟੋਰਾਂ ਦੇ ਲਾਇਸੈਂਸ ਰੱਦ

ਬਠਿੰਡਾ, 26 ਜੂਨ( ਦੀਪਕ ਸ਼ਰਮਾ): ਸਿਹਤ ਵਿਭਾਗ ਬਠਿੰਡਾ ਵੱਲੋਂ ਭੁੱਚੋ ਮੰਡੀ ਵਿਖੇ ਸਥਿਤ ਦਵਾਈਆਂ ਦੀਆਂ ਦੋ ਦੁਕਾਨਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ। ਦੱਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਬਠਿੰਡਾ ਪੁਲਿਸ ਨੇ ਉਕਤ ਦੁਕਾਨਾਂ ਵਿੱਚੋਂ ਵੱਡੀ ਮਾਤਰਾ ਵਿੱਚ ਪਾਬੰਦੀ ਸ਼ੁਦਾ ਦਵਾਈਆਂ ਬਰਾਮਦ ਕੀਤੀਆਂ ਸਨ। ਜਿਸ ਤੋਂ ਬਾਅਦ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਛੇੜੇ ਗਏ 'ਯੁੱਧ ਨਸ਼ਿਆਂ ਦੇ ਵਿਰੁੱਧ' ਅਭਿਆਨ ਤਹਿਤ ਲਗਾਤਾਰ ਸਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦੇ ਤਹਿਤ ਜ਼ਿਲ੍ਹੇ ਦੀ ਭੁੱਚੋ ਮੰਡੀ ਵਿੱਚ ਦੋ ਦਵਾਈਆਂ ਦੀਆਂ ਦੁਕਾਨਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ। ਪੁਲਿਸ ਨੇ ਪਿਛਲੇ ਦਿਨਾਂ ਦੌਰਾਨ ਇਨ੍ਹਾਂ ਦੋ ਮੈਡੀਕਲ ਦੁਕਾਨਾਂ ਤੋਂ ਵੱਡੀ ਮਾਤਰਾ ਵਿੱਚ ਪਾਬੰਦੀਸ਼ੁਦਾ ਦਵਾਈਆਂ ਬਰਾਮਦ ਕੀਤੀਆਂ ਸਨ। ਇਸ ਸਬੰਧੀ ਡੀਐਸਪੀ ਰਵਿੰਦਰ ਸਿੰਘ ਅਤੇ ਚੌਕੀ ਇੰਚਾਰਜ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਡਰੱਗ ਇੰਸਪੈਕਟਰ ਦੇ ਨਾਲ ਛਾਪੇਮਾਰੀ ਕਰਕੇ ਭਾਰਤ ਮੈਡੀਕਲ ਸਟੋਰ ਤੋਂ 77 ਹਜ਼ਾਰ 400 ਪਾਬੰਦੀਸ਼ੁਦਾ ਕੈਪਸੂਲ ਅਤੇ ਸ਼੍ਰੀਐਮ ਫਾਰਮ ਮੈਡੀਕਲ ਸਟੋਰ ਤੋਂ 1455 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ ਸਨ। ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਵਿਭਾਗ ਅਤੇ ਹੈਲਥ ਐਂਡ ਫੈਮਿਲੀ ਵੈਲਫੇਅਰ ਪੰਜਾਬ ਵੱਲੋਂ ਕਾਰਵਾਈ ਕਰਦੇ ਹੋਏ ਲਾਇਸੈਂਸ ਰੱਦ ਕੀਤੇ ਗਏ ਹਨ। ਪੁਲਿਸ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਨਸ਼ੇ ਦੇ ਵਪਾਰੀ ਕਿਸੇ ਵੀ ਕੀਮਤ 'ਤੇ ਬਖਸ਼ੇ ਨਹੀਂ ਜਾਣਗੇ। ਇਸੇ ਤਰ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਹੁਕਮਾਂ ਤੇ ਨਸ਼ੀਲੀਆਂ ਦਵਾਈਆਂ ਵੇਚਣ ਵਾਲੇ ਦੁਕਾਨਦਾਰਾਂ ਖਿਲਾਫ ਸਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਸਿਹਤ ਅਧਿਕਾਰੀ ਨੇ ਮੈਡੀਕਲ ਸਟੋਰ ਸੰਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਵੇਚਣ ਤੋਂ ਗੁਰੇਜ਼ ਕਰਨ ।

## ਜ਼ਿਮਨੀ ਚੋਣ ਵਿੱਚ ਜਿੱਤ ਤੋਂ ਬਾਅਦ 2027 ਦਾ ਰਸਤਾ ਹੋਇਆ ਸਾਫ਼: ਪ੍ਰਧਾਨ ਨਸੀਬ,ਜਥੇ:ਰਾਮ,ਸੰਦੀਪ ਕੌਰ

ਕੌਹਰੀਆਂ, 26 ਜੂਨ (ਅਵਤਾਰ ਸਿੰਘ ਜਟਾਣਾ ): ਜਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਵੱਲੋਂ ਲੁਧਿਆਣਾ ਅਤੇ ਸੰਗਰੂਰ ਹਲਕਿਆਂ 'ਚ ਪ੍ਰਾਪਤ ਕੀਤੀ ਸ਼ਾਨਦਾਰ ਜਿੱਤ 'ਤੇ ਆਪ ਦੇ ਪ੍ਰਧਾਨ ਨਸੀਬ ਸਿੰਘ ਕੌਹਰੀਆਂ ਨੇ ਕਿਹਾ ਕਿ ਜੋਸ਼ ਅਤੇ ਸੰਕਲਪ ਨਾਲ ਭਰੇ ਹੋਏ ਪਾਰਟੀ ਵਰਕਰਾਂ ਨੇ ਪਿੰਡ ਪਿੰਡ,ਗਲੀ ਗਲੀ ਤੱਕ ਜਾ ਕੇ ਲੋਕਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਅਤੇ



ਸੀਨੀਅਰ ਆਗੂ ਪ੍ਰਧਾਨ ਨਸੀਬ ਸਿੰਘ ਕੌਹਰੀਆਂ ,ਜਥੇਦਾਰ ਰਾਮ ਸਿੰਘ,ਮੈਡਮ ਸੰਦੀਪ ਕੌਰ ਨੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਇਹ ਨਤੀਜੇ ਦਰਸਾਉਂਦੇ ਹਨ ਕਿ ਆਮ ਆਦਮੀ ਪਾਰਟੀ ਹੁਣ ਪੰਜਾਬ ਦੀ ਜਨਤਾ ਦੇ ਦਿਲਾਂ 'ਚ ਆਪਣੀ ਥਾਂ ਪੱਕੀ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਫਤਿਹ ਸਿਰਫ ਇੱਕ ਚੋਣ ਨਤੀਜਾ ਨਹੀਂ, ਸਗੋਂ ਆਮ ਆਦਮੀ ਪਾਰਟੀ ਦੀ ਆਮ ਲੋਕਾਂ ਚ ਅੰਦਰੂਨੀ ਪਹੁੰਚ, ਨਿੱਤ ਨਵੇਂ ਵਿਕਾਸੀ ਪਹਿਲੂ ਅਤੇ ਕਰਪਸ਼ਨ ਦੇ ਖਿਲਾਫ ਲੜਾਈ ਦਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਅਗਵਾਈ ਅਤੇ ਕੇਜਰੀਵਾਲ ਮਾਡਲ ਦੀ ਪ੍ਰਤੱਖ ਜ਼ਮੀਨ 'ਤੇ ਲਾਗੂ ਕਰਨ 'ਤੇ ਲੋਕਾਂ ਦਾ ਭਰੋਸਾ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਜਿਮਨੀ ਚੋਣਾਂ ਦੇ ਨਤੀਜੇ ਇਹ ਸਾਫ ਇਸ਼ਾਰਾ ਕਰਦੇ ਹਨ ਕਿ ਪੰਜਾਬ ਦੇ ਲੋਕ ਹੁਣ ਪਰੰਪਰਾ ਨੇ ਪਾਰਟੀਆਂ ਤੋਂ ਅੱਕ ਚੁੱਕੇ ਹਨ ਤੇ ਉਹਨਾਂ ਦੀਆਂ ਉਮੀਦਾਂ ਦਾ ਕੇਂਦਰ ਕੇਵਲ ਆਮ ਆਦਮੀ ਪਾਰਟੀ ਬਣੀ ਹੋਈ ਹੈ। ਨੀਤੀਆਂ ਨਾਲ ਜੋੜਿਆ। ਜਥੇਦਾਰ ਰਾਮ ਸਿੰਘ ਕੌਹਰੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਪਾਰੀ ਵਰਗ, ਕਿਸਾਨ, ਨੌਜਵਾਨ ਤੇ ਮਹਿਲਾ ਵੋਟਰਾਂ ਨੂੰ ਉਹ ਆਸ ਦਿੱਤੀ ਹੈ, ਜੋ ਦਹਾਕਿਆਂ ਤੋਂ ਕਿਤਾਬੀ ਵਾਅਦਿਆਂ ਤੱਕ ਸੀਮਤ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਵੇਂ ਯੁੱਗ ਦੀ ਸੁਰੂਆਤ ਹੋ ਚੁੱਕੀ ਹੈ, ਜਿੱਥੇ ਲੋਕ ਸਵੈਭੀਮਾਨ, ਵਿਕਾਸ ਅਤੇ ਇਮਾਨਦਾਰੀ ਦੀ ਸਿਆਸਤ ਚਾਹੁੰਦੇ ਹਨ। ਸੰਦੀਪ ਕੌਰ ਨੇ ਕਿਹਾ ਕਿ ਲੁਧਿਆਣਾ ਪੱਛਮੀ ਦੇ ਵੋਟਰਾਂ ਨੇ ਇਹ ਵੀ ਸਾਬਿਤ ਕਰ ਦਿੱਤਾ ਹੈ ਕਿ ਉਹ ਕੀਤੇ ਗਏ ਕੰਮਾਂ ਨੂੰ ਤਰਜ਼ੀਹ ਦਿੰਦੇ ਹਨ ਅਤੇ ਜਿਹੜੀ ਪਾਰਟੀ ਸੂਬੇ ਵਿੱਚ ਵਿਕਾਸ ਕੰਮ ਕਰਵਾਏਗੀ ਉਹੀ ਅੱਗੇ ਆਏਗੀ। ਉਹਨਾਂ ਸਾਰਿਆਂ ਨੂੰ ਕਿਹਾ ਕਿ ਆਉਣ ਵਾਲੀਆਂ 2027 ਦੀ ਵਿਧਾਨ ਸਭਾ ਚੋਣਾਂ ਦਾ ਰਸਤਾ ਵੀ ਕਲੀਅਰ ਹੋ ਗਿਆ ਹੈ ਤੇ ਸਾਫ ਜ਼ਾਹਿਰ ਹੈ ਕਿ ਆਮ ਆਦਮੀ ਪਾਰਟੀ ਪੰਜਾਬ 'ਚ ਹੋਰ ਵੀ ਵਧੇਰੇ ਭਰੋਸੇ ਅਤੇ ਭਾਰੀ ਮਤਭੇਦ ਨਾਲ ਆਪਣੀ ਸਰਕਾਰ ਬਰਕਰਾਰ ਰੱਖੇਗੀ।

## ਮਲੂਕਾ ਨੇ ਮਜੀਠੀਆ ਦੀ ਗ੍ਰਿਫਤਾਰੀ'ਤੇ ਘੇਰੀ ਸੂਬਾ ਸਰਕਾਰ



ਭਗਤਾ ਭਾਈ ਕਾ 26 ਜੂਨ (ਸਵਰਨ ਸਿੰਘ ਭਗਤਾ) : ਮੁੱਖ ਮੰਤਰੀ ਭਗਵੰਤ ਮਾਨ ਯਾਦ ਰੱਖਣ ਕਿ 50 ਸਾਲ ਪਹਿਲਾਂ ਦੇਸ਼ ਨੂੰ ਐਮਰਜੈਂਸੀ ਦੀ ਅੱਗ ਚ ਝੋਕਣ ਵਾਲੀ ਇੰਦਰਾ ਸਰਕਾਰ ਦਾ ਅਕਾਲੀ ਦਲ ਨੇ ਮੂੰਹ ਤੋੜਵਾਂ ਜਵਾਬ ਦਿੱਤਾ ਸੀ। ਇੰਨਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਿਆਂ ਕੀਤਾ। ਮਲੂਕਾ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਨੇ ਐਮਰਜੈਂਸੀ ਦੀ 50ਵੀ ਵਰ੍ਹੇਗੰਢ ਤੇ ਐਮਰਜੈਂਸੀ ਵਾਲੀ ਹੀ ਕਾਰਵਾਈ ਕੀਤੀ ਹੈ, ਤਾਨਾਸ਼ਾਹੀ ਮਾਨਸਿਕਤਾ ਰੱਖਣ ਵਾਲੇ ਸ਼ਾਸਕਾਂ ਨੇ ਲੱਗਦਾ 50 ਸਾਲਾਂ ਚ ਵੀ ਕੋਈ ਸਬਕ ਨਹੀਂ ਸਿੱਖਿਆ ਜਿਸ ਢੰਗ ਨਾਲ ਸਰਕਾਰ ਵਿਰੋਧੀਆਂ ਨੂੰ ਦਬਾਉਣ ਲਈ ਪੁਲਿਸ ਤੇ ਵਿਜੀਲੈਂਸ ਦੀ ਦੁਰਵਰਤੋਂ ਕਰ ਰਹੀ ਹੈ ਉਹ ਹਾਲਾਤ ਐਮਰਜੈਂਸੀ ਤੋਂ ਵੱਖਰੇ ਨਹੀਂ। ਸੂਬੇ ਚ ਅਣਐਲਾਨੀ ਐਮਰਜੈਂਸੀ ਚੱਲ ਰਹੀ ਹੈ ਆਪਣੇ ਵਿਰੋਧ ਚ ਉੱਠਣ ਵਾਲੀ ਆਵਾਜ਼ ਨੂੰ ਚੁੱਪ ਕਰਵਾਉਣ ਲਈ ਪੁਲਿਸ ਤੇ ਵਿਜੀਲੈਂਸ ਦੀ ਵਰਤੋਂ ਕੀਤੀ ਜਾ ਰਹੀ ਹੈ। ਬਿਕਰਮ ਸਿੰਘ ਮਜੀਠੀਆ ਵੀ ਸਰਕਾਰ ਅਤੇ ਮੁੱਖ ਮੰਤਰੀ ਦੀ ਕਾਰਗੁਜਾਰੀ ਤੇ ਲਗਾਤਾਰ ਸਵਾਲ ਚੁੱਕਦਾ ਹੈ।ਰਾਜਨੀਤਕ ਵਿਰੋਧੀ ਹਮੇਸ਼ਾਂ ਹੀ ਲੋਕ ਮੁੱਦਿਆਂ ਨੂੰ ਲੈ ਕੇ ਸਰਕਾਰਾਂ ਨੂੰ ਘੇਰਦੇ ਰਹੇ ਹਨ। ਆਮ ਆਦਮੀ ਪਾਰਟੀ ਨਵੀਆਂ ਪਿਰਤਾਂ ਪਾ ਰਹੀ ਹੈ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਚ ਅਦਾਲਤ ਰਾਹੀਂ ਸੰਮਨ ਕਰਵਾ ਕੇ ਕਿਸੇ ਤੋਂ ਵੀ ਪੁੱਛ ਪੜਤਾਲ ਕੀਤੀ ਜਾਂ ਸਕਦੀ ਹੈ। ਪਰ ਸਰਕਾਰ ਆਪਣੇ ਵਿਰੁੱਧ ਉੱਠਣ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਲਈ ਅਜਿਹੀਆਂ ਕਾਰਵਾਈਆਂ ਕਰ ਰਹੀ ਹੈ। ਇਸ ਤੋਂ ਪਹਿਲਾਂ ਕਈ ਪੱਤਰਕਾਰ ਤੇ ਬੁੱਧੀਜੀਵੀ ਵੀ ਸਰਕਾਰ ਦੀ ਤਾਨਾਸ਼ਾਹੀ ਦਾ ਸ਼ਿਕਾਰ ਹੋਏ ਹਨ, ਮੁੱਖ ਮੰਤਰੀ ਆਪਣੇ ਆਕਾ ਨੂੰ ਖੁਸ਼ ਕਰਨਾ ਚਾਹੁੰਦੇ ਹਨ ਕਿਉਂਕਿ ਅਰਵਿੰਦ ਕੇਜਰੀਵਾਲ ਨੂੰ ਬਿਕਰਮ ਮਜੀਠੀਆ ਤੋਂ ਮੁਆਫੀ ਮੰਗਣੀ ਪਈ ਸੀ। ਮਲੂਕਾ ਨੇ ਕਿਹਾ ਕਿ ਇੱਕ ਨੂੰ ਖੁਸ਼ ਕਰਨ ਦੇ ਚੱਕਰ ਚ ਕਈਆਂ ਨੂੰ ਮੁਆਫੀ ਨਾ ਮੰਗਣੀ ਪੈ ਜਾਵੇ। ਮਲੂਕਾ ਨੇ ਕਿਹਾ ਕੇ ਅਕਾਲੀ ਦਲ ਬਿਕਰਮ ਮਜੀਠੀਆ ਦੇ ਹੱਕ ਚ ਡੱਟ ਕੇ ਖੜਾ ਹੈ ਤੇ ਮੁੱਖ ਮੰਤਰੀ ਤੇ ਸਰਕਾਰ ਦੇ ਜਬਰ ਦਾ ਜਬਾਵ ਦੇਵੇਗਾ। ਮੁੱਖ ਮੰਤਰੀ ਯਾਦ ਰੱਖਣ ਕੇ ਅੱਜ ਵੀ ਅਕਾਲੀ ਦਲ ਹਰ ਐਮਰਜੈਂਸੀ ਦਾ ਲੱਕ ਤੋੜਨ ਚ ਸਮਰੱਥ ਹੈ। ਇਸ ਮੌਕੇ ਸਾਬਕਾ ਚੇਅਰਮੈਨ ਸਤਨਾਮ ਸਿੰਘ ਭਾਈਰੂਪਾ, ਹਰਿੰਦਰ ਸਿੰਘ ਮਹਿਰਾਜ, ਭਰਪੂਰ ਸਿੰਘ ਢਿੱਲੋਂ, ਸੁਖਮੰਦਰ ਸਿੰਘ ਮਾਨ, ਬੂਟਾ ਸਿੰਘ ਢਿੱਲੋਂ, ਗਗਨਦੀਪ ਸਿੰਘ ਗਰੇਵਾਲ, ਰਾਕੇਸ ਗੋਇਲ ਭਗਤਾ, ਜਗਮੋਹਨ ਭਗਤਾ, ਮਨਜੀਤ ਸਿੰਘ ਧੁੰਨਾ ਅਤੇ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਨੇ ਵੀ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।

## ਡੀ.ਸੀ. ਨੇ ਜ਼ਿਲ੍ਹੇ 'ਚ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕੀਤੇ ਜਾ ਰਹੇ ਉਪਰਾਲਿਆਂ ਦੀ ਕੀਤੀ ਸਮੀਖਿਆ



ਸ੍ਰੀ ਮੁਕਤਸਰ ਸਾਹਿਬ, 26 ਜੂਨ ( ਐਚ ਐਸ ਕਪੂਰ):ਸ.ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਅੰਦਰ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ"ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਉਪਰਾਲੇ ਜਾਰੀ ਹਨ। ਇਸੇ ਤਹਿਤ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ ਵਿਖੇ ਡਿਪਟੀ ਕਮਿਸ਼ਨਰ ਸ੍ਰੀ ਅਭਿਜੀਤ ਕਪਲਿਸ਼ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਦੌਰਾਨ ਜ਼ਿਲ੍ਹੇ 'ਚ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਕਿਹਾ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਮੁੱਖ ਮੰਤਵ ਗੁਮਰਾਹ ਨੌਜਵਾਨੀ ਨੂੰ ਮੁੜ ਜ਼ਿੰਦਗੀ ਦੀ ਰਾਹ 'ਤੇ ਪਾਉਣਾ ਹੈ ਅਤੇ ਇਲਾਜ ਮੁਹੱਈਆ ਕਰਵਾ ਕੇ ਸਿਹਤਮੰਦ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਨਸ਼ਿਆਂ ਦੀ ਆਦਤ ਤੋਂ ਪੀੜਤ ਵਿਅਕਤੀਆਂ ਦੇ ਇਲਾਜ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ 'ਤੇ ਕਮਜ਼ੋਰ ਕਰ ਦਿੰਦਾ ਹੈ, ਇਸ ਲਈ ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤੇ ਜਾਵੇ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਵਿਆਪਕ ਵਰਤੋਂ ਸਮਾਜ ਲਈ ਇਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਕਿਸੇ ਵੀ ਦੇਸ਼ ਦੇ ਚੰਗੇ ਭਵਿੱਖ ਲਈ ਉਸ ਦੀ ਤਰੱਕੀ ਦੇ ਰਾਹ ਵਿਚ ਨਸ਼ਾ ਇਕ ਵੱਡੀ ਰੁਕਾਵਟ ਬਣਦਾ ਹੈ। ਇਸ ਮੌਕੇ ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਵੱਧ ਤੋਂ ਵੱਧ ਨਸ਼ਾ ਛੱਡਣ ਵਾਲੇ ਵਿਅਕਤੀਆਂ ਨੂੰ ਇਨ੍ਹਾਂ ਸੈਂਟਰਾਂ ਵਿੱਚ ਦਾਖਲ ਕਰਵਾਇਆ ਜਾਵੇ ਅਤੇ ਉਨ੍ਹਾ ਨੂੰ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾਣ, ਤਾਂ ਜੋ ਉਨ੍ਹਾਂ ਦੀ ਸਾਂਭ-ਸੰਭਾਲ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ। ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਵਿਅਕਤੀ ਨਸ਼ਾ ਛਡਾਊ ਕੇਂਦਰਾਂ ਵਿੱਚ ਦਾਖ਼ਲ ਹਨ, ਉਨ੍ਹਾਂ ਦੇ ਲਈ ਖਾਣਾ, ਪੀਣ ਵਾਲੇ ਸਾਫ਼ ਪਾਣੀ, ਦਵਾਈਆਂ ਅਤੇ ਹੋਰ ਲੋੜੀਂਦੀਆਂ ਵਸਤਾਂ ਦਾ ਧਿਆਨ ਰੱਖਿਆ ਜਾਵੇ। ਇਸ ਮੌਕੇ ਸਿਵਲ ਸਰਜਨ ਡਾ. ਜਗਦੀਪ ਚਾਵਲਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਦੁਪਿੰਦਰ ਕੁਮਾਰ, ਸੀਨੀਅਰ ਮੈਡੀਕਲ ਅਫਸਰ, ਮਲੋਟ ਡਾ. ਸੁਨੀਲ ਬਾਂਸਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਹਰਕੀਰਤਨ ਸਿੰਘ, ਡਾ. ਰਸ਼ਮੀ ਚਾਵਲਾ, ਡਾ. ਪ੍ਰਭਜੀਤ ਗੁਲਾਟੀ ਤੋਂ ਇਲਾਵਾ ਸਿਹਤ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

## ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਨੇ ਅਧਿਆਪਕਾਂ ਤੇ ਵਲੰਟੀਅਰਾਂ ਦਾ ਕੀਤਾ ਸਨਮਾਨ



ਭਗਤਾ ਭਾਈ ਕਾ, 26 ਜੂਨ (ਸਵਰਨ ਸਿੰਘ ਭਗਤਾ):ਪੰਜਾਬ ਅਤੇ ਚੰਡੀਗੜ੍ਹ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਨੀਟ ਦੀ ਮੁਫਤ ਤਿਆਰੀ ਕਰਵਾ ਰਹੀ ਸੰਸਥਾਂ ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਸਮਾਜ ਸੇਵਾ ਦੇ ਖੇਤਰ ਵਿਚ ਜ਼ਿਕਰਯੋਗ ਨਾਮਣਾ ਖੱਟ ਰਹੀ ਹੈ। ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਸੰਸਥਾਪਕ ਹਰਪਾਲ ਸਿੰਘ ਦੀ ਅਗਵਾਈ ਹੇਠ ਕੰਮ ਕਰ ਰਹੀ ਫਾਊਂਡੇਸ਼ਨ ਨੇ ਬਠਿੰਡਾ, ਬਰਨਾਲਾ ਅਤੇ ਮਾਨਸਾ ਜ਼ਿਲ੍ਹਿਆਂ ਦੇ ਅਧਿਆਪਕਾਂ ਅਤੇ ਵਲੰਟੀਅਰਾਂ ਦਾ ਜਵਾਹਰ ਨਿਵੋਦਿਆ ਵਿਦਿਆਲਿਆ ਦੀ ਛੇਵੀਂ ਜਮਾਤ ਦੇ ਦਾਖਲੇ ਲਈ ਵਿਦਿਆਰਥੀਆਂ ਨੂੰ ਮੁਫਤ ਪੜ੍ਹਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਅਧਿਆਪਕ ਅਤੇ ਵਲੰਟੀਅਰਾਂ ਦੇ ਸਨਮਾਨ ਲਈ ਸਿਵਾਲਿਕ ਪਬਲਿਕ ਸਕੂਲ ਰਾਮਪੁਰਾ ਵਿਖੇ ਇਕ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿਚ ਬਹਾਦਰ ਸਿੰਘ ਗੋਸਲ ਰਿਟਾ. ਪ੍ਰਿੰਸੀਪਲ ਚੰਡੀਗੜ੍ਹ ਅਤੇ ਸੰਦੀਪ ਸਿੰਘ ਸਟੇਟ ਕੋਆਰਡੀਨੇਟਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਜਵਾਹਰ ਨਿਵੋਦਿਆ ਵਿਦਿਆਲਿਆ ਦੇ ਲਈ ਵਿਦਿਆਰਥੀਆਂ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਦਾ ਵਿਸੇਸ ਤੌਰ ਤੇ ਸਨਮਾਨ ਕੀਤਾ। ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਬਠਿੰਡਾ ਅਤੇ ਬਰਨਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਰਿਟਾ. ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬਠਿੰਡਾ, ਬਰਨਾਲਾ ਅਤੇ ਮਾਨਸਾ ਵਿਖੇ ਚਲਾਏ ਗਏ 22 ਕੋਚਿੰਗ ਸੈਂਟਰਾਂ ਦੇ ਲਗਭਗ 35 ਵਿਦਿਆਰਥੀ ਨਿਵੋਦਿਆ ਵਿਦਿਆਲਿਆ ਲਈ ਚੁਣੇ ਗਏ ਹਨ। ਇੰਨ੍ਹਾਂ ਸੈਂਟਰਾਂ ਨੂੰ ਬੇਹਤਰੀਨ ਤਰੀਕੇ ਨਾਲ ਚਲਾਉਣ ਅਤੇ ਵਿਦਿਆਰਥੀਆਂ ਨੂੰ ਵਾਧੂ ਸਮਾਂ ਦੇਕੇ ਪੜ੍ਹਾਉਣ ਵਿਚ ਅਧਿਆਪਕਾਂ ਅਮਰਜੀਤ ਕੌਰ ਸਸਸ ਸਕੂਲ ਪਿੱਥੋ, ਅਮਰਜੀਤ ਕੌਰ ਸੈਂਟਰ ਹੈੱਡ ਟੀਚਰ ਢਿਪਾਲੀ, ਜਗਦੇਵ ਸਿੰਘ ਮਲਕਾਣਾ, ਗੁਰਜੰਟ ਸਿੰਘ ਹੈੱਡ ਟੀਚਰ ਬੱਲ੍ਹੋ, ਕੁਲਵੰਤ ਸਿੰਘ ਸਪਸ ਖੋਖਰ, ਪ੍ਰਿਯਕਾ ਸਪਸ ਮਾਨਸਾ ਖੁਰਦ, ਮਹਿੰਦਰਪਾਲ ਬਰੇਟਾ, ਸਮੂਹ ਵਲੰਟੀਅਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰਿੰਸੀਪਲ ਬਲਜਿੰਦਰ ਸਿੰਘ ਲਹਿਰਾ ਜਿਲ੍ਹਾ ਕੋਆਰਡੀਨੇਟਰ ਨੇ ਹਰਪਾਲ ਸਿੰਘ ਅਤੇ ਉਨ੍ਹਾਂ ਦੀ ਪੂਰੀ ਸਮਰਪਿਤ ਟੀਮ ਦਾ ਧੰਨਵਾਦ ਕਰਦੇ ਕਿਹਾ ਕਿ ਫਾਊਂਡੇਂਸਨ ਵੱਲੋਂ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਹੋਰ ਕੋਚਿੰਗ ਸੈਂਟਰ ਖੋਲ੍ਹੇ ਜਾਣਗੇ। ਇਸ ਮੌਕੇ ਜਵਾਹਰ ਨਿਵੋਦਿਆ ਵਿਦਿਆਲਿਆ ਲਈ ਬੱਚਿਆਂ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕ ਤੇ ਵਲੰਟੀਅਰ ਲਵਪ੍ਰੀਤ ਕੌਰ ਚੰਨਣਵਾਲ ਬਰਨਾਲਾ, ਮਨਪ੍ਰੀਤ ਕੌਰ ਬਲੌਰ ਬਠਿੰਡਾ, ਮਨਿੰਦਰ ਕੌਰ ਮੰਡੀਕਲਾਂ ਬਠਿੰਡਾ, ਕਿਰਪਾਲ ਸਿੰਘ ਕੋਟੜਾ ਕੌੜਾ ਬਠਿੰਡਾ, ਵੀਰਪਾਲ ਕੌਰ ਮਲਕਾਣਾ ਬਠਿੰਡਾ, ਗੁਰਜੀਤ ਕੌਰ ਖੋਖਰ ਬਠਿੰਡਾ, ਬੇਅੰਤ ਕੌਰ, ਰਵਜੀਤ ਕੌਰ, ਰੂਪਦੀਪ ਸਿੰਘ, ਪਰਵੀਨ ਸ਼ਰਮਾ, ਪ੍ਰਿਯੰਕਾ ਬੰਗੀ ਕਲਾਂ ਬਠਿੰਡਾ, ਗਿੱਲ ਗੋਸਲ ਬਠਿੰਡਾ, ਮਹਿੰਦਰ ਪਾਲ ਬਰੇਟਾ, ਹਰਪ੍ਰੀਤ ਕੌਰ ਭੀਖੀ, ਅਮਰਜੀਤ ਕੌਰ ਢਪਾਲੀ, ਜਸਵੰਤ ਰਾਏ ਕਾਹਨੇਵਾਲਾ, ਮਨਜਿੰਦਰ ਕੌਰ ਗੋਨਿਆਣਾ ਮੰਡੀ, ਮਨਜੀਤ ਸਿੰਘ ਕੇਸਰ ਸਿੰਘ ਵਾਲਾ ਆਦਿ ਹਾਜਰ ਸਨ।

## ਸਹਾਇਕ ਡਾਇਰੈਕਟਰ ਅੰਜਨੀ ਕੁਮਾਰ ਸਿੰਘ ਨੇ ਛੱਪੜਾਂ ਦਾ ਜਾਇਜ਼ਾ ਲਿਆ

ਭਗਤਾ ਭਾਈ ਕਾ, 26 ਜੂਨ (ਸਵਰਨ ਸਿੰਘ ਭਗਤਾ): ਜਲ ਸ਼ਕਤੀ ਅਭਿਆਨ ਤਹਿਤ ਸਹਾਇਕ ਡਾਇਰੈਕਟਰ ਮੋਨੀਟਰਿੰਗ ਡਾਇਰੈਕਟੋਰੇਟ ਸ਼ਿਮਲਾ ਅੰਜਨੀ ਕੁਮਾਰ ਸਿੰਘ ਨੇ ਜ਼ਿਲ੍ਹੇ ਦੇ ਪਿੰਡਾਂ ਕਾਲਝਰਾਣੀ (ਬਲਾਕ ਸੰਗਤ), ਬਲਾਹੜ ਮਹਿਮਾ, ਖਿਆਲੀਵਾਲਾ (ਬਲਾਕ ਗੋਨਿਆਣਾ) ਅਤੇ ਨਿਓਰ (ਬਲਾਕ ਭਗਤਾ) ਵਿਖੇ ਦੌਰਾ ਕਰਕੇ ਛੱਪੜਾਂ ਦਾ ਜਾਇਜਾ ਲਿਆ ਗਿਆ। ਦੌਰੇ ਦੌਰਾਨ ਉਨ੍ਹਾਂ ਵੱਲੋਂ ਛੱਪੜਾਂ ਦੇ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਵੱਲੋਂ ਤਸੱਲੀ ਪ੍ਰਗਟ ਕਰਦਿਆਂ ਅਧਿਕਾਰੀਆਂ ਨੂੰ ਜਲ ਸ਼ਕਤੀ ਅਭਿਆਨ ਤਹਿਤ ਕੀਤੇ ਜਾ ਰਹੇ ਕਾਰਜਾਂ ਪ੍ਰਤੀ ਪਾਣੀ ਦੀ ਮੁੜ ਵਰਤੋਂ ਅਤੇ ਸਾਂਭ-ਸੰਭਾਲ ਲਈ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਨੋਡਲ ਅਫ਼ਸਰ ਐਸ.ਡੀ.ਓ ਗਰਾਊਂਡ ਵਾਟਰ ਉਪ ਮੰਡਲ ਮੈਡਮ ਵਤਨਦੀਪ ਕੌਰ ਨੇ ਦੱਸਿਆ ਕਿ ਜਲ ਸ਼ਕਤੀ ਅਭਿਆਨ ਤਹਿਤ ਜਲ ਸਾਂਚੇ ਪੋਰਟਲ ਤੇ ਆਨਲਾਈਨ ਜ਼ਿਲ੍ਹੇ ਦੀਆਂ ਸਾਰੀਆਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ (ਮੁੜ ਵਰਤੋਂ) ਕਰਨ ਵਾਲੀਆਂ ਵਾਟਰ ਬਾਡੀਜ਼ ਜਿਵੇਂ ਕਿ ਛੱਪੜਾਂ ਆਦਿ ਸਾਰਿਆਂ ਨੂੰ ਸਮੇਤ ਫੋਟੋ ਤੇ ਲੋਕੇਸ਼ਨ ਰਾਹੀਂ ਜੀਓ ਟੈਗ ਕੀਤਾ ਗਿਆ ਹੈ ਅਤੇ ਜਿਸ ਦੀ 99 ਫ਼ੀਸਦੀ ਵੈਰੀਫਿਕੇਸ਼ਨ ਡੈਸਕ ਰਾਹੀਂ ਹੁੰਦੀ ਹੈ, ਜਦਕਿ 1 ਫ਼ੀਸਦੀ ਵੈਰੀਫ਼ਿਕੇਸ਼ਨ ਫਿਜ਼ੀਕਲ ਤੌਰ 'ਤੇ ਕੀਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਬੰਧਤ ਬੀਡੀਪੀਓਜ਼ ਅਤੇ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)ਦੇ ਨੁਮਾਇੰਦੇ ਗੁਰਲਾਲ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਅੱਖਾਂ ਦੀ ਜਾਂਚ 29 ਜੂਨ ਨੂੰ

ਬਠਿੰਡਾ, 26 ਜੂਨ (ਇੰਦਰਪਾਲ ਬਾਂਸਲ) : ਇਲਾਕੇ ਦੀ ਪ੍ਰਸਿੱਧ ਸੰਸਥਾ ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ (ਰਜਿ:) ਰਾਮਪੁਰਾ ਫੂਲ ਵੱਲੋਂ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਦੇ ਅਸ਼ੀਰਵਾਦ ਸਦਕਾ ਸਵ: ਮਨੀਸ਼ ਸਿੰਗਲਾ ਸਪੁੱਤਰ ਸ੍ਰੀ ਮੋਹਨ ਲਾਲ ਸਿੰਗਲਾ ਦੀ ਯਾਦ ਵਿੱਚ ਸਿੰਗਲਾ ਪਰਿਵਾਰ (ਬਹਾਦਰਗੜ੍ਹ) ਦਿੱਲੀ ਵੱਲੋਂ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਨੇੜੇ ਬੱਸ ਸਟੈਂਡ, ਨਗਰ ਕੌਂਸਲ ਰਾਮਪੁਰਾ ਫੂਲ ਵਿਖੇ ਅੱਖਾਂ ਦਾ 129ਵਾਂ ਚੈਕਅੱਪ ਅਤੇ ਅਪ੍ਰੇਸ਼ਨ ਕੈਂਪ ਮਿਤੀ 29 ਜੂਨ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਲੈਕੇ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਸੁਸਾਇਟੀ ਪ੍ਰਧਾਨ ਰਾਕੇਸ਼ ਤਾਇਲ ਨੇ ਦੱਸਿਆ ਕਿਕੈਂਪ ਵਿੱਚ ਸ੍ਰ ਇੰਦਰਜੀਤ ਸਿੰਘ ਮਾਨ ਚੇਅਰਮੈਨ ਖਾਦੀ ਤੇ ਇੰਡਸਟਰੀ ਬੋਰਡ ਪੰਜਾਬ ਅਤੇ ਸਟੇਟ ਸੈਕਟਰੀ ਮਾਲਵਾ ਜੋਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਇਹਨਾਂ ਤੋਂ ਇਲਾਵਾ ਕੈਂਪ ਡਾਇਰੈਕਟਰ ਸ੍ਰੀ ਰਜਨੀਸ਼ ਗੋਇਲ ਡਿਪਟੀ ਜਨਰਲ ਮੈਨੇਜਰ ਪੰਜਾਬ ਮੰਡੀ ਬੋਰਡ ਅਤੇ ਸ੍ਰੀ ਮਹੇਸ਼ ਕੁਮਾਰ ਰੋਮੀ (ਐਮ ਡੀ ਐਸ ਏ, ਐਲੂਮੀਨੀਅਮ) ਲਹਿਰਾ ਸੌਧਾ (ਬਠਿੰਡਾ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਉਨ੍ਹਾਂ ਅੱਗੇ ਦੱਸਿਆ ਕਿ ਕੈਂਪ ਦੌਰਾਨ ਜੋ ਮਰੀਜ਼ ਅਪ੍ਰੇਸ਼ਨ ਲਈ ਚੁਣੇ ਜਾਣਗੇ ਉਨਾਂ ਦਾ ਸਾਰਾ ਇਲਾਜ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ। ਦਵਾਈਆ ਅਤੇ ਕਾਲੀਆਂ ਐਨਕਾਂ ਵੀ ਮੁਫਤ ਦਿੱਤੀਆਂ ਜਾਣਗੀਆਂ ਉਨਾਂ ਕੈਂਪ ਵਿੱਚ ਆਪ੍ਰੇਸ਼ਨ ਕਰਵਾਉਣ ਵਾਲੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਇੱਕ ਪਹਿਚਾਣ ਪੱਤਰ ਜਰੂਰ ਨਾਲ ਲੈਕੇ ਆਉਣ।

## ਕੌਂਸਲਰਾਂ ਨੇ ਪੈਂਦੇ ਮੀਂਹ ਵਿੱਚ ਪਾਣੀ ਦੀ ਨਿਕਾਸੀ ਦਾ ਕੀਤਾ ਪ੍ਰਬੰਧ



ਬਠਿੰਡਾ, 26 ਜੂਨ (ਇੰਦਰਪਾਲ ਬਾਂਸਲ):ਰਾਮਪੁਰਾ ਫੂਲ ਵਿਖੇ ਪੈਂਦੇ ਤੇਜ਼ ਮੀਂਹ ਵਿੱਚ ਨਗਰ ਕੌਂਸਲ ਰਾਮਪੁਰਾ ਫੂਲ ਦੇ ਪ੍ਰਧਾਨ ਰੂਬੀ ਬਰਾੜ, ਗੁਰਭਜਨ ਸਿੰਘ ਢਿੱਲੋਂ ਐਮ.ਸੀ ਅਤੇ ਮੀਤ ਪ੍ਰਧਾਨ ਨਿੱਕਾ ਜੀ ਤਿੰਨ ਨੰਬਰ ਪੁੱਲ ਤੋਂ ਅੰਦਰ ਜਾਣ ਵਾਲੀ ਸੜਕ ਉਤੇ ਪਾਣੀ ਖੜ੍ਹਨ ਨਾਲ ਰਾਹਗੀਰਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬਰਸਾਤੀ ਪਾਣੀ ਬਹੁਤ ਇਕੱਠਾ ਹੋਣ ਕਾਰਨ ਸੜਕ ਦੇ ਦੋਵੇਂ ਪਾਸੇ ਰਸਤੇ ਤੋਂ ਉੱਚੇ ਹੋਣ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਸੀ, ਇਸ ਰਸਤੇ ਤੋਂ ਸਕੂਟਰ ਮੋਟਰਸਾਈਕਲ ਲੰਘਣਾ ਵੀ ਔਖਾ ਹੋ ਗਿਆ ਸੀ। ਪੈਂਦੇ ਮੀਂਹ ਨਗਰ ਕੌਂਸਲ ਦੇ ਪ੍ਰਧਾਨ ਅਤੇ ਹੋਰ ਮੈਂਬਰਾਂ ਨੇ ਮੌਕੇ ਉੱਤੇ ਪਹੁੰਚ ਕੇ ਵਿੱਚ ਪਾਣੀ ਦੀ ਨਿਕਾਸੀ ਕਰਵਾਈ, ਜਿਸ ਰਾਹਗੀਰਾਂ ਨੂੰ ਲੱਗਣਾ ਸੌਖਾ ਹੋ ਗਿਆ । ਉਸ ਤੋਂ ਬਾਅਦ ਸ਼ਹਿਰ ਦੇ ਵਿੱਚ ਕਈ ਦਿਨਾਂ ਤੋਂ ਆ ਰਹੀ ਪਾਣੀ ਦੀ ਕਿੱਲਤ ਨੂੰ ਕਈ ਦਿਨਾਂ ਤੋਂ ਚਾਰ ਨੰਬਰ ਮੋਟਰ ਅਤੇ ਅੱਠ ਨੰਬਰ ਮੋਟਰ ਖਰਾਬ ਹੋਣ ਕਰਕੇ ਮੀਂਹ ਪੈਂਦੇ 'ਚ ਪ੍ਰਧਾਨ ਬਰਾੜ ਆਪਣੇ ਘਰ ਨਹੀਂ ਬੈਠੇ ਮੋਟਰ ਠੀਕ ਕਰਾਉਣ ਵਾਸਤੇ ਉਥੇ ਮੌਕੇ 'ਤੇ ਪਹੁੰਚ ਕੇ ਮੋਟਰਾਂ ਨੂੰ ਠੀਕ ਕਰਵਾਉਣ ਲਈ ਯਤਨ ਕਰ ਰਹੇ ਹਨ, ਤਾਂ ਜੋ ਜਲਦੀ ਤੋਂ ਜਲਦੀ ਠੀਕ ਕਰਾ ਕੇ ਉਹਦਾ ਕੰਮ ਚਾਲੂ ਕਰਵਾਇਆ ਜਾਵੇ। ਇਸਦੇ ਤਰ੍ਹਾਂ ਹੀ ਨਿਊ ਸ਼ਹੀਦ ਭਗਤ ਸਿੰਘ ਕਲੋਨੀ, ਰਾਮਪੁਰਾ ਫੂਲ ਵਾਰਡ ਨੰਬਰ 13 ਦੀ ਲਾਈਟ ਖਰਾਬ ਹੋਣ ਕਾਰਨ ਲੋਕਾਂ ਦਾ ਗਰਮੀ ਕਾਰਨ ਹਾਲੋਂ ਬੇਹਾਲ ਸਨ ਨੀਂਦ ਕੋਸੋਂ ਦੂਰ। ਲਗਭਗ ਅੱਠ ਵਜੇ ਤੋਂ ਤਾਰ ਟੁੱਟਣ ਕਾਰਨ ਕੁਝ ਘਰਾਂ ਦੀ ਬੱਤੀ ਗੁੱਲ ਸੀ ।112 ਤੇ ਸ਼ਕਾਇਤਾਂ ਲਿਖਾਈਆਂ। ਬਿਜਲੀ ਵਾਲਿਆਂ ਨੂੰ ਫੋਨ ਕੀਤੇ। ਕੋਈ ਹੱਲ ਨਾ ਹੋਣ 'ਤੇ ਜਿਉਂ ਹੀ ਵਾਰਡ ਮੁਖੀ ਦੇ ਗੱਲ ਕੰਨੀਂ ਪਈ ਕਿ ਵਾਰਡ ਨੰਬਰ 13 ਵਿਚ ਬਿਜਲੀ ਦੀ ਦਿੱਕਤ ਆ ਰਹੀ ਹੈ ਤਾਂ ਉਹ ਰਾਤ ਦੀ ਪ੍ਰਵਾਹ ਕੀਤੇ ਬਿਨਾਂ ਵਾਰਡ ਵਿਚ ਪਹੁੰਚੇ। ਸਮਾਂ ਪੌਣੇ ਇਕ ਦਾ ਹੋ ਗਿਆ ਸੀ। ਐਮ. ਸੀ ਸਾਹਿਬ ਗੁਰਭਜਨ ਸਿੰਘ ਢਿੱਲੋਂ ਬਿਜਲੀ ਮੁਲਾਜ਼ਮਾਂ ਕੋਲ ਖਲੋ ਕੇ ਬਿਜਲੀ ਠੀਕ ਕਰਵਾ ਰਹੇ ਸਨ ਐਮ. ਸੀ ਸਾਹਿਬ ਦਾ ਕਹਿਣਾ ਸੀ ਕਿ ਜਿੰਨਾ ਚਿਰ ਮੇਰੇ ਵਾਰਡ ਵਾਸੀ ਸੌਖੀ ਨੀਂਦ ਨਹੀਂ ਸੌਂ ਲੈਂਦੇ, ਮੈਂ ਕਿੱਦਾਂ ਚੈਨ ਦੀ ਨੀਂਦ ਸੌਂ ਜਾਵਾਂ। ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਹੋ ਜਿਹੇ ਬੰਦਿਆਂ ਦੀ ਤਾਰੀਫ ਕਰਨੀ ਚਾਹੀਦੀ ਹੈ।

## ਨਸ਼ਾ ਮੁਕਤੀ ਦਿਹਾੜੇ ਮੌਕੇ ਜਾਗਰੂਕਤਾ ਪ੍ਰੋਗਰਾਮ



ਬਾਜਾਖਾਨਾ, 26 ਜੂਨ( ਅਵਤਾਰ ਸਿੰਘ ਮੱਲਾ ): ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਫ਼ਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਹੁਕਮਾਂ ਤਹਿਤ ਸਿਹਤ ਬਲਾਕ ਬਾਜਾਖਾਨਾ ਦੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ ਵਰਿੰਦਰ ਕੁਮਾਰ ਅਤੇ ਮੈਡੀਕਲ ਅਫਸਰ ਡਾ. ਪਲਕ ਦੀ ਅਗਵਾਈ ਹੇਠ ਬਲਾਕ ਦੇ ਵੱਖ ਵੱਖ ਸਿਹਤ ਤੰਦਰੁਸਤੀ ਕੇਂਦਰਾਂ 'ਤੇ ਨਸ਼ਾ ਮੁਕਤੀ ਦਿਹਾੜੇ ਮੌਕੇ ਜਾਗਰੂਕਤਾ ਪ੍ਰੋਗਰਾਮ ਕੀਤੇ ਗਏ ਜਿਸ ਦੌਰਾਨ ਮੁੱਖ ਪ੍ਰੋਗਰਾਮ ਸਮੁਦਾਇਕ ਸਿਹਤ ਕੇਂਦਰ ਬਾਜਾਖਾਨਾ ਵਿਖੇ ਕਰਵਾਇਆ ਗਿਆ। ਇਸ ਮੌਕੇ ਓਟ ਕੇਂਦਰ ਦੇ ਕਾਂਊਸਲਰ ਪਿੰਕੀ ਗੇਰਾ ਨੇ ਹਾਜ਼ਰੀਨ ਨੂੰ ਨਸ਼ਿਆਂ ਤੋਂ ਬਚਾਓ ਰੱਖਣ ਅਤੇ ਨਸ਼ੇ ਛੱਡ ਕੇ ਸਿਹਤਮੰਦ ਜ਼ਿੰਦਗੀ ਵੱਲ ਪਰਤਣ ਲਈ ਪ੍ਰੇਰਿਤ ਕੀਤਾ। ਬਲਾਕ ਪ੍ਰਸਾਰ ਸਿੱਖਿਅਕ ਅਤੇ ਬਲਾਕ ਆਈ ਈ ਸੀ ਨੋਡਲ ਅਧਿਕਾਰੀ ਫ਼ਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਨੇ ਕਿਹਾ ਕਿ ਮੌਜੂਦਾ ਸਮੇਂ ਸਾਨੂੰ ਜਵਾਨ ਹੋ ਰਹੇ ਬੱਚਿਆਂ ਦਾ ਵਿਸ਼ੇਸ਼ ਖਿਆਲ ਰੱਖਣ ਦੀ ਲੋੜ ਹੈ ਕਿਉਂਕਿ ਇਸ ਉਮਰ ਵਿੱਚ ਰਾਹ ਤੋਂ ਭਟਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਹਨਾਂ ਬੱਚਿਆਂ ਦੀ ਸੰਗਤ ਬਾਰੇ ਖਾਸ ਖਿਆਲ ਰੱਖਣ ਅਤੇ ਪਰਿਵਾਰ ਨਾਲ ਵਕਤ ਬਿਤਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਨਸ਼ਿਆਂ ਦੀ ਦਲਦਲ ਵਿੱਚ ਗਲਤਾਨ ਹੋਣ ਤੋਂ ਬੱਚਿਆਂ ਨੂੰ ਬਚਾਇਆ ਜਾ ਸਕੇ। ਬਹੁ ਮੰਤਵੀ ਸਿਹਤ ਨਿਰੀਖਕ ਸੁਖਰਾਜ ਸਿੰਘ ਨੇ ਇਸ ਮੌਕੇ ਕਿਹਾ ਕਿ ਨਸ਼ਾ ਵਰਤਣ ਵਾਲਾ ਵਿਅਕਤੀ ਵੀ ਸਮਾਜ ਦਾ ਹੀ ਅੰਗ ਹੁੰਦਾ ਹੈ ਅਤੇ ਇਸ ਦਾ ਇਲਾਜ ਇੱਕ ਰੋਗੀ ਵਾਂਗ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਕਿਸੇ ਗੁਨਾਹਗਾਰ ਵਾਂਗ। ਬਹੁ ਮੰਤਵੀ ਸਿਹਤ ਕਰਮਚਾਰੀ ਚਮਕੌਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਉਪਲਬਧ ਕਰਾਏ ਜਾਂਦੇ ਨਸ਼ਿਆਂ ਦੇ ਮੁਫਤ ਇਲਾਜ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਦਵਾਈ ਦੀ ਸਹਾਇਤਾ ਨਾਲ ਨਸ਼ਾ ਪੀੜਤ ਵਿਅਕਤੀ ਹੌਲੀ ਹੌਲੀ ਘਟਾ ਕੇ ਨਸ਼ਾ ਛੱਡ ਸਕਦਾ ਹੈ। ਇਸ ਮੌਕੇ ਬਹੁਮੰਤਵੀ ਸਿਹਤ ਨਿਰੀਖਕ ਕੰਵਲਜੀਤ ਕੌਰ, ਫਾਰਮੇਸੀ ਅਫ਼ਸਰ ਸੁਖਵਿੰਦਰ ਗਰੋਵਰ, ਬਹੁ ਮੰਤਵੀ ਸਿਹਤ ਕਰਮਚਾਰੀ ਮੋਨਿਕਾ, ਬਹੁ ਮੰਤਵੀ ਸਿਹਤ ਕਰਮਚਾਰੀ ਰਾਜਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ, ਓਟ ਸਟਾਫ਼ ਰਣਜੀਤ ਸਿੰਘ, ਵਿਭਾਗ ਦੀਆਂ ਆਸ਼ਾ ਅਤੇ ਪਿੰਡ ਵਾਸੀ ਮੌਜੂਦ ਰਹੇ।

## ਸਿਹਤ ਵਿਭਾਗ ਨੇ ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ .ਗੈਰ ਕਾਨੂੰਨੀ ਤਸਕਰੀ ਵਿਰੋਧੀ ਦਿਵਸ ਮਨਾਇਆ



ਬਠਿੰਡਾ, 26 ਜੂਨ, ( ਦੀਪਕ ਸ਼ਰਮਾ):ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਡਾ ਰਮਨਦੀਪ ਸਿੰਗਲਾ ਸਿਵਲ ਸਰਜਨ ਬਠਿੰਡਾ ਦੀ ਹਦਾਇਤਾਂ ਅਤੇ ਡਾ ਅਰੁਣ ਬਾਂਸਲ ਜ਼ਿਲ੍ਹਾ ਨੋਡਲ ਅਫ਼ਸਰ ਦੀ ਅਗਵਾਈ ਹੇਠ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਬਠਿੰਡਾ ਵਿਖੇ ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਗੈਰ ਕਾਨੂੰਨੀ ਤਸਕਰੀ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਡਾ ਅਰੁਣ ਬਾਂਸਲ, ਡਾ. ਤਨੂਪ੍ਰੀਤ,ਡਾ. ਸ਼ਰਨਜੀਤ ਕੌਰ,ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ ਅਤੇ ਰੋਹਿਤ ਜਿੰਦਲ, ਜਿਲ੍ਹਾ ਬੀਸੀਸੀ ਨਰਿੰਦਰ ਕੁਮਾਰ ਆਦ ਹਾਜ਼ਰ ਸਨ । ਇਸ ਮੌਕੇ ਡਾ ਰਮਨਦੀਪ ਸਿੰਗਲਾ ਸਿਵਲ ਸਰਜਨ ਬਠਿੰਡਾ ਨੇ ਕਿਹਾ ਕਿ ਇਹ ਦਿਨ ਮਨਾਉਣ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਨਸ਼ੇ ਦੇ ਨੁਕਸਾਨ ਦੱਸ ਕੇ ਨਸ਼ੇ ਤੋਂ ਬਚਣ ਲਈ ਜਾਗਰੂਕ ਕਰਨਾ ਹੈ ਅਤੇ ਜੋ ਲੋਕ ਨਸ਼ੇ ਆਦਿ ਦਾ ਸੇਵਨ ਕਰਦੇ ਹਨ, ਉਹਨਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨਾ ਹੈ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣਾ ਸ਼ਾਮਲ ਹੈ। ਨਸ਼ਾ ਕਰਨ ਵਾਲਿਆਂ ਨਾਲ ਘ੍ਰਿਣਾ ਦੀ ਬਜਾਏ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇ। ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨਾ ਸਾਡੇ ਸਰੀਰ ਲਈ, ਸਮਾਜ ਲਈ ਅਤੇ ਦੇਸ਼ ਲਈ ਘਾਤਕ ਹੈ। ਨਸ਼ਾਖੋਰੀ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀ ਹੈ। ਇਹ ਉਹ ਸਮਾਜਿਕ ਬੁਰਾਈ ਅਤੇ ਗੰਭੀਰ ਸਮੱਸਿਆ ਹੈ, ਜਿਸ ਨਾਲ ਨਿੱਜੀ, ਪਰਿਵਾਰਕ, ਸਮਾਜਿਕ ਅਤੇ ਹੋਰ ਕਈ ਸੰਸਥਾਵਾਂ ਪ੍ਰਭਾਵਿਤ ਹਨ। ਨਸ਼ੇ ਦੀ ਸ਼ੁਰੂਆਤ ਭਾਵੇ ਸ਼ੌਕ ਵਿੱਚ ਕੀਤੀ ਜਾਂਦੀ ਹੈ ਪਰ ਬਾਅਦ ਵਿੱਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲੱਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ, ਜਦੋਂ ਇਸਦੀ ਪੂਰਤੀ ਨਹੀ ਹੁੰਦੀ ਤਾਂ ਨੌਜਵਾਨ ਅਤੇ ਕਿਸ਼ੋਰ ਗੈਰ ਸਮਾਜੀ ਰਸਤਾ ਅਖਤਿਆਰ ਕਰ ਲੈਂਦੇ ਹਨ। ਨਸ਼ਿਆਂ ਨੇ ਕਈ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ। ਡਾ ਅਰੁਣ ਬਾਂਸ਼ਲ ਸੀਨੀਅਰ ਮੈਡੀਕਲ ਅਫ਼ਸਰ ਕਮ ਨੋਡਲ ਅਫ਼ਸਰ ਨੇ ਦੱਸਿਆ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ ਵਿੱਚ ਉਨਾਂ ਦਾ ਰੁਤਬਾ ਮੁੜ ਸੁਰਜੀਤ ਕਰਨ ਲਈ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋ ਡਰੱਗ ਡੀ-ਅਡਿਕਸ਼ਨ ਪ੍ਰੋਗਰਾਮ ਤਹਿਤ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਸੂਬਾ ਸਰਕਾਰ ਵੱਲੋਂ ਜਿਲ੍ਹਾ ਬਠਿੰਡਾ ਵਿੱਚ ,ਕਈ ਓਟ ਸੈਂਟਰ, ਇੱਕ ਡੀ ਅਡਿਕਸ਼ਨ ਸੈਂਟਰ ਅਤੇ ਇੱਕ ਰੀਹੈਬਲੀਟੇਸ਼ਨ ਸੈਂਟਰ ਚਲਾਏ ਜਾ ਰਹੇ ਹਨ। ਇਨ੍ਹਾਂ ਓਟ ਸੈਂਟਰਾਂ ਤੇ ਹਰ ਰੋਜ਼ ਨਸ਼ੇ ਦੇ ਆਦੀ ਲੋਕ ਨਸ਼ਾ ਛੱਡਣ ਅਤੇ ਨਿਯਮਿਤ ਤੌਰ 'ਤੇ ਆਪਣੇ ਇਲਾਜ ਲਈ ਆ ਰਹੇ ਹਨ। ਇਨ੍ਹਾਂ ਨਸ਼ਾ ਪੀੜਤਾਂ ਦਾ ਇਨ੍ਹਾਂ ਸੈਂਟਰਾਂ ਵਿੱਚ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਨ੍ਹਾਂ ਸੈਂਟਰਾਂ ਵਿੱਚ ਸਰਕਾਰ ਵੱਲੋਂ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ, ਕਾਊਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ ਮੈਡੀਕਲ ਸਟਾਫ਼ ਭਰਤੀ ਕੀਤਾ ਗਿਆ ਹੈ। ਡਾ. ਊਸ਼ਾ ਗੋਇਲ ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਨਸ਼ੇ ਦਾ ਆਦੀ ਮਨੁੱਖ ਜਿੱਥੇ ਆਰਥਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ, ਉੱਥੇ ਸਮਾਜਿਕ ਤੌਰ ਤੇ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਮਾਨਸਿਕ ਗੁਲਾਮੀ ਵਿੱਚ ਜਕੜਿਆ ਜਾਂਦਾ ਹੈ ਤੇ ਸਰੀਰਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ। ਦੇਸ਼ ਕੌਮ ਬਾਰੇ ਤਾਂ ਉਸਨੇ, ਉਸਾਰੂ ਸੋਚ ਕੀ ਰੱਖਣੀ ਹੁੰਦੀ ਹੈ, ਉਹ ਆਪਣੇ ਬਾਰੇ ਅਤੇ ਆਪਣੇ ਪਰਿਵਾਰ ਬਾਰੇ ਵੀ ਨਹੀ ਸੋਚਦਾ।

## ਬਠਿੰਡਾ 'ਚ ਹਲਕੀ ਬੂੰਦਾਂਬਾਂਦੀ ਨੇ ਮੌਸਮ ਬਣਾਇਆ ਖੁਸ਼ਗਵਾਰ



ਬਠਿੰਡਾ, 26 ਜੂਨ (ਦੀਪਕ ਸ਼ਰਮਾ):ਜ਼ਿਲ੍ਹੇ ਅੰਦਰ ਕੁਝ ਖੇਤਰਾਂ ਵਿੱਚ ਪਏ ਹਲਕੇ ਮੀਂਹ ਤੋਂ ਬਾਅਦ ਮੌਸਮ ਇਕ ਵਾਰ ਖੁਸ਼ਗਵਾਰ ਹੋ ਗਿਆ ਹੈ। ਭਾਵੇਂ ਮੀਂਹ ਬਹੁਤ ਘੱਟ ਪਿਆ ਹੈ ਪਰ ਫਿਰ ਵੀ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਇਸ ਮੀਂਹ ਨਾਲ ਫਸਲਾਂ ਨੂੰ ਵੀ ਕਾਫੀ ਫਾਇਦਾ ਹੋਵੇਗਾ। ਬੁੱਧਵਾਰ ਨੂੰ ਜ਼ਿਲ੍ਹੇ ਵਿੱਚ 1.4 ਮਿਲੀਮੀਟਰ ਮੀਂਹ ਪਿਆ, ਜਦੋਂਕਿ ਵੀਰਵਾਰ ਨੂੰ ਸਵੇਰ ਸਮੇਂ ਕੁਝ ਖੇਤਰਾਂ ਵਿੱਚ ਹਲਕਾ ਮੀਂਹ ਪਿਆ ਅਤੇ ਸ਼ਹਿਰ ਵਿੱਚ ਬੂੰਦਾਂਬਾਂਦੀ ਹੋਈ। ਵੀਰਵਾਰ ਨੂੰ ਸਵੇਰ ਤੋਂ ਹੀ ਆਸਮਾਨ 'ਤੇ ਬੱਦਲ ਛਾਏ ਰਹੇ ਅਤੇ ਸਵੇਰੇ ਹੀ ਕੁਝ ਖੇਤਰਾਂ ਵਿੱਚ ਹਲਕਾ ਮੀਂਹ ਪੈਣਾ ਸ਼ੁਰੂ ਹੋਇਆ। ਇਸ ਦੇ ਨਾਲ ਵੀਰਵਾਰ ਨੂੰ ਸਾਰਾ ਦਿਨ ਆਸਮਾਨ 'ਤੇ ਬੱਦਲਵਾਈ ਬਣੀ ਰਹੀ ਅਤੇ ਬੂੰਦਾਂਬਾਂਦੀ ਹੁੰਦੀ ਰਹੀ। ਹਲਕਾ ਮੀਂਹ ਪੈਣ ਨਾਲ ਝੋਨੇ ਅਤੇ ਨਰਮੇ ਦੀ ਫਸਲ ਨੂੰ ਕਾਫੀ ਫਾਇਦਾ ਮਿਲੇਗਾ। ਖੇਤਾਂ ਵਿੱਚ ਝੋਨੇ ਦੀ ਹੱਥੀ ਲਵਾਈ ਕਰ ਰਹੇ ਮਜ਼ਦੂਰ ਗਰਮੀ ਕਾਰਨ ਪਰੇਸ਼ਾਨ ਸਨ। ਹਲਕਾ ਮੀਂਹ ਪੈਣ ਨਾਲ ਮੌਸਮ ਠੰਢਾ ਹੋਣ ਤੋਂ ਬਾਅਦ ਕਿਸਾਨਾਂ ਨੇ ਝੋਨੇ ਦੀ ਹੱਥੀ ਲਵਾਈ ਦਾ ਕੰਮ ਤੇਜ਼ ਕਰ ਦਿੱਤਾ ਹੈ। ਬਹੁਤੇ ਕਿਸਾਨ ਸਖਤ ਗਰਮੀ ਕਾਰਨ ਝੋਨੇ ਦੀ ਲਵਾਈ ਲਈ ਮੀਂਹ ਦੀ ਉਡੀਕ ਕਰ ਰਹੇ ਸਨ।



# ਪਟਿਆਲਾ-ਆਸ/ਪਾਸ



## 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮੁੱਖ ਸਮਾਗਮ ਸਬੰਧੀ ਪੋਸਟਰ ਰਿਲੀਜ਼

### ਸੰਤ ਸਮਾਜ, ਸਿੱਖ ਸਭਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਇਕੱਤਰਤਾ



ਪਟਿਆਲਾ, 26 ਜੂਨ (ਰੁਪਾਣਾ/ ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ ਵਿਚ ਸੰਤ ਸਮਾਜ ਅਤੇ ਸ਼ਹਿਰ ਦੀਆਂ ਸਿੱਖ ਸਭਾਵਾਂ, ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਇਕੱਤਰਤਾ ਹੋਈ। ਇਸ ਇਕੱਤਰਤਾ ਦੌਰਾਨ 350 ਸਾਲਾ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਕਰਵਾਏ ਜਾਣ ਵਾਲੇ ਮਹਾਨ ਗੁਰਮਤਿ ਸਮਾਗਮ ਪ੍ਰੋਗਰਾਮ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਕੱਤਰਤਾ ਦੌਰਾਨ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਭਾਈ ਕਿਰਨਬੀਰ ਸਿੰਘ ਬਾਬਾ ਸ੍ਰੀ ਚੰਦ ਵਾਲੇ, ਭਾਈ ਗੁਰਦੀਪ ਸਿੰਘ ਕਾਲੀ ਕੰਬਲੀ ਵਾਲੇ, ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਆਦਿ ਨੇ ਇਕੱਤਰਤਾ ਦੌਰਾਨ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਪੰਜ ਮੂਲ ਮੰਤਰ ਦੇ ਪਾਠ ਰਾਹੀਂ ਸ਼ਰਧਾ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖ ਰਾਜ ਸਥਾਪਤ ਕਰਨ, ਕਿਸਾਨੀ ਵਰਗੇ ਮਸਲਿਆਂ ਤੋਂ ਇਲਾਵਾ ਸੂਬਾ ਸਰਹਿੰਦ ਨੂੰ ਸਬਕ ਸਿਖਾਉਣ ਵਰਗੇ ਮਹਾਨ ਕਾਰਜ ਬਾਬਾ ਬੰਦਾ ਸਿੰਘ ਬਹਾਦਰ ਨੇ ਕੀਤੇ। ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਇਸ ਸਬੰਧ ਵਿਚ ਸ਼ਹਿਰ ਦੀਆਂ ਸਿੱਖ ਸਭਾਵਾਂ, ਜਥੇਬੰਦੀਆਂ ਅਤੇ ਸੰਤ ਸਮਾਜ ਨੂੰ ਇਸ ਕਰਕੇ ਜੋੜਿਆ ਗਿਆ ਤਾਂ ਕਿ 350 ਸਾਲਾ ਸ਼ਹੀਦੀ ਦਿਹਾੜਾ ਜੋ ਸ਼੍ਰੋਮਣੀ ਕਮੇਟੀ ਵੱਡੇ ਪੱਧਰ 'ਤੇ ਮਨਾ ਰਹੀ ਹੈ ਸਮਾਗਮ ਰਾਹੀਂ ਗੁਰੂ ਸਾਹਿਬ ਦਾ ਸੁਨੇਹਾ ਘਰ ਘਰ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੌਰਾਨ ਅੰਮ੍ਰਿਤ ਸੰਚਾਰ, ਦਸਤਾਰ ਮੁਕਾਬਲੇ ਤੋਂ ਇਲਾਵਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ, ਢਾਡੀ ਕਵੀਸ਼ਰੀ ਵਿਚ ਸੰਗਤਾਂ ਨੂੰ ਆਪਣੇ ਜੱਸ ਨਾਲ ਨਿਹਾਲ ਕਰਨਗੇ। ਜਥੇਦਾਰ ਗੜ੍ਹੀ ਨੇ ਕਿਹਾ ਕਿ ਅੱਜ ਲੋੜ ਹੈ ਕਿ ਨੌਵੇਂ ਪਾਤਸ਼ਾਹ ਦੇ ਜੀਵਨ ਅਤੇ ਬਲਿਦਾਨ ਦੀ ਉਪਮਾ ਕਰਕੇ ਉਨ੍ਹਾਂ ਦੇ ਉਦੇਸ਼ ਨੂੰ ਪੂਰੀ ਦੁਨੀਆ ਤੱਕ ਪਹੁੰਚਾਇਆ ਜਾ ਸਕੇ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੈਨੇਜਰ ਬਾਗ ਸਿੰਘ ਚੌਹਾਨ, ਐਡੀਸ਼ਨਲ ਮੈਨੇ. ਜਸਵਿੰਦਰ ਸਿੰਘ, ਮੀਤ ਮੈਨੇ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਗੁਰਬਚਨ ਸਿੰਘ, ਬੂਟਾ ਸਿੰਘ ਸ਼ਾਦੀਪੁਰ, ਸੁਖਜੀਤ ਸਿੰਘ ਬਘੌਰਾ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਮਨਜੀਤ ਸਿੰਘ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ, ਭਾਈ ਪਰਵਿੰਦਰ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦਾ ਸਮੁੱਚਾ ਤੇ ਅਧਿਕਾਰੀ ਆਦਿ ਸ਼ਾਮਲ ਸਨ।

## ਲੋਕਾਂ ਦੇ ਸਹਿਯੋਗ ਨਾਲ ਹੀ ਖ਼ਤਮ ਹੋਵੇਗੀ ਨਸ਼ਿਆਂ ਦੀ ਲਾਹਨਤ: ਡਾ. ਪ੍ਰੀਤੀ ਯਾਦਵ

### ਕੌਮਾਂਤਰੀ ਨਸ਼ਾ ਰੋਕਥਾਮ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਵਾਕਥੌਨ



ਪਟਿਆਲਾ, 26 ਜੂਨ (ਰੁਪਾਣਾ/ ਵਿਨੋਦ ਸ਼ਰਮਾ/ਦੀਪਕ ਜੈਦਕਾ) : ਅੱਜ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਅੱਜ ਪਟਿਆਲਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਕਰਵਾਈ ਗਈ ਵਾਕਥੌਨ ਵਿੱਚ ਵੱਡੀ ਗਿਣਤੀ ਛੋਟੇ ਬੱਚਿਆਂ, ਵਿਦਿਆਰਥੀਆਂ ਤੇ ਖਿਡਾਰੀਆਂ ਨੇ ਹਿੱਸਾ ਲੈ ਕੇ ਨਸ਼ਿਆਂ ਦੀ ਵਰਤੋਂ ਤੇ ਗ਼ੈਰਕਾਨੂੰਨੀ ਤਸਕਰੀ ਖ਼ਿਲਾਫ਼ ਭਾਵੁਕ ਸੁਨੇਹਾ ਦਿੱਤਾ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਰਵਾਈ ਇਸ ਵਾਕਥੌਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਸੱਦਾ ਦਿੱਤਾ ਕਿ ਸਾਰੇ ਸਮਾਜ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋ ਕੇ ਇਸ ਬੁਰਾਈ ਦੇ ਖਾਤਮੇ ਲਈ ਸਹਿਯੋਗ ਕਰਨਾ ਚਾਹੀਦਾ ਹੈ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਹੈ ਅਤੇ ਇਸ ਲਈ ਜਿੱਥੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ ਜਾ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਮੰਗ ਖ਼ਤਮ ਕਰਨ ਲਈ ਸਮਾਜ ਦੇ ਸਹਿਯੋਗ ਨਾਲ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੀ ਨਸ਼ਿਆਂ ਵਿਰੁੱਧ ਵਾਕਥੌਨ 'ਚ ਛੋਟੇ ਬੱਚਿਆਂ ਦੀ ਭਰਵੀਂ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਅੱਜ ਬੱਚਿਆਂ ਨੇ ਨਸ਼ਿਆਂ ਖ਼ਿਲਾਫ਼ ਭਾਵੁਕ ਸੁਨੇਹਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ 15 ਤੋਂ 35 ਸਾਲ ਦੀ ਉਮਰ ਤੱਕ ਨਸ਼ਿਆਂ ਦੀ ਲਤ ਲੱਗਣ ਦਾ ਖ਼ਤਰਾ ਸਭ ਤੋਂ ਜਿਆਦਾ ਹੁੰਦਾ ਹੈ, ਇਸ ਲਈ ਨੌਜਵਾਨ ਕਿਸੇ ਵੀ ਤਰ੍ਹਾਂ ਦੀ ਦੋਸਤੀ ਦੇ ਵਾਸਤੇ ਪਾ ਕੇ ਨਸ਼ੇ ਦੀ ਲਤ ਲਗਾਉਣ ਵਾਲੇ ਤੋਂ ਦੂਰ ਰਹਿਣ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਸੇਫ਼ ਪੰਜਾਬ ਹੈਲਪਲਾਈਨ ਨੰਬਰ 9779100200 'ਤੇ ਦਿੱਤੀ ਜਾਵੇ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜਸਵਿੰਦਰ ਕੌਰ ਚੀਮਾ ਅਤੇ ਕੋਚ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਵਾਕਥੌਨ 'ਚ ਕੋਚਿੰਗ ਸੈਂਟਰ ਪੋਲੋ ਗਰਾਊਂਡ ਦੇ 600 ਖਿਡਾਰੀ ਬੱਚਿਆਂ ਨੇ ਭਾਗ ਲਿਆ, ਜਿਸ 'ਚ ਹੈਂਡਬਾਲ, ਜਿਮਨਾਸਟਿਕ, ਵੇਟਲਿਫਟਿੰਗ, ਹਾਕੀ, ਫੁੱਟਬਾਲ, ਐਥਲੈਟਿਕਸ, ਬਾਸਕਟਬਾਲ, ਵਾਲੀਵਾਲ, ਖੋ-ਖੋ, ਬੈਡਮਿੰਟਨ, ਜੂਡੋ, ਲਾਅਨ ਟੈਨਿਸ, ਟੇਬਲ ਟੈਨਿਸ ਤੇ 8 ਸਾਲ ਤੋਂ 25 ਸਾਲ ਤੱਕ ਦੇ ਖਿਡਾਰੀ ਸ਼ਾਮਲ ਹਨ। ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਪੋਲੋ ਗਰਾਊਂਡ ਤੋਂ ਲੋਅਰ ਮਾਲ ਰੋਡ ਹੁੰਦੇ ਹੋਏ ਫੁਹਾਰਾ ਚੌਕ ਤੋਂ ਪੋਲੋ ਗਰਾਊਂਡ ਵਿੱਚ ਵਾਪਸੀ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਤੇ ਸਿੱਖਿਆ ਵਿਭਾਗਾਂ ਦੇ ਵੱਖ-ਵੱਖ ਅਧਿਕਾਰੀ, ਖੇਡ ਵਿਭਾਗ ਦੇ ਕੋਚ ਤੇ ਹੋਰ ਪਤਵੰਤੇ ਵੀ ਮੌਜੂਦ ਸਨ। ਸਾਕੇਤ ਹਸਪਤਾਲ ਦੇ ਪ੍ਰਾਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਤੇ ਸਮਾਜ ਸੇਵੀ ਪਰਮਿੰਦਰ ਭਲਵਾਨ ਨੇ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।

## ਸ਼ਾਇਰ ਅਤੇ ਸਮਾਜ ਸੇਵੀ ਅੰਗਰੇਜ਼ ਸਿੰਘ ਵਿਰਕ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਲਈ ਚੁਣਿਆ, ਸਨਮਾਨ ਭਲਕੇ



ਪਟਿਆਲਾ, 26 ਜੂਨ (ਚ.ਨ.ਸ.) : ਪੰਜਾਬੀ ਸ਼ਾਇਰ ਅਤੇ ਸਮਾਜ ਸੇਵੀ ਅੰਗਰੇਜ਼ ਸਿੰਘ ਵਿਰਕ ਨੂੰ ਮਾਨਵਤਾ ਦੀ ਭਲਾਈ ਲਈ ਕੀਤੇ ਸ਼ਲਾਘਾਯੋਗ ਉੱਦਮਾਂ ਸਦਕਾਂ ਭਾਰਤ ਸਰਕਾਰ ਦੀ ਮਾਨਤਾ ਪ੍ਰਾਪਤ ਸੰਸਥਾ ਵਿਸ਼ਵ ਸੰਸਕ੍ਰਿਤੀ ਅਤੇ ਵਾਤਾਵਰਨ ਸੁਰੱਖਿਆ ਆਯੋਗ, ਦਿੱਲੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕਰਨ ਦਾ ਐਲਾਨ ਹੈ। ਸਾਹਿਤ ਦੇ ਡਾਕਟਰ ਬਣਨ ਜਾ ਰਹੇ ਵਿਰਕ ਨੇ ਇਸ ਖੁਸ਼ੀ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਉਸਨੇ ਹੁਣ ਤੱਕ ਵਾਤਾਵਰਨ ਨੂੰ ਬਚਾਉਣ ਦੇ ਉਪਰਾਲਿਆਂ ਹਿੱਤ ਡੇਢ ਲੱਖ ਬੂਟੇ ਲਗਾਏ ਹਨ, ਜੀਵਨ ਦਾਨ ਲਈ ਜ਼ਰੂਰਤਮੰਦਾ 60 ਵਾਰ ਖ਼ੂਨਦਾਨ ਕੀਤਾ ਹੈ, 300 ਤੋਂ ਜ਼ਿਆਦਾ ਖ਼ੂਨਦਾਨ ਕੈਂਪ ਲਗਾ ਕੇ 55000 ਯੂਨਿਟ ਖ਼ੂਨ ਇਕੱਤਰ ਕਰਕੇ ਬਲੱਡ ਬੈਂਕ ਨੂੰ ਦਿੱਤਾ ਹੈ। ਕਰੋਨਾ ਕਾਲ ਦੌਰਾਨ ਉਹਨਾਂ ਨੇ ਆਪਣੀ ਸੰਸਥਾ ਹਿਊਮਨ ਰਾਈਟਸ ਮਿਸ਼ਨ ਪ੍ਰੋਡਕਸ਼ਨ ਵੱਲੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਅਤੇ ਸੜਕੀ ਦੁਰਘਟਨਾਵਾਂ ਦੇ ਜ਼ਖਮੀਆਂ ਨੂੰ ਖੁਦ ਹਸਪਤਾਲ ਪਹੁੰਚਾਇਆ ਹੈ। ਉਹਨਾਂ ਦੀਆਂ ਮਾਨਵਤਾ ਦੀ ਭਲਾਈ ਲਈ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਕਰਕੇ ਸੰਸਥਾ ਨੇ 28 ਜੂਨ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਜਾ ਰਹੀ ਹੈ। ਉਹਨਾਂ ਨੂੰ ਇਸ ਪ੍ਰਾਪਤੀ ਲਈ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਫਿਲਮ ਅਤੇ ਮਿਊਜ਼ਿਕ ਐਵਾਰਡ ਨਾਲ ਸਨਮਾਨਿਤ ਲੇਖਕ ਇੰਜੀ.ਸਤਨਾਮ ਸਿੰਘ ਮੱਟੂ, ਦਰਸ਼ਨ ਸਿੰਘ ਆਸ਼ਟ ਸ਼੍ਰੋਮਣੀ ਬਾਲ ਸਾਹਿਤਕਾਰ, ਕੁਲਵੰਤ ਸਿੰਘ ਨਾਰੀ ਕੇ. ਚੰਨ ਪਟਿਆਲਵੀ, ਡਾ ਹਰਦੀਪ ਸਿੰਘ ਰੰਧਾਵਾ, ਬਲਜਿੰਦਰ ਭਾਨਰਾ ਮੌਰਨਿੰਗ ਲੌਆਇਨ ਗਰੁੱਪ, ਨੇਚਰ ਪਾਰਕ ਅਤੇ ਵਾਤਾਵਰਨ ਪਾਰਕ ਦੇ ਅਹੁਦੇਦਾਰਾਂ ਦੇ ਵਧਾਈਆਂ ਦਿੱਤੀਆਂ।

## ਨਸ਼ਾ ਤਸਕਰ ਦੀ ਜਾਇਦਾਦ ਕੀਤੀ ਸੀਜ਼



ਸਮਾਣਾ, 26 ਜੂਨ (ਵਿਜੇ ਕੁਮਾਰ) : ਸਦਰ ਪੁਲਿਸ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਮਰੋੜੀ ਦੇ ਅਮਰਜੀਤ ਸਿੰਘ ਪੁੱਤਰ ਦਲਵੀਰ ਸਿੰਘ ਉਰਫ ਬੀਰਾ ਦੀ ਜਾਇਦਾਦ ਅੰਡਰ ਸੈਕਸ਼ਨ 68 ਐਫ (2) ਨਸ਼ਾ ਵਿਰੋਧੀ 1985 ਤਹਿਤ ਜਬਤ ਕੀਤੀ ਗਈ ਹੈ। ਇਸ ਸਬੰਧੀ ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਉਕਤ ਤਸਕਰ ਜਿਸ ਖਿਲਾਫ ਵੱਖ-ਵੱਖ ਥਾਣਿਆਂ ਵਿੱਚ ਨਸ਼ਾ ਤਸਕਰੀ ਕਰਨ ਦੇ ਕਈ ਮਾਮਲੇ ਦਰਜ ਹਨ, ਜਿਸ ਦੀ ਜਾਇਦਾਦ ਨੂੰ ਸੀਜ ਕਰਨ ਲਈ ਕੇਸ ਬਣਾ ਕੇ ਭੇਜਿਆ ਗਿਆ ਸੀ। ਜਿਸ ਦੀ ਉੱਚ ਅਧਿਕਾਰੀਆਂ ਵੱਲੋਂ ਜਾਇਦਾਦ ਸੀਜ ਕਰਨ ਦੇ ਮਿਲੇ ਹੁਕਮਾਂ ਤਹਿਤ ਬੁੱਧਵਾਰ ਨੂੰ ਪਿੰਡ ਮਰੋੜੀ ਵਿਖੇ ਉਸ ਦੇ ਘਰ ਅੱਗੇ ਨੋਟਿਸ ਲਗਾ ਕੇ ਸੂਚਨਾ ਦਿੱਤੀ ਗਈ ਹੈ। ਇਸ ਮੌਕੇ ਉਹਨਾਂ ਨਾਲ ਸਦਰ ਪੁਲਸ ਮੁੱਖੀ ਅਜੇ ਕੁਮਾਰ ਪਰੋਚਾ, ਪ੍ਰੇਮ ਕੁਮਾਰ ਮੌਜੂਦ ਸਨ।

## ਡੀ.ਆਈ.ਜੀ. ਡਾ. ਨਾਨਕ ਸਿੰਘ ਵੱਲੋਂ 'ਨਸ਼ਿਆਂ ਦੇ ਮਾੜੇ ਪ੍ਰਭਾਵਾਂ' ਦਾ ਪੋਸਟਰ ਰਿਲੀਜ਼



ਪਟਿਆਲਾ, 26 ਜੂਨ (ਚ.ਨ.ਸ.) : ਹਰ ਸਹਾਏ ਸੇਵਾ ਦਲ ਪਿਛਲੇ ਲੰਬੇ ਸਮੇਂ ਤੋਂ ਸਮਾਜ ਦੀ ਸੇਵਾ ਕਰ ਰਿਹਾ ਹੈ ਜਿਵੇਂ ਕਿ ਮੈਡੀਕਲ ਕੈਂਪ ਲਗਾਉਣੇ, ਬੂਟੇ ਲਗਾਉਣੇ, ਦਸਤਾਰ ਮੁਕਾਬਲੇ ਕਰਵਾਉਣੇ, ਪੰਜਾਬੀ ਮਾਂ ਬੋਲੀ ਤੇ ਸ਼ੁੱਧ ਲੇਖ ਲਿਖਣ ਮੁਕਾਬਲੇ ਕਰਵਾਉਣੇ, ਸਿਲਾਈ ਮਸ਼ੀਨਾਂ ਵੰਡਣੀਆਂ, ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲਗਾਉਣੇ ਅਤੇ ਸੈਮੀਨਾਰ ਕਰਵਾਉਣੇ ਅਤੀ ਆਦ। ਇਸੇ ਲੜੀ ਤਹਿਤ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਰੋਕਣ ਲਈ ਅਤੇ ਤਸਕਰੀ ਨੂੰ ਰੋਕਣ ਲਈ 26 ਜੂਨ ਭਾਵ ਅੱਜ ਦਾ ਦਿਨ ਮਨਾਇਆ ਗਿਆ। ਡਾ. ਨਾਨਕ ਸਿੰਘ ਆਈ.ਪੀ.ਐਸ (ਡੀ. ਆਈ. ਜੀ) ਪਟਿਆਲਾ ਰੇਂਜ ਅਤੇ ਡਾ. ਦੀਪ ਸਿੰਘ ਮੁੱਖ ਪ੍ਰਬੰਧਕ ਹਰਿ ਸਹਾਏ ਸੇਵਾ ਦਲ ਅਤੇ ਮੈਂਬਰ ਸਾਂਝ ਕੇਂਦਰ ਅਤੇ ਹਰਿੰਦਰ ਸਿੰਘ ਜੋਗੀਪੁਰ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵ ਦਾ ਪੋਸਟਰ ਰਿਲੀਜ਼ ਕੀਤਾ ਗਿਆ ਅਤੇ ਸਮੂਹ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਨਸ਼ੇ ਜਿੱਥੇ ਸਾਡੀ ਸਿਹਤ ਦਾ ਨੁਕਸਾਨ ਕਰਦੇ ਹਨ ਉਥੇ ਹੀ ਸਾਡਾ ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਸੋ ਸਾਨੂੰ ਸਾਰਿਆਂ ਨੂੰ ਅਪਣੇ ਸਮੇਂ ਵਿੱਚੋਂ ਸਮਾਂ ਕੱਢ ਕੇ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ।

## ਨਸ਼ੀਲੀਆਂ ਗੋਲ਼ੀਆਂ ਸਮੇਤ ਇੱਕ ਕਾਬੂ



ਸਮਾਣਾ, 26 ਜੂਨ (ਵਿਜੇ ਕੁਮਾਰ) : ਪੁਲਿਸ ਨੇ ਇੱਕ ਵਿਅਕਤੀ ਨੂੰ 130 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਸ ਖ਼ਿਲਾਫ਼ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਘੱਗਾ ਪੁਲਿਸ ਥਾਣੇ ਵਿੱਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਹੁਸੈਨ ਮੁਹੰਮਦ ਵਾਸੀ ਪਿੰਡ ਬਰਾਸ ਵਜੋਂ ਹੋਈ ਹੈ। ਘੱਗਾ ਪੁਲਿਸ ਮੁਖੀ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ ਏ.ਐਸ.ਆਈ.ਸ਼ੇਰ ਸਿੰਘ ਨੇ ਪੁਲਿਸ ਪਾਰਟੀ ਸਣੇ ਪਿੰਡ ਬਰਾਸ ਵਿੱਚ ਗਸ਼ਤ ਦੌਰਾਨ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਤਲਾਸ਼ੀ ਦੌਰਾਨ ਉਸ ਕੋਲੋਂ 130 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 26 ਜੂਨ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਭੀਜੀਤ ਕੁਮਾਰ ਵਾਸੀ ਫੇਸ-2 ਅਰਬਨ ਅਸਟੇਟ, ਨਰਜੀਤ ਸਿੰਘ ਵਾਸੀ ਨੇੜੇ ਡੇਅਰੀ ਛਣਕੂ ਮੱਝਾ ਵਾਲਾ ਪ੍ਰੇਮ ਕਲੋਨੀ ਪਟਿਆਲਾ ਵਿਰੁੱਧ ਧਾਰਾ 21,22, 61, 85 ਦੇ ਤਹਿਤ ਮਾਮਲਾ ਦਰਜ ਲਿਆ ਹੈ। ਐਸ.ਆਈ. ਪੂਰਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮਹਿੰਦਰ ਕਲੋਨੀ ਪਟਿਆਲਾ ਕੋਲ ਮੌਜੂਦ ਸੀ। ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ ਦੋਸ਼ੀ ਅਭੀਜੀਤ ਕੁਮਾਰ ਪਾਸੋਂ 10 ਗ੍ਰਾਮ ਅਤੇ ਨਰਜੀਤ ਸਿੰਘ ਕੋਲੋਂ 25 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਸਹੁਰਿਆਂ ਤੋਂ ਤੰਗ ਆ ਕੇ ਭਾਖੜਾ 'ਚ ਛਾਲ ਮਾਰ ਕੇ ਕੀਤੀ ਖ਼ੁਦਕੁਸ਼ੀ

ਪਟਿਆਲਾ, 26 ਜੂਨ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਸੰਦੀਪ ਪੁੱਤਰ ਰਮੇਸ਼ ਕੁਮਾਰ ਵਾਸੀ ਮੁਹੱਲਾ ਦਾਰੂ ਕੁਟੀਆ ਸੂਲਰ ਰੋਡ ਪਟਿਆਲਾ ਨੇ ਕਥਿਤ ਦੋਸ਼ੀਆਂ ਮੁਸਕਾਨ, ਸਹਿਬਾਜ ਖਾਂ, ਪ੍ਰਵੀਨ ਬੇਗਮ, ਗੁਰਮੀਤ ਸਿੰਘ ਵਾਸੀ ਪਿੰਡ ਬੀਰੂ ਕੇ ਕਲਾਂ ਜ਼ਿਲ੍ਹਾ ਮਾਨਸਾ, ਪ੍ਰਦੀਪ ਸਿੰਘ ਵਾਸੀ ਪਿੰਡ ਦੂੱਧੜਾ ਜ਼ਿਲ੍ਹਾ ਮਾਨਸਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਭਰਾ ਦੀਪਕ ਕੁਮਾਰ ਦੀ ਮਿਤੀ 6/3/25 ਨੂੰ ਕਥਿਤ ਦੋਸ਼ੀ ਮਹਿਲਾ ਮੁਸਕਾਨ ਨਾਲ ਲਵ-ਮੈਰਿਜ ਹੋਈ ਸੀ, ਜੋ ਲੜਕੀ ਵੱਲੋਂ ਆਪਣੇ ਪਰਿਵਾਰ ਤੋਂ ਖਤਰਾ ਜਾਹਿਰ ਕਰਦੇ ਹੋਏ ਮਾਨਯੋਗ ਪੰਜਾਬ ਐਂਡ ਹਾਈਕੋਰਟ ਵੱਲੋਂ ਪ੍ਰੋਟੈਕਸ਼ਨ ਵੀ ਲਈ ਹੋਈ ਸੀ, ਜੋ ਵਿਆਹ ਤੋਂ ਕਰੀਬ 1 ਮਹੀਨੇ ਬਾਅਦ ਮੁਸਕਾਨ ਨੂੰ ਉਸ ਦੇ ਭਰਾ ਸਹਿਬਾਜ ਖਾਂ ਦਾ ਫੋਨ ਆਇਆ ਕਿ ਉਹਨਾਂ ਦੇ ਪਿਤਾ ਚਾਨਣ ਖਾਂ ਦੀ ਤਬੀਅਤ ਖਰਾਬ ਹੈ ਅਤੇ ਉਹ ਮਸਕਾਨ ਨੂੰ ਮਿਲਣ ਲਈ ਬੁਲਾ ਰਿਹਾ ਹੈ। ਮੁਸਕਾਨ ਆਪਣੇ ਘਰ ਚਲੀ ਗਈ ਅਤੇ ਵਾਪਿਸ ਨਹੀਂ ਆਈ। ਫਿਰ ਮਿਤੀ 20/06/25 ਨੂੰ ਕਥਿਤ ਦੋਸ਼ੀਆਂ ਨੇ ਦੀਪਕ ਕੁਮਾਰ ਨੂੰ ਕੁੱਝ ਲਿਖਤ-ਪੜ੍ਹਤ ਕਰਨ ਲਈ ਜ਼ਿਲ੍ਹਾ ਕਚਿਹਰੀਆਂ ਵਿਖੇ ਬੁਲਾਇਆ ਅਤੇ ਉੱਥੇ ਉਸ ਨਾਲ ਕਥਿਤ ਤੌਰ 'ਤੇ ਦੁਰਵਿਵਹਾਰ ਕੀਤਾ ਤੇ ਅਪਸ਼ਬਦ ਵੀ ਬੋਲੇ, ਜੋ ਇਹ ਸਭ ਕੁੱਝ ਨਾ ਸਹਾਰਦੇ ਹੋਏ ਦੀਪਕ ਕੁਮਾਰ ਨੇ ਕਿਸੇ ਅਣਪਛਾਤੇ ਵਿਅਕਤੀ ਦੇ ਮੋਬਾਇਲ ਤੋਂ ਆਪਣੀ ਦੁਕਾਨ ਦੇ ਨਾਲ ਕੰਮ ਕਰਦੇ ਲੜਕੇ ਸਨੀ ਨੂੰ ਫੋਨ ਕਰਕੇ ਦੱਸਿਆ ਕਿ ਉਹ ਕਥਿਤ ਦੋਸ਼ੀਆਂ ਤੋਂ ਤੰਗ ਆ ਕੇ ਭਾਖੜਾ ਨਹਿਰ ਵਿੱਚ ਛਾਲ ਮਾਰ ਰਿਹਾ ਹੈ, ਜਿਸਦੀ ਲਾਸ਼ ਪਿੰਡ ਧਨੇਠਾ ਨੇੜੇ ਭਾਖੜਾ ਨਹਿਰ ਵਿੱਚੋਂ ਮਿਲੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ ਸੱਤ ਮੈਂਬਰ ਕਾਬੂ

ਨਾਭਾ, 26 ਜੂਨ (ਚੌਧਰੀਮਾਜਰਾ) : ਰਿਆਸਤੀ ਸ਼ਹਿਰ ਨਾਭਾ ਵਿੱਚ ਪਿਛਲੇ ਲੰਬੇ ਸਮੇਂ ਤੋਂ ਲੁੱਟਾਂ ਖੋਹਾਂ ਦੀਆ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਜਿਸ ਕਾਰਨ ਪੁਲਿਸ ਵੱਲੋਂ 7 ਅਜਿਹੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਕੋਤਵਾਲੀ ਮੁਖੀ ਸਰਬਜੀਤ ਸਿੰਘ ਚੀਮਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਰਾਜੇਸ਼ ਕੁਮਾਰ ਪੁੱਤਰ ਜਗਤ ਰਾਮ ਵਾਸੀ ਪਿੰਡ, ਧੰਨਾਰੀ ਜਿਲਾ ਮੁਰਾਦਾਬਾਦ ਯੂ.ਪੀ, ਬਾਬੂ ਵਾਸੀ ਧੋਬੀ ਘਾਟ ਵਾਲੀ, ਗਲੀ ਨਾਭਾ, ਆਰਿਫ ਹਾਲ ਵਾਸੀ ਰਾਜੂ ਦੀ ਦੁਕਾਨ ਨਵੀ ਸਬਜ਼ੀ ਮੰਡੀ ਨਾਭਾ, ਰਣਜੀਤ ਸਿੰਘ ਵਾਸੀ ਪਿੰਡ ਫੈਜ਼ਗੜ੍ਹ ਨਾਭਾ, ਜਗਸੀਰ ਸਿੰਘ ਵਾਸੀ ਨਿਊ ਬਾਲਮੀਕ ਬਸਤੀ ਨਾਭਾ, ਸਾਹਿਲ ਵਾਸੀ ਅਜੈਬ ਕਲੋਨੀ ਨਾਭਾ ਅਤੇ ਵਿਸ਼ਾਲ ਵਾਸੀ ਏਕਤਾ ਕਲੋਨੀ ਨਾਭਾ ਜੋ ਨਸ਼ੇ ਦੇ ਆਦੀ ਨੇ ਨਸ਼ੇ ਦੀ ਭੁੱਖ ਨੂੰ ਮੁੱਖ ਰੱਖਦਿਆਂ ਲਗਾਤਾਰ ਪਿਛਲੇ ਲੰਬੇ ਸਮੇਂ ਤੋਂ ਸ਼ਹਿਰ ਵਿੱਚ ਜਿੱਥੇ ਵੱਖ-ਵੱਖ ਥਾਵਾਂ ਤੇ ਲੁੱਟਾਂ ਖੋਹਾਂ ਕਰਦੇ ਸਨ। ਉਨ੍ਹਾਂ ਵਿੱਚੋਂ ਕੁਝ ਵਿਅਕਤੀ ਅਜਿਹੇ ਵੀ ਹਨ ਜਿਨ੍ਹਾਂ ਉੱਪਰ ਪਹਿਲਾਂ ਵੀ ਕਈ ਮਾਮਲੇ ਦਰਜ ਰਹੇ ਅਤੇ ਉਹ ਅਮਲੋਹ ਫਤਿਹਗੜ੍ਹ ਸਾਹਿਬ ਤੋਂ ਇਲਾਵਾ ਹੋਰ ਸ਼ਹਿਰਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਸਨ।

## ਸੁਪਰ ਸਪੈਸ਼ਲਟੀ ਪਾਰਕ ਹਸਪਤਾਲ ਵੱਲੋਂ ਖੇਤਰ 'ਚ ਸਭ ਤੋਂ ਆਧੁਨਿਕ ਤਕਨਾਲੌਜੀ ਅਪਣਾਈ ਜਾ ਰਹੀ ਹੈ



ਪਟਿਆਲਾ, 26 ਜੂਨ (ਰੁਪਾਣਾ) : ਇਸ ਖੇਤਰ ਦੇ ਲੋਕਾਂ ਦੀ ਭਲਾਈ ਲਈ ਉੱਚ ਪੱਧਰੀ ਅਤੇ ਜਟਿਲ ਪ੍ਰਕਿਰਿਆਵਾਂ ਕਰ ਰਹੇ ਹਾਂ। ਉੱਚ ਤਕਨਾਲੋਜੀ ਨੂੰ ਅਪਣਾਉਣ ਦੀ ਲੜੀ ਵਿੱਚ, ਹੁਣ ਅਸੀਂ ਨਵੀਨਤਮ EUS-ਗਾਈਡਡ ਗੈਸਟ੍ਰੋਐਂਟ੍ਰੋਲੋਜੀ ਪ੍ਰੋਸੈਸਰ ਸ਼ਾਮਲ ਕੀਤਾ ਹੈ। ਅੱਜ ਅਸੀਂ ਤੁਹਾਨੂੰ ਇਸ ਘੱਟ ਹਸਤਖੇਪ ਵਾਲੀ ਅਤੇ ਬਹੁਤ ਹੀ ਲਾਭਕਾਰੀ ਤਕਨਾਲੋਜੀ ਦੇ ਲਾਭਾਂ ਬਾਰੇ ਦੱਸਣਾ ਚਾਹੁੰਦੇ ਹਾਂ, ਜਿਸ ਰਾਹੀਂ ਗੈਸਟ੍ਰੋਇੰਟੈਸਟਾਈਨਲ ਰੋਗਾਂ ਦੀ ਸਹੀ ਤਸ਼ਖੀਸ ਅਤੇ ਇਲਾਜ ਕੀਤਾ ਜਾ ਸਕਦਾ ਹੈ।ਪਾਰਕ ਹਸਪਤਾਲ, ਪਟਿਆਲਾ ਦੇ ਗੈਸਟ੍ਰੋਐਂਟ੍ਰੋਲੋਜੀ ਅਤੇ ਹਿਪੈਟੋਲੋਜੀ ਵਿਭਾਗਨੇ ਪੰਜਾਬ ਦੇ ਮਾਲਵਾ ਖੇਤਰ ਵਿੱਚ ਪਹਿਲੀ ਵਾਰੀ EUS-ਗਾਈਡਡ ਸਿਸਟੋਗੈਸਟ੍ਰੋਸਟੋਮੀ (ਹਾਟ ਐਕਸੀਓਸ ਲੈਮਸ)ਕਰਕੇ ਇੱਕ ਮਹੱਤਵਪੂਰਨ ਉਪਲੱਬਧੀ ਹਾਸਲ ਕੀਤੀ ਹੈ। ਇਹ ਪ੍ਰਕਿਰਿਆ ਇਕ ਅਜਿਹੇ ਮਰੀਜ਼ ਉਤੇ ਕੀਤੀ ਗਈ ਜੋ ਕਿ ਪੈਂਕਰੀਆਟਾਈਟਿਸ (WON) ਅਤੇ ਦਬਾਅ ਵਾਲੇ ਲਛਣਾਂ ਨਾਲ ਪੀੜਤ ਸੀ।ਡਾ. ਰਾਜਪਰੀਤ ਬਰਾੜ, ਕੰਸਲਟੈਂਟ - ਗੈਸਟ੍ਰੋਐਂਟ੍ਰੋਲੋਜੀ ਅਤੇ ਹਿਪੈਟੋਲੋਜੀ, ਪਾਰਕ ਹਸਪਤਾਲ ਪਟਿਆਲਾ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਹ ਪ੍ਰਕਿਰਿਆ ਸਫਲਤਾਪੂਰਕ ਕੀਤੀ ਗਈ, ਜਿਸ ਨਾਲ ਮਰੀਜ਼ ਦੀ ਹਾਲਤ ਵਿੱਚ ਮਹੱਤਵਪੂਰਨ ਸੁਧਾਰ ਆਇਆ। ਉਪਲਬਧੀ ਬਾਰੇ ਗੱਲ ਕਰਦਿਆਂ ਡਾ. ਰਾਜਪਰੀਤ ਬਰਾੜ ਨੇ ਕਿਹਾ ਕਿ ਇਹ ਉਪਲੱਬਧੀ ਮਾਲਵਾ ਖੇਤਰ ਵਿੱਚ ਗੈਸਟ੍ਰੋਐਂਟ੍ਰੋਲੋਜੀ ਦੇ ਇਲਾਜ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ। EUS-ਗਾਈਡਡ ਤਕਨੀਕ ਉਹਨਾਂ ਮਰੀਜ਼ਾਂ ਲਈ ਜੀਵਨ-ਬਚਾਉਣ ਵਾਲਾ ਵਿਕਲਪ ਹੈ, ਜੋ ਪੈਂਕਰੀਆਟਿਕ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਪਾਰਕ ਹਸਪਤਾਲ, ਪਟਿਆਲਾ ਵਿੱਚ ਅਸੀਂ ਆਪਣੇ ਮਰੀਜ਼ਾਂ ਨੂੰ ਸਭ ਤੋਂ ਅਧੁਨਿਕ ਇਲਾਜ ਦੇਣ ਲਈ ਵਚਨਬੱਧ ਹਾਂ ਤਾਂ ਜੋ ਉਨ੍ਹਾਂ ਨੂੰ ਉੱਚ-ਮਿਆਰੀ ਸਿਹਤ ਸੇਵਾਵਾਂ ਆਪਣੇ ਹੀ ਖੇਤਰ ਵਿੱਚ ਮਿਲ ਸਕਣ।

## ਜ਼ਿਲ੍ਹੇ ਦੇ ਤਿੰਨ ਵਲੰਟੀਅਰ ਬਣੇ ਯੂਥ ਡਿਵੈਲਪਮੈਂਟ ਬੋਰਡ ਦੇ ਮੈਂਬਰ



ਪਟਿਆਲਾ/ਸਮਾਣਾ, 26 ਜੂਨ (ਰੁਪਾਣਾ/ਜਵੰਦਾ) : ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਪਟਿਆਲਾ ਜ਼ਿਲ੍ਹੇ ਦੇ 3 ਵਲੰਟੀਅਰਾਂ ਨੂੰ ਯੂਥ ਡਿਵੈਲਪਮੈਂਟ ਬੋਰਡ ਦੇ ਮੈਂਬਰ ਨਿਯੁਕਤ ਕੀਤਾ ਹੈ। ਅੱਜ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਅਧਿਸੂਚਨਾ ਮੁਤਾਬਕ ਪੰਜਾਬ ਦੇ 11 ਨੌਜਵਾਨਾਂ ਨੂੰ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਦੇ ਮੈਂਬਰ ਬਣਾਇਆ ਗਿਆ ਹੈ। ਇਨਾ ਵਿੱਚੋਂ ਤੇਜਿੰਦਰ ਖਹਿਰਾ, ਪਾਰਸ ਸ਼ਰਮਾ ਅਤੇ ਨਵਦੀਪ ਸਿੰਘ ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ 'ਚੋਂ ਆਉਂਦੇ ਹਨ। ਮੈਂਬਰ ਨਾਮਜ਼ਦ ਕਰਨ ਉਪਰੰਤ ਇਨ੍ਹਾਂ ਨਵਨਿਯੁਕਤ ਮੈਂਬਰਾਂ ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਹੀ ਅਜਿਹੀ ਸਰਕਾਰ ਹੈ, ਜਿਸ ਨੇ ਆਮ ਘਰਾਂ ਦੇ ਨੌਜਵਾਨਾਂ ਨੂੰ ਤਾਕਤ ਸੌਂਪੀ ਹੈ। ਇਸ ਲਈ ਇਹ ਤਾਕਤ 2027 'ਚ ਮੁੜ 'ਆਪ' ਸਰਕਾਰ ਲਿਆਉਣ 'ਚ ਅਹਿਮ ਰੋਲ ਅਦਾ ਕਰੇਗੀ। ਇਨ੍ਹਾਂ ਨੌਜਵਾਨ ਆਗੂਆਂ ਨੇ ਕਿਹਾ ਕਿ ਨੌਜਵਾਨ ਦੇਸ਼ ਦੀ ਰੀਡ ਦੀ ਹੱਡੀ ਹੁੰਦੇ ਹਨ, ਇਸ ਲਈ ਇਨਾਂ ਨਿਯੁਕਤੀਆਂ ਨਾਲ ਨੌਜਵਾਨਾਂ ਦੇ ਹੱਥ ਤਾਕਤ ਆਈ ਹੈ।

## ਸਾਬਕਾ ਮੰਤਰੀ ਧਰਮਸੋਤ ਤੇ ਕੋਆਰਡੀਨੇਟਰ ਲਾਲੀ ਵੱਲੋਂ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ



ਨਾਭਾ, 26 ਜੂਨ (ਬਲਜਿੰਦਰ ਮਾਨ/ ਚੌਧਰੀਮਾਜਰਾ) : ਪੰਜਾਬ ਕਾਂਗਰਸ ਪਾਰਟੀ ਵੱਲੋਂ ਹਲਕਾ ਨਾਭਾ ਵਿੱਚ ਕੋਆਰਡੀਨੇਟਰ ਲਗਾਏ ਗਏ ਨਰਿੰਦਰ ਲਾਲੀ ਅਤੇ ਹਲਕਾ ਇੰਚਾਰਜ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਹਲਕੇ 'ਚ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਦਾ ਦੌਰ ਲਗਾਤਾਰ ਜਾਰੀ ਹੈ ਜਿਸ 'ਤੇ ਚਲਦਿਆਂ ਉਨਾਂ ਅੱਜ ਸਾਬਕਾ ਸਰਪੰਚ ਤੇ ਕਾਂਗਰਸੀ ਆਗੂ ਮੱਖਣ ਸਿੰਘ ਕੁਲਾਰਾਂ ਦੇ ਗ੍ਰਹਿ ਵਿਖੇ ਵਰਕਰਾਂ ਤੇ ਅਹੁੱਦੇਦਾਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਸਾਧੂ ਸਿੰਘ ਧਰਮਸੋਤ ਤੇ ਕੋਆਰਡੀਨੇਟਰ ਲਾਲੀ ਨੇ ਕਿਹਾ ਕਾਂਗਰਸ ਵਲੋਂ 2027 ਦੀਆ ਵਿਧਾਨ ਸਭਾ ਚੋਣਾਂ ਤਿਆਰੀ ਤੇ ਰੂਪ ਰੇਖਾ ਦੇ ਮੱਦੇਨਜ਼ਰ ਪਾਰਟੀ ਦੀ ਮਜ਼ਬੂਤੀ ਲਈ ਬੂਥ ਪੱਧਰ ਤੇ ਬੈਠਕਾਂ ਕੀਤੀਆਂ ਜਾ ਰਹੀਆ ਜਿਨਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਤੇ ਪਾਰਟੀ ਬੂਥ ਪੱਧਰ 'ਤੇ ਮਜ਼ਬੂਤ ਹੋ ਰਹੀ ਹੈ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਧਰਮਸੋਤ ਤੇ ਨਰਿੰਦਰ ਲਾਲੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਬਲਾਕ ਪ੍ਰਧਾਨ ਦਿਹਾਤੀ ਬਿੱਟੂ ਢੀਂਗੀ, ਜੱਤੀ ਅਭੈਪੁਰ ਸਾਬਕਾ ਪ੍ਰਧਾਨ ਆੜਤੀਆਂ, ਮੱਖਣ ਸਿੰਘ ਕੁਲਾਰਾਂ ਕਾਂਗਰਸੀ ਆਗੂ, ਇੰਦਰਜੀਤ ਸਿੰਘ ਚੀਕੂ ਜ਼ਿਲ੍ਹਾ ਵਾਈਸ ਪ੍ਰਧਾਨ,ਸਰਬਜੀਤ ਸਿੰਘ ਸਾਬਕਾ ਸਰਪੰਚ ਸੁੱਖੇਵਾਲ, ਸਹਿਜਵੀਰ ਸਿੰਘ ਚੱਠਾ ਸਰਪੰਚ ਸਾਧੋਹੇੜੀ, ਸ਼ਕਤੀ ਸਿੰਘ, ਜੋਧ ਸਿੰਘ, ਬਲਜਿੰਦਰ ਗੋਪੀ, ਲਵਲੀ ਸਿੰਘ, ਕੁਲਦੀਪ ਸਿੰਘ ਪੰਚ, ਅਮਰੀਕ ਸਿੰਘ ਸਾਬਕਾ ਪੰਚ, ਡਾ. ਸੰਦੀਪ ਸਿੰਘ, ਕਰਨਵੀਰ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਕਾਂਗਰਸੀ ਵਰਕਰ ਮੌਜੂਦ ਸਨ।

## ਐਡਵੋਕੇਟ ਗੁਲਜ਼ਾਰ ਸਿੰਘ ਵਿਰਕ 'ਆਪ' ਸਮਾਣਾ ਦੇ ਹਲਕਾ ਸੰਗਠਨ ਇੰਚਾਰਜ ਨਿਯੁਕਤ



ਸਮਾਣਾ, 26 ਜੂਨ (ਜਵੰਦਾ/ਵਿਜੇ ਕੁਮਾਰ) : ਸਮਾਣਾ ਤੋਂ ਆਮ ਆਦਮੀ ਪਾਰਟੀ ਦੇ ਮਿਹਨਤੀ ਅਤੇ ਜੁਝਾਰੂ ਆਗੂ ਐਡਵੋਕੇਟ ਗੁਲਜ਼ਾਰ ਸਿੰਘ ਵਿਰਕ ਨੂੰ ਪਾਰਟੀ ਹਾਈਕਮਾਨ ਵਲੋਂ ਸਮਾਣਾ ਦਾ ਹਲਕਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ.ਵਿਰਕ ਨੇ ਕਿਹਾ ਕਿ ਉਹ ਸਭ ਤੋਂ ਪਹਿਲਾ ਪਾਰਟੀ ਹਾਈਕਮਾਨ ਅਰਵਿੰਦ ਕੇਜਰੀਵਾਲ, ਮਨੀਸ਼ ਸਿਸ਼ੋਦੀਆ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਜੋ ਵਿਸ਼ਵਾਸ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਇਆ ਗਿਆ ਹੈ,ਉਸ ਵਿਸ਼ਵਾਸ 'ਤੇ ਉਹ ਪੂਰਾ ਉਤਰਨ ਦਾ ਯਤਨ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੌਕੇ ਉਨ੍ਹਾਂ ਆਪਣੀ ਪਾਰਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆ ਦੀ ਸ਼ਲਾਘਾ ਕੀਤੀ ,ਉਨ੍ਹਾਂ ਕਿਹਾ ਕਿ ਆਪ ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਤਹਿਤ ਚਲਾਈ ਜਾ ਰਹੀ ਮੁਹਿੰਮ ਨਾਲ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਜੋ ਪੰਜਾਬ ਨੂੰ ਘੁਣ ਵਾਂਗ ਖਾ ਰਿਹਾ ਸੀ ਤੋਂ ਕਾਫੀ ਹੱਦ ਤੱਕ ਨਿਜਾਤ ਮਿਲੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਪਿੰਡਾਂ ਵਿੱਚ ਨਹਿਰੀ ਪਾਣੀ ਪਹੁੰਚਾਉਣ ਲਈ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ । ਲੁਧਿਆਣਾ ਤੇ ਗੁਜਰਾਤ ਦੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਲੋਕ ਇਸ ਪਾਰਟੀ ਦੇ ਕੀਤੇ ਕੰਮਾਂ ਤੋਂ ਖੁਸ਼ ਹਨ।

## ਏ.ਡੀ.ਸੀ. ਵੱਲੋਂ ਡੇਂਗੂ ਦੀ ਰੋਕਥਾਮ ਲਈ ਲਗਾਤਾਰ ਫੌਗਿੰਗ ਕਰਵਾਉਣ ਦੇ ਆਦੇਸ਼

### ☛ਖਾਲੀ ਪਲਾਟਾਂ ਦੇ ਮਾਲਕਾਂ ਨੂੰ ਸਫ਼ਾਈ ਕਰਵਾਉਣ ਲਈ ਨੋਟਿਸ ਕੱਢੇ ਜਾਣ : ਨਵਰੀਤ ਕੌਰ ਸੇਖੋਂ



ਪਟਿਆਲਾ, 26 ਜੂਨ (ਰੁਪਾਣਾ) : ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਪਟਿਆਲਾ ਜ਼ਿਲ੍ਹੇ ਦੀਆਂ ਸਮੂਹ ਮਿਊਂਸੀਪਲ ਕਮੇਟੀਆਂ ਦੇ ਈ.ਓਜ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਡੇਂਗੂ ਦੀ ਰੋਕਥਾਮ ਲਈ ਆਪਣੇ-ਆਪਣੇ ਖੇਤਰਾਂ ਵਿੱਚ ਲਗਾਤਾਰ ਫੌਗਿੰਗ ਕਰਵਾਉਣ ਅਤੇ ਜ਼ਿਲ੍ਹੇ ਵਿੱਚ ਪਏ ਖਾਲੀ ਪਲਾਟਾਂ ਦੇ ਮਾਲਕ ਨੂੰ ਵੀ ਨੋਟਿਸ ਕਰਨ ਕਿ ਉਹ ਪਲਾਟਾਂ ਦੀ ਸਫ਼ਾਈ ਕਰਵਾਉਣਾ ਯਕੀਨੀ ਬਣਾਉਣ। ਏ.ਡੀ.ਸੀ. ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਵਿੱਚ ਡੇਂਗੂ ਦੀ ਸਮੀਖਿਆ ਲਈ ਸਿਹਤ ਅਤੇ ਸਥਾਨਕ ਸਰਕਾਰ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰੇ ਰਹੇ ਸਨ। ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਪਿਛਲੇ ਕਈ ਮਹੀਨਿਆਂ ਤੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤੇ ਹੁਣ ਜਾਗਰੂਕਤਾ ਦੇ ਨਾਲ ਨਾਲ ਡੇਂਗੂ ਦਾ ਲਾਰਵਾ ਮਿਲਣ ਵਾਲੇ ਘਰਾਂ ਦੇ ਚਲਾਨ ਵੀ ਕੀਤੇ ਜਾਣ ਤਾਂ ਕਿ ਜ਼ਿਲ੍ਹਾ ਵਾਸੀ ਸਫ਼ਾਈ ਪ੍ਰਤੀ ਹੋਰ ਸੁਚੇਤ ਹੋ ਸਕਣ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਪਏ ਖਾਲੀ ਪਲਾਟਾਂ ਦੀ ਸਫ਼ਾਈ ਲਈ ਪਲਾਟ ਮਾਲਕਾਂ ਨੂੰ ਨੋਟਿਸ ਕੀਤਾ ਜਾਵੇ ਅਤੇ ਜੇਕਰ ਕੋਈ ਮਾਲਕ ਆਪਣੇ ਖਾਲੀ ਪਏ ਪਲਾਟ ਦੀ ਸਾਫ਼ ਸਫ਼ਾਈ ਨਹੀਂ ਕਰਵਾਉਂਦਾ ਹੈ, ਤਾਂ ਸਬੰਧਤ ਵਿਭਾਗ ਸਫ਼ਾਈ ਸਬੰਧੀ ਖਰਚੇ ਦੀ ਰਿਕਵਰੀ ਨਿਯਮਾਂ ਅਨੁਸਾਰ ਉਸ ਪਲਾਟ ਦੇ ਮਾਲਕ ਤੋਂ ਕਰੇਗਾ। ਉਨ੍ਹਾਂ ਪਾਣੀ ਤੇ ਸੀਵਰੇਜ ਦੇ ਅਣ ਅਧਿਕਾਰਤ ਕੁਨੈਕਸ਼ਨਾਂ ਨੂੰ ਕੱਟਣ ਲਈ ਵੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਅਣ ਅਧਿਕਾਰਤ ਕੁਨੈਕਸ਼ਨਾਂ ਕਾਰਨ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਇਸ ਲਈ ਜ਼ਿਲ੍ਹੇ ਦੇ ਅਣ ਅਧਿਕਾਰਤ ਕੁਨੈਸ਼ਨ ਤੁਰੰਤ ਕੱਟੇ ਜਾਣ। ਇਸ ਦੌਰਾਨ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਆਪਣੇ ਘਰ ਅਤੇ ਆਸ-ਪਾਸ ਖੜੇ ਸਾਫ਼ ਪਾਣੀ ਦੇ ਸਰੋਤਾ ਨੂੰ ਸੁੱਕਾ ਰੱਖਿਆ ਜਾਵੇ ਅਤੇ ਘਰ ਅੰਦਰ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟ੍ਰੇਆਂ ਅਤੇ ਹੋਰ ਪਾਣੀ ਦੇ ਭਾਂਡਿਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸੁੱਕਾ ਰੱਖਿਆ ਜਾਵੇ ਅਤੇ ਪਾਣੀ ਵਾਲੇ ਭਾਂਡਿਆਂ ਨੂੰ ਢੱਕ ਕੇ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਦਿਨ ਸਮੇਂ ਆਮ ਤੌਰ 'ਤੇ ਬਾਂਹਾਂ, ਲੱਤਾਂ, ਗਰਦਨ ਅਤੇ ਕੰਨਾਂ 'ਤੇ ਕੱਟਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹੋਰ ਵਿਭਾਗਾਂ ਦੀ ਸਹਾਇਤਾ ਨਾਲ ਜ਼ਿਲ੍ਹੇ ਦੇ 2,81,475 ਘਰਾਂ ਵਿੱਚ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ ਗਈ ਹੈ ਤੇ ਇਹ ਮੁਹਿੰਮ ਹਰ ਸ਼ੁੱਕਰਵਾਰ ਵੱਡੀ ਪੱਧਰ 'ਤੇ ਚਲਾਈ ਜਾਂਦੀ ਹੈ।ਮੀਟਿੰਗ ਵਿੱਚ ਨਗਰ ਨਿਗਮ, ਸਿਹਤ ਵਿਭਾਗ ਸਮੇਤ ਜ਼ਿਲ੍ਹੇ ਦੇ ਸਮੂਹ ਕਾਰਜਸਾਧਕ ਅਫ਼ਸਰ ਮੌਜੂਦ ਸਨ।

## ਸੋਨੂ ਪ੍ਰਧਾਨ ਦਾ ਨਾਮ ਡਾਕਟਰੇਟ ਡਿਗਰੀ ਲਈ ਚੁਣਿਆ, ਸਨਮਾਨ ਭਲਕੇ



ਪਟਿਆਲਾ, 26 ਜੂਨ (ਚ.ਨ.ਸ.) : ਸੁਖਵਿੰਦਰ ਸਿੰਘ ਜੋ ਸੋਨੂੰ ਪ੍ਰਧਾਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਕਿਸੇ ਵੀ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਅੱਜ ਕੱਲ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਹਨਾਂ ਦਾ ਬਹੁਤ ਵੱਡਾ ਸਥਾਨ ਹੈ। ਇਸ ਕਰਕੇ ਵਰਲਡ ਕਲਚਰਲ ਇਨਵਾਇਰਮੈਂਟ ਪ੍ਰੋਟੈਕਸ਼ਨ ਕਮਿਸ਼ਨ ਵੱਲੋਂ ਇਸ ਸ਼ਖ਼ਸੀਅਤ ਨੂੰ 28 ਜੂਨ ਨੂੰ ਦਿੱਲੀ ਵਿਖੇ ਸੰਦੂਰ ਅਪਰੇਸ਼ਨ ਦੌਰਾਨ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਜਾਵੇਗੀ ਪੂਰੇ ਪੰਜਾਬ ਵਿੱਚੋਂ ਦੋ ਹੀ ਸ਼ਖਸ਼ੀਅਤਾਂ ਨੂੰ ਇਹ ਸਨਮਾਨ ਦਿੱਤਾ ਜਾ ਰਿਹਾ ਹੈ। ਪੰਜਾਬੀ ਫਿਲਮੀ ਇੰਡਸਟਰੀ ਵਿੱਚ ਇਹਨਾਂ ਨੂੰ ਜ਼ਿਆਦਾਤਰ ਲੋਕ ਸੋਨੂ ਪ੍ਰਧਾਨ ਦੇ ਨਾਂ ਨਾਲ ਜਾਣਦੇ ਹਨ ਹੁਣ ਡਾਕਟਰ ਸੁਖਵਿੰਦਰ ਸਿੰਘ ਦੇ ਨਾਮ ਨਾਲ ਜਾਣਿਆ ਕਰਨਗੇ। ਇਹਨਾਂ ਦੇ ਫਿਲਮੀ ਕਰੀਅਰ 140 ਤੋਂ ਵੱਧ ਪੰਜਾਬੀ ਫਿਲਮਾਂ ਅਤੇ 20 ਤੋਂ ਵੱਧ ਬਾਲੀਵੁੱਡ ਫਿਲਮਾਂ 'ਚ ਕੰਮ ਕਰਨ ਤੱਕ ਫੈਲਿਆ ਹੋਇਆ ਹੈ।

## ਪੁਲਿਸ ਵੱਲੋਂ 13 ਬੋਤਲਾਂ ਸ਼ਰਾਬ ਬ੍ਰਾਮਦ

ਘਨੌਰ, 26 ਜੂਨ (ਮਦਨ ਲਾਲ) : ਥਾਣਾ ਘਨੌਰ ਪੁਲਿਸ ਨੇ ਕਥਿਤ ਦੋਸ਼ੀ ਮਨਜੀਤ ਸਿੰਘ ਵਾਸੀ ਪਿੰਡ ਅਲੰਦੀਪੁਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਗੁਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਪਿਡ ਅਲੰਦੀਪੁਰ ਮੌਜੂਦ ਸੀ, ਜੋ ਦੋਸ਼ੀ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜ੍ਹਾ ਸੀ, ਜੋ ਪੁਲਿਸ ਪਾਰਟੀ ਨੂੰ ਦੇਖ ਕੇ ਕੈਨੀ ਚੁੱਕ ਕੇ ਭੱਜਣ ਲੱਗਾਤਾ ਦੋਸ਼ੀ ਨੂੰ ਕਾਬੂ ਕਰਕੇ ਕੈਨੀ ਵਿੱਚੋਂ 13 ਬੋਤਲਾਂ ਸ਼ਰਾਬ ਨਾਜਾਇਜ਼ ਦੀਆਂ ਬ੍ਰਾਮਦ ਹੋਈਆਂ।



# ਪਟਿਆਲਾ-ਆਸ/ਪਾਸ



## ਐਸ.ਡੀ.ਐਮ. ਕਿਰਪਾਲਵੀਰ ਸਿੰਘ ਵੱਲੋਂ ਟਾਂਗਰੀ, ਮਾਰਕੰਡਾ ਤੇ ਘੱਗਰ ਦਾ ਦੌਰਾ

### ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਬੈਠਕ



ਦੂਧਨਸਾਧਾਂ, 26 ਜੂਨ (ਗੁਰਜੀਤ ਸਿੰਘ ਢੋਟ) : ਦੂਧਨ ਸਾਧਾਂ ਦੇ ਐਸ.ਡੀ.ਐਮ ਕਿਰਪਾਲਵੀਰ ਸਿੰਘ ਨੇ ਅੱਜ ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਲਈ ਸਬ ਡਵੀਜਨ ਵਿਖੇ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਦੱਸਿਆ ਕਿ ਸਬ ਡਵੀਜਨ ਵਿੱਚੋਂ ਲੰਘਦੇ ਮਾਰਕੰਡਾ, ਟਾਂਗਰੀ ਤੇ ਘੱਗਰ ਦਰਿਆਵਾਂ ਦੇ ਕਮਜੋਰ ਖੇਤਰਾਂ ਦਾ ਜਾਇਜ਼ਾ ਲੈ ਕੇ ਲੋੜੀਂਦੀਆਂ ਥਾਵਾਂ 'ਤੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਮਗਨਰੇਗਾ ਮਜ਼ਦੂਰਾਂ ਰਾਹੀਂ ਬੂਟੀ ਦੀ ਸਫ਼ਾਈ ਵੀ ਕਰਵਾਈ ਗਈ ਹੈ। ਐਸ.ਡੀ.ਐਮ. ਕਿਰਪਾਲਵੀਰ ਸਿੰਘ ਨੇ ਦੱਸਿਆ ਕਿ ਪਿਛਲੀ ਵਾਰ 2023 ਵਿੱਚ ਆਏ ਹੜ੍ਹਾਂ ਕਰਕੇ ਸਬ ਡਵੀਜ਼ਨ ਵਿੱਚ ਟਾਂਗਰੀ ਨਦੀ ਦੇ ਆਏ ਪਾਣੀ ਨੇ 30 ਤੋਂ 35 ਪਿੰਡਾਂ ਨੂੰ ਪ੍ਰਭਾਵਤ ਕੀਤਾ ਸੀ ਪਰੰਤੂ ਸਾਲ 2024 ਵਿੱਚ ਕੋਈ ਵਾਧੂ ਪਾਣੀ ਨਹੀਂ ਸੀ ਆਇਆ ਅਤੇ ਹੜ੍ਹਾਂ ਤੋਂ ਬਚਾਅ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਖ਼ੁਦ ਹੜ੍ਹਾਂ ਤੋਂ ਬਚਾਅ ਲਈ ਜਮੀਨੀ ਪੱਧਰ 'ਤੇ ਹਕੀਕਤਾਂ ਜਾਨਣ ਲਈ ਟਾਂਗਰੀ, ਮਾਰਕੰਡਾ ਤੇ ਘੱਗਰ ਦਰਿਆ ਦਾ ਦੌਰਾ ਕੀਤਾ ਹੈ ਅਤੇ ਲੋੜੀਂਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਡਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹੜ੍ਹਾਂ ਤੋਂ ਬਚਾਅ ਲਈ ਸਾਰੇ ਪ੍ਰਬੰਧ ਪੁਖ਼ਤਾ ਹਨ ਤੇ ਜੇਕਰ ਕਿਸੇ ਵੀ ਕਾਰਨ ਪਾਣੀ ਆ ਜਾਂਦਾ ਹੈ ਤਾਂ ਵੀ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

## ਸਹੁਰੇ ਪਰਿਵਾਰ ਤੋਂ ਤੰਗ ਦੋ ਬੱਚਿਆਂ ਦੀ ਮਾਂ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ

### ਪਤੀ ਸਮੇਤ ਪੰਜ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 26 ਜੂਨ (ਵਿਜੇ ਕੁਮਾਰ) : ਸ਼ੁਤਰਾਣਾ ਥਾਣਾ ਅਧੀਨ ਪੈਂਦੇ ਪਿੰਡ ਗੁਲਾਹੜ ਵਿੱਚ ਪਤੀ ਅਤੇ ਉਸਦੇ ਭਰਾਵਾਂ ਤੋਂ ਤੰਗ ਪ੍ਰੇਸ਼ਾਨ ਹੋ ਕੇ ਦੋ ਬੱਚਿਆਂ ਦੀ ਮਾਂ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸ਼ੁਤਰਾਣਾ ਪੁਲਸ ਮੁਖੀ ਜਸਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਕਿਰਨਪਾਲ ਕੌਰ (32) ਦੇ ਪਿਤਾ ਬਲਬੀਰ ਸਿੰਘ ਵਾਸੀ ਪਿੰਡ ਛਾਜਲੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 12 ਸਾਲ ਪਹਿਲਾਂ ਉਸਨੇ ਆਪਣੀ ਧੀ ਦਾ ਵਿਆਹ ਪਿੰਡ ਗੁਲਾਹੜ ਦੇ ਕਰਨੈਲ ਸਿੰਘ ਨਾਲ ਕੀਤਾ ਸੀ, ਜਿਸਦੇ 9 ਸਾਲ ਦਾ ਇੱਕ ਬੇਟਾ ਅਤੇ 2 ਸਾਲ ਦੀ ਇੱਕ ਬੇਟੀ ਹੈ। ਕਰਨੈਲ ਸਿੰਘ ਸ਼ਰਾਬ ਪੀਣ ਦਾ ਆਦੀ ਸੀ। ਉਹ ਅਤੇ ਉਸਦੇ ਭਰਾ ਉਨ੍ਹਾਂ ਦੀ ਧੀ ਨੂੰ ਅਕਸਰ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਉਨ੍ਹਾਂ ਦੀ ਧੀ ਨੂੰ ਤੰਗ ਕਰਨ ਵਿੱਚ ਉਨ੍ਹਾਂ ਦਾ ਰਿਸ਼ਤਾ ਕਰਵਾਉਣ ਵਾਲਾ ਵਿਚੋਲਾ ਵੀ ਸ਼ਾਮਲ ਸੀ। ਆਖਰ ਇਸ ਰੋਜ਼ਾਨਾ ਦੀ ਤੰਗੀ ਅਤੇ ਪ੍ਰੇਸ਼ਾਨੀ ਦੀ ਸਥਿਤੀ ਤੋਂ ਦੁਖੀ ਹੋ ਕੇ ਬੀਤੇ ਦਿਨ ਉਸਦੀ ਧੀ ਨੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਲਈ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ, ਜਿਸ ਨਾਲ ਉਸਦੀ ਮੌਤ ਹੋ ਗਈ। ਅਧਿਕਾਰੀ ਅਨੁਸਾਰ ਪਿਤਾ ਵੱਲੋਂ ਦਰਜ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਮ੍ਰਿਤਕਾ ਦੇ ਪਤੀ ਕਰਨੈਲ ਸਿੰਘ, ਦਿਓਰ ਸਤਵੀਰ ਸਿੰਘ, ਸਤਪਾਲ ਸਿੰਘ, ਰਮੇਸ਼ ਵਾਸੀ ਪਿੰਡ ਗੁਲਾਹੜ ਅਤੇ ਉਨ੍ਹਾਂ ਦੇ ਵਿਚੋਲੇ ਬਲਵਿੰਦਰ ਸਿੰਘ ਵਾਸੀ ਪਿੰਡ ਛਾਜਲੀ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਜਦਕਿ ਪੋਸਟਮਾਰਟਮ ਉਪਰੰਤ ਮ੍ਰਿਤਕਾ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

## ਉਪ ਮੰਡਲ ਮੈਜਿਸਟ੍ਰੇਟ ਨੇ ਹੜ੍ਹ ਸੰਭਾਵੀ ਇਲਾਕਿਆਂ ਦਾ ਕੀਤਾ ਨਿਰੀਖਣ

### ਸਮੂਹ ਨਿਕਾਸੀ ਰਾਹ ਤੁਰੰਤ ਸਾਫ਼ ਕੀਤੇ ਜਾਣ: ਗੁਰਦੇਵ ਸਿੰਘ ਧੰਮ



ਪਟਿਆਲਾ 26 ਜੂਨ (ਰੁਪਾਣਾ/ਵਿਨੋਦ ਸ਼ਰਮਾ) : ਹੜ੍ਹਾਂ ਤੋਂ ਬਚਾਅ ਲਈ ਉਚਿਤ ਤਿਆਰੀਆਂ ਨੂੰ ਲੈ ਕੇ ਪ੍ਰਸ਼ਾਸ਼ਨ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ । ਪਟਿਆਲਾ ਦੇ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਗੁਰਦੇਵ ਸਿੰਘ ਧੰਮ ਨੇ ਆਰਮਡ ਇੰਜੀਨੀਅਰ ਮੇਜਰ ਬਰਿੰਦਰ ਸਿੰਘ ਅਤੇ ਡਰੇਨੇਜ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲ ਕੇ ਵੱਡੀ ਨਦੀ ਦੇ ਕੰਧਾਂ, ਨਿਕਾਸੀ ਰਾਹਾਂ ਅਤੇ ਸੈਂਸਟਿਵ ਇਲਾਕਿਆਂ ਦਾ ਮੌਕੇ 'ਤੇ ਜਾਇਜ਼ਾ ਲਿਆ । ਉਹਨਾਂ ਮੁੱਖ ਤੌਰ 'ਤੇ ਸ਼ਿਵ ਕਲੋਨੀ, ਸਨੌਰੀ ਅੱਡਾ, ਰਾਜਪੁਰਾ ਰੋਡ ਅਤੇ ਹੋਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਜਾਂਚ ਕੀਤੀ । ਜਾਂਚ ਦੌਰਾਨ ਡਰੇਨੇਜ ਵਿਭਾਗ ਵੱਲੋਂ ਵੱਡੀ ਨਦੀ ਦੇ ਪਾਣੀ ਦੇ ਨਿਕਾਸ ਦੇ ਪ੍ਰਬੰਧਨਾ ਨੂੰ ਲੈ ਕੇ ਜਾਣਕਾਰੀ ਸਾਂਝੀ ਕੀਤੀ । ਇਸ ਮੌਕੇ ਆਰਮੀ ਇੰਜੀਨੀਅਰ ਯੂਨਿਟ ਵੱਲੋਂ ਇਹ ਭਰੋਸਾ ਦਿੱਤਾ ਗਿਆ ਕਿ ਜੇ ਕਿਸੇ ਵੀ ਤਰ੍ਹਾਂ ਦੀ ਆਫ਼ਤ ਜਾਂ ਐਮਰਜੈਂਸੀ ਦੀ ਸਥਿਤੀ ਉਤਪੰਨ ਹੁੰਦੀ ਹੈ, ਤਾਂ ਉਹ ਹਰ ਸੰਭਵ ਮਦਦ ਲਈ ਤਿਆਰ ਰਹਿਣਗੇ। ਉਪ ਮੰਡਲ ਮੈਜਿਸਟ੍ਰੇਟ ਨੇ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਸਰਕਾਰ ਦੀ ਪਹਿਲੀ ਤਰਜ਼ੀਹ ਹੈ । ਉਹਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੂਹ ਨਿਕਾਸੀ ਰਾਹ ਤੁਰੰਤ ਸਾਫ਼ ਕੀਤੇ ਜਾਣ ਅਤੇ ਸੈਂਸਟਿਵ ਪੁਆਂਟਿਸ ਤੇ ਨਿਰੰਤਰ ਨਿਗਰਾਨੀ ਰੱਖੀ ਜਾਵੇ । ਇਸ ਮੌਕੇ ਡਰੇਨੇਜ ਵਿਭਾਗ ਦੇ ਉਪ ਮੰਡਲ ਇੰਜੀਨੀਅਰ ਸ੍ਰੀ ਅਕਵਿੰਦਰ ਸਿੰਘ, ਬੀ.ਡੀ.ਪੀ.ਓ. ਸਨੌਰ ਸ੍ਰੀ ਮਨਦੀਪ ਸਿੰਘ, ਬੀ.ਡੀ.ਪੀ.ਓ. ਦਿਹਾਤੀ ਬਲਜੀਤ ਸਿੰਘ ਵੱਲੋਂ ਪਿੰਡ ਕਾਲਵਾ, ਦੌਲਤਪੁਰ, ਕੌਲੀ, ਧਰੇੜੀ ਜੱਟਾਂ ਆਦਿ ਪਿੰਡ ਦੀਆਂ ਡਰੇਨੇਜ ਦੀ ਸਫਾਈ ਦਾ ਨਿਰੀਖਣ ਕੀਤਾ । ਉਹਨਾਂ ਦੱਸਿਆ ਕਿ ਪਿੰਡ ਪੱਧਰ 'ਤੇ ਸਫ਼ਾਈ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ।

## ਜ਼ਿਲ੍ਹਾ ਪ੍ਰਸ਼ਾਸਨ ਅਤੇ ਉਦਯੋਗਿਕ ਵਿਭਾਗ ਵੱਲੋਂ ਨਿਵੇਸ਼ਕਾਂ ਨੂੰ ਸਮੇਂ-ਸਿਰ ਸੇਵਾਵਾਂ ਦੇਣ 'ਤੇ ਜ਼ੋਰ: ਡਾ: ਪ੍ਰੀਤੀ ਯਾਦਵ

### ਇਨਵੈਸਟ ਪੰਜਾਬ ਦੀ ਬਿਓਰੋ ਰੀਵਿਊ ਮੀਟਿੰਗ ਦਾ ਲਿਆ ਜਾਇਜ਼ਾ




ਪਟਿਆਲਾ 26 ਜੂਨ (ਚ.ਨ.ਸ.) : ਪੰਜਾਬ ਸਰਕਾਰ ਦੀ ਨਵੀਨ ਉਦਯੋਗਿਕ ਨੀਤੀ ਅਧੀਨ ਸਮੂਹ ਵਿਭਾਗਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਿਵੇਸ਼ਕਾਂ ਨੂੰ ਪੂਰੀ ਸਹੂਲਤ ਅਤੇ ਸਮੇਂ ਸਿਰ ਸੇਵਾ ਪ੍ਰਦਾਨ ਕੀਤੀ ਜਾਵੇ । ਇਸ ਗੱਲ ਦਾ ਪ੍ਰਗਟਾਵਾ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਇਨਵੈਸਟ ਪੰਜਾਬ ਦੀ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ । ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਯੂ ਡੀ) ਨਵਰੀਤ ਕੌਰ ਸੇਖੋਂ ਅਤੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ ਵੀ ਸਨ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਜ਼ਿਲ੍ਹੇ ਵਿੱਚ ਉਦਯੋਗਿਕ ਨਿਵੇਸ਼ ਦੀ ਰਫ਼ਤਾਰ ਨੂੰ ਤੇਜ ਕਰਨਾ ਅਤੇ ਇਨਵੈਸਟ ਪੰਜਾਬ ਪੋਰਟਲ ਉਪਰ ਅਪਲਾਈ ਕੀਤੇ ਨਿਵੇਸ਼ਕਾਂ ਦੇ ਕੇਸਾਂ ਨੂੰ ਸਮਾਂਬੱਧ ਨਿਪਟਾਰੇ ਕਰਨਾ ਹੈ। ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਇਨਵੈਸਟ ਪੰਜਾਬ ਪਲੇਟਫਾਰਮ ਰਾਹੀਂ ਕੇਸਾਂ ਦੀ ਨਿਗਰਾਨੀ ਮਿੱਥੇ ਸਮੇਂ ਵਿੱਚ ਕਰਕੇ ਐਨ.ਓ.ਸੀ. ਪ੍ਰਦਾਨ ਕੀਤੇ ਜਾਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਦਯੋਗਿਕ ਵਿਕਾਸ ਲਈ ਉਚਿਤ ਮਾਹੌਲ ਤੇ ਸਰਲ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ, ਜਿਹਨਾਂ ਦਾ ਉਦੇਸ਼ ਰੋਜ਼ਗਾਰ ਦੇ ਨਵੇਂ ਮੌਕੇ ਦੇਣਾ ਹੈ, ਤਾਂ ਕਿ ਨਿਵੇਸ਼ਕਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਲੇਬਰ ਵਿਭਾਗ (ਡਾਇਰੈਕਟਰ ਆਫ ਫੈਕਟਰੀਜ਼) ਹੋਮ ਅਫੇਅਰਜ਼, ਇੰਡੀਸਟ੍ਰੀਜ਼ ਐਂਡ ਕਾਮਰਸ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਲੇਬਰ ਵਿਭਾਗ, ਕਰ ਵਿਭਾਗ, ਹੈਲਥ ਐਂਡ ਡਰੱਗ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ ।

## ਡੀ.ਸੀ. ਵੱਲੋਂ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੇ ਲੀਲ੍ਹਾ ਭਵਨ ਚੌਂਕ ਦੇ ਚੱਲ ਰਹੇ ਕੰਮ ਦਾ ਜਾਇਜ਼ਾ

☛ ਸ਼ਹਿਰ ਦੀਆਂ ਸੜਕਾਂ ਬਣਾਉਣ ਲਈ 20 ਕਰੋੜ ਦੇ ਟੈਂਡਰ ਜਾਰੀ

☛ ਐਲ.ਐਂਡ.ਟੀ. ਤੇ ਸਬੰਧਤ ਵਿਭਾਗਾਂ ਨੂੰ ਸੜਕ ਦੀ ਤੁਰੰਤ ਮੁਰੰਮਤ ਦਾ ਕੰਮ ਦਿਨ ਰਾਤ ਕਰਨ ਦੇ ਨਿਰਦੇਸ਼



ਪਟਿਆਲਾ, 26 ਜੂਨ (ਰੁਪਾਣਾ) :ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੇ ਲੀਲ੍ਹਾ ਭਵਨ ਚੌਂਕ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲੈਂਦਿਆਂ ਐਲ ਐਂਡ ਟੀ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੁਲਾਈ ਦੇ ਪਹਿਲੇ ਹਫਤੇ ਸਕੂਲ ਖੁੱਲ੍ਹਣ ਤੋਂ ਪਹਿਲਾਂ ਲੀਲ੍ਹਾ ਭਵਨ ਚੌਂਕ 'ਚ ਪਾਈਪਾਂ ਪਾਉਣ ਦਾ ਕੰਮ ਮੁਕੰਮਲ ਕੀਤਾ ਜਾਵੇ। ਉਨ੍ਹਾਂ ਲੀਲ੍ਹਾ ਭਵਨ ਚੌਂਕ ਦਾ 24 ਘੰਟੇ (ਦਿਨ- ਰਾਤ) ਕੰਮ ਚਾਲੂ ਰੱਖਣ ਦੀ ਹਦਾਇਤ ਕਰਦਿਆਂ ਕਿਹਾ ਕਿ ਲੀਲ੍ਹਾ ਭਵਨ ਚੌਂਕ ਸ਼ਹਿਰ ਦਾ ਮੁੱਖ ਚੌਂਕ ਹੈ, ਜਿਸ ਤੋਂ ਰੋਜ਼ਾਨਾ ਹਜ਼ਾਰਾਂ ਵਾਹਨ ਲੰਘਦੇ ਹਨ, ਇਸ ਲਈ ਇਸ ਸੜਕ ਨੂੰ ਮੋਟਰਏਬਲ ਨਾਲੋਂ ਨਾਲ ਕੀਤੀ ਜਾਵੇ ਤਾਂ ਜੋ ਸ਼ਹਿਰ ਦੇ ਸਭ ਤੋਂ ਵੱਧ ਟਰੈਫਿਕ ਵਾਲੇ ਖੇਤਰ ਵਿੱਚ ਲੋਕਾਂ ਨੂੰ ਘੱਟ ਤੋਂ ਘੱਟ ਸਮੱਸਿਆ ਦਾ ਸਾਹਮਣਾ ਕਰਨਾ ਪਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜਿਨ੍ਹਾਂ ਥਾਵਾਂ 'ਤੇ ਸੜਕ ਨੂੰ ਪੁੱਟਿਆ ਗਿਆ ਹੈ, ਉੱਥੇ ਸਹੀ ਸਾਈਨ ਬੋਰਡ ਵੀ ਲਗਾਏ ਜਾਣ ਤਾਂ ਜੋ ਰਾਹਗੀਰਾਂ ਨੂੰ ਸੜਕ 'ਤੇ ਚੱਲ ਰਹੇ ਕੰਮ ਦਾ ਪਤਾ ਲਗਦਾ ਰਹੇ। ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਸੜਕ ਦੀ ਮੁਰੰਮਤ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵਿਕਾਸ ਧਵਨ ਨੇ ਦੱਸਿਆ ਕਿ ਡਾਕਖਾਨੇ ਤੋਂ ਲੀਲ੍ਹਾ ਭਵਨ ਪਾਰ ਕਰਨ ਦਾ ਕੰਮ ਅਗਲੇ ਪੰਜ ਦਿਨ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਗੋਪਾਲ ਸਵੀਟਸ ਚੌਕ ਤੋਂ ਬਾਰਾਦਰੀ ਵੱਲ ਪਾਈਪਾਂ ਪਾਉਣ ਦਾ ਕੰਮ ਅਗਲੇ 20 ਦਿਨਾਂ ਦੇ ਅੰਦਰ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਾਈਪ ਪਾਉਣ ਤੋਂ ਬਾਅਦ ਪਾਈਪਾਂ ਦੀ ਟੈਸਟਿੰਗ ਕੀਤੀ ਜਾਂਦੀ ਹੈ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਲੀਕੇਜ ਹੋਣ 'ਤੇ ਉਸ ਨੂੰ ਮੌਕੇ 'ਤੇ ਹੀ ਠੀਕ ਕਰ ਲਿਆ ਜਾਵੇ, ਇਸ ਤੋਂ ਤੁਰੰਤ ਬਾਅਦ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਮੌਕੇ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਹਰਕਿਰਨਪਾਲ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਕੋਲ ਸੜਕਾਂ ਬਣਾਉਣ ਲਈ 20 ਕਰੋੜ ਦੇ ਫੰਡ ਉਪਲਬਧ ਹਨ ਤੇ 20 ਕਰੋੜ ਦੇ ਟੈਂਡਰ ਵੀ ਕੀਤੇ ਜਾ ਚੁੱਕੇ ਹਨ ਅਤੇ ਵਰਕ ਆਰਡਰ ਵੀ ਜਾਰੀ ਹੋ ਚੁੱਕੇ ਹਨ। ਉਹਨਾਂ ਦੱਸਿਆ ਕਿ ਪਾਈਪਾਂ ਦੀ ਟੈਸਟਿੰਗ ਤੋਂ ਤੁਰੰਤ ਬਾਅਦ ਸੜਕਾਂ ਦੀ ਮੁਰੰਮਤ ਸ਼ੁਰੂ ਕਰ ਦਿੱਤੀ ਜਾਵੇਗੀ।

## ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਐਸ.ਡੀ.ਐਮ. ਨੇ ਸ਼ਹਿਰ ਤੇ ਪਿੰਡਾਂ ਦੀ ਸਾਫ਼-ਸਫ਼ਾਈ ਦੇ ਕੰਮਾਂ ਦਾ ਲਿਆ ਜਾਇਜ਼ਾ




ਸਮਾਣਾ, 26 ਜੂਨ (ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ/ਜਵੰਦਾ/ਅਮਿਤ) : ਮੌਨਸੂਨ ਸੀਜ਼ਨ ਦੇ ਮੱਦੇਨਜ਼ਰ ਅੱਜ ਐਸ ਡੀ ਐਮ ਰਿਚਾ ਗੋਇਲ, ਨੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਬ ਡਵੀਜਨ ਸਮਾਣਾ ਅਧੀਨ ਆਉਂਦੇ ਸ਼ਹਿਰ ਸਮਾਣਾ ਅਤੇ ਤਹਿਸੀਲ ਸਮਾਣਾ ਦੇ ਪਿੰਡਾਂ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਪਿਛਲੇ ਸਮੇਂ ਵਿਚ ਕੀਤੇ ਗਏ ਕੰਮਾਂ ਦੀ ਪ੍ਰਗਤੀ ਰਿਪੋਰਟ ਰੀਵਿਓ ਕੀਤੀ। ਡਰੇਨੇਜ ਵਿਭਾਗ ਵੱਲੋਂ ਸਰਾਂਏ ਪੱਤੀ ਡਰੇਨ, ਸਮਾਣਾ ਮੰਡੀ ਦਾ ਡਰੇਨ ਅਤੇ ਚੰਬੋ ਵਾਲੀ ਚੋਅ ਦੀ ਸਫਾਈ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਅਤੇ ਇੱਕ ਹਫਤੇ ਦੇ ਅੰਦਰ ਅੰਦਰ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ। ਕਾਰਜਸਾਧਕ ਅਫਸਰ ਨਗਰ ਕੌਂਸਲ ਬਰਜਿੰਦਰ ਸਿੰਘ ਨੇ ਦੱਸਿਆ ਕਿ ਸਮਾਣਾ ਸ਼ਹਿਰ ਦੀਆਂ ਡਰੇਨਜ਼ ਦੀ ਸਫਾਈ ਦਾ ਕੰਮ ਕਾਫੀ ਹੱਦ ਤੱਕ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਮਿਤੀ 5.7.2025 ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ। ਉਪ ਮੰਡਲ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਸਮਾਣਾ ਨੇ ਦੱਸਿਆ ਕਿ ਪੰਜ ਪੀਰ, ਪੰਜਾਬੀ ਬਾਗ, ਵੜੈਚਾਂ ਪੱਤੀ, ਦਰਦੀ ਕਲੋਨੀ ਅਤੇ ਦੁਸ਼ਹਿਰਾ ਗਰਾਉਂਡ ਏਰੀਏ ਦੇ ਮੇਨ ਸੀਵਰ ਦੀ ਸਫਾਈ ਕੀਤੀ ਜਾ ਚੁੱਕੀ ਹੈ। ਬੱਸ ਸਟੈਂਡ ਸਮਾਣਾ ਦੇ ਨੇੜੇ ਡੀਸਿਲਟਿੰਗ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਤਹਿਸੀਲ ਰੋਡ, ਭਵਾਨੀਗੜ ਰੋਡ ਦੀ ਡੀਸਿਲਟਿੰਗ ਦਾ ਕੰਮ ਮਿਤੀ 30. 6.2025 ਤੱਕ ਪੂਰਾ ਕਰ ਦਿੱਤਾ ਜਾਵੇਗਾ। ਬੀ.ਡੀ.ਪੀ.ਓ ਸਮਾਣਾ ਵੱਲੋਂ ਰਿਪੋਰਟ ਕੀਤੀ ਗਈ ਤਹਿਸੀਲ ਸਮਾਣਾ ਅਧੀਨ ਆਉਂਦੇ 4-5 ਪਿੰਡਾਂ ਤੋਂ ਬਿਨਾਂ ਸਾਰੇ ਪਿੰਡਾਂ ਦੀ ਡਰੇਨ ਦੀ ਸਫਾਈ ਦਾ ਕੰਮ ਪੂਰਾ ਹੋ ਚੁੱਕਾ ਹੈ । ਮੀਟਿੰਗ ਉਪਰੰਤ ਸਮਾਣਾ ਸ਼ਹਿਰ ਵਿਚ ਵੱਖ-ਵੱਖ ਜਗ੍ਹਾ ਦਾ ਮੌਕਾ ਵੀ ਦੇਖਿਆ ਗਿਆ। ਸਮਾਣਾ ਸ਼ਹਿਰ ਅਧੀਨ ਬਸ ਸਟੈਂਡ ਰੋਡ ਦੇ ਡਰੇਨ ਸਾਫ ਸੀ ਅਤੇ ਅਗਰਵਾਲ ਕਲੋਨੀ ਕੋਲ ਨਾਲਿਆਂ ਦੀ ਸਫਾਈ ਦਾ ਕੰਮ ਚੱਲ ਰਿਹਾ ਸੀ। ਬੱਸ ਸਟੈਂਡ ਕੋਲ ਸੀਵਰ ਮੇਨ ਹੋਲ ਦੀ ਡੀਸਿਲਟਿੰਗ ਦਾ ਕੰਮ ਚੱਲ ਰਿਹਾ ਸੀ। ਮੌਕੇ ਉੱਪਰ ਮੌਜੂਦ ਪਬਲਿਕ/ਦੁਕਾਨਦਾਰਾਂ ਨਾਲ ਇਸ ਸਬੰਧੀ ਗੱਲ ਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਪ੍ਰਸ਼ਾਸਨ ਦੇ ਕੀਤੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਦੱਸਿਆ ਗਿਆ ਕਿ ਕੱਲ ਪਾਣੀ ਦੀ ਨਿਕਾਸੀ ਭਾਰੀ ਬਾਰਸ਼ ਹੋਣ ਤੋਂ ਬਾਅਦ ਵੀ ਬਹੁਤ ਜਲਦੀ ਹੋ ਗਈ ਸੀ। ਪਬਲਿਕ/ਦੁਕਾਨਦਾਰਾਂ ਵੱਲੋਂ ਮੰਗ ਕੀਤੀ ਗਈ ਕਿ ਬੱਸ ਸਟੈਂਡ ਰੋਡ ਤੇ ਪਏ ਟੋਇਆਂ ਨੂੰ ਜਲਦੀ ਤੋਂ ਜਲਦੀ ਰਿਪੇਅਰ ਕਰਵਾਇਆ ਜਾਵੇ। ਉਸ ਸਬੰਧੀ ਐਸ ਡੀ ਐਮ ਨੇ ਨਗਰ ਕੌਂਸਲ ਸਮਾਣਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋਣ ਤੱਕ ਆਰਜੀ ਤੌਰ 'ਤੇ ਟੋਇਆਂ ਦੀ ਰਿਪੇਅਰ ਕੀਤੀ ਜਾਵੇ। ਉਪ ਮੰਡਲ ਮੈਜਿਸਟਰੇਟ ਨੇ ਮੌਕੇ ਉੱਪਰ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਕੀ ਰਹਿੰਦੇ ਕੰਮ ਜਲਦੀ ਤੋਂ ਜਲਦੀ ਮੁਕੰਮਲ ਕੀਤੇ ਜਾਣ ਤਾਂ ਜੋ ਮੌਨਸੂਨ ਸੀਜ਼ਨ ਦੌਰਾਨ ਆਮ ਪਬਲਿਕ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

## ਪੁਸਤਕ 'ਨਾਨਕ ਵੇਲਾ' ਉੱਪਰ ਵਿਚਾਰ ਤੇ ਸੰਵਾਦ ਗੋਸ਼ਟੀ ਭਲਕੇ

ਪਟਿਆਲਾ, 26 ਜੂਨ (ਚ.ਨ.ਸ.) : ਫਰੈਂਡਸ ਆਫ ਸੋਸ਼ਲਿਜਮ, ਪਟਿਆਲਾ ਵੱਲੋਂ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਅਤੇ ਪ੍ਰਤੀਬੱਧ ਲੇਖਕ ਡਾ. ਜਗਦੀਸ਼ ਪਾਪੜਾ ਦੀ ਨਿਵੇਕਲੀ ਪੁਸਤਕ 'ਨਾਨਕ ਵੇਲਾ' (ਗੁਰੂ ਨਾਨਕ ਦਾ ਸਮਕਾਲੀ ਸੰਸਾਰ) ਉੱਪਰ ਵਿਚਾਰ ਤੇ ਸੰਵਾਦ ਗੋਸ਼ਟੀ ਭਲਕੇ 28 ਜੂਨ ਦਿਨ ਸ਼ਨੀਵਾਰ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿਖੇ ਸਵੇਰੇ 10 ਵਜੇ ਆਯੋਜਿਤ ਕੀਤੀ ਜਾਵੇਗੀ। ਇਸ ਦੌਰਾਨ ਮੁੱਖ ਵਕਤਾ ਵਜੋਂ ਪ੍ਰੋਫੈਸਰ ਬਾਵਾ ਸਿੰਘ ਸ਼ਮੂਲੀਅਤ ਕਰਨਗੇ ਜਦੋਂ ਕਿ ਸੰਵਾਦ ਦਾ ਆਗਾਜ਼ ਡਾ. ਕੁਲਦੀਪ ਸਿੰਘ ਕਰਨਗੇ। ਉਹਨਾਂ ਨੇ ਸਮੂਹ ਸਾਹਿਤਕਾਰਾਂ, ਲੇਖਕਾਂ ਤੇ ਚਿੰਤਕਾਂ ਨੂੰ ਇਸ ਸੰਵਾਦ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਦੋ ਜ਼ਖਮੀ

ਘਨੌਰ, 26 ਜੂਨ (ਮਦਨ ਲਾਲ) : ਥਾਣਾ ਘਨੌਰ ਪੁਲਿਸ ਕੋਲ ਪੂਜਾ ਰਾਣੀ ਪਤਨੀ ਮਨਪ੍ਰੀਤ ਸਿੰਘ ਵਾਸੀ ਪਿੰਡ ਮਾਈ ਕੀ ਵਡਾਲੀ ਥਾਣਾ ਵਡਾਲੀ ਆਲਾ ਸਿੰਘ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨੇ ਕਾਰ ਡਰਾਇਵਰ ਹਰਦੀਪ ਸਿੰਘ ਵਾਸੀ ਪਿੰਡ ਤਾਸਲਪੁਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਲੜਕੇ ਸਮਰ ਸਿੰਘ ਅਤੇ ਲੜਕੀ ਕਰਮਜੋਤ ਕੌਰ ਸਮੇਤ ਆਪਣੇ ਭਰਾ ਪਰਦੀਪ ਕੁਮਾਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਸੰਧਾਰਸੀ ਪਾਸ ਜਾ ਰਹੀ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਭਰਾ ਦੀ ਮੌਤ ਹੋ ਗਈ ਅਤੇ ਉਸ ਤੇ ਉਸ ਦੇ ਬੱਚਿਆਂ ਦੇ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਜਾਗਦੇ ਰਹੋ ਕਲੱਬ ਵੱਲੋਂ ਨਵੇਂ ਬਣੇ ਡੀ.ਐਸ.ਪੀ. ਇੰਦਰਪ੍ਰੀਤ ਸਿੰਘ ਬਡੂੰਗਰ ਦਾ ਸਨਮਾਨ



ਦੇਵੀਗੜ੍ਹ, 26 ਜੂਨ (ਗੁਰਜੀਤ ਸਿੰਘ ਢੋਟ) : ਜਾਗਦੇ ਰਹੋ ਕਲੱਬ ਵੱਲੋਂ ਪਦਉੱਨਤ ਹੋਏ, ਡੀ.ਐੱਸ.ਪੀ. ਇੰਦਰਪ੍ਰੀਤ ਸਿੰਘ ਬਡੂੰਗਰ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੀਨਰੀ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ 70 ਡੀ.ਐੱਸ.ਪੀ.ਨਿਯੁਕਤ ਕੀਤੇ ਗਏ ਹਨ। ਜਿਨ੍ਹਾਂ ਵਿੱਚੋਂ ਇੱਕ ਡੀ. ਐੱਸ. ਪੀ.ਇੰਦਰਪ੍ਰੀਤ ਸਿੰਘ ਬਡੂੰਗਰ ਹਨ। ਇਸ ਮੌਕੇ ਨਵੇਂ ਬਣੇ ਡੀ.ਪੀ.ਐੱਸ. ਇੰਦਰਪ੍ਰੀਤ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਜਾਗਦੇ ਰਹੋ ਕਲੱਬ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਆਪਣੇ ਆਪ ਵਿੱਚ ਇੱਕ ਸੰਸਥਾ ਹੈ। ਜੋ ਦਿਨ ਰਾਤ ਇੱਕ ਕਰਕੇ ਸਮਾਜ ਭਲਾਈ ਦੇ ਕਾਰਜ ਕਰ ਰਹੇ ਹਨ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ, ਡੀ.ਐੱਸ.ਪੀ. ਇੰਦਰਪ੍ਰੀਤ ਸਿੰਘ ਬਡੂੰਗਰ, ਸਮਸ਼ੇਰ ਸਿੰਘ ਬਡੂੰਗਰ, ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਗੁਰਮੁੱਖ ਸਿੰਘ,ਕਰਮ ਚੰਦ ਜਨਵਾਦੀ,ਬਲਦੇਵ ਸਿੰਘ, ਦਿਲਪ੍ਰੀਤ ਸਿੰਘ,ਕਰਮਵੀਰ ਸਿੰਘ,ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਹਾਜ਼ਰ ਸੀ।

## ਕੁਲਵਿੰਦਰ ਸੁੱਖੇਵਾਲ ਗੁਰਦੁਆਰਾ ਘੋੜਿਆਂ ਵਾਲਾ ਸਾਹਿਬ ਵਿਖੇ ਹੋਏ ਨਤਮਸਤਕ



ਨਾਭਾ, 26 ਜੂਨ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਕਾਂਗਰਸ ਹਾਈਕਮਾਂਡ ਐਸ.ਸੀ. ਡਿਪਾਰਟਮੈਂਟ ਵੱਲੋਂ ਕੁਲਵਿੰਦਰ ਸਿੰਘ ਸੁੱਖੇਵਾਲ ਨੂੰ ਵਿਧਾਨ ਸਭਾ ਹਲਕਾ ਨਾਭਾ ਦਾ ਲੀਡਰਸ਼ਿਪ ਡਿਵੈਲਪਮੈਂਟ ਮਿਸ਼ਨ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ ਤੇ ਅਪਣੇ ਸਮਰੱਥਕਾਂ ਸਮੇਤ ਸਥਾਨਕ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਘੋੜਿਆਵਾਲਾ ਸਹਿਬ ਵਿਖੇ ਸ਼ੁਕਰਾਨੇ ਵਜੋਂ ਨਤਮਸਤਕ ਹੋ ਕੇ ਵਾਹਿਗੁਰੂ ਜੀ ਦਾ ਆਸ਼ਿਰਵਾਦ ਪ੍ਰਾਪਤ ਕੀਤਾ ਅਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੇ ਹਾਜ਼ਰੀ ਲਗਾਈ। ਇਸ ਮੌਕੇ ਇਸ ਮੌਕੇ ਤੇ ਰਾਜ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ, ਜਗਜੀਵਨ ਸਿੰਘ ਸੁੱਖੇਵਾਲ , ਨਿਰਮਲ ਸਿੰਘ ਊਧਾ ,ਸਾਗਰ ਗੁਰਦਿੱਤ ਪੁਰਾ, ਹਰਦੀਪ ਸਿੰਘ ਲਾਡੀ ਵਾਈਸ ਚੇਅਰਮੈਨ, ਮਿੰਟਾ ਕਵੇਲੀ, ਲਾਭ ਸਿੰਘ ਬਾਬਰਪੁਰ, ਜਗਜੀਵਨ ਅਲੀਪੁਰ, ਗੁਰੀ ਯੂਥ ਆਗੂ ,ਸ਼ਮਸ਼ੇਰ ਸੁੱਖੇਵਾਲ , ਪਲਵਿੰਦਰ ਖੈਰਾ, ਕੋਮਲਜੀਤ ਕੌਰ ਸਰਪੰਚ ਸੁੱਖੇਵਾਲ, ਮਾਸਟਰ ਕਰਨੈਲ ਸਿੰਘ ਬਲਾਕ ਸੰਮਤੀ ਮੈਂਬਰ,ਪ੍ਰਧਾਨ ਹਾਕਮ ਸਿੰਘ ਊਧਾ, ਕਮਲਪ੍ਰੀਤ ਸਿੰਘ ਸਾਲੂਵਾਲ, ਸਨਦੀਪ ਸਿੰਘ, ਧਨਵੰਤ ਸਿੰਘ ਮੈਂਬਰ ਪੰਚਾਇਤ ਸੁੱਖੇਵਾਲ, ਜਗਸੀਰ ਸਿੰਘ ਮੈਂਬਰ ਪੰਚਾਇਤ, ਜਗਸੀਰ ਸਿੰਘ ਗਲਵੱਟੀ, ਮਾਸਟਰ ਕਰਨੈਲ ਸਿੰਘ ਨਾਭਾ, ਚਰਨ ਸਿੰਘ ਕੋਟ ਆਦਿ ਹਾਜ਼ਰ ਸਨ।

## ਪੰਜਾਬ ਚੈਪਟਰ ਆਫ਼ ਇੰਡੀਅਨ ਬਿਲਡਿੰਗਜ਼ ਕਾਂਗਰਸ ਦੇ ਇੰਜੀ: ਵਿਪਨ ਬਾਂਸਲ ਚੇਅਰਮੈਨ ਬਣੇ

ਪਟਿਆਲਾ, 26 ਜੂਨ (ਚ.ਨ.ਸ.) : ਸਾਲ 2025-2027 ਵਾਸਤੇ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਲਈ ਪੀ.ਡਬਲਿਊ.ਡੀ. ਰੈਸਟ ਹਾਊਸ ਵਿਖੇ ਪੰਜਾਬ ਚੈਪਟਰ ਆਫ ਇੰਡੀਅਨ ਬਿਲਡਿੰਗਜ਼ ਕਾਂਗਰਸ ਦੀ ਸਾਲਾਨਾ ਮੀਟਿੰਗ ਹੋਈ। ਇੰਜੀ: ਵਰਿੰਦਰ ਸ਼ਰਮਾ ਅਤੇ ਹੋਰ ਅਧਿਕਾਰੀਆਂ ਦੀ ਦੇਖ-ਰੇਖ ਵਿਚ ਪਾਰਦਰਸ਼ਿਤ ਤਰੀਕੇ ਨਾਲ ਹੋਈ ਚੋਣ ਪ੍ਰੀਕ੍ਰਿਆ ਨਾਲ ਇੰਜ: ਵਿਪਨ ਬਾਂਸਲ ਨੂੰ ਸਰਬਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ। ਇਸ ਤੋਂ ਇਲਾਵਾ ਇੰਜੀ: ਸਤਨਾਮ ਸਿੰਘ ਨੂੰ ਵਾਇਸ ਚੇਅਰਮੈਨ, ਇੰਜੀ: ਮੁਕਲ ਅਗਰਵਾਲ ਨੂੰ ਸਕੱਤਰ ਅਤੇ ਇੰਜੀ: ਰਾਕੇਸ਼ ਗਰਗ ਨੂੰ ਖਜ਼ਾਨਚੀ ਵਜੋਂ ਚੁਣਿਆ ਗਿਆ। ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਦੀ ਚੋਣ ਕੀਤੀ ਗਈ। ਇੰਜੀ: ਰਾਜ ਕੁਮਾਰ ਅਗਰਵਾਲ, ਇੰਜੀ: ਰਮਨ ਕੁਮਾਰ ਵਰਮਾ, ਇੰਜ: ਪਰਮਜੀਤ ਸਿੰਘ ਵਿਰਦੀ, ਇੰਜ: ਰਣਜੀਵ ਗੋਇਲ, ਇੰਜ: ਅਜੇ ਕੌਸ਼ਲ, ਇੰਜ: ਐਸ.ਕੇ. ਮਲਹੋਤਰਾ ਅਤੇ ਇੰਜ: ਐਚ.ਐਸ. ਸਹੋਤਾ ਤੋਂ ਇਲਾਵਾ ਇੰਜ: ਮੁਕਲ ਅਗਰਵਾਲ ਅਤੇ ਸਤਨਾਤ ਸਿੰਘ ਨੂੰ ਗਵਰਨਿੰਗ ਕੌਂਸਿਲ ਮੈਂਬਰ ਵਜੋਂ ਚੁਣਿਆ ਗਿਆ। ਇਸ ਮੌਕੇ 'ਤੇ ਇੰਜ: ਰਾਕੇਸ਼ ਗਰਗ ਨੇ ਚੁਣੀ ਨਵੀਂ ਟੀਮ ਨੂੰ ਵਧਾਈ ਦਿੱਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ। ਨਿਯਮਤ ਤੌਰ 'ਤੇ ਤਕਨੀਕੀ ਸੈਮੀਨਾਰ ਕਰਕੇ ਸ਼ਾਂਤੀਮਈ ਵਾਤਾਵਰਨ ਅਤੇ ਤਕਨੀਕੀ ਵਿਕਾਸ 'ਤੇ ਫੋਕਸ ਕੀਤਾ ਜਾਵੇ।




## 'ਜਾਨਵਰਾਂ ਦੇ ਕੱਟਣ ਦੇ ਪ੍ਰਬੰਧਨ ਅਤੇ ਰੋਕਥਾਮ' ਵਿਸ਼ੇ 'ਤੇ ਲੈਕਚਰ



ਪਟਿਆਲਾ, 26 ਜੂਨ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਾਹਿਬ ਡਾ ਜਗਦੀਪ ਸਿੰਘ ਦੀ ਅਗਵਾਈ ਹੇਠ ਭਾਈ ਘਨੱਈਆ ਹੈਲਥ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕਮਿਊਨਿਟੀ ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ ਅਤੇ ਰਜਿੰਦਰਾ ਹਸਪਤਾਲ, ਪਟਿਆਲਾ ਦੇ ਸਹਿਯੋਗ ਨਾਲ 'ਜਾਨਵਰਾਂ ਦੇ ਕੱਟਣ ਦੇ ਪ੍ਰਬੰਧਨ ਅਤੇ ਰੋਕਥਾਮ' ਵਿਸ਼ੇ ਤੇ ਇੱਕ ਲੈਕਚਰ ਦਾ ਆਯੋਜਨ ਕੀਤਾ, ਜੋ ਕਿ ਸੈਨਟ ਹਾਲ, ਵਾਈਸ ਚਾਂਸਲਰ ਦਫ਼ਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਇਆ। ਲੈਕਚਰ ਤੋਂ ਬਾਅਦ ਹਾਲ ਵਿੱਚ ਬੈਠੇ ਵਿਅਕਤੀਆਂ ਨਾਲ ਖੁੱਲ੍ਹੀ ਚਰਚਾ ਹੋਈ। ਡਾ. ਪ੍ਰਿਆ ਸਾਹਨੀ, ਕਮਿਊਨਿਟੀ ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ, ਪਟਿਆਲਾ ਨੇ ਜਾਨਵਰਾਂ ਦੇ ਕੱਟਣ ਅਤੇ ਉਨ੍ਹਾਂ ਦੇ ਪ੍ਰਬਧਨ, ਪਾਗਲ ਕੁੱਤਿਆਂ ਦੇ ਲੱਛਣਾਂ ਅਤੇ ਐਂਟੀ ਰੈਬੀਜ਼ ਟੀਕਿਆਂ ਦੇ ਪ੍ਰਭਾਵ ਬਾਰੇ ਭਾਸ਼ਣ ਦਿੱਤਾ। ਡਾ. ਡਿੰਪਲ ਸਾਹਨੀ, ਪ੍ਰੋਫੈਸਰ ਅਤੇ ਮੁੱਖੀ ਈ.ਐਨ.ਟੀ ਵਿਭਾਗ, ਸਰਕਾਰੀ ਮੈਡੀਕਲ ਕਾਲਜ ਅਤੇ ਰਜਿੰਦਰਾ ਹਸਪਤਾਲ, ਪਟਿਆਲਾ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ। ਡਾ. ਰੇਗੀਨਾ ਮੈਨੀ ਸੀਨੀਅਰ ਮੈਡੀਕਲ ਅਫ਼ਸਰ ਨੇ ਆਏ ਹੋਏ ਮਹਿਮਾਨਾਂ ਅਤੇ ਪੱਤਵੰਤਿਆਂ ਦਾ ਸਵਾਗਤ ਕੀਤਾ। ਡਾ. ਨਰਿੰਦਰ ਕੌਰ ਮੁਲਤਾਨੀ, ਡੀਨ ਅਕਾਦਮਿਕ ਮਾਮਲੇ ਨੇ ਆਪਣੇ ਭਾਸ਼ਣ ਵਿੱਚ ਕੁੱਤਿਆਂ ਦੇ ਕੱਟਣ ਦੇ ਵੱਧ ਰਹੇ ਮਾਮਲਿਆਂ ਅਤੇ ਕੈਂਪਸ ਦੇ ਵਸਨੀਕਾਂ ਵਿੱਚ ਫੈਲੀ ਦਹਿਸ਼ਤ ਬਾਰੇ ਦੱਸਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਅਧਿਕਾਰੀ ਯੂਨੀਵਰਸਿਟੀ ਕੈਂਪਸ ਵਿੱਚ ਜਾਨਵਰਾਂ ਦੇ ਕੱਟਣ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਬਹੁਤ ਗੰਭੀਰ ਹਨ। ਡਾ. ਸੰਜੀਵ ਪੁਰੀ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਵੱਲੋਂ ਆਪਣੇ ਭਾਸ਼ਣ ਵਿੱਚ ਕਿਹਾ ਗਿਆ ਕਿ ਯੂਨੀਵਰਸਿਟੀ ਅਧਿਕਾਰੀ ਇਸ ਮਸਲੇ ਦਾ ਸੁਖਾਵਾਂ ਹੱਲ ਲੱਭਣ ਲਈ ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ ਨਾਲ ਸੰਪਰਕ ਕਰ ਰਹੇ ਹਨ।

## ਬਿਕਰਮਜੀਤ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਇੱਕ ਸਿਆਸੀ ਬਦਲਾਖੋਰੀ: ਹਰਿਆਊ, ਚੀਮਾ, ਬੱਲੀ



ਸਮਾਣਾ, 26 ਜੂਨ (ਜਵੰਦਾ) : ਸੂਬੇ ਦੇ ਲੋਕਾਂ ਨੂੰ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਪੰਜਾਬ ਸਰਕਾਰ ਸਿਆਸੀ ਬਦਲਾਖੋਰੀ ਦੀ ਨੀਤੀ ਅਪਨਾ ਰਹੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਵੀ ਸਿਆਸੀ ਬਦਲਾਖੋਰੀ ਦਾ ਹੀ ਨਤੀਜ਼ਾ ਹੈ । ਇਹ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ, ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਮਲਕੀਤ ਸਿੰਘ ਚੀਮਾ ਅਤੇ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਬਲਜਿੰਦਰ ਸਿੰਘ ਬੱਲੀ ਨੇ ਅਕਾਲੀ ਆਗੂ ਮਜੀਠੀਆ ਦੀ ਗਿ ?ਫਤਾਰੀ ਨੂੰ ਲੈ ਕੇ ਕਹੇ । ਇਸ ਮੌਕੇ ਇਸ ਮੌਕੇ ਬੱਗਾ ਚੱਠਾ ਕੌਮੀ ਜਨਰਲ ਸਕੱਤਰ, ਸੋਨੂ ਰੰਧਾਵਾ, ਗੁਰਜੰਟ ਸਿੰਘ ਮਵੀ, ਰਵਿੰਦਰ ਸਿੰਘ ਦੁੱਲੜ, ਰਵੀ ਸਮਾਨਪੁਰ ਅਤੇ ਅਮਰਜੀਤ ਸਿੰਘ ਟੋਡਰਪੁਰ ਆਦਿ ਹਾਜ਼ਰ ਸਨ।

## ਨਸ਼ਾ ਕਰਨ ਵਾਲੇ ਨਾਲ ਨਫ਼ਰਤ ਨਾ ਕਰੀਏ ਸਗੋਂ ਉਨ੍ਹਾਂ ਦੀ ਨਸ਼ਾ ਛੱਡਣ 'ਚ ਮਦਦ ਕਰਨ ਲਈ ਅੱਗੇ ਆਈਏ : ਬਾਜਵਾ, ਭਲਵਾਨ




ਪਟਿਆਲਾ, 26 ਜੂਨ (ਚ.ਨ.ਸ.) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ ਵੱਲੋਂ ਸਰਕਾਰੀ ਆਈਂ ਟੀ ਆਈਂ ਲੜਕੀਆਂ ਵਿਖੇ ਪ੍ਰਿੰਸੀਪਲ ਮਨਮੋਹਨ ਸਿੰਘ ਦੇ ਸਹਿਯੋਗ ਅਤੇ ਉੱਚ ਅਧਿਕਾਰੀਆਂ ਦੀ ਸਰਪ੍ਰਸਤੀ ਹੇਠ ਪਟਿਆਲਾ ਵਿਖੇ ਨਸ਼ੇ ਨਾਜਾਇਜ਼ ਦੁਰਵਰਤੋਂ ਅਤੇ ਨਸ਼ਾ ਤਸ਼ਕਰੀ ਵਿਰੁੱਧ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਇਸ ਮੌਕੇ ਸਰਕਾਰੀ ਆਈਂ ਟੀ ਆਈ ਲੜਕੀਆਂ ਦੇ ਵਾਇਸ ਪ੍ਰਿੰਸੀਪਲ ਆਸੀਮਾ ਗੋਇਲ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1 , ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ, ਸਟੇਟ ਐਵਾਰਡੀ ਰੁਪਿੰਦਰ ਕੌਰ,ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਤੋਂ ਇਲਾਵਾ ਸਰਕਾਰੀ ਆਈ ਟੀ ਆਈ ਲੜਕੀਆਂ ਦੇ ਸਟਾਫ ਮਨਦੀਪ ਕੌਰ, ਏਕਮਪ੍ਰੀਤ ਕੌਰ, ਮਨੀਸ਼ਾ ਰਾਣੀ, ਡਿੰਪਲ, ਰਿਤਿਕਾ ਸ਼ਰਮਾ, ਸੁਖਬੀਰ ਕੌਰ, ਰਾਜਵੀਰ ਕੌਰ, ਮੀਨਾਕਸ਼ੀ ਭੱਲਾ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੁਖਜਿੰਦਰ ਸਿੰਘ ਅਤੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ। ਪ੍ਰੋਜੈਕਟ ਡਾਇਰੈਕਟਰ ਸਕੇਤ ਹਸਪਤਾਲ ਪਰਮਿੰਦਰ ਕੌਰ ਮਨਚੰਦਾ ਨੇ ਨਸ਼ਿਆਂ ਦੀਆਂ ਵੱਖ ਵੱਖ ਕਿਸਮਾਂ,ਨਸ਼ਾ ਲੱਗਣ ਦੇ ਕਾਰਨ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਸਰੀਰ ਉਪਰ ਪੈਣ ਵਾਲੇ ਪ੍ਰਭਾਵਾਂ ਅਤੇ ਇਹਨਾਂ ਤੋਂ ਛੁਟਕਾਰੇ ਸਬੰਧੀ ਵਿਸਥਾਰ ਵਿਚ ਜਾਣਕਾਰੀ ਦਿੱਤੀ।